Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ


Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 31, July 30, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ‘ਆਪ’ ਨੂੰ ਹਲੂਣਾ

**ਚੰਡੀਗੜ੍ਹ:** ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਨੇ ਤਕਰੀਬਨ ਚਾਰ ਮਹੀਨੇ ਮਗਰੋਂ ਅਚਨਚੇਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਸਤੀਫੇ ਦੇ ਤੁਰਤ ਬਾਅਦ ਮਾਨ ਸਰਕਾਰ ਵੱਲੋਂ ਸੀਨੀਅਰ ਐਡਵੋਕੇਟ ਵਿਨੋਦ ਘਈ ਨੂੰ ਐਡਵੋਕੇਟ ਜਨਰਲ ਵਜੋਂ ਜ਼ਿੰਮੇਵਾਰੀ ਸੌਂਪਣ ਉਤੇ ਵਿਵਾਦ ਭਖ ਗਿਆ ਹੈ। ਪੰਥਕ ਧਿਰਾਂ ਦਾ ਦਾਅਵਾ ਹੈ ਕਿ ਵਿਨੋਦ ਘਈ ਉਹੀ ਸ਼ਖਸ ਹੈ ਜੋ ਬਰਗਾੜੀ ਅਤੇ ਬਹਿਬਲ ਕਲਾਂ ਸਣੇ ਬੇਅਦਬੀ ਦੀ ਘਟਨਾਵਾਂ ਵਿਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਤੇ ਉਸ ਦੇ ਪੈਰੋਕਾਰਾਂ ਦੇ ਕੇਸ ਲੜ ਰਿਹਾ ਹੈ।

ਇਸ ਤੋਂ ਇਲਾਵਾ ਇਹ ਵਕੀਲ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦਾ ਕੇਸ ਵੀ ਲੜ ਰਿਹਾ ਸੀ। ਸੁਮੇਧ ਸੈਣੀ ਵੀ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ਾਂ ਵਿਚ ਘਿਰਿਆ ਹੋਇਆ ਹੈ। ਸਿੱਖ ਜਥੇਬੰਦੀਆਂ ਨੇ ਇਸ ਨਿਯੁਕਤੀ ਤੋਂ ਬਾਅਦ ਸਵਾਲ ਕੀਤਾ ਹੈ ਕਿ ਬੇਅਦਬੀ ਦੇ ਮਾਮਲਿਆਂ ਵਿਚ ਇਨਸਾਫ ਦਾ ਭਰੋਸਾ ਦੇ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਕਿਹੜੇ ਰਾਹ ਤੁਰ ਪਈ ਹੈ? ਵਿਨੋਦ ਘਈ ਦੀ ਨਿਯੁਕਤੀ 'ਤੇ ਸਵਾਲ ਚੁੱਕਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਕਿਹਾ ਕਿ ਜਿਸ ਡੇਰਾ ਸਿਰਸਾ ਦੇ ਮੁਖੀ ਨੇ ਸ਼ੁਰੂ ਤੋਂ ਸਿੱਖ ਵਿਰੋਧੀ ਹਰਕਤਾਂ ਕੀਤੀਆਂ ਹਨ, ਉਨ੍ਹਾਂ ਦੇ ਵਕੀਲ ਨੂੰ ਐਡਵੋਕੇਟ ਜਨਰਲ ਲਾਉਣਾ ਬੇਹੱਦ ਨਿੰਦਾ ਭਰਿਆ ਕਦਮ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਬਲਜੀਤ ਸਿੰਘ ਦਾਦੂਵਾਲ ਨੇ ਵੀ ਇਸ ਕਦਮ ਦੀ ਨਿੰਦਾ ਕੀਤੀ ਹੈ।

ਨਵੇਂ ਐਡਵੋਕੇਟ ਜਨਰਲ ਵਿਨੋਦ ਘਈ ਦੀ ਨਿਯੁਕਤੀ ਉਤੇ ਸਵਾਲ ਇਸ ਗੱਲੋਂ ਵੀ ਉਠ ਰਹੇ ਹਨ ਕਿ ਉਹ ਪਿਛਲੇ ਸਮੇਂ ਦੌਰਾਨ ਸਰਕਾਰ ਵਿਰੋਧੀ ਕੇਸਾਂ ਵਿਚ ਐਡਵੋਕੇਟ ਰਹੇ ਹਨ। ਸਾਬਕਾ ਵਜ਼ੀਰਾਂ 'ਤੇ ਦਰਜ ਕੇਸਾਂ, ਭਾਜਪਾ ਦੇ ਦਿੱਲੀ ਆਗੂ ਤੇਜਿੰਦਰ ਪਾਲ ਬੱਗਾ ਅਤੇ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਸ਼ਰਨਪ੍ਰੀਤ ਦੇ ਕੇਸ ਵਿਚ ਵਿਨੋਦ ਘਈ ਦੇ ਵਕੀਲ ਹੋਣ ਦਾ ਜ਼ਿਕਰ ਚੱਲ ਰਿਹਾ ਹੈ। ਡੇਰਾ ਸਿਰਸਾ ਦੇ ਕੇਸਾਂ 'ਚ ਵੀ ਘਈ ਡੇਰੇ ਤਰਫੋਂ ਪੇਸ਼ ਹੁੰਦੇ ਰਹੇ ਹਨ।



ਉਧਰ, ਸਿੱਧੂ ਦੇ ਅਚਾਨਕ ਅਸਤੀਫੇ ਉਤੇ ਵੀ ਸਵਾਲ ਉਠ ਰਹੇ ਹਨ। ਮੁੱਖ ਮੰਤਰੀ ਨੂੰ ਭੇਜੇ ਅਸਤੀਫੇ 'ਚ ਐਡਵੋਕੇਟ ਜਨਰਲ ਨੇ ਆਪਣੇ ਅਸਤੀਫੇ ਪਿੱਛੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ਹੈ ਹਾਲਾਂਕਿ ਚਰਚਾ ਹੈ ਕਿ ਦਿੱਲੀ ਵਾਲਿਆਂ ਦੀ ਬੇਲੋੜੀ ਦਖਲਅੰਦਾਜ਼ੀ ਕਾਰਨ ਅਨਮੋਲ ਰਤਨ ਸਿੰਘ ਸਿੱਧੂ ਨੇ ਅਹੁਦੇ ਤੋਂ ਲਾਂਭੇ ਹੋਣ ਵਿਚ ਹੀ ਭਲਾਈ ਸਮਝੀ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਅਨਮੋਲ ਰਤਨ ਸਿੰਘ ਸਿੱਧੂ ਦੀ ਟੀਮ ਵਿਚ ਹਾਈਕਮਾਨ ਦੇ ਚਹੇਤੇ ਵਕੀਲਾਂ ਨੂੰ ਨਿਯੁਕਤੀ ਕਰਨ ਨੂੰ ਲੈ ਕੇ ਵਿਵਾਦ ਸ਼ੁਰੂ ਹੋਇਆ ਸੀ।

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਤੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਦਰਮਿਆਨ ਠੰਢੀ ਜੰਗ ਚੱਲ ਰਹੀ ਸੀ ਹਾਲਾਂਕਿ ਅਨਮੋਲ ਰਤਨ ਸਿੱਧੂ ਕਿਸੇ ਨਾਲ ਵੀ ਕੋਈ ਮਤਭੇਦ ਹੋਣ ਤੋਂ ਸਾਫ ਇਨਕਾਰ ਕਰ ਰਹੇ ਹਨ। ਉਨ੍ਹਾਂ 19 ਮਾਰਚ 2022 ਨੂੰ ਐਡਵੋਕੇਟ ਜਨਰਲ ਦਾ ਅਹੁਦਾ ਸੰਭਾਲਿਆ ਸੀ ਅਤੇ ਚਾਰ ਮਹੀਨੇ ਮਗਰੋਂ ਉਨ੍ਹਾਂ 19 ਜੁਲਾਈ ਨੂੰ ਆਪਣਾ ਅਸਤੀਫਾ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਕੇ ਸੌਂਪ ਦਿੱਤਾ। ਸਿੱਧੂ ਨੇ ਭਾਵੇਂ ਅਸਤੀਫੇ ਦਾ ਕਾਰਨ ਨਿੱਜੀ ਰੁਝੇਵੇਂ ਦੱਸਿਆ ਹੈ ਪਰ ਸਿਆਸੀ ਹਲਕਿਆਂ ਵਿਚ ਚਰਚਾ ਜ਼ੋਰਾਂ ਉਤੇ ਹੈ ਕਿ ਆਪ ਦੀ ਲੀਡਰਸ਼ਿਪ ਦੀ ਬੇਲੋੜੀ ਦਖਲਅੰਦਾਜ਼ੀ ਕਾਰਨ ਸਿੱਧੂ ਆਪਣਾ ਅਹੁਦਾ ਛੱਡਣ ਲਈ ਮਜਬੂਰ ਹੋਏ ਹਨ। ਪੰਜਾਬ ਵਿਚ ਆਪ ਸਰਕਾਰ ਬਣਨ ਤੋਂ ਬਾਅਦ ਲਗਾਤਾਰ ਦੋਸ਼ ਲੱਗਦੇ ਰਹੇ ਹਨ ਕਿ ਸੂਬੇ ਦੀ ਅਸਲ ਸੱਤਾ ਦਿੱਲੀ ਬੈਠੇ ਲੋਕਾਂ ਦੇ ਹੱਥ ਵਿਚ ਹੈ ਅਤੇ ਭਗਵੰਤ ਮਾਨ ਇਕ ਡੰਮੀ ਮੁੱਖ ਮੰਤਰੀ ਵਜੋਂ ਤਾਇਨਾਤ ਕੀਤੇ ਹਨ।

*(ਬਾਕੀ ਸਫਾ 6 ‘ਤੇ)*

## ਗਿਆਰਾਂ ਮਹੀਨਿਆਂ ’ਚ ਤਿੰਨ ਏ.ਜੀ.

**ਚੰਡੀਗੜ੍ਹ:** ਪੰਜਾਬ ਵਿਚ ਬੀਤੇ ਗਿਆਰਾਂ ਮਹੀਨਿਆਂ ਵਿਚ ਤਿੰਨ ਐਡਵਕੇਟ ਜਨਰਲ ਬਦਲ ਚੁੱਕੇ ਹਨ। ਜਦੋਂ ਚੰਨੀ ਸਰਕਾਰ ਸੀ ਤਾਂ ਉਦੋਂ ਏ.ਪੀ.ਐਸ ਦਿਉਲ ਨੂੰ ਐਡਵੋਕੇਟ ਜਨਰਲ ਲਾਇਆ ਗਿਆ ਸੀ ਜਿਨ੍ਹਾਂ ਦਾ ਕਾਰਜਕਾਲ 27 ਸਤੰਬਰ 2021 ਤੋਂ 1 ਨਵੰਬਰ 2021 (ਇਕ ਮਹੀਨਾ 15 ਦਿਨ) ਤੱਕ ਰਿਹਾ। ਪੰਜਾਬ ਕਾਂਗਰਸ ਦੇ ਤਤਕਾਲੀ ਪ੍ਰਧਾਨ ਨਵਜੋਤ ਸਿੱਧੂ ਦੇ ਵਿਰੋਧ ਮਗਰੋਂ ਨਵਾਂ ਐਡਵੋਕੇਟ ਜਨਰਲ ਡੀ.ਐਸ. ਪਤਵਾਲੀਆ ਨੂੰ ਲਾਇਆ ਗਿਆ ਜੋ 19 ਨਵੰਬਰ 2021 ਤੋਂ 11 ਮਾਰਚ 2022 ਤੱਕ (ਤਿੰਨ ਮਹੀਨੇ 22 ਦਿਨ) ਆਪਣੇ ਅਹੁਦੇ ‘ਤੇ ਰਹੇ। ਅਨਮੋਲ ਰਤਨ ਸਿੱਧੂ ਨੇ 19 ਮਾਰਚ ਨੂੰ ਅਹੁਦਾ ਸੰਭਾਲਿਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਅਤੁਲ ਨੰਦਾ 16 ਮਾਰਚ 2017 ਤੋਂ 19 ਸਤੰਬਰ 2021 ਤੱਕ (54 ਮਹੀਨੇ ਤਿੰਨ ਦਿਨ) ਅਹੁਦੇ ‘ਤੇ ਰਹੇ।

# ਕਿਸਾਨਾਂ ਵੱਲੋਂ ਹੁਣ ਕੇਂਦਰ ਦੀ ਮੁੜ ਘੇਰਾਬੰਦੀ ਦੀ ਤਿਆਰੀ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਕਾਨੂੰਨ ਬਣਾਉਣ ਸਣੇ ਹੋਰ ਵਾਅਦਿਆਂ ਤੋਂ ਪਾਸਾ ਵੱਟਣ ਪਿੱਛੋਂ ਕਿਸਾਨ ਜਥੇਬੰਦੀਆਂ ਵਿਚ ਰੋਹ ਵਧਦਾ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਨੇ ਇਕ ਵਾਰ ਫਿਰ ਵੱਡੇ ਪੱਧਰ ਉਤੇ ਸੰਘਰਸ਼ ਵਿੱਢਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਕਿਸਾਨੀ ਘੋਲ ਦੀਆਂ ਬਕਾਇਆ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਕੂਚ ਬਾਰੇ ਵੀ ਰਣਨੀਤੀ ਬਣਾਈ ਜਾ ਰਹੀ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਕਿ 31 ਜੁਲਾਈ ਨੂੰ ਸਮੁੱਚੇ ਦੇਸ਼ ਵਿਚ ਚਾਰ ਘੰਟੇ ਲਈ ਰੇਲ ਗੱਡੀਆਂ ਦਾ ਚੱਕਾ ਜਾਮ ਕਰਨਗੇ ਜੋ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਹੋਵੇਗਾ। ਇਸੇ ਤਰ੍ਹਾਂ 18 ਤੋਂ 20 ਅਗਸਤ ਤੱਕ ਲਖੀਮਪੁਰ ਖੀਰੀ ਵਿਚ 75 ਘੰਟੇ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪ੍ਰਦਰਸ਼ਨ ਦੌਰਾਨ ਮਾਹੌਲ ਬਣਿਆ ਤਾਂ ਉਹ ਕਿਸਾਨੀ ਘੋਲ ਦੀਆਂ ਬਕਾਇਆ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਵੀ ਕੂਚ ਕਰ ਸਕਦੇ ਹਨ।

ਉਧਰ, ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਗੈਰ-ਸਿਆਸੀ ਧਿਰਾਂ ਨੇ ਮੀਟਿੰਗ ਕਰ ਕੇ ਕਿਸਾਨੀ ਮਸਲਿਆਂ ਸਬੰਧੀ 22 ਅਗਸਤ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਕਿਸਾਨਾਂ ਦਾ ਇਕੱਠ ਕਰਨ ਦਾ ਐਲਾਨ ਕੀਤਾ ਹੈ ਤਾਂ ਜੋ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਲਈ ਕਾਨੂੰਨੀ ਗਾਰੰਟੀ, ਕਰਜ਼ਾ ਮੁਆਫੀ ਯਕੀਨੀ ਬਣਾਉਣ ਤੋਂ ਇਲਾਵਾ ਕਿਸਾਨ ਅੰਦੋਲਨ ਦੌਰਾਨ ਦਰਜ ਹੋਏ

*(ਬਾਕੀ ਸਫਾ 6 ‘ਤੇ)*


M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week
Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਨੇ ਸਰਗਰਮੀ ਫੜੀ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸਰਕਾਰਾਂ ਦੇ ਅੜੀਅਲ ਵਤੀਰੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼੍ਰੋਮਣੀ ਕਮੇਟੀ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਬਾਹਰ ਹੋਰਡਿੰਗ ਬੋਰਡ ਲਾਵੇਗੀ। ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿੱਖ ਕੌਮ ਨੂੰ ਦਿੱਤੇ ਗਏ ਆਦੇਸ਼ ਦੇ ਮੱਦੇਨਜ਼ਰ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਕੀਰਤਪੁਰ ਵਿਚ ਜਥੇਦਾਰ ਵੱਲੋਂ ਆਪਣੇ ਸੰਬੋਧਨ ਦੌਰਾਨ ਸੰਗਤ ਨੂੰ ਆਦੇਸ਼ ਕੀਤਾ ਗਿਆ ਸੀ ਕਿ ਬੰਦੀ ਸਿੰਘਾਂ ਨਾਲ ਹੋ ਰਹੇ ਧੱਕੇ ਦਾ ਵਿਰੋਧ ਕੀਤਾ ਜਾਵੇ ਅਤੇ ਇਸ ਲਈ ਗੁਰੂ ਘਰਾਂ ਅਤੇ ਹੋਰ ਅਦਾਰਿਆਂ ਦੇ ਬਾਹਰ ਵੱਡੇ ਬੋਰਡ ਤਿਆਰ ਕਰਵਾ ਕੇ ਸਥਾਪਤ ਕੀਤੇ ਜਾਣ। ਇਨ੍ਹਾਂ ਬੋਰਡਾਂ 'ਤੇ ਬੰਦੀ ਸਿੰਘਾਂ ਦੀਆਂ ਤਸਵੀਰਾਂ ਸਮੇਤ ਉਨ੍ਹਾਂ ਦੀਆਂ ਸਜ਼ਾਵਾਂ ਅਤੇ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾਵੇ।




ਸ੍ਰੀ ਧਾਮੀ ਨੇ ਆਖਿਆ ਕਿ ਇਸ ਆਦੇਸ਼ ਮਗਰੋਂ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਾਲੇ ਗੁਰਦੁਆਰਿਆਂ ਅਤੇ ਵਿਦਿਅਕ ਅਦਾਰਿਆਂ 'ਚ ਇਹ ਬੋਰਡ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਬੋਰਡ ਗੁਰਦੁਆਰਿਆਂ ਦੇ ਮੁੱਖ ਦੁਆਰਾਂ ਅਤੇ ਵਿਦਿਅਕ ਅਦਾਰਿਆਂ ਵਿਚ ਵੀ ਢੁਕਵੀਆਂ ਥਾਵਾਂ 'ਤੇ ਲਗਾਏ ਜਾਣਗੇ। ਬੋਰਡਾਂ ਦੀ ਇਬਾਰਤ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਕਿਹਾ ਗਿਆ ਹੈ ਅਤੇ ਜਲਦ ਹੀ ਇਹ ਕਾਰਜ ਮੁਕੰਮਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ, ਦਿੱਲੀ ਅਤੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਮੁਲਾਕਾਤ ਲਈ ਪੱਤਰ ਲਿਖੇ ਸਨ, ਜਿਸ ਪ੍ਰਤੀ ਅਜੇ ਤੱਕ ਹੁੰਗਾਰਾ ਨਹੀਂ ਮਿਲਿਆ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਨੂੰ ਆਖਿਆ ਸੀ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਮੰਗ ਕਰਨਾ ਸਿੱਖਾਂ ਦਾ ਹੱਕ ਹੈ ਕਿਉਂਕਿ ਇਹ ਨਿਰਧਾਰਤ ਸਜ਼ਾਵਾਂ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਹਨ ਅਤੇ ਸਰਕਾਰਾਂ ਦੇ ਇਹ ਫੈਸਲੇ ਮਨੁੱਖੀ ਹੱਕਾਂ ਦਾ ਘਾਣ ਹਨ। ਉਥੇ ਹੀ ਹਵਾਰਾ ਕਮੇਟੀ ਨੇ ਬੰਦੀ ਸਿੱਖਾਂ ਦੀ ਰਿਹਾਈ ਵਾਸਤੇ ਪੰਜਾਬ ਦੇ ਵਿਧਾਇਕਾਂ ਨੂੰ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੀ ਅਪੀਲ ਕੀਤੀ ਤੇ ਜਥੇਬੰਦੀ ਨੇ ਇਸ ਸਬੰਧ ਵਿਚ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਹੈ।

### ਜਥੇਦਾਰ ਨੇ ਅਰਵਿੰਦ ਕੇਜਰੀਵਾਲ 'ਤੇ ਸੇਧਿਆ ਨਿਸ਼ਾਨਾ

**ਸ੍ਰੀ ਕੀਰਤਪੁਰ ਸਾਹਿਬ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਦਿੱਲੀ ਦੀ ਕੇਜਰੀਵਾਲ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਆਗੂ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੇ ਦਰਵਾਜ਼ੇ 'ਤੇ ਵਰ੍ਹਦੇ ਮੀਂਹ ਵਿਚ ਜਾ ਕੇ ਖੜ੍ਹੇ ਰਹੇ ਪਰ ਕੇਜਰੀਵਾਲ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਕੋਈ ਸੁਹਿਰਦਤਾ ਨਾ ਦਿਖਾਉਂਦਿਆਂ ਇਕ ਧਾਰਮਿਕ ਸੰਸਥਾ ਦੇ ਮੁਖੀ ਅਤੇ ਆਗੂ ਸਾਹਿਬਾਨ ਨੂੰ ਮਿਲਣ ਦਾ ਸਮਾਂ ਤੱਕ ਨਹੀਂ ਦਿੱਤਾ ਗਿਆ।

## ਬ੍ਰਿਟਿਸ਼ ਕੋਲੰਬੀਆ ਦੀ ਹਾਕੀ ਟੀਮ ਦੇ ਕਪਤਾਨ ਬਣੇ ਸੁਖਮਨਪ੍ਰੀਤ

**ਕਾਹਨੂੰਵਾਨ:** ਬ੍ਰਿਟਿਸ਼ ਕੋਲੰਬੀਆ ਦੀ ਅੰਡਰ-16 ਫੀਲਡ ਹਾਕੀ ਟੀਮ ਦੀ ਕਪਤਾਨੀ ਇਸ ਵਾਰ ਗੁਰਦਾਸਪੁਰ ਦਾ ਨੌਜਵਾਨ ਸੁਖਮਨਪ੍ਰੀਤ ਕਰੇਗਾ। ਸੂਬਾਈ ਟੂਰਨਾਮੈਂਟ ਇਸ ਵਾਰ 30 ਜੁਲਾਈ ਤੋਂ 3 ਅਗਸਤ ਤੱਕ ਹੋਣੇ ਹਨ, ਜਿਸ ਵਿਚ ਸਿਰਫ ਤਿੰਨ ਪੰਜਾਬੀ ਨੌਜਵਾਨਾਂ ਦੀ ਸ਼ਮੂਲੀਅਤ ਵਾਲੀ 18 ਮੈਂਬਰੀ ਹਾਕੀ ਟੀਮ ਦੀ ਕਪਤਾਨੀ ਗੁਰਦਾਸਪੁਰ ਦੇ ਕਾਹਨੂੰਵਾਨ ਨੇੜਲੇ ਪਿੰਡ ਬਹੂਰੀਆਂ ਸੈਣੀਆਂ ਤੋਂ ਕੈਨੇਡਾ ਆ ਕੇ ਵੱਸੇ ਲੱਡੂ ਸਿੰਘ ਖਾਲਸਾ ਦਾ ਪੁੱਤਰ ਸੁਖਮਨਪ੍ਰੀਤ ਸਿੰਘ ਕਰੇਗਾ। ਲੱਡੂ ਸਿੰਘ ਨੇ ਦੱਸਿਆ ਕਿ ਸੁਖਮਨਪ੍ਰੀਤ ਦੀ ਬਚਪਨ ਤੋਂ ਹੀ ਹਾਕੀ ਵਿਚ ਰੁਚੀ ਸੀ। ਉਨ੍ਹਾਂ ਕਿਹਾ ਕਿ ਇਕ ਦਿਨ ਉਨ੍ਹਾਂ ਦਾ ਪੁੱਤਰ ਅੰਤਰਰਾਸ਼ਟਰੀ ਪੱਧਰ 'ਤੇ ਕੈਨੇਡਾ ਲਈ ਸੋਨ ਤਗਮਾ ਜਿੱਤ ਕੇ ਪੰਜਾਬੀਆਂ ਦਾ ਨਾਂ ਉੱਚਾ ਕਰੇਗਾ। ਸਰੀ ਦੇ ਵਸਨੀਕ ਸੁਖਮਨਪ੍ਰੀਤ ਸਿੰਘ ਨੇ ਕਿਹਾ ਕਿ ਕਈ ਸਾਲਾਂ ਤੋਂ ਉਹ ਲਗਾਤਾਰ ਰੋਜ਼ਾਨਾ ਚਾਰ ਘੰਟੇ ਅਭਿਆਸ ਕਰਦਾ ਰਿਹਾ ਹੈ ਅਤੇ ਅੱਜ ਉਸ ਦਾ ਹਾਕੀ ਦੀ ਟੀਮ ਦਾ ਕਪਤਾਨ ਬਣਨ ਦਾ ਸੁਪਨਾ ਪੂਰਾ ਹੋਇਆ ਹੈ।

ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਹੂਰੀਆਂ ਸੈਣੀਆਂ ਵਿਚ ਸੁਖਮਨਪ੍ਰੀਤ ਸਿੰਘ ਦੇ ਬ੍ਰਿਟਿਸ਼ ਕੋਲੰਬੀਆ ਦੀ ਅੰਡਰ-18 ਹਾਕੀ ਟੀਮ ਦਾ ਕਪਤਾਨ ਨਿਯੁਕਤ ਹੋਣ 'ਤੇ ਖੁਸ਼ੀ ਦਾ ਮਾਹੌਲ



ਹੈ। ਹਾਕੀ ਖਿਡਾਰੀ ਸੁਖਮਨਪ੍ਰੀਤ ਸਿੰਘ ਦੇ ਪਿਤਾ ਲੱਡੂ ਸਿੰਘ ਖਾਲਸਾ ਅਤੇ ਮਾਤਾ ਅਰਵਿੰਦਰ ਕੌਰ ਸੋਨੀ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਹਾਕੀ ਕੋਚ ਗੁਰਵਿੰਦਰ ਸਿੰਘ ਦੀ ਦੇਖ-ਰੇਖ ਵਿਚ ਸਖਤ ਮਿਹਨਤ ਕਰਨ ਸਦਕਾ ਹਾਕੀ ਟੀਮ ਦਾ ਕਪਤਾਨ ਚੁਣਿਆ ਗਿਆ ਹੈ।

## ਸਾਬਕਾ ਆਈ.ਜੀ. ਸਣੇ ਤਿੰਨ ਪੁਲਿਸ ਅਫਸਰਾਂ ਨੂੰ 3-3 ਸਾਲ ਦੀ ਕੈਦ



**ਮੁਹਾਲੀ:** ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਿੱਖ ਨੌਜਵਾਨ ਨੂੰ ਘਰੋਂ ਚੁੱਕ ਕੇ ਬਾਅਦ ਵਿਚ ਪੁਲਿਸ ਹਿਰਾਸਤ 'ਚੋਂ ਭਗੌੜਾ ਕਰਾਰ ਦੇਣ ਦੇ ਤਿੰਨ ਦਹਾਕਿਆਂ ਪੁਰਾਣੇ ਮਾਮਲੇ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਆਈ.ਜੀ. (ਸੇਵਾਮੁਕਤ) ਬਲਕਾਰ ਸਿੰਘ ਸਣੇ ਸਾਬਕਾ ਡੀ.ਐਸ.ਪੀ. ਊਧਮ ਸਿੰਘ ਅਤੇ ਸਾਬਕਾ ਸਬ-ਇੰਸਪੈਕਟਰ ਸਾਹਿਬ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ 3-3 ਸਾਲ ਦੀ ਕੈਦ ਅਤੇ ਜਰਮਾਨੇ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਪੁਲਿਸ ਅਫਸਰਾਂ 'ਤੇ 7 ਮਈ 1992 ਵਿਚ ਪਿੰਡ ਜੱਸੋ ਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਸਿੱਖ ਨੌਜਵਾਨ ਸੁਰਜੀਤ ਸਿੰਘ ਨੂੰ ਘਰੋਂ ਚੁੱਕ ਕੇ ਲਿਜਾਉਣ ਦਾ ਦੋਸ਼ ਹੈ। ਇਸ ਸਬੰਧੀ ਪੀੜਤ ਨੌਜਵਾਨ ਦੀ ਪਤਨੀ ਬੀਬੀ ਪਰਮਜੀਤ ਕੌਰ ਦੀ ਸ਼ਿਕਾਇਤ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਘਟਨਾ ਦੇ 11 ਸਾਲਾਂ ਬਾਅਦ ਦੋਸ਼ੀ ਪੁਲਿਸ ਅਫਸਰਾਂ ਖ਼ਿਲਾਫ਼ ਧਾਰਾ 365 ਅਤੇ 120ਬੀ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਦੀਵਾਨ ਟੋਡਰ ਮੱਲ ਦੀ ਹਵੇਲੀ ਦੀ ਕਾਰ ਸੇਵਾ ਸ਼ੁਰੂ

**ਸ੍ਰੀ ਫ਼ਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਦੀ ਸ਼ਹਾਦਤ ਉਪਰੰਤ ਉਨ੍ਹਾਂ ਦੇ ਸੰਸਕਾਰ ਸਥਾਨ ਲਈ 78 ਹਜ਼ਾਰ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਜ਼ਮੀਨ ਖਰੀਦਣ ਵਾਲੇ ਦੀਵਾਨ ਟੋਡਰ ਮੱਲ ਦੀ ਫ਼ਤਹਿਗੜ੍ਹ ਸਾਹਿਬ ਨੇੜਲੀ ਰਿਹਾਇਸ਼ ਜਿਸ ਨੂੰ ਜਹਾਜ਼ ਹਵੇਲੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੀ ਕਾਰ ਸੇਵਾ ਜੈਕਾਰਿਆਂ ਦੀ ਗੂੰਜ 'ਚ ਸ਼ੁਰੂ ਕਰ ਦਿੱਤੀ ਗਈ।

ਕਾਰ ਸੇਵਾ ਸ਼ੁਰੂ ਕਰਵਾਉਣ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਮੇ ਸਮੇਂ ਤੋਂ ਇਸ ਜਹਾਜ਼ ਹਵੇਲੀ ਦੀ ਦਿੱਖ ਸੰਵਾਰਨ ਲਈ ਯਤਨ ਕੀਤੇ ਜਾ ਰਹੇ ਸਨ ਪਰ ਮਾਮਲਾ ਹਾਈ ਕੋਰਟ 'ਚ ਪੈਡਿੰਗ ਸੀ ਤੇ ਹੁਣ ਅਦਾਲਤ ਵੱਲੋਂ ਇਸ ਸ਼ਰਤ 'ਤੇ ਮਨਜ਼ੂਰੀ ਦਿੱਤੀ ਗਈ ਹੈ ਕਿ ਉਕਤ ਇਮਾਰਤ ਦੀ ਪੁਰਾਤਨ ਵਿਰਾਸਤੀ ਦਿੱਖ ਨੂੰ ਬਰਕਰਾਰ ਰੱਖਦਿਆਂ ਉਸਾਰੀ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਇਹ ਕਾਰ ਸੇਵਾ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਸੰਗਰੂਰ ਵੱਲੋਂ ਦੇਸ਼-ਵਿਦੇਸ਼ 'ਚ ਬੈਠੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਤੇ ਪੁਰਾਤਤਵ ਵਿਭਾਗ ਦੇ ਮਾਹਿਰਾਂ ਦੀ ਨਿਗਰਾਨੀ ਹੇਠ ਕਰਵਾਈ ਜਾਵੇਗੀ।

ਕਾਰ ਸੇਵਾ ਦੀ ਰਸਮੀ ਸ਼ੁਰੂਆਤ ਕਰਨ ਤੋਂ



ਪਹਿਲਾਂ ਸਵੇਰੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪਾਠ ਦੇ ਭੋਗ ਪਾਏ ਗਏ ਜਿਸ ਉਪਰੰਤ ਇਸ ਕਾਰ ਸੇਵਾ 'ਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਲਖਵਿੰਦਰ ਸਿੰਘ ਕਾਹਨੇਕੇ, ਮੋਹਿੰਦਰ ਸਿੰਘ ਮਹਿਸਮਪੁਰ ਅਤੇ ਪਹੁੰਚੀਆਂ ਪੰਥਕ ਸ਼ਖਸੀਅਤਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

## ਭਾਅ ਜੀ ਗੁਰਸ਼ਰਨ ਦੇ ਘਰ ਨੂੰ ਵਿਰਾਸਤੀ ਦਰਜਾ ਦੇਣ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ:** ਇਨਕਲਾਬੀ ਪੰਜਾਬੀ ਨਾਟਕਕਾਰ ਤੇ ਚਿੰਤਕ ਭਾਅ ਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੇ ਅੰਮ੍ਰਿਤਸਰ ਵਿਚਲੇ ਜੱਦੀ ਘਰ ਨੂੰ ਸਭਿਆਚਾਰਕ ਵਿਰਾਸਤ ਦਾ ਦਰਜਾ ਦੇਣ ਦੀ ਮੰਗ ਲਈ ਭਾਅ ਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਦੇ ਸੱਦੇ 'ਤੇ ਰੰਗਮੰਚ ਕਲਾਕਾਰਾਂ, ਲੇਖਕਾਂ, ਬੁੱਧੀਜੀਵੀਆਂ, ਕਿਸਾਨ, ਜਮਹੂਰੀ ਤੇ ਜਨਤਕ ਅਤੇ ਤਰਕਸ਼ੀਲ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।

ਸਥਾਨਕ ਰਣਜੀਤਪੁਰਾ ਸਥਿਤ ਮਰਹੂਮ ਨਾਟਕਕਾਰ ਦੇ ਜੱਦੀ ਘਰ ਦੇ ਸਾਹਮਣੇ ਰੋਸ ਪ੍ਰਦਰਸ਼ਨ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਨਾਟਕਕਾਰ ਦੇ ਜੱਦੀ ਘਰ ਨੂੰ ਵਿਰਾਸਤੀ ਦਰਜਾ ਦਿੱਤਾ ਜਾਵੇ। ਕਮੇਟੀ ਦੇ ਕਨਵੀਨਰ ਡਾ. ਪਰਮਿੰਦਰ ਨੇ ਕਿਹਾ ਕਿ ਗੁਰਸ਼ਰਨ ਸਿੰਘ ਨੇ ਪੂਰੀ ਜ਼ਿੰਦਗੀ ਨਾਟਕ ਕਲਾ ਤੇ ਹੋਰ ਇਨਕਲਾਬੀ ਲਿਖਤਾਂ ਰਾਹੀਂ ਨਰੋਆ ਤੇ ਲੋਕ-ਪੱਖੀ ਸੱਭਿਆਚਾਰ ਤੇ ਸਮਾਜ ਸਿਰਜਣ ਦੇ ਲੇਖੇ ਲਾਈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਲੋਕ ਨਾਟਕਕਾਰ ਦੇ ਜੱਦੀ ਘਰ ਨੂੰ ਢਾਹੁਣਾ ਚਾਹੁੰਦੇ ਹਨ। ਇਸ ਖਿਲਾਫ ਰੰਗਕਰਮੀਆਂ, ਲੇਖਕਾਂ ਤੇ ਜਨਤਕ ਜਥੇਬੰਦੀਆਂ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ। ਨਾਟਕਕਾਰ ਕੇਵਲ ਧਾਲੀਵਾਲ ਨੇ ਕਿਹਾ ਕਿ ਭਾਅ ਜੀ ਨੇ ਪੰਜ ਦਹਾਕੇ ਇਸ ਜੱਦੀ ਘਰ, ਗੁਰੂ ਖ਼ਾਲਸਾ ਨਿਵਾਸ ਵਿਚ ਲੋਕ-ਪੱਖੀ ਰੰਗਮੰਚ ਦੇ ਲੇਖੇ ਲਾਏ ਹਨ। ਇਹ ਘਰ ਰੰਗਮੰਚ ਦੀ ਅਮੁੱਲੀ ਧਰੋਹਰ ਹੈ। ਇਸ ਮੌਕੇ ਡਾ. ਕੁਲਬੀਰ ਸਿੰਘ ਸੂਰੀ, ਜਤਿੰਦਰ ਬਰਾੜ, ਕਾਮਰੇਡ ਰਤਨ ਸਿੰਘ ਰੰਧਾਵਾ, ਡਾ. ਇੰਦਰਜੀਤ ਸਿੰਘ ਗੋਗੋਆਣੀ ਆਦਿ ਨੇ ਕਿਹਾ ਮਹਾਨ ਲੇਖਕਾਂ ਤੇ ਕਲਾਕਾਰਾਂ ਦੇ ਜੱਦੀ ਘਰਾਂ ਨੂੰ ਸੰਭਾਲਣਾ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੁੰਦੀ ਹੈ।

## ਸ੍ਰੀ ਪੰਜਾ ਸਾਹਿਬ ਜਾਣ ਦੇ ਚਾਹਵਾਨਾਂ ਤੋਂ ਪਾਸਪੋਰਟ ਮੰਗੇ



**ਅੰਮ੍ਰਿਤਸਰ:** ਸ੍ਰੀ ਪੰਜਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਮੌਕੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਕੋਲੋਂ ਸ਼੍ਰੋਮਣੀ ਕਮੇਟੀ ਨੇ ਪਾਸਪੋਰਟ ਮੰਗੇ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ 30 ਅਕਤੂਬਰ ਨੂੰ ਮਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਵਿਚ ਸਮਾਗਮ ਦੇ ਨਾਲ ਪਾਕਿਸਤਾਨ ਵਿਚ ਗੁਰਦੁਆਰਾ ਪੰਜਾ ਸਾਹਿਬ ਵਿਖੇ ਵੀ ਸ਼ਤਾਬਦੀ ਵਿਸ਼ੇਸ਼ ਸਮਾਗਮ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਕੋਲੋਂ ਸਿਫਾਰਸ਼ ਕਰਵਾ ਕੇ ਰਿਹਾਇਸ਼ ਦੇ ਸਬੂਤ ਤੇ ਪਾਸਪੋਰਟ ਸਾਈਜ਼ ਫੋਟੋ ਸਣੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਚ 5 ਅਗਸਤ ਤੋਂ ਪਹਿਲਾਂ ਜਮ੍ਹਾਂ ਕਰਵਾਉਣ।

## ਸਿੱਖਾਂ ਨੂੰ ਵਧੀਕੀਆਂ ਖਿਲਾਫ ਲਾਮਬੰਦ ਹੋਣ ਦਾ ਹੋਕਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੇਸ਼ ਅੰਦਰ ਸਿੱਖਾਂ ਨਾਲ ਵਧੀਕੀਆਂ ਰੋਕਣ ਲਈ ਹਰ ਸੂਬੇ 'ਚ ਵੱਸਦੇ ਸਿੱਖਾਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ ਹੈ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ 'ਚ ਬਾਰਾਂਦਰੀ ਇਲਾਕੇ ਅੰਦਰ ਸੇਂਟ ਫਰਾਂਸਿਸ ਸਕੂਲ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਦਸਤਾਰ ਤੇ ਕਿਰਪਾਨ 'ਤੇ ਪਾਬੰਦੀ ਲਾਉਣ ਤੇ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਮਿਲਕਪੁਰ ਦੇ ਇਕ ਸਾਬਕਾ ਗ੍ਰੰਥੀ ਦੀ ਕੁੱਟਮਾਰ ਤੇ ਕੇਸਾਂ ਦੀ ਬੇਅਦਬੀ ਦਾ ਨੋਟਿਸ ਲੈਂਦਿਆਂ ਪ੍ਰਧਾਨ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਅਜਿਹੇ ਵਿਤਕਰੇ ਜਾਣਬੁੱਝ ਕੇ ਕੀਤੇ ਜਾ ਰਹੇ ਹਨ, ਜਦਕਿ ਸਰਕਾਰਾਂ ਦੀ ਭੂਮਿਕਾ ਵੀ ਪਾਰਦਰਸ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਯੂਪੀ ਦੇ ਬਰੇਲੀ 'ਚ ਇਕ ਸਕੂਲ ਵੱਲੋਂ ਕਕਾਰਾਂ 'ਤੇ ਪਾਬੰਦੀ ਲਾਉਣ ਅਤੇ ਰਾਜਸਥਾਨ 'ਚ ਇੱਕ ਸਿੱਖ ਦੀ ਕੀਤੀ ਗਈ ਕੁੱਟਮਾਰ ਦੀਆਂ ਦੋਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।



ਦੱਸ ਦਈਏ ਕਿ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿਚ ਅਣਪਛਾਤੇ ਹਮਲਾਵਰਾਂ ਨੇ ਇਕ ਗੁਰਦੁਆਰੇ ਦੇ ਸਾਬਕਾ ਗ੍ਰੰਥੀ ਦੀ ਕੁੱਟਮਾਰ ਕਰਨ ਮਗਰੋਂ ਉਸ ਦੇ ਵਾਲ ਕੱਟ ਦਿੱਤੇ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਗੁਰਬਖਸ਼ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਅਲਵਾੜਾ ਜਾ ਰਿਹਾ ਸੀ। ਅਣਪਛਾਤੇ ਹਮਲਾਵਰਾਂ ਨੇ ਗੁਰਬਖਸ਼ ਸਿੰਘ ਨੂੰ ਮਦਦ ਦਾ ਬਹਾਨਾ ਲਾ ਕੇ ਰੋਕਿਆ ਅਤੇ ਉਸ ਦੀਆਂ ਅੱਖਾਂ ਵਿਚ ਲਾਲ ਮਿਰਚਾਂ ਪਾ ਦਿੱਤੀਆਂ। ਇਸ ਮਗਰੋਂ ਹਮਲਾਵਰਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਵਾਲ ਵੀ ਕੱਟ ਦਿੱਤੇ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਰਾਮਗੜ੍ਹ ਪੁਲਿਸ ਥਾਣੇ ਵਿਚ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸਹੁਰਿਆਂ ਤੋਂ ਪਰੇਸ਼ਾਨ ਮੁਟਿਆਰ ਵੱਲੋਂ ਬਰੈਂਪਟਨ ਵਿਚ ਖੁਦਕੁਸ਼ੀ

**ਨਿਹਾਲ ਸਿੰਘ ਵਾਲਾ:** ਤਹਿਸੀਲ ਦੇ ਪਿੰਡ ਖਾਈ ਦੀ ਜਸਪ੍ਰੀਤ ਕੌਰ (28) ਨੇ ਕੈਨੇਡਾ (ਬਰੈਂਪਟਨ) ਵਿਚ ਆਪਣੇ ਸਹੁਰੇ ਪਰਿਵਾਰ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਜਸਪ੍ਰੀਤ ਦੇ ਪਿਤਾ ਪਵਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਦਾ ਵਿਆਹ ਚਾਰ ਸਾਲ ਪਹਿਲਾਂ ਨਰਾਇਣਗੜ੍ਹ ਸੋਹੀਆਂ (ਬਰਨਾਲਾ) ਵਾਸੀ ਗੁਰਮੀਤ ਸਿੰਘ ਨਾਲ ਹੋਇਆ ਸੀ। ਉਨ੍ਹਾਂ ਵਿਆਹ ਉਤੇ ਛੱਬੀ ਲੱਖ ਰੁਪਏ ਖਰਚੇ ਸਨ। ਉਨ੍ਹਾਂ ਦੱਸਿਆ ਕਿ ਲੜਕੇ ਦੀ ਫਾਈਲ ਤਿੰਨ ਵਾਰ ਰੱਦ ਹੋਣ ਕਰ ਕੇ ਉਹ ਜਸਪ੍ਰੀਤ ਨੂੰ ਪੈਂਤੀ ਲੱਖ ਵਾਪਸ ਕਰਨ ਅਤੇ ਤਲਾਕ ਲੈਣ ਲਈ ਦਬਾਅ ਪਾ ਰਹੇ ਸਨ। ਇਸ ਕਾਰਨ ਉਸ ਨੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਕੇ ਫਾਹਾ ਲੈ ਲਿਆ। ਜਸਪ੍ਰੀਤ ਦੇ ਸਹੁਰਾ ਤੇਜਿੰਦਰ ਸਿੰਘ ਨੇ ਪੈਸੇ ਮੰਗਣ ਆਦਿ ਦੋਸ਼ਾਂ ਨੂੰ ਨਕਾਰ ਦਿੱਤਾ।

# Matrimonials

## ਲੜਕੇ ਦੀ ਲੋੜ ਹੈ

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com

27-30

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

26-29

## ਲੜਕੀ ਦੀ ਲੋੜ ਹੈ

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893.

31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com

31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385

29-32

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

23-26

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।**

**ਚਾਹਵਾਨ ਸੰਪਰਕ ਕਰਨ: 319-670-8892**

21-24

# ਸਾਂ-ਫਰਾਂਸਿਸਕੋ ਵਿਖੇ ਹੋਈ 45ਵੀਂ ਮੈਰਾਥਾਨ ਵਿਚ ਚਮਕਿਆ ਖਾਲਸਾਈ ਰੰਗ

**ਫਰਿਜ਼ਨੋ (ਕੈਲੀਫੋਰਨੀਆ):** ਕੈਲੀਫੋਰਨੀਆ ਦੇ ਖ਼ੂਬਸੂਰਤ ਸ਼ਹਿਰ ਸਾਂ-ਫਰਾਂਸਿਸਕੋ ਵਿਖੇ 45ਵੀਂ ਮੈਰਾਥਾਨ ਕਰਵਾਈ ਗਈ ਜਿਸ ਵਿਚ 20,000 ਤੋਂ ਵੱਧ ਲੋਕਾਂ ਨੇ ਭਾਗ ਲਿਆ। ਇਸ ਮੌਕੇ 5 ਕੇ, 10 ਕੇ, ਹਾਫ਼ ਮੈਰਾਥਾਨ, ਫੁੱਲ ਮੈਰਾਥਾਨ ਅਤੇ ਡਬਲ ਮੈਰਾਥਾਨ ਦੌੜਾਂ ਹੋਈਆ। ਇਸ 45ਵੀਂ ਮੈਰਾਥਾਨ ਵਿਚ ਜਿੱਥੇ 4 ਪੰਜਾਬੀਆਂ ਨੇ ਭਾਗ ਲੈ ਕੇ ਆਪਣੇ ਜੌਹਰ ਵਿਖਾਏ, ਉੱਥੇ ਸਿੱਖਸ ਫਾਰ ਹਿਉਮੈਨਟੀ ਦੇ ਵਾਲੰਟੀਅਰਾਂ ਨੇ ਪਾਣੀ ਅਤੇ ਹੋਰ ਡਰਿੰਕਸ ਦੀ ਸੇਵਾ ਨਿਭਾਈ। ਇਸ ਮੌਕੇ ਦਸਤਾਰਾਂ ਬੰਨ੍ਹੀ ਵਾਲੰਟੀਅਰ ਅਤੇ ਐਥਲੀਟ ਜਿਵੇਂ ਪੂਰੀ ਦੌੜ ਨੂੰ ਖਾਲਸਾਈ ਰੰਗ ਵਿਚ ਰੰਗ ਰਹੇ ਸਨ। ਇਸ ਮੌਕੇ ਸਿੱਖਸ ਫਾਰ ਹਿਊਮੈਨਿਟੀ ਨੇ ਤਕਰੀਬਨ 16,000 ਕੱਪ ਪਾਣੀ ਅਤੇ ਇਲੈਕਟਰੋ-ਲਾਈਟ ਡਰਿੰਕਸ ਦੇ ਵੰਡੇ ਅਤੇ ਸਭਨਾਂ ਤੋਂ ਵਾਹ-ਵਾਹ ਖੱਟੀ। ਫਰਿਜ਼ਨੋ ਨਿਵਾਸੀ ਕਮਲਜੀਤ ਬੈਨੀਪਾਲ ਨੇ ਆਪਣੀ ਉਮਰ ਵਰਗ ਦੌੜ ਦੌਰਾਨ ਤੀਸਰਾ ਸਥਾਨ ਹਾਸਲ ਕੀਤਾ। ਜਦਕਿ ਦਰਸ਼ਨ ਸਿੰਘ ਮੈਨਟੀਕਾ, ਰਜਿੰਦਰ ਸਿੰਘ ਸੇਖੋਂ ਅਤੇ ਨਰਿੰਦਰ ਕੌਰ ਸੇਖੋਂ ਨੇ ਵੀ ਇਨ੍ਹਾਂ ਦੌੜਾਂ ਵਿਚ ਭਾਗ ਲਿਆ।



# ਲਹਿੰਦੇ ਪੰਜਾਬ ਵੱਲੋਂ ਸੁਰਜੀਤ ਪਾਤਰ ਨੂੰ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ

**ਜਲੰਧਰ:** ਲਹਿੰਦੇ ਪੰਜਾਬ ਦੇ ਅਦੀਬਾਂ ਵੱਲੋਂ ਯੁੱਗ ਕਵੀ ਸੁਰਜੀਤ ਪਾਤਰ ਨੂੰ ਵਾਰਿਸ ਸ਼ਾਹ ਕੌਮਾਂਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਦਾ ਐਲਾਨ ਲਹਿੰਦੇ ਪੰਜਾਬ ਦੇ ਉੱਘੇ ਲੇਖਕ/ਪੱਤਰਕਾਰ ਇਲਿਆਸ ਘੁੰਮਣ ਨੇ ਇਕ ਵੀਡੀਓ ਸੁਨੇਹਾ ਜਾਰੀ ਕਰਕੇ ਕੀਤਾ।



ਉਨ੍ਹਾਂ ਕਿਹਾ ਕਿ ਦੋਹਾਂ ਪੰਜਾਬਾਂ ਦੇ ਸਾਂਝੇ ਉੱਚ ਕਵੀ ਦੇ ਖਿਤਾਬ ਵਜੋਂ ਦਿੱਤੇ ਜਾਣ ਵਾਲਾ ਇਹ ਪੁਰਸਕਾਰ 22 ਸਾਲ ਬਾਅਦ ਚੜ੍ਹਦੇ ਪੰਜਾਬ ਦੇ ਹਿੱਸੇ ਆਇਆ ਹੈ। ਇਸ ਤੋਂ ਪਹਿਲਾਂ 2000 ਵਿਚ ਇਹ ਪੁਰਸਕਾਰ ਅੰਮ੍ਰਿਤਾ ਪ੍ਰੀਤਮ ਨੂੰ ਦਿੱਤਾ ਗਿਆ ਸੀ। ਇਸ ਪੁਰਸਕਾਰ 'ਚ ਸਈਅਦ ਵਾਰਿਸ ਸ਼ਾਹ ਦੀ ਮਜ਼ਾਰ ਦੀ ਛੋਹ ਪ੍ਰਾਪਤ ਚਾਦਰ, ਸਨਮਾਨ ਚਿੰਨ੍ਹ ਅਤੇ ਸਨਮਾਨ ਪੱਤਰ ਭੇਟ ਕੀਤੇ ਜਾਂਦੇ ਹਨ। 'ਹਵਾ 'ਚ ਲਿਖੇ ਹਰਫ਼', 'ਲਫਜ਼ਾਂ ਦੀ ਦਰਗਾਹ', 'ਸੁਰ ਜ਼ਮੀਨ', 'ਇਹ ਬਾਤ ਨਿਰੀ ਏਨੀ ਹੀ ਨਹੀਂ' ਵਰਗੀਆਂ ਕਾਵਿ ਪੁਸਤਕਾਂ ਰਚਨ ਵਾਲੇ ਸੁਰਜੀਤ ਪਾਤਰ ਵਿਸ਼ਵ ਭਰ ਵਿਚ ਪੰਜਾਬੀ ਕਵਿਤਾ ਦੇ ਦੂਤ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਈਅਦ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਦਿੱਤੇ ਜਾ ਰਹੇ ਇਸ ਪੁਰਸਕਾਰ ਦਾ ਹੋਰ ਵੀ ਵਡੇਰਾ ਮਹੱਤਵ ਹੈ। ਇਸ ਨਾਲ ਹੱਦਾਂ-ਸਰਹੱਦਾਂ ਤੋਂ ਪਾਰ ਤੱਕ ਫੈਲੇ ਹੋਏ ਪੰਜਾਬੀ ਪਿਆਰ ਨੂੰ ਹੋਰ ਬਲ ਮਿਲੇਗਾ ਅਤੇ ਸੱਤਾਂ ਸਮੁੰਦਰਾਂ ਤੱਕ ਫੈਲੀ ਹੋਈ ਪੰਜਾਬੀਅਤ ਦੀ ਖੁਸ਼ਬੂ ਹੋਰ ਖੁਸ਼ਗਵਾਰ ਹੋਵੇਗੀ।

ਇਸ ਪੁਰਸਕਾਰ ਦਾ ਐਲਾਨ ਹੋਣ 'ਤੇ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਸਰਬ ਸਾਂਝੇ ਕਵੀ ਵਜੋਂ ਵਾਰਿਸ ਸ਼ਾਹ ਦੇ ਨਾਮ ਉੱਤੇ ਉਨ੍ਹਾਂ ਨੂੰ ਮਿਲਣ ਵਾਲੇ ਇਸ ਪੁਰਸਕਾਰ ਨੂੰ ਉਹ ਹੁਣ ਤੱਕ ਮਿਲੇ ਸਾਰੇ ਪੁਰਸਕਾਰਾਂ ਨਾਲੋਂ ਆਪਣੀ ਰੂਹ ਦੇ ਵਧੇਰੇ ਨੇੜੇ ਸਮਝਦੇ ਹਨ। ਪੰਜਾਬ ਕਲਾ ਪਰਿਸ਼ਦ ਦੇ ਸਕੱਤਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਕੇਵਲ ਧਾਲੀਵਾਲ, ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਦੀਵਾਨ ਮਾਨਾ, ਉੱਘੇ ਪੰਜਾਬੀ ਚਿੰਤਕ ਅਮਰਜੀਤ ਗਰੇਵਾਲ, ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਸਕੱਤਰ ਦੀਪਕ ਸ਼ਰਮਾ ਚਨਾਰਥਲ, ਪੰਜਾਬੀ ਕਵੀ ਜਸਵੰਤ ਜਫਰ, ਸਵਰਨਜੀਤ ਸਵੀ ਅਤੇ ਪੰਜਾਬ ਜਾਗ੍ਰਿਤੀ ਮੰਚ ਦੇ ਪ੍ਰਧਾਨ ਤੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਵੱਲੋਂ ਡਾਕਟਰ ਸੁਰਜੀਤ ਪਾਤਰ ਨੂੰ ਮੁਬਾਰਕਬਾਦ ਦਿੱਤੀ ਗਈ ਹੈ।

## ਸਿੱਧੂ ਮੂਸੇਵਾਲਾ ਨੂੰ ਵੀ ਪੁਰਸਕਾਰ ਦੇਣ ਦਾ ਐਲਾਨ

**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਪਾਕਿਸਤਾਨ ਵੱਲੋਂ ਵਾਰਿਸ਼ ਸ਼ਾਹ ਇੰਟਰਨੈਸ਼ਨਲ ਪੁਰਸਕਾਰ ਦਿੱਤਾ ਜਾ ਰਿਹਾ ਹੈ। ਇਹ ਸਨਮਾਨ ਪੰਜਾਬੀ ਵਿਰਸਾ ਐਵਾਰਡ ਵੱਲੋਂ ਦਿੱਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਹ ਐਵਾਰਡ ਚੜ੍ਹਦੇ ਪੰਜਾਬ ਦੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੂੰ ਮਿਲਿਆ ਸੀ। ਸੋਸ਼ਲ ਮੀਡੀਆ 'ਤੇ ਨਸ਼ਰ ਕੀਤੀ ਪੋਸਟ ਵਿਚ ਚੌਧਰੀ ਇਲਿਆਸ ਘੁੰਮਣ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਾਕਿਸਤਾਨ ਵਿਚ ਵੀ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕ ਲੱਖਾਂ ਦੀ ਗਿਣਤੀ ਵਿਚ ਹਨ। ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਹ ਐਵਾਰਡ ਕਿਸੇ ਲਿਖਾਰੀ ਦੀ ਥਾਂ ਇਕ ਗਾਇਕ ਨੂੰ ਦਿੱਤਾ ਜਾ ਰਿਹਾ ਹੈ।

# ਮਾਤਾ ਬਲਵੀਰ ਕੌਰ ਦੇ ਅਕਾਲ ਚਲਾਣੇ ਨਾਲ ਸਹੋਤਾ ਪਰਿਵਾਰ ਨੂੰ ਸਦਮਾ

**ਫਰਿਜ਼ਨੋ:** ਬੀਤੇ ਦਿਨੀਂ ਸੈਲਮਾਂ ਨਿਵਾਸੀ ਮਾਤਾ ਬਲਵੀਰ ਕੌਰ ਸਹੋਤਾ (ਪਤਨੀ ਸ. ਨਿਰਮਲ ਸਿੰਘ ਸਹੋਤਾ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਲਗਭਗ 78 ਸਾਲਾਂ ਦੇ ਸਨ। ਉਨ੍ਹਾਂ ਦਾ ਜੱਦੀ ਪਿੰਡ ਪੰਜਾਬ ਦੇ ਜ਼ਿਲ੍ਹਾ ਜਲੰਧਰ ਦਾ ਪਿੰਡ 'ਬੜਾ ਪਿੰਡ' ਸੀ। ਉਹ ਤਕਰੀਬਨ 36 ਸਾਲ ਪਹਿਲਾਂ ਅਮਰੀਕਾ ਆਏ ਸਨ। ਇੱਥੇ ਉਨ੍ਹਾਂ ਦੀ ਯੋਗ ਅਗਵਾਈ ਹੇਠ ਪਰਿਵਾਰ ਨੇ ਬਹੁਤ ਮਿਹਨਤ ਕੀਤੀ ਅਤੇ



ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਇਆ। ਉਹ ਚੰਗੇ ਗੁਰਮਤਿ ਸੁਭਾਅ ਦੇ ਮਾਲਕ ਸਨ ਅਤੇ ਸੈਲਮਾਂ ਦੇ ਗੁਰੂਘਰ ਨਾਲ ਜੁੜੇ ਹੋਏ ਸਨ। ਉਹ ਬਹੁਤ ਮਿਲਾਪੜੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਸਮੂਹ ਸਹੋਤਾ ਪਰਿਵਾਰ ਧਾਰਮਿਕ ਅਤੇ ਸਮਾਜਿਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਆ ਰਿਹਾ ਹੈ।

ਮਾਤਾ ਜੀ ਆਪਣੇ ਪਿੱਛੇ ਪਤੀ ਸ. ਨਿਰਮਲ ਸਿੰਘ ਸਹੋਤਾ, ਦੋ ਪੁਤਰ ਅਰਵਿੰਦਰ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ (ਨਿਕ ਸਹੋਤਾ ਸੈਲਮਾਂ ਸਕੂਲ ਬੋਰਡ ਟਰੱਸਟੀ) ਤੋਂ ਇਲਾਵਾ ਦੋ ਧੀਆਂ ਰਣਜੀਤ ਕੌਰ ਦੁਸਾਂਝ ਅਤੇ ਸੁਖਦੀਪ ਕੌਰ ਦੁਸਾਂਝ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਵਾੜੀ ਛੱਡ ਗਏ ਹਨ। ਮਾਤਾ ਜੀ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 30 ਜੁਲਾਈ, 2022 ਦਿਨ ਸ਼ਨਿਚਰਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ (4800 E. Clayton Ave, Fowler, CA-93625) ਵਿਖੇ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਦੌਰਾਨ ਹੋਵੇਗੀ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ Sikh Center of Pacific Coast 2211 S Highland Ave, Selma, CA 93662 ਵਿਖੇ ਹੋਵੇਗੀ।

ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ ਸਮੂਹ ਸਹੋਤਾ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੈ। ਇਸ ਔਖੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਸ. ਅਰਵਿੰਦਰ ਸਿੰਘ ਸਹੋਤਾ ਨਾਲ ਫੋਨ ਨੰਬਰ (559) 905-5886 ਜਾਂ ਨਰਿੰਦਰ ਸਿੰਘ ਸਹੋਤਾ ਨਾਲ (559) 318-0051 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜਾਇਦਾਦ ਦੀ ਵਿਕਰੀ 'ਚ ਪਾਰਦਰਸ਼ਤਾ ਦੇ ਨਿਰਦੇਸ਼

**ਚੰਡੀਗੜ੍ਹ:** ਇਥੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਰੇਰਾ) ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਜਾਇਦਾਦ ਝਗੜਾ ਨਿਵਾਰਨ ਵਿਧੀ ਨੂੰ ਹੋਰ ਸੁਚਾਰੂ ਬਣਾਉਣ, ਤਾਂ ਕਿ ਇਸ ਸਬੰਧੀ ਮਸਲਿਆਂ ਦੇ ਤੇਜ਼ੀ ਨਾਲ ਹੱਲ ਨੂੰ ਯਕੀਨੀ ਬਣਾਇਆ ਜਾ ਸਕੇ। ਇਥੇ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ ਦੇ ਦਫਤਰ ਵਿਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਰੇਰਾ ਨੂੰ ਜਾਇਦਾਦ ਦੀ ਵਿਕਰੀ ਵਿਚ ਹੋਰ ਪਾਰਦਰਸ਼ਤਾ ਲਿਆਉਣੀ ਤੇ ਖਰੀਦਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਾਰੇ ਰਜਿਸਟਰਡ ਰੀਅਲ ਅਸਟੇਟ ਪ੍ਰਾਜੈਕਟਾਂ ਅਤੇ ਏਜੰਟਾਂ ਦੇ ਅੰਕੜੇ ਅਥਾਰਿਟੀ ਦੀ ਵੈੱਬਸਾਈਟ 'ਤੇ ਉਪਲਬਧ ਹੈ ਅਤੇ ਉਨ੍ਹਾਂ ਨੇ ਰੇਰਾ ਨੂੰ ਪ੍ਰਮੋਟਰਾਂ, ਅਲਾਟੀਆਂ ਅਤੇ ਰੀਅਲ ਅਸਟੇਟ ਏਜੰਟਾਂ ਦੀਆਂ ਜ਼ਿੰਮੇਵਾਰੀਆਂ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਰੇਰਾ ਦੇ ਚੇਅਰਪਰਸਨ ਨਵਰੀਤ ਸਿੰਘ ਕੰਗ ਨੇ ਦੱਸਿਆ ਕਿ ਜੁਲਾਈ, 2022 ਤੱਕ ਰੇਰਾ ਕੋਲ 1162 ਪ੍ਰੋਜੈਕਟ ਰਜਿਸਟਰਡ ਹੋਏ ਹਨ ਅਤੇ ਸਾਰੇ ਪ੍ਰੋਜੈਕਟਾਂ ਬਾਰੇ ਅਥਾਰਿਟੀ ਦੀ ਵੈੱਬਸਾਈਟ 'ਤੇ ਤਿਮਾਹੀ ਅਪਡੇਟ ਅਤੇ ਖਾਤਿਆਂ ਦੀ ਸਾਲਾਨਾ ਸਟੇਟਮੈਂਟ ਜਮ੍ਹਾਂ ਕਰਾਉਣੀ ਲਾਜ਼ਮੀ ਹੈ। ਇਸ ਦੇ ਨਾਲ ਹੀ, 2706 ਰੀਅਲ ਅਸਟੇਟ ਏਜੰਟਾਂ ਨੇ ਖ਼ੁਦ ਨੂੰ ਰੇਰਾ ਕੋਲ ਰਜਿਸਟਰ ਕਰਵਾਇਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਰੇਰਾ ਰਜਿਸਟ੍ਰੇਸ਼ਨ ਨੰਬਰ ਦਿੱਤੇ ਗਏ ਸਨ।



## ਅਫਸਰ ਪੁਰਾਣੀਆਂ ਆਦਤਾਂ ਛੱਡ ਦੇਣ: ਡਾ. ਨਿੱਜਰ

**ਪਟਿਆਲਾ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਇਥੇ ਸਰਕਟ ਹਾਊਸ ਵਿਚ ਨਿਗਮ ਕਮਿਸ਼ਨਰ ਅਦਿੱਤਿਆ ਉੱਪਲ, ਸੰਯੁਕਤ ਕਮਿਸ਼ਨਰ ਜੀਵਨਜੋਤ ਕੌਰ ਤੇ ਨਮਨ ਮੜਕਨ ਸਣੇ ਵੱਖ-ਵੱਖ ਸ਼ਾਖਾਵਾਂ ਦੇ ਮੁਖੀਆਂ ਨਾਲ ਬੈਠਕ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੰਮਕਾਜ ਵਿਚ ਢਿੱਲ-ਮੱਠ ਕਰਨ ਵਾਲੀਆਂ ਪੁਰਾਣੀਆਂ ਆਦਤਾਂ ਛੱਡ ਦੇਣ ਤੇ ਲੋਕਾਂ ਨਾਲ ਮਾਣ-ਸਨਮਾਨ ਵਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਵੇ। ਸ੍ਰੀ ਨਿੱਝਰ ਨੇ ਆਖਿਆ ਕਿ ਲੋਕਾਂ ਨੂੰ ਸਮਾਂਬੱਧ ਤੇ ਖੱਜਲ-ਖੁਆਰੀ ਰਹਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਨਗਰ ਨਿਗਮ 'ਚ ਸਿੰਗਲ ਵਿੰਡੋ ਪ੍ਰਣਾਲੀ ਸ਼ੁਰੂ ਕੀਤੀ ਜਾਵੇ ਅਤੇ ਪੀਣ ਵਾਲੇ ਪਾਣੀ ਸਮੇਤ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਦਾ ਤਰਜੀਹੀ ਤੌਰ 'ਤੇ ਨਿਬੇੜਾ ਕੀਤਾ ਜਾਵੇ।


*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:www.punjabtimesusa.com*



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਭਗਵੰਤ ਮਾਨ ਦੀ ਕੋਠੀ ਅੱਗੇ ਬੇਰੁਜ਼ਗਾਰਾਂ ਤੇ ਪੁਲਿਸ ਵਿਚਾਲੇ ਝੜਪ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕਰਨ ਲਈ ਪੁੱਜੇ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾਂ ਨੂੰ ਅੱਗੇ ਵਧਣ ਤੋਂ ਰੋਕਣ ਦੌਰਾਨ ਪੁਲਿਸ ਮੁਲਾਜ਼ਮਾਂ ਤੇ ਧਰਨਾਕਾਰੀਆਂ ਵਿਚਾਲੇ ਝੜਪ ਹੋ ਗਈ। ਇਸ ਮੌਕੇ ਪੁਲਿਸ ਵੱਲੋਂ ਬੇਰੁਜ਼ਗਾਰ ਅਧਿਆਪਕਾਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਪਾਣੀ ਦੀਆਂ ਬੁਛਾੜਾਂ ਵੀ ਮਾਰੀਆਂ ਗਈਆਂ। ਇਸ ਦੌਰਾਨ ਕਈ ਬੇਰੁਜ਼ਗਾਰ ਅਧਿਆਪਕ ਜ਼ਖ਼ਮੀ ਹੋ ਗਏ ਤੇ ਵੱਡੀ ਗਿਣਤੀ ਧਰਨਾਕਾਰੀਆਂ ਦੀਆਂ ਪੱਗਾਂ ਲੱਥ ਗਈਆਂ। ਦੋ ਲੜਕੀਆਂ ਸਣੇ ਤਿੰਨ ਬੇਰੁਜ਼ਗਾਰ ਅਧਿਆਪਕਾਂ ਨੂੰ ਸਿਵਲ ਹਸਪਤਾਲ ਲੈ ਕੇ ਜਾਣਾ ਗਿਆ। ਪੁਲਿਸ ਨਾਲ ਹੋਈ ਝੜਪ ਮਗਰੋਂ ਰੋਹ ਵਿਚ ਆਏ ਬੇਰੁਜ਼ਗਾਰ ਅਧਿਆਪਕਾਂ 'ਚੋਂ ਦੋ ਲੜਕੀਆਂ ਤੇ ਇਕ ਲੜਕੇ ਨੇ ਪੁਲਿਸ ਦੀ ਮੌਜੂਦਗੀ ਵਿਚ ਆਪਣੇ ਉੱਪਰ ਤੇਲ ਛਿੜਕਦਿਆਂ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਲਿਆ। ਧਰਨਾਕਾਰੀਆਂ ਤੇ ਪੁਲਿਸ ਵਿਚਾਲੇ ਕਰੀਬ ਦੋ ਘੰਟਿਆਂ ਤੱਕ ਇਹ ਜੱਦੋ-ਜਹਿਦ ਜਾਰੀ ਰਹੀ।

## ਸਿਮਰਨਜੀਤ ਵੱਲੋਂ ਸਿੱਖ ਅਜਾਇਬ ਘਰ 'ਚੋਂ ਭਗਤ ਸਿੰਘ ਦੀ ਤਸਵੀਰ ਹਟਾਉਣ ਦੀ ਮੰਗ

**ਅੰਮ੍ਰਿਤਸਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚੋਂ ਹਟਾਉਣ ਦੀ ਮੰਗ ਕੀਤੀ ਹੈ। ਇਸ ਸਬੰਧੀ ਇਕ ਮੰਗ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ ਕਮੇਟੀ ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ। ਮਾਨ ਦਲ ਵੱਲੋਂ ਇਹ ਪੱਤਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨ ਸਿੰਘ ਮਾਨ, ਹਰਪਾਲ ਸਿੰਘ ਬਲੇਰ ਤੇ ਹਰਬੀਰ ਸਿੰਘ ਸੰਧੂ ਨੇ ਸੌਂਪਿਆ ਹੈ। ਪੱਤਰ ਵਿਚ ਉਨ੍ਹਾਂ ਲਿਖਿਆ ਕਿ ਸ਼ਹੀਦ ਭਗਤ ਸਿੰਘ ਖੁਦ ਨੂੰ ਨਾਸਤਿਕ ਮੰਨਦਾ ਸੀ ਤੇ ਉਹ ਕਿਸੇ ਧਰਮ ਜਾਂ ਪਰਮਾਤਮਾ ਵਿਚ ਭਰੋਸਾ ਨਹੀਂ ਸੀ ਰੱਖਦਾ।

ਇਸ ਗੱਲ ਦਾ ਪ੍ਰਗਟਾਵਾ ਭਗਤ ਸਿੰਘ ਵੱਲੋਂ ਆਪਣੀ ਇਕ ਚਿੱਠੀ ਵਿਚ ਵੀ ਕੀਤਾ ਗਿਆ ਹੈ, ਜਿਸ ਦੀ ਕਾਪੀ ਸ਼੍ਰੋਮਣੀ ਕਮੇਟੀ ਨੂੰ ਵੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਉਹ ਕਿਸੇ



ਧਰਮ ਵਿਚ ਵਿਸ਼ਵਾਸ ਹੀ ਨਹੀਂ ਰੱਖਦਾ ਤਾਂ ਫਿਰ ਉਸ ਦੀ ਤਸਵੀਰ ਨੂੰ ਕੇਂਦਰੀ ਸਿੱਖ ਅਜਾਇਬ ਘਰ ਵਿਚ ਕਿਉਂ ਲਗਾਇਆ ਗਿਆ ਹੈ। ਉਸ ਦੀ ਤਸਵੀਰ ਨੂੰ ਅਜਾਇਬ ਘਰ ਵਿਚ ਲਾਉਣਾ ਮੂਰਤੀ ਪੂਜਾ ਨੂੰ ਉਤਸ਼ਾਹਿਤ ਕਰਨਾ ਹੈ।

## ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ

**ਲਖਨਊ:** ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਦੀ ਜ਼ਮਾਨਤ ਦੀ ਅਰਜ਼ੀ ਅਲਾਹਾਬਾਦ ਹਾਈ ਕੋਰਟ ਨੇ ਰੱਦ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਰਿਕਾਰਡ ਉਤੇ ਮੌਜੂਦ ਤੱਥਾਂ ਦੇ ਮੱਦੇਨਜ਼ਰ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਉਤੇ ਰਿਹਾਅ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਜਸਟਿਸ ਕ੍ਰਿਸ਼ਨਾ ਪਹਿਲ ਦੇ ਸਿੰਗਲ ਬੈਂਚ ਨੇ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਸੁਣਾਇਆ। ਜਸਟਿਸ ਕ੍ਰਿਸ਼ਨਾ ਬੈਂਚ ਨੇ ਸੁਣਵਾਈ ਪੂਰੀ ਕਰਨ ਤੋਂ ਬਾਅਦ 15 ਜੁਲਾਈ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ 10 ਫਰਵਰੀ 2022 ਨੂੰ ਆਸ਼ੀਸ਼ ਨੂੰ ਜ਼ਮਾਨਤ ਦੇ ਦਿੱਤੀ ਸੀ ਪਰ ਬਾਅਦ ਵਿਚ ਸੁਪਰੀਮ ਕੋਰਟ ਨੇ ਜ਼ਮਾਨਤ ਰੱਦ ਕਰ ਦਿੱਤੀ ਅਤੇ ਹਾਈ ਕੋਰਟ ਨੂੰ ਪੀੜਤ ਪੱਖ ਨੂੰ ਢੁਕਵਾਂ ਮੌਕਾ ਦੇਣ ਤੋਂ ਬਾਅਦ ਉਸ ਦੀ ਜ਼ਮਾਨਤ ਪਟੀਸ਼ਨ ਉਤੇ ਫੈਸਲਾ ਕਰਨ ਦਾ ਨਿਰਦੇਸ਼ ਦਿੱਤਾ ਸੀ। ਇਸ ਅਨੁਸਾਰ ਹਾਈ ਕੋਰਟ ਨੇ ਉਸ ਦੀ ਜ਼ਮਾਨਤ ਪਟੀਸ਼ਨ ਉਤੇ ਮੁੜ ਸੁਣਵਾਈ ਕੀਤੀ।

## ਇੰਸਪੈਕਟਰ ਸਣੇ ਤਿੰਨ ਪੁਲਿਸ ਮੁਲਾਜ਼ਮ ਬਰਖਾਸਤ

**ਫ਼ਿਰੋਜ਼ਪੁਰ:** ਦੋ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਦੇ ਝੂਠੇ ਕੇਸ ਵਿਚ ਫਸਾਉਣ ਅਤੇ ਮੋਟੀ ਰਕਮ ਵਸੂਲਣ ਦੇ ਦੋਸ਼ ਹੇਠ ਫ਼ਿਰੋਜ਼ਪੁਰ ਨਾਰਕੋਟਿਕ ਸੈੱਲ ਦੇ ਇੰਚਾਰਜ ਇੰਸਪੈਕਟਰ ਪਰਮਿੰਦਰ ਬਾਜਵਾ, ਏ.ਐਸ.ਆਈ. ਅੰਗਰੇਜ਼ ਸਿੰਘ ਅਤੇ ਹੌਲਦਾਰ ਜੋਗਿੰਦਰ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਤਿੰਨੋਂ ਮੁਲਜ਼ਮਾਂ ਖ਼ਿਲਾਫ਼ ਥਾਣਾ ਛਾਉਣੀ ਵਿਚ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਬੀਤੀ 20 ਜੁਲਾਈ ਨੂੰ ਸਹਾਇਕ ਥਾਣੇਦਾਰ ਅੰਗਰੇਜ਼ ਸਿੰਘ ਨੇ ਐਸ.ਐਸ.ਪੀ. ਦੀ ਸਰਕਾਰੀ ਰਿਹਾਇਸ਼ ਦੇ ਸਾਹਮਣੇ ਤੋਂ ਕਾਰ ਸਵਾਰ ਕੰਵਲ ਜੀਤ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ, ਲੁਧਿਆਣਾ ਅਤੇ ਗੌਤਮ ਪਾਰਿਕ ਵਾਸੀ ਬੀਕਾਨੇਰ ਨੂੰ ਇਕ ਕਿੱਲੋ ਹੈਰੋਇਨ ਅਤੇ ਪੰਜ ਲੱਖ ਰੁਪਏ ਦੀ ਨਕਦੀ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਸੀ। ਦੋਹਾਂ ਖ਼ਿਲਾਫ਼ ਥਾਣਾ ਛਾਉਣੀ ਵਿਚ ਕੇਸ ਦਰਜ ਕੀਤਾ ਗਿਆ ਸੀ। ਐਸ.ਐਸ.ਪੀ. ਨੂੰ ਇਹ ਮਾਮਲਾ ਕੁਝ ਸ਼ੱਕੀ ਜਾਪਿਆ ਤੇ ਉਨ੍ਹਾਂ ਨੇ ਇਸ ਦੀ ਗੰਭੀਰਤਾ ਨਾਲ ਪੜਤਾਲ ਕਰਨ ਦੇ ਹੁਕਮ ਜਾਰੀ ਦਿੱਤੇ। ਪੜਤਾਲ ਦੌਰਾਨ ਪਤਾ ਲੱਗਿਆ ਕਿ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਅਤੇ ਬਾਕੀ ਦੇ ਦੋ ਮੁਲਾਜ਼ਮਾਂ ਨੇ ਇਨ੍ਹਾਂ ਵਿਅਕਤੀਆਂ ਨੂੰ ਝੂਠੇ ਕੇਸ ਵਿਚ ਫਸਾ ਕੇ ਇਨ੍ਹਾਂ ਕੋਲੋਂ ਮੋਟੀ ਰਕਮ ਵਸੂਲ ਕੀਤੀ ਤੇ ਆਪਣੇ ਉੱਚ ਅਧਿਕਾਰੀਆਂ ਨੂੰ ਵੀ ਧੋਖੇ ਵਿਚ ਰੱਖਿਆ।

## ਕੈਪਟਨ ਦੇ ਫਾਰਮ ਹਾਊਸ ਨਾਲ ਲੱਗਦੀ ਸ਼ਾਮਲਾਟ ਤੋਂ ਕਬਜ਼ਾ ਛੁਡਵਾਇਆ

**ਕੁਰਾਲੀ:** ਸਰਕਾਰ ਨੇ ਪਿੰਡ ਸਿਸਵਾਂ ਦੀ 125 ਏਕੜ ਸ਼ਾਮਲਾਟ ਜ਼ਮੀਨ ਤੋਂ ਕਬਜ਼ਾ ਹਟਾਇਆ ਹੈ। ਜ਼ਮੀਨ ਦੀ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ, ਜਿਸ 'ਤੇ 13 ਜਣਿਆਂ ਦਾ ਕਬਜ਼ਾ ਸੀ। ਇਸ ਸਬੰਧੀ ਸਿਸਵਾਂ ਡੈਮ 'ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਚਾਇਤ ਵਿਭਾਗ ਨੇ ਸਿਸਵਾਂ ਪਿੰਡ ਦੀ ਪੰਚਾਇਤੀ ਜ਼ਮੀਨ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾ ਕੇ ਮਾਲ ਵਿਭਾਗ ਦੇ ਰਿਕਾਰਡ ਵਿਚ ਇੰਦਰਾਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫਾਰਮ ਹਾਊਸ ਦੇ ਨਾਲ ਲੱਗਦੀ ਪਿੰਡ ਦੀ 125 ਏਕੜ ਜ਼ਮੀਨ 'ਤੇ 13 ਵਿਅਕਤੀਆਂ ਨੇ ਕਬਜ਼ਾ ਕੀਤਾ ਹੋਇਆ ਸੀ। ਇਸ ਜ਼ਮੀਨ ਦੀ ਕੀਮਤ ਕਰੀਬ ਦੋ-ਢਾਈ ਕਰੋੜ ਰੁਪਏ ਪ੍ਰਤੀ ਏਕੜ ਬਣਦੀ ਹੈ।

## ਕੈਨੇਡਾ ਵਿਚ ਗੈਂਗਸਟਰ ਮਨਿੰਦਰ ਧਾਲੀਵਾਲ ਸਣੇ ਦੋ ਦੀ ਹੱਤਿਆ

**ਵੈਨਕੂਵਰ:** ਬ੍ਰਦਰਜ਼ ਕੀਪਰ ਗੈਂਗਸਟਰ ਮਨਿੰਦਰ ਧਾਲੀਵਾਲ (29) ਦੀ ਇਥੋਂ ਪੌਣੇ ਦੋ ਸੌ ਕਿਲੋਮੀਟਰ ਦੂਰ ਸੈਲਾਨੀ ਸ਼ਹਿਰ ਵਿਸਲਰ ਦੇ ਇਕ ਹੋਟਲ ਅੱਗੇ ਦਿਨ ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲੇ ਦੌਰਾਨ ਧਾਲੀਵਾਲ ਨੂੰ ਬਚਾਉਣ ਲਈ ਅੱਗੇ ਆਏ ਉਸ ਦੇ ਦੋਸਤ ਸੈਤ ਗਿੱਲ ਦੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਣ ਮਗਰੋਂ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ, ਜਦਕਿ ਧਾਲੀਵਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ।

ਪੁਲਿਸ ਅਨੁਸਾਰ ਸੈਤ ਗਿੱਲ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਸੈਤ ਗਿੱਲ ਆਪਣਾ ਜਨਮ ਦਿਨ ਮਨਾਉਣ ਵਿਸਲਰ ਗਿਆ ਸੀ, ਜਿਥੇ ਉਨ੍ਹਾਂ ਸੰਨਡਾਇਲ ਹੋਟਲ ਵਿਚ ਕਮਰੇ ਬੁੱਕ ਕਰਵਾਏ ਸੀ। ਉਸ ਨੇ ਦੋਸਤ ਵਜੋਂ ਮਨਿੰਦਰ ਧਾਲੀਵਾਲ ਨੂੰ ਵੀ ਸੱਦਿਆ ਸੀ। ਮਨਿੰਦਰ ਧਾਲੀਵਾਲ ਦੇ ਵੱਡੇ ਭਰਾ ਨੂੰ ਪਿਛਲੇ ਸਾਲ 17 ਅਪਰੈਲ ਨੂੰ ਕੋਲ ਹਾਰਬਰ ਵੈਨਕੂਵਰ ਦੇ ਬਾਹਰ ਮਾਰ ਦਿੱਤਾ ਗਿਆ ਸੀ। ਉਸ ਵੇਲੇ ਜਦੋਂ ਮਨਿੰਦਰ ਦੇ ਵੱਡੇ ਭਰਾ ਹਰਬ ਧਾਲੀਵਾਲ ਦਾ ਕਤਲ ਹੋਇਆ ਸੀ ਤਾਂ ਮੌਕੇ 'ਤੇ ਮੌਜੂਦ ਮਨਿੰਦਰ ਨੇ ਕਾਤਲ ਦੀ ਅੱਖ ਵਿਚ ਗੋਲੀ ਮਾਰੀ ਸੀ। ਮੋਗਾ ਨੇੜੇ ਲੋਪੋਂ ਦੇ ਪਿਛੋਕੜ ਵਾਲੇ ਤਿੰਨ ਧਾਲੀਵਾਲ ਭਰਾਵਾਂ ਵਿਚੋਂ ਹੁਣ ਬਰਿੰਦਰ ਹੀ ਬਚਿਆ ਹੈ।

ਉਧਰ, ਧਾਲੀਵਾਲ ਦੀ ਹੱਤਿਆ ਦੇ ਮਾਮਲੇ ਵਿਚ 24 ਸਾਲਾ ਗੁਰਸਿਮਰਨ ਸਹੋਤਾ ਅਤੇ 20 ਸਾਲਾ ਤਨਵੀਰ ਖੱਖ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਐਲਾਨ ਕੀਤਾ ਹੈ। ਪੁਲਿਸ ਨੇ ਸਰੀ ਦੇ ਰਹਿਣ ਵਾਲੇ ਗੁਰਸਿਮਰਨ ਸਹੋਤਾ ਅਤੇ ਤਨਵੀਰ ਖੱਖ ਉਤੇ ਕਤਲ ਦੇ ਦੋਸ਼ ਲਾਏ ਹਨ। ਖੱਖ ਅਤੇ ਸਹੋਤਾ ਸਮੇਤ ਤਿੰਨ ਹੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੀ ਸ਼ਮੂਲੀਅਤ ਬਾਰੇ ਜਾਂਚ ਕੀਤੀ ਜਾ ਰਹੀ ਹੈ।

## 'ਆਪ' ਨੂੰ ਹਲੂਣਾ

*(ਪਹਿਲੇ ਸਫੇ ਦੀ ਬਾਕੀ)*

ਦਿੱਲੀ ਲੀਡਰਸ਼ਿਪ ਵੱਲੋਂ ਸਮੇਂ-ਸਮੇਂ ਉਤੇ ਕੀਤੇ ਜਾ ਰਹੇ ਫੈਸਲੇ ਵੀ ਇਸ ਸ਼ੱਕ ਨੂੰ ਹੋਰ ਪੁਖਤਾ ਕਰਦੇ ਰਹੇ ਹਨ। ਪਿਛਲੇ ਦਿਨੀਂ ਰਾਜ ਸਭਾ ਮੈਂਬਰ ਤੇ ਦਿੱਲੀ ਦੇ ਸਾਬਕਾ ਵਿਧਾਇਕ ਰਾਘਵ ਚੱਢਾ ਦੀ ਪੰਜਾਬ ਸਰਕਾਰ ਨੇ ਜਨਤਕ ਮਹੱਤਵ ਦੇ ਮੁੱਦਿਆਂ ਸਬੰਧੀ ਬਣਾਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਨਿਯੁਕਤੀ ਪਿੱਛੋਂ ਸੂਬਾ ਸਰਕਾਰ ਵਿਚ ਦਿੱਲੀ ਦੀ ਸਿੱਧੀ ਦਖਲਅੰਦਾਜ਼ੀ ਦਾ ਮੁੱਦਾ ਭਖਿਆ ਸੀ।

ਇਸ ਨਿਯੁਕਤੀ ਪਿੱਛੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਹੁਣ ਸੂਬੇ ਦੀ ਅਸਲ ਕਮਾਨ ਦਿੱਲੀ ਵਾਲਿਆਂ ਹੱਥ ਆ ਗਈ ਹੈ। ਪੰਜਾਬ ਸਰਕਾਰ ਵਿਚ ਦਿੱਲੀ ਦੇ ਆਗੂਆਂ ਦੀ ਵੱਧ ਰਹੀ ਦਖਲਅੰਦਾਜ਼ੀ ਤੋਂ 'ਆਪ' ਦੇ ਵਿਧਾਇਕ ਵੀ ਅੰਦਰੋਂ ਕਾਫੀ ਔਖੇ ਹਨ। ਆਪ ਸਰਕਾਰ ਬਣਨ ਪਿੱਛੋਂ ਅਜਿਹਾ ਵਿਵਾਦ ਕੋਈ ਨਵਾਂ ਨਹੀਂ ਹੈ। ਪੰਜਾਬ ਵਿਚੋਂ ਰਾਜ ਸਭਾ ਭੇਜੇ ਨੁਮਾਇੰਦਿਆਂ ਦੀ ਪੰਜਾਬ ਦੇ ਬਾਹਰੋਂ ਚੋਣ ਕਰਨ ਪਿੱਛੋਂ ਆਪ ਦੀ ਨੀਅਤ ਉਤੇ ਸਵਾਲ ਉਠੇ ਸਨ ਪਰ ਪੰਜਾਬ ਲੀਡਰਸ਼ਿਪ ਨੇ ਇਸ ਬਾਰੇ ਕੋਈ ਸਫਾਈ ਦੇਣ ਦੀ ਥਾਂ ਚੁੱਪ ਵੱਟੀ ਰੱਖੀ।

ਇਸ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੀ ਅਫਸਰਸ਼ਾਹੀ ਨੂੰ ਦਿੱਲੀ ਵਿਚ ਮੀਟਿੰਗ ਲਈ ਸੱਦਣ ਤੇ ਬਾਅਦ ਵਿਚ ਦਿੱਲੀ ਤੇ ਪੰਜਾਬ ਸਰਕਾਰ ਵਿਚਾਲੇ ਗਿਆਨ ਦੇ ਵਟਾਂਦਰੇ ਲਈ ਸਮਝੌਤੇ ਨੇ ਇਸ ਚਰਚਾ ਨੂੰ ਹੋਰ ਹਵਾ ਦਿੱਤੀ ਕਿ ਸੱਤਾ ਹੁਣ ਦਿੱਲੀ ਵਾਲਿਆਂ ਦੇ ਹੱਥ ਚਲੀ ਗਈ ਹੈ।

## ਕਿਸਾਨਾਂ ਵੱਲੋਂ ਹੁਣ ਕੇਂਦਰ ਦੀ ਮੁੜ ਘੇਰਾਬੰਦੀ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਕੇਸ ਰੱਦ ਕਰਵਾਏ ਜਾ ਸਕਣ।

ਆਗੂਆਂ ਨੇ ਇਹ ਚਿਤਾਵਨੀ ਵੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਮੋਰਚੇ ਦਾ ਪ੍ਰਸਤਾਵ ਨਾ ਮੰਨਿਆ ਤਾਂ 23 ਅਗਸਤ ਨੂੰ ਅਗਲੀ ਕਾਰਵਾਈ ਲਈ ਸਿੰਘੂ ਬਾਰਡਰ 'ਤੇ ਹੰਗਾਮੀ ਮੀਟਿੰਗ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਅਗਲੀ ਰਣਨੀਤੀ ਦਾ ਐਲਾਨ ਕਰਦਿਆਂ ਆਖਿਆ ਹੈ ਕਿ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸੁਨਾਮ ਤੋਂ ਸੰਘਰਸ਼ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸੇ ਤਰ੍ਹਾਂ ਪੰਜਾਬ ਸਰਕਾਰ ਦੀ ਵਾਅਦਾਖਿਲਾਫੀ ਦੇ ਰੋਸ ਵਜੋਂ 3 ਅਗਸਤ ਨੂੰ ਮਾਝਾ, ਮਾਲਵਾ ਅਤੇ ਦੋਆਬਾ ਖੇਤਰਾਂ ਵਿਚ ਤਿੰਨ ਥਾਵਾਂ 'ਤੇ ਕੌਮੀ ਮਾਰਗਾਂ ਉਤੇ ਅਣਮਿੱਥੇ ਸਮੇਂ ਲਈ ਧਰਨੇ ਦੇਣ ਦਾ ਐਲਾਨ ਕੀਤਾ ਗਿਆ।

## ਸੰਗਤ ਸਿੰਘ ਗਿਲਜੀਆਂ ਨੂੰ 13 ਤੱਕ ਰਾਹਤ ਮਿਲੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਨੂੰ ਦਿੱਤੀ ਰਾਹਤ ਵਿਚ ਵਾਧਾ ਕਰ ਦਿੱਤਾ ਹੈ। ਹਾਈ ਕੋਰਟ ਨੇ ਹੁਣ ਸਾਬਕਾ ਮੰਤਰੀ ਗਿਲਜੀਆਂ ਦੀ ਗ੍ਰਿਫਤਾਰੀ 'ਤੇ 13 ਅਗਸਤ ਤੱਕ ਰੋਕ ਵਧਾ ਦਿੱਤੀ ਹੈ ਜਦਕਿ ਪਹਿਲਾਂ ਇਹ 25 ਜੁਲਾਈ ਤੱਕ ਸੀ।

ਪਟੀਸ਼ਨਕਰਤਾ ਸੰਗਤ ਸਿੰਘ ਗਿਲਜੀਆਂ ਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਪਹਿਲਾਂ ਸਟੇਟਸ ਰਿਪੋਰਟ ਮੰਗੀ ਸੀ। ਪੰਜਾਬ ਸਰਕਾਰ ਵੱਲੋਂ ਸਰਕਾਰੀ ਵਕੀਲ ਨੇ ਪੇਸ਼ ਹੋ ਕੇ ਸਟੇਟਸ ਰਿਪੋਰਟ ਦਾਖਲ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ ਸੀ। ਇਸ 'ਤੇ ਅਦਾਲਤ ਨੇ ਪੰਜਾਬ ਸਰਕਾਰ ਨੂੰ ਦੋ ਹਫਤਿਆਂ ਦਾ ਹੋਰ ਸਮਾਂ ਦੇ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੁਕਾਬਲੇ ਤੋਂ ਪਹਿਲਾਂ ਆਤਮ ਸਮਰਪਣ ਕਰਨਾ ਚਾਹੁੰਦੇ ਸੀ ਰੂਪਾ ਤੇ ਮੰਨੂ

**ਅੰਮ੍ਰਿਤਸਰ:** ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿਚ ਲੋੜੀਂਦੇ ਗੈਂਗਸਟਰ ਜਗਰੂਪ ਰੂਪਾ ਅਤੇ ਮਨਪ੍ਰੀਤ ਸਿੰਘ ਉਰਫ ਮੰਨੂ ਕੁੱਸਾ ਇਥੇ ਪੰਜਾਬ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ। ਪੁਲਿਸ ਨੇ ਮੌਕੇ ਤੋਂ ਇਕ ਏਕੇ 47 ਰਾਈਫਲ ਅਤੇ ਇਕ ਪਿਸਤੌਲ ਵੀ ਬਰਾਮਦ ਕੀਤਾ ਹੈ। ਉਂਜ ਪੰਜ ਘੰਟੇ ਦੇ ਕਰੀਬ ਚੱਲੇ ਮੁਕਾਬਲੇ ਦੌਰਾਨ ਤਿੰਨ ਪੁਲਿਸ ਮੁਲਾਜ਼ਮ ਅਤੇ ਇਕ ਪੱਤਰਕਾਰ ਗੋਲੀ ਲੱਗਣ ਕਰਕੇ ਜ਼ਖਮੀ ਹੋ ਗਏ। ਇਸ ਪੂਰੇ ਅਪਰੇਸ਼ਨ ਦੀ ਅਗਵਾਈ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਦੇ ਮੁਖੀ ਏ.ਡੀ.ਜੀ.ਪੀ. ਪ੍ਰਮੋਦ ਬਾਨ ਨੇ ਕੀਤੀ। ਇਹ ਮੁਕਾਬਲਾ ਘਰਿੰਡਾ ਥਾਣੇ ਹੇਠ ਆਉਂਦੇ ਇਲਾਕੇ ਹੁਸ਼ਿਆਰਨਗਰ ਅਤੇ ਘਰਿੰਡਾ ਰੋਡ 'ਤੇ ਖੇਤਾਂ ਵਿਚ ਬਣੇ ਮਕਾਨ ਵਿੱਚ ਹੋਇਆ ਹੈ। ਇਹ ਥਾਂ ਭਕਨਾ ਕਲਾਂ ਪਿੰਡ ਨੇੜੇ ਹੈ।

ਪਹਿਲਾਂ ਸ਼ਾਰਪ ਸ਼ੂਟਰ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਆਤਮ ਸਮਰਪਣ ਕਰਨਾ ਚਾਹੁੰਦੇ ਸਨ। ਇਸ ਗੱਲ ਦਾ ਦਾਅਵਾ ਰੂਪਾ ਤੇ ਮੰਨੂ ਦੇ ਮੁਕਾਬਲੇ 'ਚ ਸ਼ਾਮਲ ਮਾਨਸਾ ਵਿਚ ਤਾਇਨਾਤ ਸੀ.ਆਈ.ਏ. ਦੇ ਇੰਚਾਰਜ ਪ੍ਰਿਤਪਾਲ ਸਿੰਘ ਨੇ ਕੀਤਾ ਹੈ। ਪੁਲਿਸ ਅਧਿਕਾਰੀ ਅਨੁਸਾਰ ਸ਼ਾਰਪ ਸ਼ੂਟਰਾਂ ਤੇ ਪੁਲਿਸ ਵਿਚਾਲੇ ਕਰੀਬ ਇਕ ਘੰਟੇ ਤੱਕ ਗੋਲੀਬਾਰੀ ਹੋਈ। ਇਸ ਤੋਂ ਬਾਅਦ ਅਚਾਨਕ ਸ਼ੂਟਰਾਂ ਨੇ ਗੋਲੀਆਂ ਚਲਾਉਣੀਆਂ ਬੰਦ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਉਹ ਦੋਵੇਂ ਆਤਮ ਸਮਰਪਣ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਛੱਤ ਤੋਂ ਪੁਲਿਸ ਵਾਲਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪੱਤਰਕਾਰਾਂ ਸਾਹਮਣੇ ਆਤਮ ਸਮਰਪਣ ਕਰਨਗੇ। ਉਨ੍ਹਾਂ ਕਿਹਾ ਕਿ ਪੁਲਿਸ ਇਸ ਗੱਲ ਨੂੰ ਮੰਨ ਗਈ ਅਤੇ 15 ਮਿੰਟ ਉਡੀਕ ਕਰਨ ਲਈ ਕਿਹਾ। ਪੁਲਿਸ ਅਧਿਕਾਰੀ ਨੇ ਕਿਹਾ ਕਿ ਉਹ ਸਿਰਫ 5 ਮਿੰਟ ਲਈ ਚੁੱਪ ਰਹੇ ਅਤੇ ਫਿਰ ਉਸ ਤੋਂ ਬਾਅਦ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨਾਲ ਕੋਈ ਗੱਲਬਾਤ ਨਹੀਂ ਹੋਈ।

ਜ਼ਿਕਰਯੋਗ ਹੈ ਕਿ ਪੁਲਿਸ ਨੂੰ ਸ਼ਾਰਪ ਸ਼ੂਟਰਾਂ ਕੋਲੋਂ ਇਕ ਟੁੱਟਿਆ ਹੋਇਆ ਮੋਬਾਈਲ ਫੋਨ ਮਿਲਿਆ ਹੈ, ਜਿਸ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਕਿਸੇ ਹੋਰ ਗੈਂਗਸਟਰ ਨੇ ਉਨ੍ਹਾਂ ਨੂੰ ਆਤਮ ਸਮਰਪਣ ਨਾ ਕਰਨ ਲਈ ਕਿਹਾ। ਇਸ ਕਾਰਨ ਉਨ੍ਹਾਂ ਆਪਣਾ ਮਨ ਬਦਲ ਲਿਆ। ਇਹ ਵੀ ਪਤਾ ਲੱਗਿਆ ਹੈ ਕਿ ਮੂਸੇਵਾਲਾ ਦੇ ਕਤਲ ਤੋਂ ਬਾਅਦ ਸ਼ਾਰਪ ਸ਼ੂਟਰ ਮੰਨੂ ਅਤੇ ਰੂਪਾ ਵਿਦੇਸ਼ ਭੱਜਣ ਲਈ ਰਾਜ਼ੀ ਨਹੀਂ ਹੋਏ, ਹਾਲਾਂਕਿ ਪੁਲਿਸ ਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਹੈ ਕਿ ਕੈਨੇਡਾ ਬੈਠੇ ਲਾਰੈਂਸ ਗੈਂਗ ਦੇ ਗੈਂਗਸਟਰ ਗੋਲਡੀ ਬਰਾੜ ਨੇ ਉਨ੍ਹਾਂ ਬਾਹਰ ਜਾਣ ਲਈ ਕਿਹਾ ਸੀ।

ਦੱਸ ਦਈਏ ਕਿ 29 ਮਈ ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਕੁਝ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਪੰਜਾਬ ਪੁਲਿਸ ਨੇ ਇਸ ਕਤਲ ਕੇਸ ਦੇ ਮਾਸਟਰਮਾਈਂਡ ਅਤੇ ਹੋਰ ਕਈ ਸਹਾਇਕ ਗੈਂਗਸਟਰਾਂ ਤੇ ਹੋਰਨਾਂ ਨੂੰ ਕਾਬੂ ਕੀਤਾ ਸੀ। ਇਨ੍ਹਾਂ ਤੋਂ ਕੀਤੀ ਪੁੱਛ-ਪੜਤਾਲ ਵਿਚ ਗੈਂਗਸਟਰਾਂ ਜਗਰੂਪ ਰੂਪਾ ਅਤੇ ਮਨਪ੍ਰੀਤ ਸਿੰਘ ਉਰਫ ਮੰਨੂ ਕੁੱਸਾ ਦੇ ਨਾਂ ਸਾਹਮਣੇ ਆਏ ਸਨ ਤੇ ਉਦੋਂ ਤੋਂ ਪੁਲਿਸ ਇਨ੍ਹਾਂ ਦੀ ਗ੍ਰਿਫਤਾਰੀ ਲਈ ਯਤਨਸ਼ੀਲ ਸੀ।



### ਕੈਨੇਡਾ ਤੋਂ ਗੋਲਡੀ ਬਰਾੜ ਨੂੰ ਪੰਜਾਬ ਲਿਆਉਣ ਲਈ ਕੋਸ਼ਿਸ਼ਾਂ ਜਾਰੀ: ਡੀ.ਜੀ.ਪੀ.

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਰਾਜ ਪੁਲਿਸ ਕੈਨੇਡਾ ਸਥਿਤ ਗੋਲਡੀ ਬਰਾੜ ਦੀ ਹਵਾਲਗੀ ਲਈ ਯਤਨ ਕਰ ਰਹੀ ਹੈ। ਬਰਾੜ ਨੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅੰਮ੍ਰਿਤਸਰ ਵਿਚ ਮੁਕਾਬਲੇ ਤੋਂ ਬਾਅਦ ਦੋ ਗੈਂਗਸਟਰਾਂ ਕੋਲੋਂ ਬਰਾਮਦ ਹੋਈ ਇਹ ਉਹੀ ਏਕੇ-47 ਰਾਈਫਲ ਹੈ, ਜੋ ਗਾਇਕ ਦੀ ਹੱਤਿਆ ਵਿਚ ਵਰਤੀ ਗਈ ਸੀ।

### ਸ਼ੂਟਰਾਂ ਨੂੰ ਸਮਰਪਣ ਕਰਨ ਲਈ ਕਿਹਾ ਸੀ: ਗੋਲਡੀ ਬਰਾੜ

**ਮਾਨਸਾ:** ਮਨਪ੍ਰੀਤ ਮੰਨੂ ਅਤੇ ਜਗਰੂਪ ਸਿੰਘ ਰੂਪਾ ਦੇ ਮਾਰੇ ਜਾਣ ਤੋਂ ਚਾਰ ਦਿਨ ਬਾਅਦ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ਪੋਸਟ ਵਿਚ ਦਾਅਵਾ ਕੀਤਾ ਕਿ ਸ਼ੂਟਰਾਂ ਨੇ ਪੁਲਿਸ ਦੀ ਘੇਰਾਬੰਦੀ ਦੌਰਾਨ ਉਸ ਨਾਲ ਸੰਪਰਕ ਕੀਤਾ ਅਤੇ ਆਤਮ ਸਮਰਪਣ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਗੋਲਡੀ ਬਰਾੜ ਨੇ ਪੋਸਟ ਵਿਚ ਕਿਹਾ ਕਿ ਜਗਰੂਪ ਅਤੇ ਮਨਪ੍ਰੀਤ ਦੋਵਾਂ ਨੇ ਉਸ ਲਈ ਬਹੁਤ ਕੁਝ ਕੀਤਾ ਹੈ ਤੇ ਉਹ ਇਸ ਨੂੰ ਕਦੇ ਨਹੀਂ ਭੁੱਲੇਗਾ। ਉਸ ਨੇ ਅੱਗੇ ਦਾਅਵਾ ਕੀਤਾ ਕਿ ਜਦੋਂ ਉਹ ਪੁਲਿਸ ਨਾਲ ਭਿੜ ਰਹੇ ਸਨ ਤਾਂ ਜਗਰੂਪ ਨੇ ਉਸ ਨੂੰ ਮੋਬਾਈਲ ਫੋਨ ਜ਼ਰੀਏ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਘੇਰ ਲਿਆ ਹੈ। ਉਸ ਨੇ ਭਰੋਸਾ ਦੇ ਕੇ ਆਤਮ ਸਮਰਪਣ ਕਰਨ ਲਈ ਕਿਹਾ। ਉਸ ਨੇ ਉਨ੍ਹਾਂ ਨੂੰ ਜੇਲ੍ਹ 'ਚੋਂ ਬਾਹਰ ਕੱਢਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਆਤਮ ਸਮਰਪਣ ਨਹੀਂ ਕਰਨਗੇ ਅਤੇ ਆਪਣਾ ਆਖਰੀ ਪ੍ਰਦਰਸ਼ਨ ਦਿਖਾਉਣਾ ਚਾਹੁੰਦੇ ਹਨ।

# ਮਹੀਨੇ 'ਚ 90 ਤੋਂ ਵੱਧ ਗੈਂਗਸਟਰ ਕਾਬੂ ਕਰਨ ਦਾ ਦਾਅਵਾ



**ਚੰਡੀਗੜ੍ਹ:** ਪੰਜਾਬ ਦੇ ਲੋਕ ਸੰਪਰਕ, ਨਵਿਆਉਣਯੋਗ ਊਰਜਾ ਸਰੋਤ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਵਿਚ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਰੇਤ ਮਾਫੀਆ ਨੂੰ ਕਿਸੇ ਵੀ ਹਾਲ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਣਾਈ ਗਈ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਪਿਛਲੇ ਇਕ ਮਹੀਨੇ ਦੌਰਾਨ 90 ਤੋਂ ਵੱਧ ਗੈਂਗਸਟਰਾਂ ਨੂੰ ਕਾਬੂ ਜਾਂ ਖਤਮ ਕੀਤਾ ਹੈ। ਅਮਨ ਅਰੋੜਾ ਨੇ ਦੋਸ਼ ਲਗਾਇਆ ਕਿ ਪਿਛਲੀਆਂ ਸਰਕਾਰਾਂ ਗੈਂਗਸਟਰਾਂ ਅਤੇ ਡਰੱਗ ਮਾਫੀਆ ਦੀ ਪੁਸ਼ਤਪਨਾਹੀ ਕਰਦੀਆਂ ਆਈਆਂ ਹਨ ਪਰ 'ਆਪ' ਸਰਕਾਰ ਮਾੜੇ ਅਨਸਰਾਂ ਦਾ ਸਫਾਇਆ ਕਰਕੇ ਰਹੇਗੀ।

ਉਨ੍ਹਾਂ ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਜਲਦੀ ਅਪਰਾਧ ਦਾ ਤਿਆਗ ਦੇਣ, ਨਹੀਂ ਤਾਂ ਸਰਕਾਰ ਵੱਲੋਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਜੇਕਰ ਪਿਛਲੀਆਂ ਸਰਕਾਰਾਂ ਨੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਨਾ ਕੀਤੀ ਹੁੰਦੀ ਤਾਂ ਸੂਬੇ ਵਿਚ ਗੈਂਗਸਟਰ ਸੱਭਿਆਚਾਰ ਅਤੇ ਡਰੱਗ ਮਾਫੀਆ ਕਦੇ ਸਿਰ ਨਾ ਚੁੱਕਦਾ। ਉਨ੍ਹਾਂ ਕਿਹਾ ਕਿ ਜੇਕਰ ਗੈਂਗਸਟਰ ਆਤਮ ਸਮਰਪਣ ਕਰਨ ਅਤੇ ਸਮਾਜਿਕ ਮੁੱਖ ਧਾਰਾ ਵਿਚ ਵਾਪਸ ਆਉਣ ਲਈ ਤਿਆਰ ਹੁੰਦੇ ਹਨ ਤਾਂ ਸੂਬਾ ਸਰਕਾਰ ਯਕੀਨਨ ਉਨ੍ਹਾਂ ਖਿਲਾਫ ਨਰਮ ਰੁਖ ਅਖਤਿਆਰ ਕਰੇਗੀ।

### ਗੈਂਗਸਟਰਾਂ ਤੋਂ ਮੁਕਤ ਹੋਵੇਗਾ ਪੰਜਾਬ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਲੋਕਾਂ ਨੂੰ ਗਾਰੰਟੀ ਦਿੱਤੀ ਹੈ ਕਿ ਪੰਜਾਬ ਜਲਦੀ ਹੀ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਤੋਂ ਮੁਕਤ ਹੋਵੇਗਾ। ਅੰਮ੍ਰਿਤਸਰ ਜ਼ਿਲ੍ਹੇ ਵਿਚ ਗੈਂਗਸਟਰਾਂ ਖ਼ਿਲਾਫ਼ ਕਾਰਵਾਈ ਦੀ ਸਫਲਤਾ ਨੂੰ ਲੈ ਕੇ ਮੁੱਖ ਮੰਤਰੀ ਨੇ ਡੀ.ਜੀ.ਪੀ. ਗੌਰਵ ਯਾਦਵ, ਐਂਟੀ ਗੈਂਗਸਟਰ ਟਾਸਕ ਫੋਰਸ ਦੇ ਮੁਖੀ ਪ੍ਰਮੋਦ ਬਾਨ ਅਤੇ ਸਮੁੱਚੀ ਟੀਮ ਨੂੰ ਥਾਪੜਾ ਦਿੱਤਾ। ਡੀ.ਜੀ.ਪੀ. ਨੇ ਅੰਮ੍ਰਿਤਸਰ ਵਿਚ ਹੋਏ ਪੁਲਿਸ ਮੁਕਾਬਲੇ ਬਾਰੇ ਵੇਰਵੇ ਮੁੱਖ ਮੰਤਰੀ ਨਾਲ ਸਾਂਝੇ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਗੈਂਗਸਟਰਾਂ ਤੇ ਨਸਾ ਤਸਕਰਾਂ ਦੀ ਪੁਸ਼ਤਪਨਾਹੀ ਕੀਤੀ ਸੀ। ਉਨ੍ਹਾਂ ਕਿਹਾ ਕਿ ਅਕਾਲੀ ਅਤੇ ਕਾਂਗਰਸੀ ਆਗੂ ਆਪਣੇ ਸਿਆਸੀ ਹਿੱਤਾਂ ਲਈ ਇਨ੍ਹਾਂ ਗੈਂਗਸਟਰਾਂ ਨੂੰ ਵਰਤਦੇ ਸਨ।


# ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਮਿਲਣ ਲੱਗੀਆਂ ਧਮਕੀਆਂ

**ਮਾਨਸਾ:** ਸਿੱਧੂ ਮੂਸੇਵਾਲਾ ਕਤਲ ਤੋਂ ਬਾਅਦ ਹੁਣ ਉਸ ਦੇ ਪਿਤਾ ਬਲਕੌਰ ਸਿੰਘ ਨੂੰ ਧਮਕੀਆਂ ਮਿਲ ਰਹੀਆਂ ਹਨ। ਪੀੜਤ ਪਰਿਵਾਰ ਨੇ ਇਸ ਦੀ ਸ਼ਿਕਾਇਤ ਮਾਨਸਾ ਪੁਲਿਸ ਨੂੰ ਕੀਤੀ ਹੈ। ਪੁਲਿਸ ਦੀ ਮੁਢਲੀ ਪੜਤਾਲ ਅਨੁਸਾਰ ਇਨ੍ਹਾਂ ਧਮਕੀਆਂ ਦੀਆਂ ਜ਼ਿਆਦਾਤਰ ਫੋਨ ਕਾਲਾਂ ਪਾਕਿਸਤਾਨ ਤੋਂ ਆ ਰਹੀਆਂ ਹਨ। ਮਾਨਸਾ ਪੁਲਿਸ ਨੇ ਇਸ ਦੀ ਗੰਭੀਰਤਾ ਨਾਲ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ ਹੈ ਅਤੇ ਪਰਿਵਾਰ ਨੂੰ ਕਿਸੇ ਤਰ੍ਹਾਂ ਦਾ ਡਰ-ਭੈਅ ਨਾ ਮੰਨਣ ਅਤੇ ਸੁਰੱਖਿਆ ਦੇਣ ਦਾ ਭਰੋਸਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਨਾਲ ਜੁੜੇ ਦੋ ਸ਼ਾਰਪ ਸ਼ੂਟਰ ਜਗਰੂਪ ਸਿੰਘ ਰੂਪਾ ਅਤੇ ਮਨਪ੍ਰੀਤ ਮੰਨੂ ਨੂੰ ਮਾਨਸਾ ਪੁਲਿਸ ਨੇ ਅੰਮ੍ਰਿਤਸਰ ਵਿਚ ਮੁਕਾਬਲੇ ਦੌਰਾਨ ਢੇਰ ਕਰ ਦਿੱਤਾ ਹੈ, ਜਿਨ੍ਹਾਂ ਦੀ ਸਨਾਖ਼ਤ ਲਈ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਅੰਮ੍ਰਿਤਸਰ ਵਿਚ ਸੱਦਿਆ ਗਿਆ ਸੀ, ਪਰ ਪਰਿਵਾਰ ਇਨ੍ਹਾਂ ਦੋ ਸ਼ਾਰਪ ਸ਼ੂਟਰਾਂ ਦੀ ਮੌਤ ਤੋਂ ਬਾਅਦ ਵੀ ਸੰਤੁਸ਼ਟ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਪੰਜਾਬ ਵਿਚ ਗੈਂਗਸਟਰ ਕਲਚਰ ਖਤਮ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਖੁਦ ਨੂੰ ਇਨਸਾਫ ਮਿਲਣਾ ਅਤੇ ਮੂਸੇਵਾਲਾ ਦੀ ਆਤਮਾ ਨੂੰ ਸ਼ਾਂਤੀ ਮਿਲਣ ਦੀ ਆਸ ਨਹੀਂ ਕਰ ਸਕਦੇ।



ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਇਕ ਪ੍ਰਸੰਸਕ ਨੇ ਕਾਤਲਾਂ ਨੂੰ ਸਖ਼ਤ ਸਜ਼ਾ ਦਿਵਾਉਣ ਦੀ ਵਕਾਲਤ ਕਰਦਿਆਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕੀਤੀ ਹੈ, ਜਿਸ ਤੋਂ ਕੁਝ ਵਿਅਕਤੀਆਂ ਨੂੰ ਤਕਲੀਫ਼ ਹੋਈ ਹੈ। ਪ੍ਰਸੰਸਕ ਨੂੰ ਪੋਸਟ ਪਾਉਣ ਦੇ ਬਦਲੇ ਪਾਕਿਸਤਾਨ ਤੋਂ ਫੋਨ ਅਤੇ ਐਸ.ਐਮ.ਐਸ. ਕਰ ਕੇ ਅਜਿਹੀਆਂ ਪੋਸਟਾਂ ਪਾਉਣ ਤੋਂ ਗੁਰੇਜ਼ ਕਰਨ ਤੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਹਮਦਰਦੀ ਜਤਾਉਣ ਤੋਂ ਵਰਜਿਆ ਗਿਆ ਹੈ। ਧਮਕੀ ਵਿਚ ਕਿਹਾ ਗਿਆ ਹੈ ਕਿ ਅਜਿਹਾ ਸਭ ਕੁਝ ਬੰਦ ਨਾ ਕੀਤਾ ਤਾਂ ਸਿੱਧੂ ਮੂਸੇਵਾਲਾ ਦੇ ਪਿਤਾ ਦਾ ਵੀ ਮਾੜਾ ਹਾਲ ਹੋਵੇਗਾ।




# ਐਂਬੂਲੈਂਸ ਰਾਹੀਂ ਨਸ਼ਾ ਤਸਕਰੀ ਕਰਨ ਵਾਲੇ ਕਾਬੂ

**ਮੁਹਾਲੀ:** ਜ਼ਿਲ੍ਹਾ ਸੀ.ਆਈ.ਏ. ਸਟਾਫ ਮੁਹਾਲੀ ਨੇ ਐਂਬੂਲੈਂਸ ਰਾਹੀਂ ਨਸ਼ਾ ਤਸਕਰੀ ਕਰਨ ਵਾਲੇ ਅੰਤਰਰਾਜੀ ਗਰੋਹ ਦੇ ਤਿੰਨ ਮੈਂਬਰਾਂ ਨੂੰ 8 ਕਿੱਲੋ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਉੱਤਰ ਪ੍ਰਦੇਸ਼ ਦੇ ਰਵੀ ਸ੍ਰੀਵਾਸਤਵ ਹਾਲ ਵਾਸੀ ਚੰਡੀਗੜ੍ਹ, ਹਰਿੰਦਰ ਸ਼ਰਮਾ ਵਾਸੀ ਪਿੰਡ ਨਵਾਂ ਗਰਾਓਂ (ਮੁਹਾਲੀ) ਤੇ ਅੰਕੁਸ਼ ਕੁਮਾਰ ਵਾਸੀ ਪਿੰਡ ਖੁੱਡਾ ਅਲੀਸ਼ੇਰ (ਚੰਡੀਗੜ੍ਹ) ਵਜੋਂ ਹੋਈ ਹੈ।



ਇਥੇ ਜ਼ਿਲ੍ਹਾ ਪੁਲਿਸ ਮੁਖੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਮੁਹਾਲੀ ਦੇ ਇੰਚਾਰਜ ਇੰਸਪੈਕਟਰ ਸ਼ਿਵ ਕੁਮਾਰ ਦੀ ਅਗਵਾਈ ਵਾਲੀ ਟੀਮ ਨੇ ਦੱਪਰ ਟੌਲ ਪਲਾਜ਼ਾ ਨੇੜੇ ਨਾਕੇ ਦੌਰਾਨ ਅੰਬਾਲਾ ਵਾਲੇ ਪਾਸਿਉਂ ਆ ਰਹੀ ਇਕ ਐਂਬੂਲੈਂਸ ਦੀ ਰੋਕ ਕੇ ਚੈਕਿੰਗ ਕੀਤੀ ਤਾਂ ਉਸ ਵਿਚ ਇਕ ਵਿਅਕਤੀ ਮਰੀਜ਼ ਵਾਂਗ ਲੰਮਾ ਪਿਆ ਸੀ ਤੇ ਦੂਜਾ ਵਿਅਕਤੀ ਨਾਲ ਬੈਠਾ ਸੀ। ਦੋਵਾਂ ਤੋਂ ਇਲਾਵਾ ਇਕ ਡਰਾਈਵਰ ਸੀਟ 'ਤੇ ਬੈਠਾ ਸੀ। ਐਸ.ਐਸ.ਪੀ. ਸੋਨੀ ਨੇ ਦੱਸਿਆ ਕਿ ਐਂਬੂਲੈਂਸ ਵਿਚ ਨਾ ਹੀ ਮੈਡੀਕਲ ਕਿੱਟ ਸੀ ਤੇ ਨਾ ਹੀ ਮੈਡੀਕਲ ਟੀਮ ਦਾ ਕੋਈ ਮੈਂਬਰ ਮੌਜੂਦ ਸੀ।

ਪੁਲਿਸ ਨੇ ਸ਼ੱਕ ਪੈਣ 'ਤੇ ਜਦੋਂ ਐਂਬੂਲੈਂਸ 'ਚ ਮਰੀਜ਼ ਬਣ ਕੇ ਲੰਮੇ ਪਏ ਵਿਅਕਤੀ ਦੀ ਜਾਂਚ ਕੀਤੀ ਤਾਂ ਉਸ ਦੇ ਸਿਰ ਹੇਠ ਪਏ ਸਿਰਹਾਣੇ ਕੋਲੋਂ 8 ਕਿੱਲੋ ਅਫੀਮ ਬਰਾਮਦ ਹੋਈ। ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਚਾਲਕ ਸਮੇਤ ਤਿੰਨਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਲਾਲੜੂ ਥਾਣੇ ਵਿਚ ਕੇਸ ਦਰਜ ਕਰ ਲਿਆ ਹੈ। ਇਸ ਤੋਂ ਇਲਾਵਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੀ ਜਾ ਰਹੀ ਐਂਬੂਲੈਂਸ ਵੀ ਕਬਜ਼ੇ ਵਿਚ ਲੈ ਲਈ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛ-ਪੜਤਾਲ ਵਿਚ ਇਹ ਗੱਲ ਸਾਹਮਣੇ ਆਈ ਕਿ ਉਕਤ ਮੁਲਜ਼ਮ ਹੁਣ ਤੱਕ 10 ਤੋਂ 12 ਵਾਰ ਐਂਬੂਲੈਂਸ ਦੀ ਵਰਤੋਂ ਕਰਕੇ ਪ੍ਰਤੀ ਗੇੜਾ 8 ਤੋਂ 10 ਕਿੱਲੋ ਅਫ਼ੀਮ ਦੀ ਤਸਕਰੀ ਕਰ ਚੁੱਕੇ ਹਨ।

# ਭਾਰਤ ਵਿਚ ਵੀ ਮੰਕੀਪੌਕਸ ਨੇ ਪੈਰ ਪਸਾਰੇ



### ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ: ਮਾਹਿਰ

**ਨਵੀਂ ਦਿੱਲੀ:** ਦੇਸ਼ 'ਚ ਮੰਕੀਪੌਕਸ ਦੇ ਚਾਰ ਕੇਸ ਸਾਹਮਣੇ ਆਉਣ ਤੋਂ ਬਾਅਦ ਮਾਹਿਰਾਂ ਨੇ ਕਿਹਾ ਹੈ ਕਿ ਲਾਗ ਤੋਂ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਘੱਟ ਫੈਲਦਾ ਹੈ ਅਤੇ ਮੌਤ ਹੋਣ ਦਾ ਖਦਸ਼ਾ ਬਹੁਤ ਹੀ ਘੱਟ ਹੈ। ਮਾਹਿਰਾਂ ਮੁਤਾਬਕ ਸਖਤ ਨਿਗਰਾਨੀ ਰਾਹੀਂ ਇਸ ਦੇ ਅਸਰ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਮਜ਼ੋਰ ਇਮਿਊਨਿਟੀ ਵਾਲੇ ਲੋਕਾਂ ਨੂੰ ਵਧੇਰੇ ਇਹਤਿਆਤ ਰੱਖਣ ਦੀ ਲੋੜ ਹੈ। ਮਹਾਮਾਰੀ ਮਾਹਿਰ ਅਤੇ ਲਾਗ ਦੇ ਰੋਗਾਂ ਦੇ ਡਾਕਟਰ ਚੰਦਰਕਾਂਤ ਲਹਿਰੀਆ ਨੇ ਕਿਹਾ ਕਿ ਮੰਕੀਪੌਕਸ ਕੋਈ ਨਵਾਂ ਵਾਇਰਸ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਪੰਜ ਦਹਾਕਿਆਂ ਤੋਂ ਦੁਨੀਆ ਭਰ 'ਚ ਮੌਜੂਦ ਹੈ ਪਰ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ ਹੈ।

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦਿੱਲੀ 'ਚ 34 ਵਰ੍ਹਿਆਂ ਦਾ ਨੌਜਵਾਨ ਮੰਕੀਪੌਕਸ ਵਾਇਰਸ ਤੋਂ ਪੀੜਤ ਮਿਲਿਆ ਹੈ। ਦੇਸ਼ 'ਚ ਹੁਣ ਤੱਕ ਮੰਕੀਪੌਕਸ ਦੇ ਚਾਰ ਕੇਸ ਸਾਹਮਣੇ ਆ ਚੁੱਕੇ ਹਨ। ਇਸ ਤੋਂ ਪਹਿਲਾਂ ਲਾਗ ਦੇ ਤਿੰਨ ਕੇਸ ਕੇਰਲਾ 'ਚ ਮਿਲੇ ਸਨ। ਵਿਸ਼ਵ ਸਿਹਤ ਸੰਗਠਨ ਨੇ ਮੰਕੀਪੌਕਸ ਵਾਇਰਸ ਨੂੰ ਆਲਮੀ ਸਿਹਤ ਐਮਰਜੈਂਸੀ ਐਲਾਨਿਆ ਹੈ।

ਮੰਕੀਪੌਕਸ ਵਾਇਰਸ ਦੇ 75 ਮੁਲਕਾਂ 'ਚ 16 ਹਜ਼ਾਰ ਤੋਂ ਵੱਧ ਕੇਸ ਆ ਚੁੱਕੇ ਹਨ ਅਤੇ ਹੁਣ ਤੱਕ ਪੰਜ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ ਕੇਂਦਰ ਨੇ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਸੂਤਰਾਂ ਨੇ ਕਿਹਾ ਕਿ ਮੀਟਿੰਗ ਦੀ ਅਗਵਾਈ ਹੈਲਥ ਸਾਇੰਸਿਜ ਦੇ ਡਾਇਰੈਕਟਰ ਜਨਰਲ ਅਤੁਲ ਗੋਇਲ ਨੇ ਕੀਤੀ। ਇਸ 'ਚ ਸਿਹਤ ਮੰਤਰਾਲੇ, ਨੈਸ਼ਨਲ ਸੈਂਟਰ ਫਾਰ ਡਿਜੀਜ ਕੰਟਰੋਲ (ਐਨ.ਸੀ.ਡੀ.ਸੀ.) ਅਤੇ ਆਈ.ਸੀ.ਐਮ.ਆਰ. ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜਰ ਸਨ। ਉਨ੍ਹਾਂ ਐਨ.ਸੀ.ਡੀ.ਸੀ. ਨੂੰ ਕਿਹਾ ਕਿ ਉਹ ਕੇਸਾਂ ਦੀ ਵਿਸਥਾਰ ਨਾਲ ਜਾਂਚ ਕਰਨ ਅਤੇ ਇਹਤਿਆਤ ਰੱਖਣ। ਦਿੱਲੀ ਦਾ ਨੌਜਵਾਨ ਕਦੇ ਵੀ ਵਿਦੇਸ਼ ਨਹੀਂ ਗਿਆ ਹੈ ਪਰ ਕੁਝ ਦਿਨ ਪਹਿਲਾਂ ਉਹ ਮਨਾਲੀ (ਹਿਮਾਚਲ ਪ੍ਰਦੇਸ਼) 'ਚ ਇਕ ਪਾਰਟੀ 'ਚ ਸ਼ਾਮਲ ਹੋਇਆ ਸੀ।

ਪੱਛਮੀ ਦਿੱਲੀ ਦੇ ਵਸਨੀਕ ਨੂੰ ਲਾਗ ਦੇ ਲੱਛਣ ਦਿਖਾਈ ਪੈਣ ਮਗਰੋਂ ਉਸ ਨੂੰ ਲੋਕ ਨਾਇਕ ਜੈ ਪ੍ਰਕਾਸ਼ ਹਸਪਤਾਲ 'ਚ ਕਰੀਬ ਤਿੰਨ ਦਿਨ ਪਹਿਲਾਂ ਦਾਖਲ ਕਰਵਾਇਆ ਗਿਆ ਸੀ। ਉਸ ਦੇ ਨਮੂਨੇ ਪੁਣੇ ਦੀ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ 'ਚ ਭੇਜੇ ਗਏ ਸਨ ਜਿਥੇ ਉਸ ਦੀ ਰਿਪੋਰਟ ਪਾਜੇਟਿਵ ਆਈ। ਕੇਂਦਰੀ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ,'ਪੀੜਤ ਵਿਅਕਤੀ ਲੋਕ ਨਾਇਕ ਹਸਪਤਾਲ ਦੇ ਇਕਾਂਤਵਾਸ ਕੇਂਦਰ 'ਚ ਸਿਹਤਯਾਬ ਹੋ ਰਿਹਾ ਹੈ। ਉਸ ਦੇ ਦਰਦਨਾਕ ਜ਼ਖਮ ਹਨ ਪਰ ਹੋਰ ਬਿਮਾਰੀਆਂ ਨਹੀਂ ਹਨ। ਉਸ ਦੇ ਨੇੜਲੇ ਸੰਪਰਕਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਸਿਹਤ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਕਾਂਤਵਾਸ ਕਰ ਦਿੱਤਾ ਗਿਆ ਹੈ।"

ਡਬਲਿਊ.ਐਚ.ਓ. ਮੁਤਾਬਕ ਮੰਕੀਪੌਕਸ ਦੇ ਲੱਛਣ ਚੇਚਕ ਦੇ ਮਰੀਜ਼ਾਂ ਵਰਗੇ ਹੁੰਦੇ ਹਨ। ਮੰਕੀਪੌਕਸ ਲਾਗ ਲੱਗਣ ਨਾਲ ਮਰੀਜ਼ 'ਚ ਬੁਖਾਰ ਅਤੇ ਚਮੜੀ 'ਤੇ ਗਿਲਟੀਆਂ ਦੇ ਲੱਛਣ ਦਿਖਾਈ ਪੈਂਦੇ ਹਨ। ਇਸ ਦੇ ਮਰੀਜ਼ ਨੂੰ ਠੀਕ ਹੋਣ 'ਚ ਦੋ ਤੋਂ ਚਾਰ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ। ਇਹ ਲਾਗ ਪ੍ਰਭਾਵਿਤ ਜਾਨਵਰਾਂ ਤੋਂ ਮਨੁੱਖ 'ਚ ਫੈਲ ਸਕਦੀ ਹੈ। ਇਸ ਤੋਂ ਇਲਾਵਾ ਇਹ ਪੀੜਤ ਮਨੁੱਖ ਦੇ ਸੰਪਰਕ 'ਚ ਆਉਣ 'ਤੇ ਵੀ ਫੈਲਦੀ ਹੈ। ਕੇਂਦਰ ਵੱਲੋਂ ਸੂਬਿਆਂ ਅਤੇ ਯੂਟੀਜ ਨੂੰ ਜਾਰੀ 'ਮੰਕੀਪੌਕਸ ਰੋਗ ਦੇ ਪ੍ਰਬੰਧਨ ਬਾਰੇ ਦਿਸ਼ਾ-ਨਿਰਦੇਸ਼ਾਂ' 'ਚ ਕਿਹਾ ਗਿਆ ਹੈ ਕਿ ਕੋਵਿਡ ਜ਼ਿਆਦਾ ਖਤਰਨਾਕ ਹੈ ਅਤੇ ਮੰਕੀਪੌਕਸ ਵੀ ਲਾਗ ਦਾ ਰੋਗ ਹੈ ਪਰ ਜੇਕਰ ਢੁਕਵੀਂ ਦੂਰੀ ਬਣਾਈ ਰੱਖੀ ਜਾਵੇ ਅਤੇ ਲੋਕ ਮਾਸਕ ਪਹਿਨਣਗੇ ਤਾਂ ਇਹ ਤੇਜੀ ਨਾਲ ਨਹੀਂ ਫੈਲੇਗਾ। ਮੰਕੀਪੌਕਸ ਦੇ ਲੱਛਣ 6 ਤੋਂ 13 ਦਿਨਾਂ ਤੱਕ ਦਿਖਾਈ ਦੇ ਸਕਦੇ ਹਨ ਪਰ ਇਹ 5 ਤੋਂ 21 ਦਿਨ ਤੱਕ ਵੀ ਰਹਿ ਸਕਦੇ ਹਨ। ਦਿਸ਼ਾ-ਨਿਰਦੇਸ਼ਾਂ ਮੁਤਾਬਕ ਮੰਕੀਪੌਕਸ ਤੋਂ ਪੀੜਤ ਵਿਅਕਤੀ ਦੇ ਸੰਪਰਕ 'ਚ ਆਉਣ ਵਾਲੇ ਵਿਅਕਤੀ ਦੀ ਪਹਿਲੇ ਦਿਨ ਤੋਂ ਲੈ ਕੇ 21 ਦਿਨਾਂ ਤੱਕ ਘੱਟੋ ਘੱਟ ਦਿਨ 'ਚ ਇਕ ਵਾਰ ਜਾਂਚ ਜਰੂਰ ਹੋਣੀ ਚਾਹੀਦੀ ਹੈ।

# ਦਰੋਪਦੀ ਮੁਰਮੂ ਨੇ ਭਾਰਤ ਦੇ 15ਵੇਂ ਰਾਸ਼ਟਰਪਤੀ ਵਜੋਂ ਹਲਫ ਲਿਆ



**ਨਵੀਂ ਦਿੱਲੀ:** ਦਰੋਪਦੀ ਮੁਰਮੂ ਨੇ ਦੇਸ ਦੇ 15ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਭਾਰਤ ਦੇ ਚੀਫ ਜਸਟਿਸ ਐੱਨ.ਵੀ.ਰਾਮੰਨਾ ਨੇ ਉਨ੍ਹਾਂ ਨੂੰ ਸੰਸਦ ਦੇ ਕੇਂਦਰੀ ਹਾਲ ਵਿਚ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਉਪ ਰਾਸ਼ਟਰਪਤੀ ਤੇ ਰਾਜ ਸਭਾ ਚੇਅਰਮੈਨ ਐੱਮ.ਵੈਂਕੱਈਆ ਨਾਇਡੂ, ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਦੋਵਾਂ ਸਦਨਾਂ ਦੇ ਮੈਂਬਰਾਂ ਅਤੇ ਹੋਰਨਾਂ ਮਹਿਮਾਨਾਂ ਦੀ ਹਾਜਰੀ ਵਿਚ ਅਹੁਦੇ ਦਾ ਹਲਫ਼ ਦਿਵਾਇਆ।

ਮੁਰਮੂ ਨੇ ਪਰਮਾਤਮਾ ਦੇ ਨਾਂ 'ਤੇ ਹਿੰਦੀ ਵਿਚ ਹਲਫ਼ ਲਿਆ। ਹਲਫ਼ ਲੈਣ ਤੋਂ ਫੌਰੀ ਮਗਰੋਂ ਹਾਜਰੀਨ ਤੇ ਦੇਸ਼ ਵਾਸੀਆਂ ਨੂੰ ਆਪਣੇ ਪਲੇਠੇ ਸੰਬੋਧਨ ਵਿਚ ਰਾਸ਼ਟਰਪਤੀ ਮੁਰਮੂ ਨੇ 'ਸਬਕਾ ਸਾਥ, ਸਬਕਾ ਕਰਤੱਵਯਾ' ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਸਿਖਰਲੇ ਸੰਵਿਧਾਨਕ ਅਹੁਦੇ 'ਤੇ ਉਨ੍ਹਾਂ ਦੀ ਚੋਣ ਉਨ੍ਹਾਂ ਦੀ ਕੋਈ ਨਿੱਜੀ ਉਪਲਬਧੀ ਨਹੀਂ ਬਲਕਿ ਭਾਰਤ ਦੇ ਹਰੇਕ ਗਰੀਬ ਵਿਅਕਤੀ ਦੀ ਹੈ ਤੇ ਇਹ ਸਾਬਤ ਕਰਦੀ ਹੈ ਕਿ ਉਹ ਨਾ ਸਿਰਫ ਸੁਪਨਾ ਵੇਖ ਸਕਦਾ ਹੈ ਬਲਕਿ ਇਸ ਨੂੰ ਪੂਰਾ ਵੀ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦਾ ਦੱਬਿਆ ਕੁਚਲਿਆ, ਗਰੀਬ, ਦਲਿਤ ਤੇ ਕਬਾਇਲੀ ਵਰਗ, ਉਨ੍ਹਾਂ ਵਿਚ ਆਪਣਾ ਪਰਛਾਵਾਂ ਵੇਖ ਸਕਦਾ ਹੈ। ਉਨ੍ਹਾਂ ਭਾਰਤ ਦੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। ਮੁਰਮੂ ਨੇ ਕਿਹਾ ਕਿ ਉਹ ਆਜ਼ਾਦ ਭਾਰਤ ਵਿਚ ਪੈਦਾ ਹੋਣ ਵਾਲੀ ਪਹਿਲੇ ਰਾਸ਼ਟਰਪਤੀ ਹਨ ਤੇ ਇਹ ਉਨ੍ਹਾਂ ਦੇ ਚੰਗੇ ਭਾਗ ਹਨ ਕਿ ਉਨ੍ਹਾਂ ਅਜਿਹੇ ਮੌਕੇ ਇਹ ਅਹੁਦਾ ਸੰਭਾਲਿਆ ਹੈ ਜਦੋਂ ਦੇਸ਼ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਜਾ ਰਿਹਾ ਹੈ।

# ਫਿਲਪੀਨਜ਼ ਵਿਚ ਗੋਲੀਬਾਰੀ 'ਚ ਸਾਬਕਾ ਮੇਅਰ ਸਣੇ ਤਿੰਨ ਹਲਾਕ



**ਮਨੀਲਾ:** ਫਿਲਪੀਨਜ਼ ਦੀ ਰਾਜਧਾਨੀ ਮਨੀਲਾ ਦੀ ਇਕ ਯੂਨੀਵਰਸਿਟੀ ਵਿਚ ਇਕ ਹਥਿਆਰਬੰਦ ਵਿਅਕਤੀ ਵੱਲੋਂ ਕੀਤੇ ਹਮਲੇ 'ਚ ਫਿਲਪੀਨਜ ਕਸਬੇ ਦੀ ਸਾਬਕਾ ਮੇਅਰ ਸਣੇ ਘੱਟੋ ਘੱਟ ਤਿੰਨ ਜਣੇ ਮਾਰੇ ਗਏ ਅਤੇ ਇਕ ਹੋਰ ਜ਼ਖਮੀ ਹੋਇਆ ਹੈ। ਪੁਲਿਸ ਨੇ ਦੱਸਿਆ ਕਿ ਹਥਿਆਰਬੰਦ ਵਿਅਕਤੀ ਕੋਲ ਦੋ ਪਿਸਤੌਲ ਸਨ ਅਤੇ ਗੋਲੀਬਾਰੀ ਮਗਰੋਂ ਉਸ ਨੂੰ ਉਪਨਗਰ ਕੁਐਜੋਨ ਸ਼ਹਿਰ ਵਿੱਚ ਅਟੈਨੀਓ ਡੀ ਮਨੀਲਾ ਯੂਨੀਵਰਸਿਟੀ ਦੇ ਗੇਟ ਨੇੜਿਓਂ ਫੜ ਲਿਆ ਗਿਆ।

ਘਟਨਾ ਮਗਰੋਂ ਯੂਨੀਵਰਸਿਟੀ ਵਿਚ ਤਾਲਾਬੰਦੀ ਕਰ ਦਿੱਤੀ ਅਤੇ ਲਾਅ ਸਕੂਲ ਵਿਚ ਹੋਣ ਵਾਲਾ ਗਰੈਜੂਏਸ਼ਨ ਸਮਾਗਮ ਰੱਦ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਜਸਟਿਸ ਅਲੈਗਜੈਂਡਰ ਗੈਸਮੁੰਡੋ ਜਿਹੜੇ ਕਿ ਸਮਾਗਮ ਦੇ ਬੁਲਾਰੇ ਸਨ, ਹਮਲਾ ਹੋਣ ਸਮੇਂ ਰਸਤੇ ਵਿਚ ਸਨ ਅਤੇ ਉਨ੍ਹਾਂ ਨੂੰ ਵਾਪਸ ਜਾਣ ਦੀ ਸਲਾਹ ਦਿੱਤੀ ਗਈ।

ਅਧਿਕਾਰੀਆਂ ਮੁਤਾਬਕ ਹਮਲੇ ਵਿਚ ਮਾਰੇ ਗਏ ਲੋਕਾਂ ਵਿਚ ਦੱਖਣੀ ਬੈਸੀਲਨ ਸੂਬੇ ਦੇ ਲੈਮਿਟਨ ਸ਼ਹਿਰ ਦੀ ਸਾਬਕਾ ਮੇਅਰ ਰੋਸੀਟਾ ਫੁਰੀਗੇ, ਉਸ ਦਾ ਸਾਥੀ ਅਤੇ ਯੂਨੀਵਰਸਿਟੀ ਦਾ ਗਾਰਡ ਸ਼ਾਮਲ ਹਨ। ਘਟਨਾ ਵਿਚ ਫੁਰੀਗੇ ਦੀ ਬੇਟੀ ਜ਼ਖ਼ਮੀ ਹੋਈ ਹੈ, ਜਿਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

ਮੰਨਿਆ ਜਾ ਰਿਹਾ ਹੈ ਕਿ ਉਹ ਸਮਾਗਮ ਵਿਚ ਸ਼ਾਮਲ ਹੋਣ ਆਈ ਸੀ। ਜਾਂਚਕਰਤਾਵਾਂ ਵੱਲੋਂ ਹਮਲੇ ਪਿੱਛੇ ਉਦੇਸ਼ ਦਾ ਪਤਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਐਜੋਨ ਸਿਟੀ ਦੀ ਮੇਅਰ ਜੌਏ ਬੈਨਮੌਂਟੇ ਨੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ, "ਅਜਿਹੀਆਂ ਘਟਨਾਵਾਂ ਦੀ ਸਾਡੇ ਸਮਾਜ ਵਿਚ ਕੋਈ ਥਾਂ ਨਹੀਂ ਹੈ।"

# ਨੀਰਜ ਚੋਪੜਾ ਨੇ ਜਿੱਤਿਆ ਚਾਂਦੀ ਦਾ ਤਗਮਾ

**ਯੂਜੀਨ**: ਉਲੰਪਿਕ ਚੈਂਪੀਅਨ ਨੀਰਜ ਚੋਪੜਾ (24) ਨੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਨੇਜ਼ੇਬਾਜ਼ੀ ਵਿਚ 88.13 ਮੀਟਰ ਦੀ ਥ੍ਰੋਅ ਨਾਲ ਇਤਿਹਾਸਕ ਚਾਂਦੀ ਦਾ ਤਗਮਾ ਜਿੱਤ ਕੇ ਭਾਰਤ ਦਾ 19 ਸਾਲ ਦਾ ਸੋਕਾ ਖਤਮ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਹ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿਚ ਤਮਗਾ ਜਿੱਤਣ ਵਾਲਾ ਦੂਜਾ ਭਾਰਤੀ ਤੇ ਪਹਿਲਾ ਪੁਰਸ਼ ਟ੍ਰੈਕ ਅਤੇ ਫੀਲਡ ਅਥਲੀਟ ਬਣ ਗਿਆ ਹੈ।

ਭਾਰਤ ਲਈ ਇਕਮਾਤਰ ਕਾਂਸੀ ਦਾ ਤਗਮਾ 2003 ਦੀ ਪੈਰਿਸ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਮਹਾਨ ਅਥਲੀਟ ਅੰਜੂ ਬੌਬੀ ਜਾਰਜ ਨੇ ਲੰਬੀ ਛਾਲ ਵਿਚ ਜਿੱਤਿਆ ਸੀ ਅਤੇ ਉਹ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਦੇਸ ਲਈ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ ਸੀ। 'ਡਿਫੈਂਡਿੰਗ' ਚੈਂਪੀਅਨ ਗ੍ਰੇਨਾਡਾ ਦੇ ਐਂਡਰਸਨ ਪੀਟਰਸ ਨੇ 90.54 ਮੀਟਰ ਦੀ ਸ਼ਾਨਦਾਰ ਥ੍ਰੋਅ ਨਾਲ ਸੋਨ ਤਗਮਾ ਆਪਣੇ ਨਾਂ ਕੀਤਾ, ਜਦੋਂਕਿ ਉਲੰਪਿਕ ਚਾਂਦੀ ਦਾ ਤਗਮਾ ਜੇਤੂ ਚੈੱਕ ਗਣਰਾਜ ਦੇ ਜੈਕਬ ਵਡਲੇਜਚ ਨੇ 88.09 ਮੀਟਰ ਦੀ ਥਰੋਅ ਨਾਲ ਕਾਂਸੀ ਦਾ ਤਗਮਾ ਜਿੱਤਿਆ।



# ਦੇਸ਼ ਭਗਤੀ ਥੋਪੀ ਨਹੀਂ ਜਾ ਸਕਦੀ: ਮਹਿਬੂਬਾ ਮੁਫਤੀ

**ਸ੍ਰੀਨਗਰ:** ਪੀਪਲਜ਼ ਡੈਮੋਕ੍ਰੈਟਿਕ ਪਾਰਟੀ (ਪੀ.ਡੀ.ਪੀ.) ਪ੍ਰਧਾਨ ਮਹਿਬੂਬਾ ਮੁਫਤੀ ਨੇ ਇਥੇ ਜੰਮੂ ਕਸ਼ਮੀਰ ਪ੍ਰਸ਼ਾਸਨ 'ਤੇ 'ਹਰ ਘਰ ਤਿਰੰਗਾ' ਮੁਹਿੰਮ ਲਈ ਲੋਕਾਂ ਨੂੰ ਕੌਮੀ ਝੰਡਾ ਖਰੀਦਣ ਲਈ ਮਜਬੂਰ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਦੇਸ ਭਗਤੀ ਕੁਦਰਤੀ ਹੁੰਦੀ ਹੈ ਅਤੇ ਇਸ ਨੂੰ ਥੋਪਿਆ ਨਹੀਂ ਜਾ ਸਕਦਾ।

ਜਾਣਕਾਰੀ ਅਨੁਸਾਰ 'ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ' ਤਹਿਤ 13 ਤੋਂ 15 ਅਗਸਤ ਤੱਕ ਦੇਸ਼ ਵਾਸੀਆਂ ਨੂੰ ਆਪਣੇ ਘਰਾਂ 'ਤੇ ਕੌਮੀ ਝੰਡਾ ਲਹਿਰਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਇਕ ਮੁਹਿੰਮ ਚਲਾਈ ਗਈ ਹੈ। ਮਹਿਬੂਬਾ ਨੇ ਟਵਿੱਟਰ 'ਤੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿਚ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਬਿਜਬਹੇੜਾ ਨਗਰਪਾਲਿਕਾ ਵੱਲੋਂ ਇਕ ਵਾਹਨ ਦੀ ਛੱਤ 'ਤੇ ਲਾਊਡ ਸਪੀਕਰ ਲਾ ਕੇ ਇਸ ਮੁਹਿੰਮ ਤਹਿਤ ਦੁਕਾਨਦਾਰਾਂ ਨੂੰ ਤਿਰੰਗਾ ਖਰੀਦਣ ਲਈ 20 ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ ਜਾ ਰਿਹਾ ਹੈ। ਮਹਿਬੂਬਾ ਨੇ ਕਿਹਾ, "ਜੰਮੂ ਕਸ਼ਮੀਰ ਪ੍ਰਸ਼ਾਸਨ ਵੱਲੋਂ ਜਿਸ ਢੰਗ ਨਾਲ ਵਿਦਿਆਰਥੀਆਂ, ਦੁਕਾਨਦਾਰਾਂ ਅਤੇ ਕਰਮਚਾਰੀਆਂ ਨੂੰ ਕੌਮੀ ਝੰਡਾ ਲਹਿਰਾਉਣ ਲਈ ਭੁਗਤਾਨ ਕਰਨ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ, ਉਸ ਤੋਂ ਲੱਗਦਾ ਹੈ ਜਿਵੇਂ ਕਸ਼ਮੀਰ ਦੁਸ਼ਮਣ ਦਾ ਇਲਾਕਾ ਹੋਵੇ, ਜਿਸ 'ਤੇ ਕਬਜ਼ਾ ਕਰਨ ਦੀ ਲੋੜ ਹੈ। ਦੇਸ ਭਗਤੀ ਕੁਦਰਤੀ ਤੌਰ 'ਤੇ ਹੁੰਦੀ ਹੈ ਅਤੇ ਥੋਪੀ ਨਹੀਂ ਜਾ ਸਕਦੀ।"

# ਸਰਹੱਦ 'ਤੇ ਚੀਨੀ ਫੌਜ ਦੇ ਜਹਾਜ਼ਾਂ ਦੀ ਭੜਕਾਊ ਕਾਰਵਾਈ ਜਾਰੀ

**ਨਵੀਂ ਦਿੱਲੀ:** ਭਾਰਤ ਤੇ ਚੀਨ ਦਰਮਿਆਨ ਫੌਜੀ ਕਮਾਂਡਰ ਪੱਧਰ ਦੀ ਵਾਰਤਾ ਦੇ ਬਾਵਜੂਦ ਚੀਨ ਦੇ ਲੜਾਕੂ ਜਹਾਜ਼ ਪੂਰਬੀ ਲੱਦਾਖ 'ਚ ਤਾਇਨਾਤ ਭਾਰਤੀ ਸੁਰੱਖਿਆ ਬਲਾਂ ਨੂੰ ਭੜਕਾਉਣ ਦਾ ਲਗਾਤਾਰ ਯਤਨ ਕਰ ਰਹੇ ਹਨ। ਚੀਨ ਦੇ ਜਹਾਜ਼ ਪਿਛਲੇ ਤਿੰਨ-ਚਾਰ ਹਫਤਿਆਂ ਦੌਰਾਨ ਕਈ ਮੌਕਿਆਂ 'ਤੇ ਅਸਲ ਕੰਟਰੋਲ ਰੇਖਾ ਦੇ ਬਿਲਕੁਲ ਨੇੜੇ ਉੱਡਦੇ ਦੇਖੇ ਗਏ ਹਨ। ਇਸ ਨੂੰ ਚੀਨ ਵੱਲੋਂ ਖੇਤਰ ਵਿਚ ਭਾਰਤੀ ਰੱਖਿਆ ਢਾਂਚੇ ਨੂੰ ਜਾਂਚਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ।

ਇਕ ਸਰਕਾਰੀ ਸੂਤਰ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਹਰੇਕ ਸਥਿਤੀ ਦਾ ਜ਼ਿੰਮੇਵਾਰੀ ਨਾਲ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਖਤਰੇ ਨਾਲ ਨਜਿੱਠਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਤੋਂ ਇਲਾਵਾ ਇਹ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਮਾਮਲਾ ਕਾਬੂ ਤੋਂ ਬਾਹਰ ਨਾ ਹੋ ਜਾਵੇ। ਚੀਨ ਦੇ ਲੜਾਕੂ ਜਹਾਜ਼ ਜੇ-11 ਸਣੇ ਹੋਰ ਜਹਾਜ਼ਾਂ ਨੇ ਕੰਟਰੋਲ ਰੇਖਾ ਨੇੜੇ ਉਡਾਣ ਭਰੀ ਹੈ। ਭਰੋਸਾ ਬਣਾਏ ਰੱਖਣ ਲਈ ਜਿਹੜੀ ਦਸ ਕਿਲੋਮੀਟਰ ਲੰਮੀ ਲਾਈਨ (ਸੀ.ਬੀ.ਐਮ.) ਤੈਅ ਕੀਤੀ ਗਈ ਹੈ, ਉਸ ਦੀ ਉਲੰਘਣਾ ਦੇ ਕਈ ਮਾਮਲੇ ਹਾਲ ਹੀ ਵਿਚ ਸਾਹਮਣੇ ਆਏ ਹਨ।

ਉਨ੍ਹਾਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਨੇ ਵੀ ਆਪਣੇ ਸਭ ਤੋਂ ਅਸਰਦਾਰ ਲੜਾਕੂ ਜਹਾਜ਼ਾਂ ਮਿੱਗ-29 ਤੇ ਮਿਰਾਜ 2000 ਨੂੰ ਐਲ.ਏ.ਸੀ. ਨੇੜੇ ਤਾਇਨਾਤ ਕਰ ਦਿੱਤਾ ਹੈ ਜੋ ਕਿਸੇ ਵੀ ਚੀਨੀ ਕਾਰਵਾਈ ਦਾ ਇਹ ਮਿੰਟਾਂ ਵਿਚ ਜਵਾਬ ਦੇ ਸਕਦੇ ਹਨ। ਸੂਤਰਾਂ ਮੁਤਾਬਕ ਚੀਨ ਦੀ ਫੌਜ ਪੀ.ਐਲ.ਏ. ਭਾਰਤ ਵੱਲੋਂ ਲੱਦਾਖ ਵਿਚ ਸਰਹੱਦ ਨੇੜੇ ਅਪਗ੍ਰੇਡ ਕੀਤੇ ਜਾ ਰਹੇ ਢਾਂਚੇ ਤੋਂ ਤਣਾਅ ਵਿਚ ਹੈ। ਨਵੇਂ ਉਸਾਰੇ ਜਾ ਰਹੇ ਢਾਂਚੇ ਨਾਲ ਭਾਰਤ ਚੀਨ ਦੇ ਕਬਜ਼ੇ ਵਾਲੇ ਖੇਤਰ ਵਿਚ ਕਾਫੀ ਅੰਦਰ ਤੱਕ ਨਿਗਰਾਨੀ ਰੱਖਣ ਦੇ ਸਮਰੱਥ ਹੋ ਜਾਵੇਗਾ। ਭਾਰਤੀ ਹਵਾਈ ਸੈਨਾ ਚੀਨੀ ਜਹਾਜ਼ਾਂ ਦੇ ਉੱਡਣ ਦੇ ਢੰਗਾਂ ਨੂੰ ਵੀ ਬਾਰੀਕੀ ਨਾਲ ਦੇਖ ਰਹੀ ਹੈ। ਇਹ ਕਈ ਵਾਰ ਜਮੀਨ ਨੇੜੇ ਤੇ ਕਈ ਵਾਰ ਉਚਾਈ ਉਤੇ ਉਡਾਣ ਭਰਦੇ ਦੇਖੇ ਗਏ ਹਨ। ਸੂਤਰਾਂ ਮੁਤਾਬਕ ਚੀਨੀ ਜਹਾਜ਼ਾਂ ਦੀ ਇਹ ਕਾਰਵਾਈ 24-25 ਜੂਨ ਨੂੰ ਸ਼ੁਰੂ ਹੋਈ ਸੀ ਜਦ ਉਨ੍ਹਾਂ ਦਾ ਇਕ ਜਹਾਜ਼ ਪੂਰਬੀ ਲੱਦਾਖ ਵਿਚ ਟਕਰਾਅ ਵਾਲੀ ਥਾਂ ਦੇ ਕਾਫ਼ੀ ਨੇੜੇ ਉਡਿਆ ਸੀ। ਭਾਰਤੀ ਸੈਨਾ ਦੇ ਜਹਾਜ਼ ਵੀ ਪੂਰਬੀ ਲੱਦਾਖ ਵਿਚ ਲਗਾਤਾਰ ਉਡਾਣਾਂ ਭਰ ਰਹੇ ਹਨ। ਸੂਤਰਾਂ ਮੁਤਾਬਕ ਕੋਰ ਕਮਾਂਡਰ ਪੱਧਰ ਦੀ 17 ਜੁਲਾਈ ਨੂੰ ਹੋਈ ਵਾਰਤਾ ਵਿਚ ਵੀ ਇਹ ਮੁੱਦਾ ਚੀਨ ਨਾਲ ਉਠਾਇਆ ਗਿਆ ਸੀ।



# ਐਮ.ਐਸ.ਪੀ. ਬਾਰੇ ਕੇਂਦਰੀ ਕਮੇਟੀ ਨੇ ਕਿਸਾਨ ਜਥੇਬੰਦੀਆਂ ਦਾ ਪਾਰਾ ਚਾੜ੍ਹਿਆ



**ਬਠਿੰਡਾ:** ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਬਣਾਈ ਕਮੇਟੀ ਨੇ ਕਿਸਾਨ ਜਥੇਬੰਦੀਆਂ ਦਾ ਪਾਰਾ ਚਾੜ੍ਹ ਦਿੱਤਾ ਹੈ। ਜਥੇਬੰਦੀਆਂ ਨੇ ਕਮੇਟੀ ਦੀ ਬਣਤਰ ਨੂੰ ਲੈ ਕੇ ਕੇਂਦਰ ਸਰਕਾਰ ਦੀ ਨੀਅਤ ਉਤੇ ਵੱਡੇ ਸਵਾਲ ਚੁੱਕੇ ਹਨ।

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਐਮ.ਐਸ.ਪੀ. ਉਪਰ ਕਮੇਟੀ ਬਣਾਉਣ ਦੇ ਮਾਮਲੇ ਨੂੰ ਮੋਦੀ ਹਕੂਮਤ ਵੱਲੋਂ ਸੰਯੁਕਤ ਕਿਸਾਨ ਮੋਰਚੇ (ਐਸ.ਕੇ.ਐਮ.) ਵਿਚ ਫੁੱਟ ਪਾਉਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਅਸਲ ਵਿਚ ਐਮ.ਐਸ.ਪੀ. ਕਮੇਟੀ ਕਿਸਾਨ ਘੋਲ ਦੀਆਂ ਪ੍ਰਾਪਤੀਆਂ ਬਾਰੇ ਘਚੋਲਾ ਖੜ੍ਹਾ ਕਰਨ ਅਤੇ ਕਾਰਪੋਰੇਟ ਏਜੰਡੇ ਨੂੰ ਲਾਗੂ ਕਰਨ ਲਈ ਕੇਂਦਰ ਦੀ ਸਾਜ਼ਿਸ਼ ਹੈ। ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਨੂੰ ਐਮ.ਐਸ.ਪੀ. 'ਤੇ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਦਾ ਮਸ਼ਵਰਾ ਦਿੰਦਿਆਂ, ਘੋਲ ਨੂੰ ਅੱਗੇ ਸਹੀ ਦਿਸ਼ਾ ਵੱਲ ਵਧਾਉਣ ਬਾਰੇ ਕਿਹਾ ਹੈ। ਕਿਸਾਨ ਆਗੂਆਂ ਨੇ ਆਖਿਆ ਕਿ ਕੇਂਦਰ ਸਰਕਾਰ ਕਮੇਟੀ ਦੇ ਨਾਂ 'ਤੇ ਕਿਸਾਨਾਂ ਨਾਲ ਮੁੜ ਧੋਖਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੇ ਨੋਟੀਫਿਕੇਸ਼ਨ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੇ ਸਾਰੇ ਸ਼ੰਕੇ ਸੱਚ ਸਿੱਧ ਹੋਏ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਸਰਕਾਰ ਵੱਲੋਂ ਕਮੇਟੀ ਵਿਚ ਸ਼ਾਮਲ ਕੀਤਾ ਚੇਅਰਮੈਨ, ਮਾਹਿਰ ਤੇ ਅਖੌਤੀ ਕਿਸਾਨ ਆਗੂ ਸਭ ਭਾਜਪਾ ਜਾਂ ਆਰ.ਐਸ.ਐਸ. ਨਾਲ ਸਬੰਧਤ ਹਨ ਤੇ ਖੇਤੀ ਕਾਨੂੰਨਾਂ ਦੀ ਪੁਰਜ਼ੋਰ ਵਕਾਲਤ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਮੇਟੀ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਿਰਫ ਤਿੰਨ ਕਿਸਾਨ ਆਗੂਆਂ ਲਈ ਹੀ ਥਾਂ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਕ ਵਾਰ ਫਿਲਮ ਪਿਛਲੇ ਦਰਵਾਜ਼ੇ ਰਾਹੀਂ ਤਿੰਨੇ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਵਿਚ ਹੈ। ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਨੂੰ ਸਲਾਹ ਦਿੱਤੀ ਕਿ ਐਮ.ਐਸ.ਪੀ. ਸਮੇਤ ਮੋਰਚੇ ਦੀਆਂ ਬਕਾਇਆ ਮੰਗਾਂ 'ਤੇ ਜ਼ੋਰਦਾਰ ਢੰਗ ਨਾਲ ਪ੍ਰਚਾਰ ਮੁਹਿੰਮ ਵਿੱਢਣ ਸਮੇਤ ਘੋਲ ਨੂੰ ਸਹੀ ਦਿਸ਼ਾ ਵੱਲ ਅੱਗੇ ਵਧਾਇਆ ਜਾਵੇ।

ਉਨ੍ਹਾਂ ਕਿਹਾ ਕਿ ਐਮ.ਐਸ.ਪੀ. ਕਿਸਾਨਾਂ ਦਾ ਕਾਨੂੰਨੀ ਹੱਕ ਹੈ ਤੇ ਮੋਰਚੇ ਦਾ ਕੋਈ ਆਗੂ ਇਸ ਕਮੇਟੀ ਵਿਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਅੰਦੋਲਨ ਵੇਲੇ ਐਮ.ਐਸ.ਪੀ. ਗਾਰੰਟੀ ਕਾਨੂੰਨ ਬਾਰੇ ਸਰਕਾਰ ਤੇ ਕਿਸਾਨ ਆਗੂਆਂ ਵਿਚਾਲੇ ਸਹਿਮਤੀ ਬਣੀ ਸੀ, ਪਰ ਹੁਣ ਸਰਕਾਰ ਆਪਣੀ ਗੱਲ ਤੋਂ ਪਿੱਛੇ ਹੱਟ ਰਹੀ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ (ਭਾਰਤ) ਹੁਣ ਤੱਕ ਕੇਂਦਰ ਸਰਕਾਰ ਤੋਂ ਕਮੇਟੀ ਦੀ ਬਣਤਰ ਅਤੇ ਕਮੇਟੀ ਦੇ ਏਜੰਡਿਆਂ ਬਾਰੇ ਜਾਣਕਾਰੀ ਦੀ ਮੰਗ ਕਰ ਰਿਹਾ ਸੀ, ਪਰ ਕੇਂਦਰ ਨੇ ਚੁੱਪ-ਚੁਪੀਤੇ 18 ਜੁਲਾਈ ਨੂੰ ਕਮੇਟੀ ਦੇ ਗਠਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ 378 ਦਿਨ ਅੰਦੋਲਨ ਕੀਤਾ ਤੇ ਇਸ ਦੌਰਾਨ 734 ਕਿਸਾਨ ਸ਼ਹੀਦ ਹੋਏ, ਪਰ ਅੰਦੋਲਨ ਦਾ ਵਿਰੋਧ ਕਰਨ ਵਾਲੇ ਪੰਜ ਅਖੌਤੀ ਕਿਸਾਨ ਆਗੂਆਂ ਨੂੰ ਕੇਂਦਰ ਵੱਲੋਂ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦੀ ਤਿੰਨੇ ਕਾਨੂੰਨਾਂ ਮੁੜ ਲਿਆਉਣ ਦੀ ਮਨਸ਼ਾ ਸਾਹਮਣੇ ਆ ਚੁੱਕੀ ਹੈ। ਡਾ. ਸਵਾਮੀਨਾਥਨ ਕਮਿਸ਼ਨ ਦੇ 2+50 ਫੀਸਦ ਫਾਰਮੂਲੇ ਦੇ ਅਨੁਸਾਰ ਐਮ.ਐਸ.ਪੀ. ਦੀ ਗਾਰੰਟੀ ਕਾਨੂੰਨ ਬਣਾਉਣ, ਲਖੀਮਪੁਰ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਣ, ਜੇਲ੍ਹਾਂ 'ਚ ਬੰਦ ਬੇਦੋਸ਼ੇ ਕਿਸਾਨਾਂ ਨੂੰ ਬਾਹਰ ਕੱਢਣ, ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖਾਸਤ ਕਰ ਕੇ ਜੇਲ੍ਹ 'ਚ ਡੱਕਣ, ਕਿਸਾਨਾਂ 'ਤੇ ਦਰਜ ਪਰਚੇ ਰੱਦ ਕਰਨ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਕਰਨ, ਭਾਰਤ ਨੂੰ ਡਬਲਯੂ.ਟੀ.ਓ. 'ਚੋਂ ਬਾਹਰ ਕੱਢਣ ਤੇ ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ ਵਰਗੀਆਂ ਮੰਗਾਂ ਬਾਰੇ ਸੰਯੁਕਤ ਕਿਸਾਨ ਮੋਰਚੇ ਵੱਲੋਂ 22 ਅਗਸਤ ਨੂੰ ਦਿੱਲੀ ਸਥਿਤ ਜੰਤਰ ਮੰਤਰ 'ਤੇ ਮੁਜ਼ਾਹਰਾ ਕੀਤਾ ਜਾਵੇਗਾ ਤੇ ਮੋਰਚੇ ਵਿਚ ਸ਼ਾਮਲ ਪੰਜਾਬ ਅਤੇ ਹਰਿਆਣੇ ਦੀਆਂ ਗੈਰ ਸਿਆਸੀ ਧਿਰਾਂ 31 ਜੁਲਾਈ ਨੂੰ ਸੁਨਾਮ 'ਚ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣਗੀਆਂ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਏ ਗਏ ਫੈਸਲੇ ਦੀ ਤਾਈਦ ਕੀਤੀ ਹੈ। ਕੇਂਦਰ ਸਰਕਾਰ ਵੱਲੋਂ ਐਮ.ਐਸ.ਪੀ. ਬਾਰੇ ਗਠਿਤ ਕਮੇਟੀ ਦੀ ਰੂਪ-ਰੇਖਾ ਅਤੇ ਮੈਂਬਰਾਂ ਦੀ ਨਾਮਜ਼ਦਗੀ 'ਤੇ ਸਵਾਲ ਚੁੱਕਦਿਆਂ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਆਖਰ ਉਹੀ ਹੋਇਆ, ਜਿਸ ਬਾਰੇ ਕਿਸਾਨ ਮੋਰਚੇ ਵੱਲੋਂ ਸ਼ੰਕੇ ਜਤਾਏ ਜਾ ਰਹੇ ਸਨ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਮੋਦੀ ਹਕੂਮਤ ਕਮੇਟੀ ਦੀ ਆੜ ਹੇਠ ਤਿੰਨੇ ਖੇਤੀ ਕਾਨੂੰਨਾਂ ਨੂੰ ਹਰੀ ਝੰਡੀ ਦੇਵੇਗੀ।

## ਭਾਜਪਾ ਦੀ ਕਮੇਟੀ ਸਾਨੂੰ ਮਨਜ਼ੂਰ ਨਹੀਂ: ਭਗਵੰਤ ਮਾਨ

**ਮੁਹਾਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਹਾਲ ਹੀ ਵਿਚ ਕੇਂਦਰ ਸਰਕਾਰ ਵੱਲੋਂ ਕਾਇਮ ਕੀਤੀ ਕਮੇਟੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਕਮੇਟੀ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਹੀ ਨਹੀਂ ਕੀਤਾ ਗਿਆ, ਜਿਨ੍ਹਾਂ ਬਾਰੇ ਇਹ ਬਣਾਈ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਇਹ ਸਿਰਫ ਭਾਜਪਾ ਦੀ ਕਮੇਟੀ ਹੈ, ਜੋ ਉਨ੍ਹਾਂ ਨੂੰ ਹਰਗਿਜ਼ ਮਨਜ਼ੂਰ ਨਹੀਂ ਹੈ। ਇਸ ਵਿਚ ਪੰਜਾਬ ਸਣੇ ਦੇਸ਼ ਦੇ 28 ਸੂਬਿਆਂ ਦੇ ਕਿਸਾਨਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾਣੀ ਚਾਹੀਦੀ ਹੈ।

## 'ਕਿਸਾਨ ਜਥੇਬੰਦੀਆਂ ਮੁੜ ਵੱਡੇ ਸੰਘਰਸ਼ ਲਈ ਲਾਮਬੰਦ ਹੋਣ'

**ਪਟਿਆਲਾ:** ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਸੂਬਾਈ ਪ੍ਰਧਾਨ ਸੁਰਜੀਤ ਸਿੰਘ ਫੂਲ ਨੇ ਐਮ.ਐਸ.ਪੀ. ਬਾਰੇ ਕੇਂਦਰੀ ਕਮੇਟੀ ਦੀਆਂ 'ਟਰਮਜ਼ ਆਫ ਰੈਫਰੈਂਸਜ਼' ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਘੱਟੋ-ਘੱਟ ਸਮਰਥਨ ਮੁੱਲ ਦੇ ਗਾਰੰਟੀ ਕਾਨੂੰਨ ਬਣਵਾਉਣ, ਬਕਾਇਆ ਕਿਸਾਨ ਮੰਗਾਂ ਦੀ ਪੂਰਤੀ ਅਤੇ ਕਰਜ਼ਾ ਮੁਕਤੀ ਯਕੀਨੀ ਬਣਵਾਉਣ ਲਈ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਮੁੜ ਤੋਂ ਵੱਡੇ ਸੰਘਰਸ਼ ਵੱਲ ਵਧਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸਾਨੀ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਹੁਣ ਸੰਘਰਸ਼ੀ ਪੈਂਡੇ ਤੈਅ ਕਰਨੇ ਲਾਜ਼ਮੀ ਹੋ ਗਏ ਹਨ। ਸ੍ਰੀ ਫੂਲ ਨੇ ਕਿਹਾ ਕਿ ਕਮੇਟੀ 30 ਮੈਂਬਰਾਂ ਵਿਚ ਸਿਰਫ ਤਿੰਨ ਮੈਂਬਰ ਹੀ ਕਿਸਾਨਾਂ ਵਿਚੋਂ ਹਨ। ਉਨ੍ਹਾਂ ਕਿਹਾ ਕਿ ਕਮੇਟੀ ਵਿਚ ਪੰਜਾਬ ਸਣੇ ਯੂਪੀ ਨੂੰ ਕੋਈ ਨੁਮਾਇੰਦਗੀ ਨਾ ਦੇਣ ਦੀ ਕੇਂਦਰ ਦੀ ਕਾਰਵਾਈ ਨਿੰਦਣਯੋਗ ਹੈ।

## ਕਮੇਟੀ 'ਚ ਪੰਜਾਬ ਨਾਲ ਵਿਤਕਰਾ ਕੀਤਾ: ਹਰਸਿਮਰਤ

**ਨਵੀਂ ਦਿੱਲੀ:** ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਵਾਲੀ ਕੇਂਦਰੀ ਕਮੇਟੀ ਵਿਚ ਪੰਜਾਬ ਦੇ ਕਿਸਾਨਾਂ ਤੇ ਖੇਤੀ ਮਾਹਿਰਾਂ ਨੂੰ ਸ਼ਾਮਲ ਨਾ ਕਰ ਕੇ ਪੰਜਾਬ ਨਾਲ ਵਿਤਕਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੇ ਟੀਚੇ ਤੇ ਮਨਸੂਬੇ ਬਦਲ ਦਿੱਤੇ ਗਏ ਹਨ, ਜਿਸ ਨਾਲ ਹੋਰ ਅਸੰਤੁਸ਼ਟੀ ਫੈਲੇਗੀ। ਸੰਸਦ ਵਿਚ ਐਮ.ਐਸ.ਪੀ. ਕਮੇਟੀ ਬਾਰੇ ਬੋਲਦਿਆਂ ਸ੍ਰੀਮਤੀ ਬਾਦਲ ਨੇ ਕਮੇਟੀ ਵਿਚ ਪੰਜਾਬ ਦੇ ਕਿਸਾਨਾਂ, ਸਰਕਾਰ ਦੇ ਪ੍ਰਤੀਨਿਧਾਂ ਤੇ ਖੇਤੀ ਮਾਹਿਰਾਂ ਨੂੰ ਬਾਹਰ ਰੱਖੇ ਜਾਣ 'ਤੇ ਰੋਸ ਪ੍ਰਗਟਾਇਆ।

# ਮੁਹੱਲਾ ਕਲੀਨਿਕਾਂ: ਪੰਜਾਬ ਦੇ ਲੋਕਾਂ ਨੂੰ ਛੇਤੀ ਹੀ ਮਿਲੇਗਾ ਸਸਤਾ ਇਲਾਜ

**ਮੁਹਾਲੀ:** ਪੰਜਾਬ ਦੀ ਆਪ ਸਰਕਾਰ ਵੱਲੋਂ ਆਪਣੇ ਚੋਣ ਵਾਅਦੇ ਅਨੁਸਾਰ ਲੋਕਾਂ ਨੂੰ ਘਰਾਂ ਨੇੜੇ ਸਸਤਾ ਇਲਾਜ ਮੁਹੱਈਆ ਕਰਵਾਉਣ ਦਾ ਵਾਅਦਾ ਪੂਰਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਲੀ ਦੀ ਤਰਜ਼ 'ਤੇ 15 ਅਗਸਤ ਨੂੰ ਸੂਬੇ ਵਿਚ 75 ਮੁਹੱਲਾ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ।

ਇਨ੍ਹਾਂ ਮੁਹੱਲਾ ਕਲੀਨਿਕਾਂ ਨੂੰ ਆਮ ਆਦਮੀ ਕਲੀਨਿਕ ਦਾ ਨਾਮ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੁਹਾਲੀ ਦੇ ਫੇਜ਼-5 'ਚ ਸੁਵਿਧਾ ਕੇਂਦਰ ਦੀ ਇਮਾਰਤ ਵਿਚ ਬਣਾਏ ਆਮ ਆਦਮੀ ਕਲੀਨਿਕ ਦਾ ਦੌਰਾ ਕਰਕੇ ਅਗਾਊਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਤਸੱਲੀ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਪਹਿਲੇ ਪੜਾਅ ਵਿਚ ਰਾਜ ਅੰਦਰ 75 ਏਸੀ ਕਲੀਨਿਕ ਖੋਲ੍ਹੇ ਜਾਣਗੇ, ਜਿਥੇ ਇਕ ਐਮ.ਬੀ.ਬੀ.ਐਸ. ਡਾਕਟਰ, ਫਰਮਾਸਿਸਟ, ਨਰਸ, ਚਪੜਾਸੀ ਅਤੇ ਸਫਾਈ ਸੇਵਕ ਨੂੰ ਤਾਇਨਾਤ ਕੀਤਾ ਜਾਵੇਗਾ। ਇਨ੍ਹਾਂ ਕਲੀਨਿਕਾਂ ਵਿਚ ਲਗਭਗ ਸਾਰੀਆਂ ਬਿਮਾਰੀਆਂ ਦਾ ਸਸਤਾ ਇਲਾਜ ਕੀਤਾ ਜਾਵੇਗਾ ਅਤੇ 100 ਤੋਂ ਵੱਧ ਟੈਸਟ ਕੀਤੇ ਜਾਣਗੇ ਅਤੇ 41 ਕਿਸਮ ਦੇ ਪੈਕੇਜ ਦੀ ਵਿਵਸਥਾ ਕੀਤੀ ਜਾਵੇਗੀ।

ਵੱਡੇ ਪਿੰਡਾਂ ਅਤੇ ਕਸਬਿਆਂ ਵਿਚ 2-2 ਕਲੀਨਿਕ ਖੋਲ੍ਹੇ ਜਾਣਗੇ। ਮਰੀਜ਼ ਨੂੰ ਆਪਣੀ ਵਾਰੀ ਦਾ ਇੰਤਜ਼ਾਰ ਕਰਨ ਲਈ 15 ਕੁਰਸੀਆਂ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਮੁਹੱਲਾ ਕਲੀਨਿਕਾਂ ਲਈ ਹੁਣ ਤੱਕ ਆਪਣੀਆਂ ਸੇਵਾਵਾਂ ਦੇਣ ਲਈ 2140 ਡਾਕਟਰ ਅਪਲਾਈ ਕਰ ਚੁੱਕੇ ਹਨ, ਜਿਨ੍ਹਾਂ 'ਚੋਂ 1972 ਪੰਜਾਬ ਦੇ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਅਜੋਕੇ ਸਮੇਂ ਵਿਚ ਐਮ.ਬੀ.ਬੀ.ਐਸ. ਬੇਰੁਜ਼ਗਾਰ ਹਨ। ਪਿਛਲੀਆਂ ਸਰਕਾਰਾਂ ਦੀ ਅਣਦੇਖੀ ਦੇ ਚੱਲਦਿਆਂ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਦਾ ਬਹੁਤ ਮਾੜਾ ਹੈ ਪਰ ਹੁਣ ਆਪ ਸਰਕਾਰ ਦੇ ਅਣਥੱਕ ਯਤਨਾਂ ਨਾਲ ਇਨ੍ਹਾਂ ਸਿਹਤ ਸੰਸਥਾਵਾਂ ਵਿਚ ਸੁਧਾਰ ਹੋ ਰਿਹਾ ਹੈ। ਭਗਵੰਤ ਮਾਨ ਨੇ ਦੱਸਿਆ ਕਿ ਐਨ.ਆਰ.ਆਈ. ਵੀ ਮਦਦ ਲਈ ਅੱਗੇ ਆ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿਚ 90 ਫੀਸਦੀ ਲੋਕਾਂ ਦਾ ਇਲਾਜ ਕੀਤਾ ਜਾਵੇਗਾ। ਇਸ ਤਰ੍ਹਾਂ ਪੀ.ਜੀ.ਆਈ. ਸਮੇਤ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲਾਂ ਦੀ ਓ.ਪੀ.ਡੀ. ਵਿਚ ਮਰੀਜ਼ਾਂ ਦਾ ਬੋਝ ਘਟੇਗਾ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਕਲੀਨਿਕਾਂ ਵਿਚ ਟੈਸਟ ਕਰਨ ਤੋਂ ਬਾਅਦ ਬਹੁਤ ਗੰਭੀਰ ਕਿਸਮ ਦੀ ਬਿਮਾਰੀ ਦਾ ਪਤਾ ਲੱਗਣ 'ਤੇ ਹੀ ਮਰੀਜ਼ ਨੂੰ ਦੂਜੇ ਹਸਪਤਾਲਾਂ ਵਿਚ ਰੈਫਰ ਕੀਤਾ ਜਾਵੇਗਾ।




# ਨਹਿਰੀ ਤਲ ਪੱਕੇ ਕਰਨ ਦੇ ਫੈਸਲੇ ਤੋਂ ਪਿੱਛੇ ਹਟੀ ਸਰਕਾਰ

**ਫਰੀਦਕੋਟ:** ਪੰਜਾਬ ਸਰਕਾਰ ਨੇ ਕਿਸਾਨਾਂ ਦੇ ਸਖਤ ਵਿਰੋਧ ਤੋਂ ਬਾਅਦ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਨਹਿਰਾਂ ਦੇ ਤਲ ਪੱਕੇ ਨਹੀਂ ਕੀਤੇ ਜਾਣਗੇ। ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ ਧਾਲੀਵਾਲ ਨੇ ਮੰਨਿਆ ਕਿ ਪੰਜਾਬ ਸਰਕਾਰ ਨੇ ਨਹਿਰਾਂ ਦੇ ਤਲ ਕੱਚੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸਿਰਫ ਸੇਮ ਵਾਲੇ ਇਲਾਕਿਆਂ ਵਿਚ ਹੀ ਨਹਿਰਾਂ ਦੇ ਤਲ ਪੱਕੇ ਕੀਤੇ ਜਾਣਗੇ। ਸਰਕਾਰ ਜਲਦ ਹੀ ਇਸ 'ਤੇ ਨੋਟੀਫਿਕੇਸ਼ਨ ਜਾਰੀ ਕਰੇਗੀ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਰਿਪੇਰੀਅਨ ਸਿਧਾਂਤ ਮੁਤਾਬਕ ਹੱਲ ਕਰਾਉਣ ਤੇ ਨਹਿਰੀ ਪਾਣੀ ਸਾਰਾ ਸਾਲ ਸਾਰੀ ਜਮੀਨ ਤੱਕ ਪਹੁੰਚਦਾ ਕਰਨ ਅਤੇ ਮੋਘਿਆਂ ਦੇ ਮੂੰਹ ਵਿਚ ਰੀਚਾਰਜ ਪੁਆਇੰਟ ਬਣਾਉਣ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਉਪਰ ਚੁੱਕਣ ਲਈ ਸੰਘਰਸ਼ ਵਿੱਢਿਆ ਹੋਇਆ ਹੈ। ਕਿਰਤੀ ਕਿਸਾਨ ਯੂਨੀਅਨ ਨਹਿਰੀ ਤਲ ਪੱਕੇ ਕਰ ਕੇ ਧਰਤੀ ਹੇਠ ਪਾਣੀ ਰੀਚਾਰਜ ਰੋਕਣ ਦੇ ਫੈਸਲੇ ਦਾ ਵੀ ਵਿਰੋਧ ਵੀ ਕਰ ਰਹੀ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਪਾਣੀਆਂ ਲਈ ਚੱਲ ਰਹੇ ਸੰਘਰਸ਼ ਵਿਚ ਦਰਿਆਵਾਂ 'ਚ ਸਨਅਤਾਂ ਵੱਲੋਂ ਜ਼ਹਿਰੀਲਾ ਮਾਦਾ ਰਲਾ ਕੇ ਪੰਜਾਬੀਆਂ ਨੂੰ ਬਿਮਾਰੀਆਂ ਦਾ ਸ਼ਿਕਾਰ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਇਸ ਨੂੰ ਰੋਕਣਾ ਵੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਡੈਮ ਸੇਫਟੀ ਐਕਟ ਰਾਹੀਂ ਪਾਣੀਆਂ 'ਤੇ ਸੂਬਿਆਂ ਦਾ ਅਧਿਕਾਰ ਖੋਹ ਰਹੀ ਹੈ। ਪੰਜਾਬ ਸਰਕਾਰ ਨੂੰ ਇਸ ਖਿਲਾਫ ਵੀ ਵਿਧਾਨ ਸਭਾ ਵਿਚ ਮਤਾ ਲਿਆਉਣਾ ਚਾਹੀਦਾ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਜ਼ੋਰ-ਸ਼ੋਰ ਨਾਲ ਲਾਗੂ ਕਰਨ ਸਣੇ ਪੰਜਾਬ ਦੇ ਪਾਣੀਆਂ ਦੇ ਹੱਕ ਲੈਣ ਤੇ ਖੇਤੀ ਮਾਡਲ ਬਦਲਣ ਦੀ ਜੱਦੋ-ਜਹਿਦ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।



# ਕਿਸਾਨਾਂ ਦੇ ਪੈਸੇ ਨੱਪਣ ਵਾਲੀਆਂ ਪ੍ਰਾਈਵੇਟ ਗੰਨਾ ਮਿੱਲਾਂ ਉਤੇ ਸ਼ਿਕੰਜਾ

**ਚੰਡੀਗੜ੍ਹ:** ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸੰਯੁਕਤ ਕਿਸਾਨ ਮੋਰਚੇ ਨਾਲ ਪਹਿਲੇ ਦੌਰ ਦੀ ਗੱਲਬਾਤ ਦੌਰਾਨ ਐਲਾਨ ਕੀਤਾ ਕਿ ਜੇ ਪ੍ਰਾਈਵੇਟ ਗੰਨਾਂ ਮਿੱਲਾਂ ਨੇ ਕਿਸਾਨਾਂ ਨੂੰ ਸਮੇਂ ਸਿਰ ਬਕਾਏ ਦੀ ਅਦਾਇਗੀ ਨਾ ਕੀਤੀ ਤਾਂ ਪੰਜਾਬ ਸਰਕਾਰ ਨਿੱਜੀ ਗੰਨਾ ਮਿੱਲਾਂ ਨੂੰ ਬੰਦ ਕਰੇਗੀ। ਉਨ੍ਹਾਂ ਇਥੋਂ ਤੱਕ ਕਿਹਾ ਕਿ ਜੇ ਪ੍ਰਾਈਵੇਟ ਮਾਲਕ ਗੰਨਾਂ ਮਿੱਲਾਂ ਨੂੰ ਚਲਾਉਣ ਤੋਂ ਅਸਮਰੱਥ ਹੋਏ ਤਾਂ ਇਨ੍ਹਾਂ ਪ੍ਰਾਈਵੇਟ ਮਿੱਲਾਂ ਨੂੰ ਪੰਜਾਬ ਸਰਕਾਰ ਆਪਣੇ ਕਬਜ਼ੇ ਵਿਚ ਲੈ ਲਵੇਗੀ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਗੰਨੇ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਇਥੇ ਮਿਊਂਸਪਲ ਭਵਨ ਵਿਚ ਸੰਯੁਕਤ ਕਿਸਾਨ ਮੋਰਚੇ ਨਾਲ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਸਹਿਕਾਰੀ ਮਿੱਲਾਂ ਵੱਲ ਗੰਨਾ ਕਾਸ਼ਤਕਾਰਾਂ ਦੇ 300 ਕਰੋੜ ਰੁਪਏ ਦੇ ਬਕਾਏ ਤਿੰਨ ਕਿਸ਼ਤਾਂ ਵਿਚ ਅਦਾ ਕੀਤੇ ਜਾਣਗੇ। ਪਹਿਲੀ ਕਿਸ਼ਤ ਵਜੋਂ 100 ਕਰੋੜ 30 ਜੁਲਾਈ ਤੱਕ ਅਦਾ ਕੀਤੇ ਜਾਣਗੇ ਜਦੋਂ ਕਿ 100 ਕਰੋੜ ਰੁਪਏ ਦੀ ਦੂਜੀ ਕਿਸ਼ਤ 30 ਅਗਸਤ ਤੱਕ ਜਾਰੀ ਹੋਵੇਗੀ ਅਤੇ ਸੌ ਕਰੋੜ ਦੀ ਆਖਰੀ ਕਿਸ਼ਤ 15 ਸਤੰਬਰ ਤੱਕ ਜਾਰੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਗੰਨਾਂ ਮਿੱਲਾਂ ਨੂੰ ਅਤਿ ਆਧੁਨਿਕ ਮਸ਼ੀਨਰੀ ਨਾਲ ਲੈਸ ਕਰਨ ਹਿੱਤ ਬਟਾਲਾ ਅਤੇ ਗੁਰਦਾਸਪੁਰ ਦੀਆਂ ਮਿੱਲਾਂ ਵਿਚ ਨਵੀਂ ਮਸ਼ੀਨਰੀ ਸਥਾਪਤ ਕੀਤੀ ਜਾ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ 56 ਸੂਤਰੀ ਮੰਗ ਪੱਤਰ ਖੇਤੀ ਮੰਤਰੀ ਅੱਗੇ ਪੇਸ਼ ਕੀਤਾ ਗਿਆ। ਕਿਸਾਨ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਸਵਾ ਸੌ ਪਰਿਵਾਰਾਂ ਦੇ ਵਾਰਸਾਂ ਨੂੰ ਹਾਲੇ ਤੱਕ ਮੁਆਵਜ਼ਾ ਅਤੇ ਨੌਕਰੀ ਨਹੀਂ ਮਿਲੀ। ਇਨ੍ਹਾਂ ਪਰਿਵਾਰਾਂ ਨੂੰ ਖੇਤੀ ਕੁਨੈਕਸ਼ਨ ਜਾਰੀ ਕੀਤੇ ਜਾਣ ਅਤੇ ਸ਼ਹੀਦ ਕਿਸਾਨਾਂ ਦੀ ਯਾਦ ਵਿਚ ਯਾਦਗਾਰ ਬਣਾਈ ਜਾਵੇ।

ਡਾ. ਦਰਸ਼ਨ ਪਾਲ ਨੇ 2 ਲੱਖ ਤੱਕ ਦੀ ਕਰਜ਼ਾ ਮੁਆਫੀ ਦੇ ਬਕਾਏ ਕੇਸਾਂ ਦਾ ਨਿਪਟਾਰਾ ਕਰਨ ਅਤੇ ਮੂੰਗੀ ਕਾਸ਼ਤਕਾਰਾਂ ਨੂੰ ਪੂਰਾ ਮੁੱਲ ਦੇਣ ਦੀ ਗੱਲ ਰੱਖੀ। ਕਿਸਾਨ ਆਗੂ ਹਰਮੀਤ ਕਾਦੀਆਂ ਨੇ ਨਕਲੀ ਖਾਦਾਂ ਅਤੇ ਕੀਟਨਾਸ਼ਕਾਂ ਵੇਚਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਕਲੀ ਕੀਟਨਾਸ਼ਕਾਂ ਕਰਕੇ ਨਰਮਾ ਪੱਟੀ ਵਿਚ ਚਿੱਟੀ ਮੱਖੀ ਨਹੀਂ ਮਰ ਰਹੀ। ਕਿਸਾਨ ਆਗੂ ਸ਼ਾਦੀਪੁਰ ਨੇ ਰਾਜਪੁਰਾ ਇਲਾਕੇ ਵਿਚ ਸੂਰਜਮੁਖੀ ਦੇ ਮਾੜੇ ਬੀਜ ਕਾਰਨ ਹੋਏ ਖਰਾਬੇ ਦਾ ਮੁਆਵਜ਼ੇ ਮੰਗਿਆ।



## ਜਲਦ ਨਵੀਂ ਖੇਤੀ ਨੀਤੀ ਬਣਾਵਾਂਗੇ: ਧਾਲੀਵਾਲ

**ਚੰਡੀਗੜ੍ਹ:** ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਜਲਦ ਹੀ ਨਵੀਂ ਖੇਤੀ ਨੀਤੀ ਬਣਾਏਗੀ। ਉਨ੍ਹਾਂ ਦੱਸਿਆ ਕਿ ਜੋ ਖੇਤੀ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ ਹੈ, ਉਸ 'ਤੇ ਚਰਚਾ ਕੀਤੀ ਜਾਵੇਗੀ। ਇਸੇ ਤਰ੍ਹਾਂ ਖੇਤੀ ਮਾਹਿਰਾਂ ਅਤੇ ਕਿਸਾਨ ਆਗੂਆਂ ਨਾਲ ਨਵੀਂ ਖੇਤੀ ਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਕੋਲ ਤਾਂ ਖੇਤੀ ਨੀਤੀ ਦੇ ਖਰੜੇ ਨੂੰ ਵਿਚਾਰਨ ਦੀ ਵੀ ਵਿਹਲ ਨਹੀਂ ਸੀ।

# ਵੱਢੀਖੋਰਾਂ ਖਿਲਾਫ ਸ਼ਿਕਾਇਤਾਂ ਦੀ ਝੜੀ ਲੱਗੀ

**ਚੰਡੀਗੜ੍ਹ:** ਪੰਜਾਬ ਵਿਚ ਵੱਢੀਖੋਰਾਂ ਖ਼ਿਲਾਫ਼ ਸ਼ਿਕਾਇਤਾਂ ਦੇ ਢੇਰ ਲੱਗ ਗਏ ਹਨ। ਇਸ ਦਾ ਖੁਲਾਸਾ ਵਿਜੀਲੈਂਸ ਬਿਊਰੋ ਕੋਲ ਆਈਆਂ ਸ਼ਿਕਾਇਤਾਂ ਤੋਂ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਹੁੰ ਚੁੱਕਣ ਮਗਰੋਂ 'ਐਂਟੀ ਕੁਰੱਪਸ਼ਨ ਐਕਸ਼ਨ ਲਾਈਨ' ਜਾਰੀ ਕੀਤੀ ਸੀ। ਰੋਜ਼ਾਨਾ ਭ੍ਰਿਸ਼ਟਾਚਾਰ ਦੀਆਂ ਔਸਤਨ 2537 ਸ਼ਿਕਾਇਤਾਂ ਆ ਰਹੀਆਂ ਹਨ। ਇਹ ਵੱਖਰਾ ਮਾਮਲਾ ਹੈ ਕਿ ਇਨ੍ਹਾਂ 'ਚੋਂ ਕਿੰਨੀਆਂ ਸ਼ਿਕਾਇਤਾਂ ਦਾ ਨਿਪਟਾਰਾ ਹੋਇਆ ਹੈ।

ਵਿਜੀਲੈਂਸ ਬਿਊਰੋ ਨੂੰ ਹੁਣ ਤੱਕ 3884 ਸ਼ਿਕਾਇਤਾਂ ਮਿਲੀਆਂ ਹਨ ਜਿਨ੍ਹਾਂ ਵਿਚ ਆਡੀਓ ਤੇ ਵੀਡੀਓ ਕਲਿੱਪਾਂ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ 1761 ਸ਼ਿਕਾਇਤਾਂ ਗੈਰ ਪ੍ਰਸੰਗਕ ਪਾਈਆਂ ਗਈਆਂ ਹਨ ਜਦੋਂ ਕਿ 1968 ਸ਼ਿਕਾਇਤਾਂ ਦਾ ਸਬੰਧ ਦੂਸਰੇ ਵਿਭਾਗਾਂ ਨਾਲ ਸੀ, ਜੋ ਸਬੰਧਤ ਵਿਭਾਗਾਂ ਨੂੰ ਭੇਜੀਆਂ ਗਈਆਂ ਹਨ। ਔਸਤਨ ਵਿਜੀਲੈਂਸ ਬਿਊਰੋ ਨੂੰ ਪ੍ਰਤੀ ਮਹੀਨਾ 76,110 ਸ਼ਿਕਾਇਤਾਂ ਮਿਲ ਰਹੀਆਂ ਹਨ।



ਇਨ੍ਹਾਂ ਸ਼ਿਕਾਇਤਾਂ 'ਤੇ ਪੁਲਿਸ ਵੱਲੋਂ ਹੁਣ ਤੱਕ 35 ਕੇਸ ਦਰਜ ਕੀਤੇ ਗਏ ਹਨ। ਸਭ ਤੋਂ ਜ਼ਿਆਦਾ ਕੇਸ ਫ਼ਿਰੋਜ਼ਪੁਰ, ਰੋਪੜ ਅਤੇ ਪਟਿਆਲਾ ਵਿਚ ਪੰਜ-ਪੰਜ ਕੇਸ ਦਰਜ ਕੀਤੇ ਗਏ ਹਨ। ਪੁਲਿਸ ਨੇ ਇਨ੍ਹਾਂ ਕੇਸਾਂ ਵਿਚ 53 ਵੱਢੀਖੋਰਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ 24 ਸਿਵਲੀਅਨ, 15 ਪੁਲਿਸ ਅਧਿਕਾਰੀ ਅਤੇ 14 ਸਰਕਾਰੀ ਵਿਭਾਗਾਂ ਦੇ ਮੁਲਾਜ਼ਮ/ਅਧਿਕਾਰੀ ਸ਼ਾਮਲ ਹਨ। ਕਰੀਬ ਅੱਧਾ ਦਰਜਨ ਗਜ਼ਟਿਡ ਅਫਸਰ ਵੀ ਗ੍ਰਿਫਤਾਰ ਕੀਤੇ ਗਏ ਹਨ। ਸਿਆਸੀ ਨੇਤਾਵਾਂ ਦੀ ਗੱਲ ਕਰੀਏ ਤਾਂ ਹੁਣ ਤੱਕ ਨਵੀਂ ਸਰਕਾਰ ਵੱਲੋਂ ਆਪਣੇ ਹੀ ਤਤਕਾਲੀ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂ ਕਿ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਇਸ ਵੇਲੇ ਜੇਲ੍ਹ ਵਿਚ ਹਨ। 'ਆਪ' ਸਰਕਾਰ ਦਾਅਵਾ ਕਰਦੀ ਹੈ ਕਿ ਭ੍ਰਿਸ਼ਟ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸਿਆਸੀ ਲੋਕਾਂ ਖ਼ਿਲਾਫ਼ ਵੀ ਪੜਤਾਲ ਹੋਵੇਗੀ। 'ਐਂਟੀ ਕੁਰੱਪਸ਼ਨ ਐਕਸ਼ਨ ਲਾਈਨ' ਉਤੇ ਬੇਸ਼ੱਕ ਸ਼ੁਰੂਆਤੀ ਦਿਨਾਂ ਵਿਚ ਬੜੀ ਤੇਜੀ ਨਾਲ ਸ਼ਿਕਾਇਤਾਂ ਆਈਆਂ, ਹੁਣ ਇਹ ਰਫਤਾਰ ਘਟੀ ਹੈ ਪਰ ਮੱਠੀ ਨਹੀਂ ਪਈ ਹੈ। 'ਆਪ' ਸਰਕਾਰ ਨੇ ਵਸੀਲਿਆਂ ਤੋਂ ਵੱਧ ਆਮਦਨੀ ਦਾ ਹਾਲੇ ਤੱਕ ਕੋਈ ਕੇਸ ਦਰਜ ਨਹੀਂ ਕੀਤਾ ਹੈ, ਜਦੋਂ ਕਿ ਕਾਂਗਰਸ ਸਰਕਾਰ ਸਮੇਂ ਪੰਜ ਵਰ੍ਹਿਆਂ ਦੌਰਾਨ ਸਰੋਤਾਂ ਤੋਂ ਵੱਧ ਕਮਾਈ ਕਰਨ ਦੇ ਮਾਮਲੇ ਵਿਚ 30 ਵਿਅਕਤੀਆਂ ਉਤੇ ਕੇਸ ਦਰਜ ਹੋਏ ਸਨ, ਜਿਨ੍ਹਾਂ 'ਚੋਂ 9 ਗਜ਼ਟਿਡ ਅਧਿਕਾਰੀ ਸਨ।

## ਸਰਕਾਰ ਨੇ ਟਿਊਬਵੈੱਲਾਂ ਦਾ ਲੋਡ ਵਧਾਉਣ ਦੀ ਮਿਤੀ ਵਧਾਈ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਟਿਊਬਵੈੱਲਾਂ ਦਾ ਲੋਡ ਵਧਾਉਣ ਲਈ ਸ਼ੁਰੂ ਕੀਤੀ ਯੋਜਨਾ ਦੀ ਮਿਆਦ ਵਿਚ ਵਾਧਾ ਕਰ ਦਿੱਤਾ ਹੈ। ਪਹਿਲਾਂ ਇਹ ਯੋਜਨਾ 10 ਜੂਨ ਤੋਂ 24 ਜੁਲਾਈ ਤੱਕ ਸੀ, ਪਰ ਹੁਣ ਇਸ ਦੀ ਮਿਆਦ 15 ਸਤੰਬਰ ਤੱਕ ਵਧਾ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 10 ਜੂਨ ਨੂੰ ਸ਼ੁਰੂ ਕੀਤੀ ਇਸ ਯੋਜਨਾ ਦਾ ਹੁਣ ਤੱਕ ਸੂਬੇ ਦੇ 1.28 ਲੱਖ ਕਿਸਾਨ ਲਾਹਾ ਲੈ ਚੁੱਕੇ ਹਨ ਤੇ ਇਸ ਨਾਲ ਕਿਸਾਨਾਂ ਦੇ 123 ਕਰੋੜ ਰੁਪਏ ਦੀ ਬੱਚਤ ਹੋਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ ਨੂੰ ਟਿਊਬਵੈੱਲ ਦਾ ਲੋਡ ਵਧਾਉਣ ਲਈ ਥਾਂ-ਥਾਂ ਧੱਕੇ ਖਾਣੇ ਪੈਂਦੇ ਸਨ ਅਤੇ ਜੇਬ੍ਹ ਢਿੱਲੀ ਕਰਨੀ ਪੈਂਦੀ ਸੀ। 'ਆਪ' ਸਰਕਾਰ ਨੇ ਸੂਬੇ ਦੇ ਅੰਨਦਾਤੇ ਦੀ ਸਹੂਲਤ ਲਈ ਵੀਡੀਐੱਸ ਨੂੰ 45 ਦਿਨਾਂ ਲਈ ਲਾਗੂ ਕੀਤਾ ਸੀ, ਜਿਸ ਤਹਿਤ ਟਿਊਬਵੈੱਲਾਂ ਦਾ ਲੋਡ ਵਧਾਉਣ ਦੀ ਫੀਸ 4750 ਰੁਪਏ ਤੋਂ ਘਟਾ ਕੇ 2500 ਰੁਪਏ ਪ੍ਰਤੀ ਬੀ.ਐਚ.ਪੀ. ਕੀਤੀ ਗਈ ਸੀ।

## ਵਿੱਤ ਮੰਤਰੀ ਨੇ ਪੁਰਾਣੀ ਪੈਨਸ਼ਨ ਸਕੀਮ ਬਾਰੇ ਨਾ ਭਰੀ ਹਾਮੀ

**ਚੰਡੀਗੜ੍ਹ:** ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਵਫ਼ਦ ਵੱਲੋਂ ਸਿਵਲ ਸਕੱਤਰੇਤ ਚੰਡੀਗੜ੍ਹ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਮੀਟਿੰਗ ਕੀਤੀ ਗਈ। ਵਫ਼ਦ ਵੱਲੋਂ ਮੁਲਾਜ਼ਮਾਂ ਦਾ ਅੰਕੜਿਆਂ ਸਮੇਤ ਠੋਸ ਪੱਖ ਅਤੇ ਹੋਰਨਾਂ ਸੂਬਿਆਂ ਵਿਚ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਮੁੜ ਬਹਾਲ ਕੀਤੀ ਪੁਰਾਣੀ ਪੈਨਸ਼ਨ ਪ੍ਰਣਾਲੀ ਦੇ ਦਸਤਾਵੇਜ਼ ਵੀ ਪੇਸ਼ ਕੀਤੇ ਗਏ।



ਸੂਬਾ ਕਨਵੀਨਰ ਅਤਿੰਦਰਪਾਲ ਸਿੰਘ ਨੇ ਦੱਸਿਆ ਕਿ ਵਿੱਤ ਮੰਤਰੀ ਨੂੰ ਉਨ੍ਹਾਂ ਦੇ ਚੋਣ ਵਾਅਦੇ ਯਾਦ ਕਰਵਾਉਂਦਿਆਂ ਕਿਹਾ ਗਿਆ ਕਿ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਪੰਜਾਬ ਵਿਚ ਪੁਰਾਣੀ ਪੈਨਸ਼ਨ ਸਕੀਮ ਮੁੜ ਬਹਾਲ ਕਰਨ ਲਈ ਸਰਕਾਰ ਵੱਲੋਂ ਕੋਈ ਵੀ ਅਮਲੀ ਕਾਰਵਾਈ ਨਹੀਂ ਆਰੰਭੀ ਗਈ। ਮੰਤਰੀ ਨੇ ਕੋਈ ਠੋਸ ਹੁੰਗਾਰਾ ਦੇਣ ਦੀ ਬਜਾਇ ਇਹ ਗੱਲ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਮਾਮਲਾ ਸਰਕਾਰ ਦੇ ਧਿਆਨ ਵਿਚ ਹੈ ਪਰ ਹਾਲੇ ਸੂਬੇ ਦੀ ਵਿੱਤੀ ਹਾਲਤ ਕਮਜ਼ੋਰ ਹੈ।

ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਦੇ ਚੋਣ ਐਲਾਨਾਂ ਅਤੇ ਅਮਲ ਵਿਚ ਵੱਡਾ ਅੰਤਰ ਹੈ, ਜੋ 'ਆਪ' ਸਰਕਾਰ ਦੇ ਮਨਸੂਬਿਆਂ ਬਾਰੇ ਗੰਭੀਰ ਸੁਆਲ ਖੜ੍ਹੇ ਕਰਦਾ ਹੈ। ਅਗਲੇ ਸਾਲਾਂ ਦੌਰਾਨ ਐਨ.ਪੀ.ਐਸ. ਅਧੀਨ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਣਾ ਹੈ। ਜੇ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਇਸੇ ਤਰ੍ਹਾਂ ਦਾ ਢਿੱਲਾ ਰਵੱਈਆ ਜਾਰੀ ਰੱਖਿਆ ਤਾਂ ਸਰਕਾਰ ਨੂੰ ਮੁਲਾਜ਼ਮਾਂ ਦੇ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

## ਕੇ.ਟੀ.ਐਫ. ਮੁਖੀ ਨਿੱਝਰ ਸਿਰ 10 ਲੱਖ ਦਾ ਇਨਾਮ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਕੈਨੇਡਾ ਆਧਾਰਤ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਦੇ ਮੁਖੀ ਹਰਦੀਪ ਸਿੰਘ ਨਿੱਝਰ ਦੇ ਸਿਰ 10 ਲੱਖ ਰੁਪਏ ਦਾ ਨਕਦ ਇਨਾਮ ਦਾ ਐਲਾਨ ਕੀਤਾ ਹੈ, ਜਿਸ ਦਾ ਨਾਂ ਪਿਛਲੇ ਵਰ੍ਹੇ ਜਲੰਧਰ 'ਚ ਇਕ ਹਿੰਦੂ ਪੁਜਾਰੀ ਦੇ ਕਤਲ ਦੀ ਸਾਜ਼ਿਸ਼ ਨਾਲ ਜੁੜਿਆ ਹੈ। ਜਲੰਧਰ ਦੇ ਫਿਲੌਰ ਇਲਾਕੇ ਦੇ ਪਿੰਡ ਭਰਸਿੰਘਪੁਰ ਦੇ ਵਸਨੀਕ ਹਰਦੀਪ ਸਿੰਘ ਨਿੱਝਰ ਦੇ ਸਿਰ ਇਨਾਮ ਦਾ ਇਹ ਐਲਾਨ ਜਾਂਚ ਏਜੰਸੀ ਵੱਲੋਂ ਉਸ ਤੇ ਤਿੰਨ ਹੋਰਾਂ ਖਿਲਾਫ ਇਸ ਪੁਜਾਰੀ 'ਤੇ ਹਮਲੇ ਨਾਲ ਜੁੜੇ ਕੇਸ ਦੇ ਸਬੰਧ 'ਚ ਚਾਰਜਸ਼ੀਟ ਦਾਖਲ ਕਰਨ ਤੋਂ ਲਗਭਗ ਤਿੰਨ ਹਫਤਿਆਂ ਬਾਅਦ ਕੀਤਾ ਗਿਆ ਹੈ। ਕੌਮੀ ਜਾਂਚ ਏਜੰਸੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਨਿੱਝਰ, ਜਲੰਧਰ ਵਿਚ ਇਕ ਹਿੰਦੂ ਪੁਜਾਰੀ ਨੂੰ ਮਾਰਨ ਲਈ ਕੇ.ਟੀ.ਐਫ. ਵੱਲੋਂ ਰਚੀ ਇਕ ਸਾਜ਼ਿਸ਼ 'ਚ ਐਨ.ਆਈ.ਏ. ਨੂੰ ਲੋੜੀਂਦਾ ਹੈ। ਨਿੱਝਰ ਇਸ ਸਮੇਂ ਕੈਨੇਡਾ ਵਿਚ ਰਹਿ ਰਿਹਾ ਹੈ ਤੇ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਦਾ ਮੁਖੀ ਹੈ।' ਏਜੰਸੀ ਮੁਤਾਬਕ



ਨਿੱਝਰ ਭਾਰਤ ਵਿਚ 'ਸਿੱਖਸ ਫਾਰ ਜਸਟਿਸ' ਜਥੇਬੰਦੀ ਦੇ ਵੱਖਵਾਦੀ ਤੇ ਹਿੰਸਕ ਏਜੰਡੇ ਦੇ ਪ੍ਰਚਾਰ ਲਈ ਵੀ ਕੰਮ ਕਰ ਰਿਹਾ ਹੈ।

ਏਜੰਸੀ ਨੇ ਕਿਹਾ, 'ਐਨ.ਆਈ.ਏ. ਨੇ ਨਿੱਝਰ ਖਿਲਾਫ 10 ਲੱਖ ਰੁਪਏ ਦਾ ਨਕਦ ਇਨਾਮ ਐਲਾਨਿਆ ਹੈ... ਭਗੌੜੇ ਕਥਿਤ ਦੋਸ਼ੀ ਦੀ ਗ੍ਰਿਫਤਾਰੀ ਜਾਂ ਉਸ ਤੱਕ ਪਹੁੰਚਣ ਲਈ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਕੀਤੀ ਜਾਵੇ... ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਸੂਚਨਾ ਗੁਪਤ ਰੱਖੀ ਜਾਵੇਗੀ।' ਏਜੰਸੀ ਨੇ ਆਪਣੀ ਦਿੱਲੀ ਤੇ ਚੰਡੀਗੜ੍ਹ ਬ੍ਰਾਂਚ ਦਫਤਰਾਂ ਦੇ ਟੈਲੀਫੋਨ, ਵਟਸਐਪ ਤੇ ਟੈਲੀਗ੍ਰਾਮ ਨੰਬਰਾਂ ਤੋਂ ਇਲਾਵਾ ਈ-ਮੇਲ ਐਡਰੈੱਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ, ਜਿਨ੍ਹਾਂ 'ਤੇ ਕੋਈ ਵੀ ਵਿਅਕਤੀ ਨਿੱਝਰ ਬਾਰੇ ਸੂਚਨਾ ਦੇ ਸਕਦਾ ਹੈ।

ਬੀਤੀ 5 ਜੁਲਾਈ ਨੂੰ ਐਨ.ਆਈ.ਏ. ਨੇ ਨਿੱਝਰ ਸਮੇਤ ਚਾਰ ਜਣਿਆਂ ਖਿਲਾਫ ਪਿਛਲੇ ਵਰ੍ਹੇ 31 ਜਨਵਰੀ ਨੂੰ ਫਿਲੌਰ ਦੇ ਭਰਸਿੰਘ ਪੁਰਾ ਪਿੰਡ ਵਿਚ ਕੇ.ਟੀ.ਐਫ. ਵੱਲੋਂ ਹਿੰਦੂ ਪੁਜਾਰੀ ਕਮਲਦੀਪ ਸ਼ਰਮਾ ਦੀ ਹੱਤਿਆ ਦੀ ਸਾਜ਼ਿਸ਼ ਦੇ ਸਬੰਧ 'ਚ ਚਾਰਜਸ਼ੀਟ ਦਾਖਲ ਕੀਤੀ ਸੀ। ਇਸ ਚਾਰਜਸ਼ੀਟ ਵਿਚ ਕਮਲਦੀਪ ਸ਼ਰਮਾ, ਰਾਮ ਸਿੰਘ ਉਰਫ ਸੋਨਾ, ਜਿਨ੍ਹਾਂ ਪੁਜਾਰੀ 'ਤੇ ਨਿੱਝਰ ਦੀਆਂ ਹਦਾਇਤਾਂ 'ਤੇ ਹਮਲਾ ਕੀਤਾ ਅਤੇ ਉਸ ਦੇ ਸਾਥੀ ਅਰਸ਼ਦੀਪ ਸਿੰਘ ਉਰਫ 'ਪ੍ਰਭ' ਦੇ ਨਾਂ ਸ਼ਾਮਲ ਹਨ। ਜਾਂਚ ਏਜੰਸੀ ਮੁਤਾਬਕ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਸਾਰੀ ਸਾਜ਼ਿਸ਼ ਕੈਨੇਡਾ 'ਚ ਰਹਿ ਰਹੇ ਕਥਿਤ ਦੋਸ਼ੀਆਂ ਅਰਸ਼ਦੀਪ ਤੇ ਨਿੱਝਰ ਵੱਲੋਂ ਹਿੰਦੂ ਪੁਜਾਰੀ ਦੇ ਕਤਲ ਦੀ ਸਾਜ਼ਿਸ਼ ਘੜੀ ਗਈ ਸੀ ਤਾਂ ਕਿ ਪੰਜਾਬ ਵਿਚ ਸ਼ਾਂਤੀ ਤੇ ਭਾਈਚਾਰਕ ਸਾਂਝ ਭੰਗ ਕੀਤੀ ਜਾ ਸਕੇ।

## 'ਆਪ' ਨੇ ਬਰਖਾਸਤ ਮੰਤਰੀ ਸਿੰਗਲਾ ਤੋਂ ਪਾਸਾ ਵੱਟਿਆ

**ਮਾਨਸਾ:** ਆਮ ਆਦਮੀ ਪਾਰਟੀ ਵੱਲੋਂ ਮਾਨਸਾ ਵਿਖੇ ਖੋਲ੍ਹੇ ਜ਼ਿਲ੍ਹਾ ਪੱਧਰੀ ਪਾਰਟੀ ਦਫਤਰ ਦੇ ਉਦਘਾਟਨ ਵਿਚ ਬਰਖ਼ਾਸਤ ਮੰਤਰੀ ਡਾ. ਵਿਜੈ ਸਿੰਗਲਾ ਨੂੰ ਸੱਦਾ ਨਹੀਂ ਭੇਜਿਆ ਗਿਆ ਹੈ ਅਤੇ ਉਹ ਇਸ ਮੌਕੇ ਵਿਖਾਈ ਵੀ ਨਹੀਂ ਦਿੱਤੇ। ਦਫਤਰ ਦਾ ਉਦਘਾਟਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕੀਤਾ ਗਿਆ। ਕਚਹਿਰੀ ਰੋਡ 'ਤੇ ਸਥਾਪਤ ਦਫਤਰ ਦੇ ਉਦਘਾਟਨ ਮੌਕੇ ਪਾਰਟੀ ਦੇ ਲੋਕ ਸਭਾ ਇੰਚਾਰਜ, ਜ਼ਿਲ੍ਹਾ ਅਤੇ ਤਹਿਸੀਲ ਪ੍ਰਧਾਨ ਤੋਂ ਇਲਾਵਾ ਸਰਦੂਲਗੜ੍ਹ ਅਤੇ ਬੁਢਲਾਡਾ ਦੇ ਵਿਧਾਇਕ ਵੀ ਪਹੁੰਚੇ ਹੋਏ ਸਨ ਪਰ ਸਿੰਗਲਾ ਦਾ ਕਿਤੇ ਵੀ ਨਾਂ ਨਹੀਂ।



ਪਾਰਟੀ ਵੱਲੋਂ ਜਾਰੀ ਕੀਤੇ ਸੱਦਾ ਪੱਤਰਾਂ, ਸੋਸ਼ਲ ਮੀਡੀਆ ਸੁਨੇਹਿਆਂ ਵਿਚ ਡਾ. ਵਿਜੈ ਸਿੰਗਲਾ ਦਾ ਕੋਈ ਵੀ ਜ਼ਿਕਰ ਤੱਕ ਨਹੀਂ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਸਰਦੂਗਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਮਹਿਲਾ ਵਿੰਗ ਦੀ ਪ੍ਰਧਾਨ, ਲੋਕ ਸਭਾ ਪਾਰਟੀ ਇੰਚਾਰਜ ਤੋਂ ਇਲਾਵਾ ਸਥਾਨਕ ਨੇਤਾਵਾਂ ਦਾ ਨਾਮ ਸ਼ਾਮਲ ਹੈ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਅੱਕਾਂਵਾਲੀ ਤੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਭੁੱਚਰ ਨੇ ਕਿਹਾ ਕਿ ਪਾਰਟੀ ਦੇ ਦਫਤਰ ਦੇ ਉਦਘਾਟਨ ਮੌਕੇ ਡਾ. ਵਿਜੈ ਸਿੰਗਲਾ ਨੂੰ ਬੁਲਾਵਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਜੋ ਸੁਨੇਹਾ ਲਿਖਤੀ ਰੂਪ ਵਿਚ ਉੱਪਰੋਂ ਆਇਆ ਹੈ, ਉਸੇ ਸੁਨੇਹੇ ਨੂੰ ਪਤਵੰਤਿਆਂ ਦੇ ਨਾਮ ਸਮੇਤ ਸੋਸ਼ਲ ਮੀਡੀਆ, ਮੀਡੀਆ ਅਤੇ ਪਾਰਟੀ ਵਰਕਰਾਂ ਨੂੰ ਭੇਜਿਆ ਗਿਆ ਹੈ।

## ਪਹਿਲੀ ਅਗਸਤ ਤੱਕ ਵਿਰਾਸਤ-ਏ-ਖਾਲਸਾ ਤੇ ਦਾਸਤਾਨ-ਏ-ਸ਼ਹਾਦਤ ਰਹਿਣਗੇ ਬੰਦ

**ਰੂਪਨਗਰ:** ਵਿਸ਼ਵ ਪ੍ਰਸਿੱਧ ਅਜਾਇਬ ਘਰਾਂ 'ਚ ਸ਼ੁਮਾਰ ਵਿਰਾਸਤ-ਏ-ਖਾਲਸਾ ਸ੍ਰੀ ਆਨੰਦਪੁਰ ਸਾਹਿਬ ਅਤੇ ਦਾਸਤਾਨ-ਏ-ਸ਼ਹਾਦਤ ਸ੍ਰੀ ਚਮਕੌਰ ਸਾਹਿਬ 24 ਜੁਲਾਈ ਤੋਂ 1 ਅਗਸਤ ਤੱਕ ਛਿਮਾਹੀ ਰੱਖ-ਰਖਾਅ ਵਾਸਤੇ ਆਮ ਸੈਲਾਨੀਆਂ ਵਾਸਤੇ ਬੰਦ ਰੱਖੇ ਜਾਣਗੇ।

ਬੁਲਾਰੇ ਨੇ ਦੱਸਿਆ ਕਿ ਹਰ ਸਾਲ ਜਨਵਰੀ ਤੇ ਜੁਲਾਈ ਮਹੀਨਿਆਂ ਦੇ ਅਖੀਰਲੇ ਹਫਤੇ ਵਿਚ ਵਿਰਾਸਤ-ਏ-ਖਾਲਸਾ ਸ੍ਰੀ ਆਨੰਦਪੁਰ ਸਾਹਿਬ ਅਤੇ ਦਾਸਤਾਨ-ਏ-ਸ਼ਹਾਦਤ ਸ੍ਰੀ ਚਮਕੌਰ ਸਾਹਿਬ ਨੂੰ ਜਰੂਰੀ ਮੁਰੰਮਤਾਂ ਤੇ ਰੱਖ-ਰਖਾਅ ਲਈ ਬੰਦ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਇਹ ਸੂਚਨਾ ਇਸ ਲਈ ਦਿੱਤੀ ਜਾ ਰਹੀ ਹੈ ਤਾਂ ਕਿ ਵਿਰਾਸਤ ਏ ਖਾਲਸਾ ਤੇ ਦਾਸਤਾਨ ਏ ਸ਼ਹਾਦਤ ਦੇ ਦਰਸ਼ਨ ਕਰਨ ਦੇ ਚਾਹਵਾਨ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਦੱਸਿਆ ਕਿ 2 ਅਗਸਤ ਤੋਂ ਇਹ ਅਜਾਇਬ ਘਰ ਆਮ ਦੀ ਤਰ੍ਹਾਂ ਸੈਲਾਨੀਆਂ ਵਾਸਤੇ ਖੋਲ ਦਿੱਤੇ ਜਾਣਗੇ।

## ਸੁਰੱਖਿਆ ਲੀਕ ਵਾਲੇ ਮਾਮਲੇ ਵਿਚ ਕਸੂਤੀ ਫਸੀ ਭਗਵੰਤ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਅਹਿਮ ਹਸਤੀਆਂ ਦੀ ਸੁਰੱਖਿਆ ਵਾਪਸ ਲੈਣ ਦੀ ਸੂਚਨਾ ਲੀਕ ਹੋਣ ਦੇ ਮਾਮਲੇ 'ਚ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ। ਹਾਈ ਕੋਰਟ ਦੇ ਜਸਟਿਸ ਰਾਜ ਮੋਹਨ ਸਿੰਘ ਨੇ ਸੂਬਾ ਸਰਕਾਰ ਤੋਂ ਇਸ ਬਾਰੇ ਇਕ ਹਫਤੇ 'ਚ ਸੀਲਬੰਦ ਲਿਫ਼ਾਫ਼ੇ ਵਿਚ ਰਿਪੋਰਟ ਮੰਗੀ ਹੈ। ਸਰਕਾਰ ਨੇ ਰਿਪੋਰਟ ਦਾਖਲ ਕਰਨ ਲਈ ਦੋ ਹਫਤਿਆਂ ਦੀ ਮੰਗ ਕੀਤੀ ਸੀ। ਹਾਈ ਕੋਰਟ ਇੰਨੀ ਸਖਤ ਦਿੱਸੀ ਕਿ ਵਾਰ-ਵਾਰ ਇਹ ਗੱਲ ਦੁਹਰਾਈ ਗਈ ਕਿ ਆਖਰ ਸੂਚਨਾ ਲੀਕ ਕਿਵੇਂ ਹੋਈ।



'ਆਪ' ਸਰਕਾਰ ਇਸ ਮਾਮਲੇ ਵਿਚ ਕਸੂਤੀ ਫਸ ਗਈ ਹੈ ਕਿਉਂਕਿ ਸਿਆਸੀ ਹਲਕਿਆਂ 'ਚ ਚਰਚਾ ਹੈ ਕਿ ਪਾਰਟੀ ਦੀ ਇਕ ਮਹਿਲਾ ਇਸ ਮੁੱਦੇ 'ਤੇ ਘਿਰ ਸਕਦੀ ਹੈ। ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਘੱਲੂਘਾਰਾ ਦਿਵਸ ਦੇ ਮੱਦੇਨਜ਼ਰ 29 ਮਈ ਨੂੰ 424 ਹਸਤੀਆਂ ਦੀ ਆਰਜ਼ੀ ਤੌਰ 'ਤੇ ਸੁਰੱਖਿਆ ਵਾਪਸ ਲੈ ਲਈ ਸੀ।

ਮਗਰੋਂ ਸਮੁੱਚੀ ਜਾਣਕਾਰੀ ਸੋਸ਼ਲ ਮੀਡੀਆ 'ਤੇ ਲੀਕ ਹੋ ਗਈ ਸੀ। ਗਾਇਕ ਸਿੱਧੂ ਮੂਸੇਵਾਲਾ ਦੀ ਵੀ ਅੱਧੀ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਦੂਜੇ ਦਿਨ ਹੀ ਉਸ ਦਾ ਕਤਲ ਹੋ ਗਿਆ ਸੀ। ਸੁਰੱਖਿਆ ਵਾਪਸੀ ਨੂੰ ਲੈ ਕੇ ਹੁਣ ਤੱਕ 28 ਪਟੀਸ਼ਨਾਂ ਪੈ ਚੁੱਕੀਆਂ ਹਨ। ਅਦਾਲਤ ਨੇ ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਅਤੇ ਹੋਰਾਂ ਵੱਲੋਂ ਦਾਖਲ ਪਟੀਸ਼ਨਾਂ 'ਤੇ ਇਕੱਠਿਆਂ ਹੀ ਸੁਣਵਾਈ ਕੀਤੀ। ਅਦਾਲਤ ਵਿਚ ਸਰਕਾਰੀ ਵਕੀਲ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇਗੀ। ਅਦਾਲਤ ਨੇ ਇਹ ਵੀ ਹੁਕਮ ਜਾਰੀ ਕੀਤੇ ਕਿ ਜਿਨ੍ਹਾਂ ਦੀ ਸਾਰੀ ਸੁਰੱਖਿਆ ਵਾਪਸ ਲੈ ਲਈ ਗਈ ਹੈ, ਉਨ੍ਹਾਂ ਨੂੰ ਇਕ-ਇਕ ਸੁਰੱਖਿਆ ਕਰਮੀ ਦਿੱਤਾ ਜਾਵੇ। ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਅਤੇ ਬੀਬੀ ਮਹਿੰਦਰ ਕੌਰ ਜੋਸ਼ ਨੂੰ ਵੀ ਇਕ-ਇਕ ਸੁਰੱਖਿਆ ਕਰਮੀ ਦੇਣ ਲਈ ਕਿਹਾ ਗਿਆ ਹੈ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਮਿਲ ਰਹੀਆਂ ਧਮਕੀਆਂ ਨੂੰ ਗੰਭੀਰਤਾ ਨਾਲ ਲੈਣ ਦੀ ਗੱਲ ਕਰਦਿਆਂ ਉਨ੍ਹਾਂ ਡੀ.ਜੀ.ਪੀ. ਤੋਂ ਮੰਗ ਕੀਤੀ ਹੈ ਕਿ ਪਰਿਵਾਰ ਨੂੰ ਢੁਕਵੀਂ ਸੁਰੱਖਿਆ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਵੱਡੀ ਗਲਤੀ ਕਰਕੇ ਸਿੱਧੂ ਮੂਸੇਵਾਲਾ ਨੂੰ ਗੁਆ ਲਿਆ ਗਿਆ ਹੈ ਅਤੇ ਹੁਣ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਮੰਗ ਕੀਤੀ ਕਿ ਧਮਕੀਆਂ ਦੇਣ ਵਾਲਿਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਖ਼ੌਫ਼ ਵਿਚੋਂ ਕੱਢਣ ਲਈ ਸਰਕਾਰ ਸਖ਼ਤ ਕਦਮ ਚੁੱਕੇ।

# ਗਗਨਜੋਤ ਤੇ ਅਵਨੀਤ ਦੇ ਵਿਆਹ ਦੇ ਚਰਚੇ

ਕਾਕਾ ਗਗਨਜੋਤ ਸਿੰਘ ਸਪੁੱਤਰ ਸ. ਅਵਤਾਰ ਸਿੰਘ ਅਤੇ ਬਲਜੀਤ ਕੌਰ (ਸਾਊਥਬੈਂਡ, ਇੰਡੀਆਨਾ) ਦਾ ਸ਼ੁਭ ਅਨੰਦ ਕਾਰਜ ਬੀਬੀ ਅਵਨੀਤ ਕੌਰ ਬਾਜਵਾ ਸਪੁੱਤਰੀ ਸ. ਸੁਰਜੀਤ ਸਿੰਘ ਬਾਜਵਾ ਅਤੇ ਵੀਰਪਾਲ ਕੌਰ ਬਾਜਵਾ (ਸਿਨਸਿਨੈਟੀ, ਓਹਾਇਓ) ਨਾਲ ਲੰਘੇ ਦਿਨੀਂ ਹੋਇਆ। ਪੁਰਾਤਨ ਤੇ ਨਵੇਂ ਰੀਤੀ ਰਿਵਾਜ਼ਾਂ ਦਾ ਮਿਲਗੋਭਾ ਇਹ ਵਿਆਹ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਰਾਤਨ ਸਮੇਂ ਵਾਂਗ ਜਿੱਥੇ ਬੱਸ ਵਿਚ ਸਵਾਰ ਜਾਂਞੀ ਹੱਸਦੇ-ਗਾਉਂਦੇ ਇਕ ਦਿਨ ਪਹਿਲਾਂ ਹੀ ਕੁੜੀ ਵਾਲਿਆਂ ਦੇ ਘਰ ਬਰਾਤ ਦੇ ਰੂਪ ਵਿਚ ਪੁੱਜੇ ਤੇ ਰਾਤ ਉਥੇ ਹੀ ਰਹੇ, ਉਥੇ ਹੀ ਨਵੇਂ ਤੇ ਅਨੋਖੇ ਤੌਰ-ਤਰੀਕਿਆਂ ਦਾ ਸ਼ੌਕੀਨ ਗਗਨਜੋਤ ਸਿੰਘ ਆਪਣੀ ਲਾੜੀ ਨੂੰ ਵਿਆਹੁਣ ਲਈ ਹੈਲੀਕਾਪਟਰ 'ਤੇ ਉਨ੍ਹਾਂ ਦੀਆਂ ਬਰੂਹਾਂ 'ਤੇ ਢੁਕਿਆ। ਜਰਮਨੀ, ਕੈਨੇਡਾ, ਕੈਲੀਫੋਰਨੀਆ, ਓਹਾਇਓ, ਨਿਊ ਯਾਰਕ, ਸ਼ਿਕਾਗੋ, ਵਿਸਕਾਨਸਿਨ, ਇੰਡੀਆਨਾ ਤੇ ਮਿੱਡਵੈਸਟ ਦੀਆਂ ਹੋਰ ਸਟੇਟਾਂ ਤੋਂ ਪੁੱਜੇ ਪ੍ਰਾਹੁਣੇ ਇਸ ਅਨੋਖੇ ਵਿਆਹ 'ਚ ਸ਼ਾਮਲ ਹੋ ਕੇ ਖੁਸ਼ੀ ਮਹਿਸੂਸ ਕਰ ਰਹੇ ਸਨ। ਹਰ ਕੋਈ ਪੁਰਾਤਨ ਤੇ ਨਵੇਂ ਤਰੀਕੇ ਦੇ ਇਸ ਵਿਆਹ ਸਮਾਗਮ ਦੀ ਸ਼ਲਾਘਾ ਕਰ ਰਿਹਾ ਸੀ। ਵਿਆਹ ਵਿਚ 400 ਦੇ ਕਰੀਬ ਪ੍ਰਾਹੁਣਿਆਂ ਨੇ ਸ਼ਿਰਕਤ ਕੀਤੀ। ਸਾਰੇ ਵਿਆਹ ਵਿਚ ਪੰਜਾਬ ਵਾਲਾ ਮਾਹੌਲ ਹੀ ਨਜ਼ਰੀਂ ਆ ਰਿਹਾ ਸੀ, ਖਾਣ-ਪੀਣ ਦੇ ਲੱਗੇ ਪੰਜਾਬੀ ਸਟਾਈਲ ਦੇ ਸਟਾਲਾਂ ਤੋਂ ਲੋਕ ਆਪਣੀ ਪਸੰਦ ਦੇ ਲਜ਼ੀਜ ਪਕਵਾਨ ਖਾ ਕੇ ਖੁਸ਼ ਹੋ ਰਹੇ ਸਨ। ਬੱਚਿਆਂ ਨੇ ਭੰਗੜੇ-ਗਿੱਧੇ ਦੀ ਪੇਸ਼ਕਾਰੀ ਨਾਲ ਵਿਆਹ ਨੂੰ ਚਾਰ ਚੰਨ ਲਾ ਦਿੱਤੇ। ਬਜ਼ੁਰਗਾਂ, ਗੱਭਰੂ ਤੇ ਮੁਟਿਆਰਾਂ ਨੇ ਵੀ ਭੰਗੜੇ-ਗਿੱਧੇ ਨਾਲ ਖੂਬ ਧਮਾਲਾਂ ਪਾਈਆਂ। ਪਰਿਵਾਰ ਵਲੋਂ ਕੀਤੀ ਖਾਤਰਦਾਰੀ ਨੇ ਸਭ ਦਾ ਦਿਲ ਮੋਹ ਲਿਆ।








ਪੰਜਾਬ ਟਾਈਮਜ਼

ਸਨਿਚਰਵਾਰ, 30 ਜੁਲਾਈ 2022

## ਦੋ-ਧਾਰੀ ਸਿਆਸਤ

ਭਾਰਤੀ ਜਨਤਾ ਪਾਰਟੀ ਭਾਰਤ ਦੇ ਸਿਆਸੀ ਪਿੜ ਅੰਦਰ ਦੋ-ਧਾਰੀ ਤਲਵਾਰ ਵਾਹ ਰਹੀ ਹੈ। ਇਸ ਤਲਵਾਰ ਰਾਹੀਂ ਵਿਰੋਧੀ ਧਿਰ ਨੂੰ ਲਗਾਤਾਰ ਛਾਂਗਿਆ ਜਾ ਰਿਹਾ ਹੈ। ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.), ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵਰਗੀਆਂ ਸੰਸਥਾਵਾਂ ਨੂੰ ਵਿਰੋਧੀਆਂ ਨੂੰ ਚਿਤ ਕਰਨ ਲਈ ਸ਼ਰੇਆਮ ਵਰਤਿਆ ਜਾ ਰਿਹਾ ਹੈ, ਹੁਣ ਸੰਸਦ ਵਿਚ ਵੀ ਵਿਰੋਧੀ ਧਿਰ ਦੀ ਇਕ ਵੀ ਨਹੀਂ ਚੱਲਣ ਦੇ ਰਹੀ। ਇਹ ਗੱਲ ਸਹੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਵਿਰੋਧੀ ਧਿਰ ਵੀ ਆਪਣੀ ਕਾਰਗਰ ਭੂਮਿਕਾ ਨਿਭਾਉਣ ਤੋਂ ਅਸਮਰੱਥ ਰਹੀ ਹੈ ਜਿਸ ਦਾ ਲਾਹਾ ਲੈ ਕੇ ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਧਿਰ ਦੇ ਹੁਣ ਸਾਹ ਹੀ ਸੂਤ ਲਏ ਹਨ। ਅਸਲ ਵਿਚ ਪਿਛਲੇ ਸਮਿਆਂ ਦੌਰਾਨ ਵਿਰੋਧੀ ਧਿਰ ਕੋਲ ਅਜਿਹੇ ਬਹੁਤ ਸਾਰੇ ਮੌਕੇ ਆਏ ਜਦੋਂ ਸੰਸਦ ਦੇ ਅੰਦਰ ਅਤੇ ਸੰਸਦ ਦੇ ਬਾਹਰ ਵੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੂੰ ਘੇਰਿਆ ਜਾ ਸਕਦਾ ਸੀ। ਜੀ.ਐਸ.ਟੀ., ਨੋਟਬੰਦੀ, ਅਰਥਚਾਰਾ, ਕਰੋਨਾ ਵਾਇਰਸ ਆਦਿ ਵਰਗੇ ਬਹੁਤ ਸਾਰੇ ਮੁੱਦੇ ਸਨ ਜਦੋਂ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਨਾਲਾਇਕੀ ਜੱਗ-ਜ਼ਾਹਿਰ ਹੋਈ ਸੀ ਪਰ ਮੁੱਖ ਵਿਰੋਧੀ ਕਾਂਗਰਸ, ਸਰਕਾਰ ਦੇ ਖਿਲਾਫ ਕੁਝ ਵੀ ਨਹੀਂ ਕਰ ਸਕੀ। ਅਸਲ ਵਿਚ ਇਹ ਪਾਰਟੀ ਖੁਦ ਅੰਦਰੂਨੀ ਸਮੱਸਿਆਵਾਂ ਵਿਚ ਘਿਰੀ ਹੋਈ ਹੈ। ਇਸ ਦੀ ਲੀਡਰਸ਼ਿਪ ਦਾ ਮਸਲਾ ਹੁਣ ਸਭ ਤੋਂ ਵੱਡਾ ਮਸਲਾ ਬਣ ਗਿਆ ਹੈ। ਪਾਰਟੀ ਅੰਦਰੋਂ ਗਾਹੇ-ਬਗਾਹੇ ਇਹ ਆਵਾਜ਼ ਉੱਠਦੀ ਰਹੀ ਹੈ ਕਿ ਗਾਂਧੀ-ਨਹਿਰੂ ਪਰਿਵਾਰ ਨੂੰ ਹੁਣ ਪਾਰਟੀ ਤੋਂ ਲਾਂਭੇ ਕੀਤਾ ਜਾਵੇ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਪਾਰਟੀ ਅੰਦਰ ਉਹ ਥਾਂ ਨਹੀਂ ਸੀ ਮਿਲ ਰਿਹਾ ਜਿਸ ਦੇ ਉਹ ਖੁਦ ਨੂੰ ਹੱਕਦਾਰ ਸਮਝਦੇ ਸਨ। ਦੂਜਾ, ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਂਗਰਸ ਉਤੇ ਸਭ ਤੋਂ ਵੱਡਾ ਹਮਲਾ ਕੁਨਬਾਪ੍ਰਸਤੀ ਨੂੰ ਲੈ ਕੇ ਹੀ ਹੈ। ਉਹ ਨਹਿਰੂ ਅਤੇ ਗਾਂਧੀ ਪਰਿਵਾਰਾਂ ਉਤੇ ਲਗਾਤਾਰ ਹਮਲੇ ਕਰਦੇ ਰਹੇ ਹਨ ਅਤੇ ਹੁਣ ਵੀ ਕਰ ਰਹੇ ਹਨ ਕਿ ਮੁਲਕ ਦਾ ਮਾੜਾ ਹਾਲ ਇਨ੍ਹਾਂ ਪਰਿਵਾਰਾਂ ਕਾਰਨ ਹੀ ਹੋਇਆ ਹੈ।

ਜ਼ਾਹਿਰ ਹੈ ਕਿ ਅੰਦਰੂਨੀ ਸਮੱਸਿਆਵਾਂ ਵਿਚ ਘਿਰੀ ਭਾਰਤੀ ਜਨਤਾ ਪਾਰਟੀ ਦੇ ਹੱਲੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਾਂ ਅੰਦਰ 'ਲੋਕਪ੍ਰਿਯਤਾ' ਦਾ ਮੁਕਾਬਲਾ ਹੀ ਨਹੀਂ ਕਰ ਸਕੀ। ਲੋਕਾਂ ਨੂੰ ਇਕ ਆਸ ਖੇਤਰੀ ਪਾਰਟੀ ਤੋਂ ਬੱਝੀ ਸੀ ਪਰ ਹੁਣ ਰਾਸ਼ਟਰਪਤੀ ਦੀ ਚੋਣ ਨੇ ਉਸ ਬਾਰੇ ਵੀ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ। ਇਸ ਚੋਣ ਦੌਰਾਨ ਵਿਰੋਧੀ ਧਿਰ, ਖਾਸ ਕਰਕੇ ਖੇਤਰੀ ਪਾਰਟੀਆਂ ਇਕਜੁਟਤਾ ਦਾ ਮੁਜ਼ਾਹਰਾ ਕਰਨ ਵਿਚ ਅਸਫਲ ਰਹੀਆਂ ਹਨ ਜਿਸ ਦੀ ਹੁਣ ਬਹੁਤ ਜ਼ਿਆਦਾ ਲੋੜ ਭਾਸ ਰਹੀ ਸੀ ਕਿਉਂਕਿ 2024 ਵਿਚ ਲੋਕ ਸਭਾ ਚੋਣਾਂ ਆ ਰਹੀਆਂ ਹਨ। ਲੋਕਾਂ ਨੂੰ ਆਸ ਸੀ ਕਿ ਉਦੋਂ ਤੱਕ ਵਿਰੋਧੀ ਧਿਰ ਦੀ ਇਕਜੁਟਤਾ ਨਾਲ ਮਜ਼ਬੂਤ ਵਿਰੋਧੀ ਧਿਰ ਨੂੰ ਮੂੰਹ-ਮੁਹਾਂਦਰਾ ਬਣ ਜਾਵੇਗਾ ਪਰ ਰਾਸ਼ਟਰਪਤੀ ਦੀ ਚੋਣ ਨੇ ਇਸ ਸਭ ਉਤੇ ਪਾਣੀ ਫੇਰ ਦਿੱਤਾ ਹੈ। ਅਜੇ ਉਪ ਰਾਸ਼ਟਰਪਤੀ ਦੀ ਚੋਣ ਹੋਣੀ ਬਾਕੀ ਹੈ। ਇਸ ਚੋਣ ਮੌਕੇ ਤਾਂ ਵਿਰੋਧੀ ਧਿਰ ਹੋਰ ਵੀ ਖੱਖੜੀਆਂ-ਕਰੇਲੇ ਹੋ ਗਈ ਜਾਪਦੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਸਾਫ ਕਹਿ ਦਿੱਤਾ ਹੈ ਕਿ ਕਾਂਗਰਸ ਨੇ ਉਪ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਐਲਾਨਣ ਤੋਂ ਪਹਿਲਾਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਹੀ ਨਹੀਂ ਸਮਝੀ, ਇਸ ਲਈ ਪਾਰਟੀ ਇਸ ਚੋਣ ਵਿਚ ਹਿੱਸਾ ਹੀ ਨਹੀਂ ਲਵੇਗੀ। ਮਮਤਾ ਬੈਨਰਜੀ ਉਨ੍ਹਾਂ ਲੀਡਰਾਂ ਵਿਚੋਂ ਹਨ ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦਾ ਡਟ ਕੇ ਮੁਕਾਬਲਾ ਕੀਤਾ ਹੈ ਅਤੇ ਵਿਰੋਧੀ ਧਿਰ ਨੂੰ ਇਕ ਮੰਚ ਉਤੇ ਲਿਆਉਣ ਦੇ ਕੁਝ ਯਤਨ ਵੀ ਕੀਤੇ ਹਨ ਪਰ ਵੱਖ-ਵੱਖ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਕਾਰਨ ਵਿਰੋਧੀ ਧਿਰ ਦਾ ਉਹ ਮੂੰਹ-ਮੁਹਾਂਦਰਾ ਨਹੀਂ ਬਣ ਰਿਹਾ ਜਿਸ ਤਰ੍ਹਾਂ ਬਣਨਾ ਚਾਹੀਦਾ ਸੀ।

ਇਕ ਗੱਲ ਤਾਂ ਸਭ ਲਈ ਸਪਸ਼ਟ ਹੈ ਕਿ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਲੋਕਾਂ ਦੇ ਸਿਰ ਚੜ੍ਹ ਰਹੇ ਹਨ, ਉਸ ਲਈ ਮਜ਼ਬੂਤ ਅਤੇ ਇਕਜੁੱਟ ਵਿਰੋਧੀ ਧਿਰ ਸਮੇਂ ਦੀ ਲੋੜ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਸਿਰਫ ਆਪਣੀ ਵਿਚਾਰਧਾਰਾ ਦਾ ਹੀ ਪ੍ਰਚਾਰ ਨਹੀਂ ਕਰ ਰਹੀ ਸਗੋਂ ਵਿਰੋਧੀ ਧਿਰ ਨੂੰ ਵੀ ਲਗਾਤਾਰ ਕਮਜ਼ੋਰ ਕਰ ਰਹੀ ਹੈ। ਪਿੱਛੇ ਜਿਹੇ ਇਸ ਨੇ ਮਹਾਰਾਸ਼ਟਰ ਵਿਚ ਜੋ ਕੁਝ ਚੁੱਪ-ਚਪੀਤੇ ਕੀਤਾ, ਉਸ ਨੇ ਸਭ ਨੂੰ ਦੰਗ ਕਰਕੇ ਰੱਖ ਦਿੱਤਾ। ਉਥੇ ਇਸ ਨੇ ਜਿਸ ਤਰ੍ਹਾਂ ਸ਼ਿਵ ਸੈਨਾ ਨੂੰ ਦੋਫਾੜ ਕੀਤਾ, ਉਹ ਸਿਆਸੀ ਕਵਾਇਦ ਤਾਂ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ। ਇਹੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਦੋ-ਧਾਰੀ ਤਲਵਾਰ ਹੈ ਜਿਸ ਤਹਿਤ ਕੇਂਦਰ ਸਰਕਾਰ ਰਾਹੀਂ ਖੁਦ ਦੀ ਸਿਆਸਤ ਕੀਤੀ ਜਾ ਰਹੀ ਹੈ ਅਤੇ ਨਾਲ ਦੀ ਨਾਲ ਵਿਰੋਧੀ ਧਿਰ ਦੇ ਮੋਛੇ ਲਾਏ ਜਾ ਰਹੇ ਹਨ। ਇਸ ਲਈ ਜੇ ਵਿਰੋਧੀ ਧਿਰ ਨੇ ਹੁਣ ਵੀ ਇਕਜੁੱਟਤਾ ਨਾ ਦਿਖਾਈ ਤਾਂ ਸਿਆਸੀ ਵਿਸ਼ਲੇਸ਼ਕਾਂ ਦੀ ਇਹ ਪੇਸ਼ੀਨਗੋਈ ਸੱਚ ਹੋ ਜਾਵੇਗੀ ਕਿ 2024 ਤੋਂ ਬਾਅਦ ਸ਼ਾਇਦ ਲੋਕ ਸਭਾ ਚੋਣਾਂ ਦੀ ਲੋੜ ਹੀ ਨਾ ਰਹੇ। ਜੇ ਭਾਰਤੀ ਜਨਤਾ ਪਾਰਟੀ 2024 ਵਿਚ ਵੀ ਆਪਣੀ ਸਰਕਾਰ ਕਾਇਮ ਕਰ ਲੈਂਦੀ ਹੈ ਤਾਂ ਇਹ ਵਿਰੋਧੀ ਧਿਰ ਨੂੰ ਹੋਰ ਵੀ ਨਿਤਾਣੀ ਬਣਾ ਦੇਵੇਗੀ। ਹੁਣ ਸਵਾਲ ਇਹ ਹੈ ਕਿ ਇਸ ਸੂਰਤ ਵਿਚ ਵਿਰੋਧੀ ਧਿਰ ਦੀ ਥਾਂ ਕੌਣ ਲਵੇਗਾ? ਭਾਰਤੀ ਜਨਤਾ ਪਾਰਟੀ ਮੁਲਕ ਵਿਚ ਦੋ-ਪਾਰਟੀ ਸਿਸਟਮ ਬਾਰੇ ਕਈ ਵਾਰ ਇਸ਼ਾਰੇ ਸੁੱਟ ਚੁੱਕੀ ਹੈ। ਇਸ ਸੂਰਤ ਵਿਚ ਇਹ ਆਪਣੇ ਵਰਗੀ ਕਿਸੇ ਹੋਰ ਪਾਰਟੀ ਨੂੰ ਵਧਣ-ਫੁੱਲਣ ਦੇਵੇਗੀ। ਇਸ ਤੋਂ ਬਾਅਦ ਫਿਰ ਮੈਦਾਨ ਖਾਲੀ ਹੋਵੇਗਾ। ਫਿਰ ਵਿਚਾਰਧਾਰਾ ਭਾਰਤੀ ਜਨਤਾ ਪਾਰਟੀ ਵਾਲੀ ਹੀ ਚਲੇਗੀ। ਇਸੇ ਕਰਕੇ ਵਿਰੋਧੀ ਧਿਰ ਨੂੰ ਏਕੇ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਮੁਲਕ ਨੂੰ ਭਾਰਤੀ ਜਨਤਾ ਪਾਰਟੀ ਦੀਆਂ ਮਾਰੂ ਨੀਤੀਆਂ ਤੋਂ ਬਚਾਇਆ ਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਠੇਸ ਕਿ ਕ.ਲੇਸ਼?

ਵਧੀ ਜਾ ਰਿਹਾ ਕੁਫਰ ਦਾ ਬੋਲਬਾਲਾ, ਹੁੰਦੀ ਸੱਚ ਦੀ ਪੱਟੀ ਹੁਣ ਮੇਸ ਮੀਆਂ।
ਬਹੁਗਿਣਤੀ ਨੂੰ ਰਾਸ ਨਾ ਆਏ ਜਿਹੜੀ, ਕਰੋ ਗੱਲ ਲੁਕਾਉਣਾ ਪਊ 'ਫੇਸ' ਮੀਆਂ।
ਸਹਿਣਸ਼ੀਲਤਾ ਅਤੇ ਸਦ-ਭਾਵਨਾਂ ਦੀ, ਸੜੇ ਦਿਲਾਂ ਵਿਚ ਰਹੀ ਨਾ ਲੇਸ ਮੀਆਂ।
'ਧਾਰਾ'ਰੰਗ-ਬਰੰਗੀਆਂ ਪੁਲਿਸ ਲਾਵੇ, ਕਰ ਦਿੰਦੇ ਨੇ ਦਰਜ ਕਈ 'ਕੇਸ' ਮੀਆਂ।
ਜਿਵੇਂ-ਕਿਵੇਂ ਵੀ ਰਾਜ਼ੀ ਸੀ ਲੋਕ ਰਹਿੰਦੇ, ਦੇਖੋ ਤੁਰ ਪਿਆ ਕਿੱਧਰ ਨੂੰ ਦੇਸ ਮੀਆਂ।
ਕਿਸੇ ਵੇਲੇ ਸੀ ਪੈਂਦਾ ਨਾ ਫਰਕ ਕੋਈ, ਭਾਵਨਾਵਾਂ ਨੂੰ ਲੱਗੇ ਹੁਣ 'ਠੇਸ' ਮੀਆਂ!

# ਪੰਜਾਬ ਵਿਚ ਮੁਹੱਲਾ ਕਲੀਨਿਕ ਅਤੇ ਸਿਹਤ ਸਹੂਲਤਾਂ ਦਾ ਹਾਲ

***ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਲੀ ਦੇ ਸਿਹਤ ਮਾਡਲ ਦੀ ਤਰਜ਼ 'ਤੇ ਪੰਜਾਬ ਵਿਚ ਵੀ ਮੁਹੱਲਾ ਕਲੀਨਿਕ ਖੋਲ੍ਹਣ ਦਾ ਫੈਸਲਾ ਕੀਤਾ ਹੈ ਪਰ ਦਿੱਲੀ ਦੇ ਇਸ ਸਿਹਤ ਮਾਡਲ ਦਾ ਹਾਲ ਲੋਕਾਂ ਨੇ ਕਰੋਨਾ ਵਾਇਰਸ ਦੇ ਸੰਕਟ ਵਾਲੇ ਦਿਨਾਂ ਵਿਚ ਬਾਖੂਬੀ ਦੇਖਿਆ ਹੈ। ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਪੰਜਾਬ ਸਰਕਾਰ ਦੇ ਇਸ ਫੈਸਲੇ ਦੇ ਪ੍ਰਸੰਗ ਵਿਚ ਕੁਝ ਅਹਿਮ ਸਵਾਲ ਉਠਾਏ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।***

ਸਿਹਤ ਅਤੇ ਸਿੱਖਿਆ ਮਨੁੱਖ ਦੀ ਜ਼ਿੰਦਗੀ ਨਾਲ ਜੁੜੇ ਦੋ ਅਹਿਮ ਵਿਸ਼ੇ ਹਨ। ਸਾਡੀਆਂ ਸਰਕਾਰਾਂ ਨੇ ਸ਼ੁਰੂ ਤੋਂ ਹੀ ਇਹਨਾਂ ਦੋਵਾਂ ਵਿਸ਼ਿਆਂ ਨੂੰ ਬਣਦੀ ਤਵੱਜੋ ਨਹੀਂ ਦਿੱਤੀ ਜਿਸ ਕਾਰਨ ਆਮ ਲੋਕ ਮਿਆਰੀ ਸਿਹਤ ਸਹੂਲਤਾਂ ਤੇ ਚੰਗੀ ਸਿੱਖਿਆ ਪ੍ਰਣਾਲੀ ਤੋਂ ਸੱਖਣੇ ਹਨ। ਆਮ ਆਦਮੀ ਪਾਰਟੀ ਆਪਣੀ ਹੋਂਦ ਸਮੇਂ ਤੋਂ ਹੀ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਦੇਣ ਦਾ ਵਾਅਦਾ ਕਰਦੀ ਆ ਰਹੀ ਹੈ। ਇਸੇ ਤਰਜ਼ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ ਦਿੱਲੀ ਦੇ ਸਿਹਤ ਮਾਡਲ ਦਾ ਜ਼ਿਕਰ ਕਰਦਿਆਂ ਦਿੱਲੀ ਦੇ ਮੁਹੱਲਾ ਕਲੀਨਿਕਾਂ ਦੇ ਪ੍ਰਚਾਰ ਨਾਲ ਪੰਜਾਬੀਆਂ ਨੂੰ ਮੁਫਤ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail. com

ਸਿਹਤ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਪੰਜਾਬ ਵਿਚ ਖੁੱਲ੍ਹ ਰਹੇ ਮੁਹੱਲਾ ਕਲੀਨਿਕਾਂ ਦੀ ਜੋ ਤਸਵੀਰ ਸਾਹਮਣੇ ਆਈ ਹੈ, ਉਸ ਅਨੁਸਾਰ ਤਾਂ ਜਾਪ ਰਿਹਾ ਹੈ ਜਿਵੇਂ ਨਹਿਰ ਵਿਚ ਪਿਆ ਪਾੜ ਕੋਈ ਖੁਰਪੇ ਨਾਲ ਬੰਦ ਕਰਨ ਦੀ ਸੋਚ ਰਿਹਾ ਹੋਵੇ।

ਪੰਜਾਬ ਸਰਕਾਰ ਦਿੱਲੀ ਸਰਕਾਰ ਦੇ ਮੁਹੱਲਾ ਕਲੀਨਿਕਾਂ ਦੀ ਤਰਜ਼ 'ਤੇ ਪੰਜਾਬ ਵਿਚ 'ਆਮ ਆਦਮੀ ਕਲੀਨਿਕ' ਖੋਲ੍ਹ ਰਹੀ ਹੈ ਜਿਸ ਦੇ ਪਹਿਲੇ ਪੜਾਅ ਤਹਿਤ 15 ਅਗਸਤ ਵਾਲੇ ਦਿਨ 75 ਕਲੀਨਿਕਾਂ ਦਾ ਉਦਘਾਟਨ ਕੀਤਾ ਜਾਵੇਗਾ। ਇਹ ਵੀ ਇਤਫਾਕ ਹੋਵੇਗਾ ਕਿ ਅਕਾਲੀ-ਭਾਜਪਾ ਸਰਕਾਰ ਨੇ ਸਰਕਾਰੀ ਪੈਸਾ ਖਰਚ ਕੇ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਹਿੱਤ ਇੱਕ ਨਿੱਜੀ ਕੰਪਨੀ ਦੀ ਭਾਈਵਾਲੀ ਨਾਲ ਜਿਸ ਬਿਲਡਿੰਗ ਵਿਚ ਸੁਵਿਧਾ ਸੈਂਟਰ ਖੋਲ੍ਹੇ, ਹੁਣ ਉਸੇ ਛੱਤ ਥੱਲੇ 'ਆਪ' ਸਰਕਾਰ ਨਿੱਜੀਕਰਨ ਨੂੰ ਉਤਸ਼ਾਹਿਤ ਕਰੇਗੀ। ਇਨ੍ਹਾਂ ਮੁਹੱਲਾ ਕਲੀਨਿਕਾਂ ਵਿਚ ਡਾਕਟਰ, ਫਾਰਮਾਸਿਸਟ, ਕਲੀਨਿਕਲ ਅਸਿਸਟੈਂਟ ਅਤੇ ਸਵੀਪਰ-ਕਮ-ਹੈਲਪਰ, ਸਭ ਸਟਾਫ ਠੇਕੇ ਦੇ ਅਧਾਰ 'ਤੇ ਨਿਯੁਕਤ ਕੀਤਾ ਜਾ ਰਿਹਾ ਹੈ। ਡਾਕਟਰਾਂ ਸਮੇਤ ਕਿਸੇ ਪੈਰਾ ਮੈਡੀਕਲ ਸਟਾਫ ਨੂੰ ਕੋਈ ਪੱਕੀ ਤਨਖਾਹ ਜਾਂ ਭੱਤਾ ਨਹੀਂ ਮਿਲੇਗਾ ਸਗੋਂ ਕਲੀਨਿਕਾਂ ਵਿਚ ਇਲਾਜ ਲਈ ਪਹੁੰਚਦੇ ਮਰੀਜ਼ਾਂ ਦੀ ਗਿਣਤੀ ਮੁਤਾਬਕ ਇਨ੍ਹਾਂ ਦੀ ਤਨਖਾਹ ਤੈਅ ਹੋਵੇਗੀ। ਸਟਾਫ ਦੀ ਤਨਖਾਹ ਮਰੀਜ਼ਾਂ ਦੀ ਗਿਣਤੀ ਅਨੁਸਾਰ ਤੈਅ ਹੋਵੇਗੀ। ਘੱਟ ਮਰੀਜ਼ ਆਉਣ 'ਤੇ ਘੱਟੋ-ਘੱਟ 50 ਮਰੀਜ਼ਾਂ ਦੇ ਆਧਾਰ 'ਤੇ ਤਨਖਾਹ ਤੈਅ ਹੋਵੇਗੀ। ਡਾਕਟਰ ਨੂੰ 50 ਰੁਪਏ ਪ੍ਰਤੀ ਮਰੀਜ਼, ਫਾਮਰਸਿਸਟਾਂ ਲਈ ਇਹ ਦਰ 12 ਰੁਪਏ ਪ੍ਰਤੀ ਮਰੀਜ਼ ਅਤੇ ਕਲੀਨਿਕ ਅਸਿਸਟੈਂਟ ਲਈ 11 ਰੁਪਏ ਪ੍ਰਤੀ ਮਰੀਜ਼ ਹੋਵੇਗੀ। ਇਨ੍ਹਾਂ ਕਲੀਨਿਕਾਂ ਦੀ ਸੰਭਾਲ ਅਤੇ ਬਿਹਤਰ ਸੇਵਾਵਾਂ ਦੀ ਜ਼ਿੰਮੇਵਾਰੀ ਯੋਜਨਾ ਹੇਠ ਆਏ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਹੋਵੇਗੀ। ਇਹਨਾਂ ਕਲੀਨਿਕਾਂ ਵਿਚ ਮਰੀਜਾਂ ਨੂੰ ਦਾਖਲ ਕਰਨ ਜਾਂ ਆਪ੍ਰੇਸ਼ਨ ਦੀ ਕੋਈ ਸਹੂਲਤ ਨਹੀਂ ਹੋਵੇਗੀ ਤੇ ਡਾਕਟਰ ਦਿਨ ਸਮੇਂ ਸਿਰਫ ਛੇ ਘੰਟੇ ਡਿਊਟੀ ਦੇਵੇਗਾ ਤੇ ਡਿਊਟੀ ਸਮੇਂ ਤੋਂ ਬਾਅਦ ਜਾਂ ਪਹਿਲਾਂ ਉਹ ਆਪਣੀ ਨਿੱਜੀ ਪ੍ਰੈਕਟਿਸ ਕਰ ਸਕਣਗੇ। ਇਹ ਕਲੀਨਿਕ ਪੰਜਾਬ ਦੇ ਕੁਝ ਹਸਪਤਾਲਾਂ ਵਾਂਗ ਮਰੀਜ਼ ਰੈਫਰ ਕੇਂਦਰ ਹੀ ਬਣ ਕੇ ਨਾ ਰਹਿ ਜਾਣ, ਬੇਸ਼ੱਕ ਕਿਹਾ ਤਾਂ ਇਹ ਗਿਆ ਹੈ ਕਿ ਡਾਕਟਰ ਮਰੀਜ਼ ਨੂੰ ਕਿਸੇ ਅਜਿਹੇ ਹਸਪਤਾਲ ਵਿਚ ਰੈਫਰ ਨਹੀਂ ਕਰ ਸਕਣਗੇ ਜਿੱਥੇ ਮਰੀਜ਼ ਨੂੰ ਜੇਬ ਤੋਂ ਇਲਾਜ-ਖਰਚ ਭਰਨਾ ਪਵੇ ਪਰ ਜਦ ਇਹਨਾਂ ਕਲੀਨਿਕਾਂ ਵਿਚ ਸੇਵਾ ਮੁਕਤ ਡਾਕਟਰ ਰੱਖੇ ਜਾਣਗੇ ਤੇ ਜ਼ਿਆਦਾਤਰ ਡਾਕਟਰ ਸੇਵਾ ਮੁਕਤੀ ਬਾਅਦ ਆਪਣੀ ਨਿੱਜੀ ਪ੍ਰੈਕਟਿਸ ਕਰਦੇ ਹਨ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕੁਝ ਡਾਕਟਰ ਤਾਂ ਭਗਵੰਤ ਮਾਨ ਦੇ ਬਣਾਏ ਕਲੀਨਿਕਾਂ ਵਿਚ 'ਮਰੀਜ਼ ਲੈਣ' ਹੀ ਆਇਆ ਕਰਨਗੇ।

ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੇਵਾ ਮੁਕਤੀ ਦਾ ਕੋਈ ਮਤਲਬ ਹੁੰਦਾ ਹੈ। ਜੇ ਕੇਂਦਰ ਅਤੇ ਸੂਬਾ ਸਰਕਾਰਾਂ 58 ਤੋਂ 60 ਸਾਲ ਦੀ ਉਮਰ ਦੇ ਮੁਲਾਜ਼ਮ ਨੂੰ ਸੇਵਾ ਮੁਕਤ ਕਰਦੀਆਂ ਹਨ ਤਾਂ ਸੇਵਾ ਮੁਕਤੀ ਬਾਅਦ ਦੁਬਾਰਾ ਠੇਕੇ 'ਤੇ ਭਰਤੀ ਕਰਨਾ ਕਿੰਨਾ ਕੁ ਜਾਇਜ਼ ਹੈ? ਭਗਵੰਤ ਮਾਨ ਸਰਕਾਰ ਸਾਡੇ ਸਮਾਜ ਦੇ ਸੀਨੀਅਰ ਸਿਟੀਜ਼ਨ (ਸਤਿਕਾਰਯੋਗ ਬਜ਼ੁਰਗਾਂ) ਨੂੰ ਕਦੇ




ਪਟਵਾਰੀ/ਕਾਨੂੰਗੋ ਭਰਤੀ ਕਰਨ ਲੱਗ ਜਾਂਦੀ ਹੈ ਤੇ ਕਦੇ ਡਾਕਟਰ ਭਰਤੀ ਕਰਦੀ ਹੈ ਹਾਲਾਂਕਿ ਦੁਨੀਆ ਭਰ ਵਿਚ ਸਭ ਤੋਂ ਵੱਧ ਨੌਜਵਾਨ ਆਬਾਦੀ ਸਾਡੇ ਮੁਲਕ ਦੀ ਹੈ। ਹਕੀਕਤ ਇਹ ਹੈ ਕਿ ਸੇਵਾ ਮੁਕਤ ਕਰਮਚਾਰੀ ਭਰਤੀ ਕਰਨ ਪਿੱਛੇ ਮੁੱਖ ਮਨਸ਼ਾ ਠੇਕਾ ਪ੍ਰਣਾਲੀ ਦੀ ਹੈ।

ਹਰ ਖੇਤਰ ਦੀ ਆਪੋ-ਆਪਣੀ ਭੂਗੋਲਿਕ, ਸਮਾਜਿਕ,ਆਰਥਿਕ, ਸਭਿਆਚਾਰਕ ਹੋਂਦ ਹੈ ਤਾਂ ਫਿਰ ਦਿੱਲੀ ਮਾਡਲ ਪੰਜਾਬ 'ਤੇ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਪੰਜਾਬ ਵਿਚ ਸਰਕਾਰੀ ਹਸਪਤਾਲਾਂ, ਸੀ.ਐਚ.ਸੀ., ਪੀ.ਐਚ.ਸੀ., ਡਿਸਪੈਂਸਰੀਆਂ ਦਾ ਵੱਡਾ ਢਾਂਚਾ ਮੌਜੂਦ ਹੈ ਜਿੱਥੇ ਸਟਾਫ, ਦਵਾਈਆਂ ਤੇ ਸਾਜ਼ੋ-ਸਮਾਨ ਦੀ ਵੱਡੀ ਘਾਟ ਹੈ। ਬਣਦਾ ਤਾਂ ਇਹ ਹੈ ਕਿ ਸਭ ਤੋਂ ਪਹਿਲਾਂ ਚੱਲ ਰਹੇ ਸਰਕਾਰੀ ਸਿਹਤ ਕੇਂਦਰਾਂ ਵਿਚਲੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ ਮਾਨ ਸਰਕਾਰ ਉਸ ਢਾਂਚੇ ਨੂੰ ਜਿਉਂ ਦਾ ਤਿਉਂ ਛੱਡ ਕੇ ਬਰਾਬਰ 'ਤੇ 'ਦਿੱਲੀ ਮਾਡਲ' ਖੜ੍ਹਾ ਕਰ ਰਹੀ ਹੈ। ਇੱਕ ਵਾਰ ਸੁਖਬੀਰ ਸਿੰਘ ਬਾਦਲ ਨੇ ਆਪਣੀ ਕਹੀ ਫੋਕੀ ਗੱਲ ਪੁਗਾਉਣ ਲਈ ਪਾਣੀ ਵਿਚ ਬੱਸ ਚਲਾ ਕੇ ਹੀ ਦਮ ਲਿਆ ਸੀ। ਲੱਗਦਾ ਹੈ, ਉਸੇ ਤਰ੍ਹਾਂ ਹੁਣ ਸਰਕਾਰ ਨਿੱਜੀਕਰਨ ਦੇ ਕੁਹਾੜੇ ਤਹਿਤ ਕਲੀਨਿਕ ਖੋਲ੍ਹ ਕੇ ਦਮ ਲਵੇਗੀ।

ਇਕੱਲੇ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿਚ ਸਿਹਤ ਸੇਵਾਵਾਂ ਦਾ ਬਹੁਤ ਬੁਰਾ ਹਾਲ ਹੈ। ਭਾਰਤ ਦੇ ਹਸਪਤਾਲ ਡਾਕਟਰਾਂ ਸਮੇਤ ਹਰ ਤਰ੍ਹਾਂ ਦੇ ਸਟਾਫ ਦੀ ਭਾਰੀ ਕਮੀ ਨਾਲ ਜੂਝ ਰਹੇ ਹਨ। ਨੈਸ਼ਨਲ ਹੈਲਥ ਪ੍ਰੋਫਾਈਲ 2019 ਦੇ ਅੰਕੜਿਆਂ ਮੁਤਾਬਕ ਭਾਰਤ ਦੇਸ਼ ਵਿਚ ਸਰਕਾਰੀ ਹਸਪਤਾਲਾਂ ਦੀ ਗਿਣਤੀ 26000 ਦੇ ਕਰੀਬ ਹੈ ਤੇ ਇਨ੍ਹਾਂ ਵਿਚੋਂ 21000 ਦੇ ਕਰੀਬ ਪੇਂਡੂ ਇਲਾਕਿਆਂ ਵਿਚ ਹਨ ਅਤੇ 5000 ਦੇ ਕਰੀਬ ਸ਼ਹਿਰੀ ਇਲਾਕਿਆਂ ਵਿਚ ਹਨ ਪਰ ਇਹ ਰਿਪੋਰਟ ਦਰਸਾਉਂਦੀ ਹੈ ਕਿ ਪੇਂਡੂ ਇਲਾਕਿਆਂ ਦੇ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਰੱਖਣ ਲਈ ਲੋੜੀਂਦੇ ਬੈੱਡ ਵੀ ਨਹੀਂ ਹਨ। ਬੈੱਡਾਂ ਦੀ ਗਿਣਤੀ ਭਾਵੇਂ ਸ਼ਹਿਰਾਂ ਵਿਚ ਵੀ ਚਿੰਤਾਜਨਕ ਹੈ ਪਰ ਪੇਂਡੂ ਇਲਾਕਿਆਂ ਵਿਚ ਤਾਂ 3100 ਮਰੀਜ਼ਾਂ ਪਿੱਛੇ ਇੱਕ ਬੈੱਡ ਹੈ। ਵਿਸ਼ਵ ਸਿਹਤ ਸੰਸਥਾ ਦੇ ਨਿਯਮ ਮੁਤਾਬਕ ਡਾਕਟਰ ਅਤੇ ਮਰੀਜ਼ਾਂ ਦਾ ਅਨੁਪਾਤ 1:1000 ਭਾਵ ਹਰ 1000 ਮਰੀਜ਼ ਪਿੱਛੇ 1 ਡਾਕਟਰ ਹੋਣਾ ਚਾਹੀਦਾ ਹੈ ਪਰ ਪੇਂਡੂ ਸਿਹਤ ਅੰਕੜਿਆਂ ਮੁਤਾਬਕ ਭਾਰਤ ਦੇ ਪੇਂਡੂ ਇਲਾਕਿਆਂ ਵਿਚ 26000 ਲੋਕਾਂ ਪਿੱਛੇ ਇੱਕ ਐਲੋਪੈਥਿਕ ਡਾਕਟਰ ਹੈ।

ਪੰਜਾਬ ਸਰਕਾਰ ਨੇ ਬਜਟ ਸੈਸ਼ਨ ਦੌਰਾਨ 16 ਨਵੇਂ ਮੈਡੀਕਲ ਕਾਲਜ ਖੋਲ੍ਹਣ ਦਾ ਐਲਾਨ ਤਾਂ ਕਰ ਦਿੱਤਾ ਪਰ ਜੇ ਇਸ ਤਰ੍ਹਾਂ ਪ੍ਰਤੀ ਮਰੀਜ਼ ਦੇ ਹਿਸਾਬ ਨਾਲ ਠੇਕੇ 'ਤੇ ਡਾਕਟਰਾਂ ਨੂੰ ਨਿਗੂਣੀਆਂ ਤਨਖਾਹਾਂ ਤਹਿਤ ਭਰਤੀ ਕਰਨਾ ਹੈ ਤਾਂ ਉਹ ਪੰਜਾਬ ਵਿਚ ਅਸੁਰੱਖਿਅਤ ਭਵਿੱਖ ਮਹਿਸੂਸ ਕਰਦਿਆਂ ਡਾਕਟਰੀ ਦੀ ਡਿਗਰੀ ਲੈ ਕੇ ਵਿਦੇਸ਼ ਉਡਾਰੀ ਹੀ ਮਾਰਨਗੇ।

'ਆਪ' ਸਰਕਾਰ ਸਿਹਤ ਸੇਵਾਵਾਂ ਪ੍ਰਤੀ ਕਿੰਨੀ ਗੰਭੀਰ ਹੈ, ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲੱਗ ਸਕਦਾ ਹੈ ਕਿ ਇਸ ਸਰਕਾਰ ਨੇ ਚਾਰ ਮਹੀਨਿਆਂ ਦੇ ਕਾਰਜਕਾਲ ਵਿਚ ਤੀਜਾ ਵਿਧਾਇਕ ਸਿਹਤ ਵਿਭਾਗ ਨੂੰ ਦੇਖ ਰਿਹਾ ਹੈ। ਸਰਕਾਰ ਕੋਲ ਐਮ.ਡੀ./ਐਮ.ਐਸ. ਦੀ ਯੋਗਤਾ ਪ੍ਰਾਪਤ ਮਾਹਿਰ ਡਾਕਟਰ ਵਿਧਾਇਕ ਹੋਣ ਦੇ ਬਾਵਜੂਦ ਮੈਟ੍ਰਿਕ ਪਾਸ ਵਿਧਾਇਕ ਨੂੰ ਸਿਹਤ ਮੰਤਰੀ ਲਾਇਆ ਹੈ। ਪਿੰਡ ਪੱਧਰ 'ਤੇ ਮੈਡੀਕਲ ਪ੍ਰੈਕਟੀਸ਼ਨਰ ਲੋਕਾਂ ਨੂੰ ਸਸਤੀਆਂ ਮੁੱਢਲੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ ਤੇ ਜੇ ਪੰਜਾਬ ਸਰਕਾਰ ਸੱਚਮੁੱਚ ਮੁਹੱਲਾ ਪੱਧਰ 'ਤੇ ਸਿਹਤ ਸਹੂਲਤਾਂ ਦੇਣਾ ਚਾਹੁੰਦੀ ਹੈ ਤਾਂ ਉਹਨਾਂ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਇੱਕ-ਦੋ ਸਾਲ ਦੀ ਟਰੇਨਿੰਗ ਦੇ ਕੇ ਬਿਹਤਰ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦੇ ਯੋਗ ਬਣਾਇਆ ਜਾ ਸਕਦਾ ਹੈ। ਦੂਜਾ ਢੰਗ ਇਹ ਹੈ ਕਿ ਹਰ ਪਿੰਡ/ਮੁਹੱਲੇ ਵਿਚ ਆਸ਼ਾ ਵਰਕਰਾਂ ਕੰਮ ਕਰ ਰਹੀਆਂ ਹਨ। ਸਰਕਾਰ ਆਸ਼ਾ ਵਰਕਰਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦੀ ਟਰੇਨਿੰਗ ਦੇ ਕੇ ਚੰਗੇ ਨਤੀਜੇ ਕੱਢ ਸਕਦੀ ਹੈ। ਪਿੱਛੇ ਜਿਹੇ ਸਰਕਾਰ ਨੇ ਡਿਸਪੈਂਸਰੀਆਂ ਵਿਚ ਡਾਕਟਰਾਂ/ਸਟਾਫ ਨਰਸਾਂ ਨੂੰ ਸੀ.ਐਚ.ਓ. ਵਜੋਂ ਭਰਤੀ ਕੀਤਾ ਹੈ ਤੇ ਉਹਨਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

'ਆਪ' ਲੀਡਰਸ਼ਿਪ ਨੂੰ ਸਮਝਣਾ ਚਾਹੀਦਾ ਹੈ ਕਿ ਪੰਜਾਬ ਅਜਿਹਾ ਸੂਬਾ ਹੈ ਜਿੱਥੇ ਦਾਨੀ ਸੱਜਣਾਂ ਕੋਲੋਂ ਜ਼ਮੀਨ ਦਾਨ ਲੈ ਕੇ ਹਸਪਤਾਲ ਲਈ ਕਮਰੇ ਤਾਂ ਬਣਵਾ ਦਿੱਤੇ ਹਨ ਪਰ ਸਰਕਾਰਾਂ ਨੇ ਲੋੜੀਂਦਾ ਸਟਾਫ ਨਹੀਂ ਭੇਜਿਆ। ਦਾਨੀ ਸੱਜਣਾਂ ਦੇ ਦਾਨ ਕੀਤੇ ਵੈਂਟੀਲੇਟਰ ਚਲਾਉਣ ਲਈ ਸਰਕਾਰੀ ਹਸਪਤਾਲਾਂ ਵਿਚ ਕਰਮਚਾਰੀ ਨਹੀਂ ਹਨ। ਸੋ, ਪੰਜਾਬ ਵਿਚ ਸਥਿਤੀ ਅਨੁਸਾਰ ਫੈਸਲੇ ਕਰਨ ਦੀ ਲੋੜ ਹੈ ਨਾ ਕਿ ਕੋਈ ਮਾਡਲ ਥੋਪਣ ਦੀ ਲੋੜ ਹੈ। ਦਿੱਲੀ ਦੇ ਜਿਸ ਸਿਹਤ ਮਾਡਲ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਉਸ ਮਾਡਲ ਨੂੰ ਕਰੋਨਾ ਵਾਇਰਸ ਦੇ ਦਿਨਾਂ ਵਿਚ ਪੂਰੀ ਦੁਨੀਆ ਨੇ ਦੇਖਿਆ ਹੈ ਜਦ ਕੁਝ ਹਸਪਤਾਲਾਂ ਵਿਚ ਆਕਸੀਜਨ ਦੀ ਘਾਟ ਰੜਕਦੀ ਰਹੀ ਸੀ। ਕਿਸੇ ਸਮੇਂ ਚੀਨ ਨੇ ਲੋਕਾਂ ਨੂੰ ਮਿਆਰੀ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਸਨ ਤੇ ਕਰੋਨਾ ਵਾਇਰਸ ਦੇ ਦਿਨਾਂ ਵਿਚ ਜਦ ਅਮਰੀਕਾ ਵਰਗੇ ਮੁਲਕ ਆਪਣੇ ਲੋਕਾਂ ਨੂੰ ਬਣਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਿਚ ਅਸਫਲ ਰਹੇ, ਉਸੇ ਸਮੇਂ ਕਿਊਬਾ ਨੇ ਦੁਨੀਆ ਦੇ ਅਨੇਕਾਂ ਮੁਲਕਾਂ ਵਿਚ ਡਾਕਟਰ ਤੇ ਸਿਹਤ ਸਹੂਲਤਾਂ ਭੇਜੀਆਂ ਹਨ। ਇਸ ਲਈ ਇਨ੍ਹਾਂ ਤੋਂ ਕੁਝ ਸਿੱਖਣ ਦੀ ਲੋੜ ਹੈ ਪਰ 'ਆਪ' ਦੇ ਇਸ ਪ੍ਰੋਜੈਕਟ ਵਿਚੋਂ ਸਿਹਤ ਸਹੂਲਤਾਂ ਮੁਹੱਈਆ ਕਰਨ ਦਾ ਘੱਟ ਪਰ ਸਿਆਸਤ ਦਾ ਫਿਕਰ ਜ਼ਿਆਦਾ ਨਜ਼ਰ ਆ ਰਿਹਾ ਹੈ। ਇਹ ਮੁਹੱਲਾ ਕਲੀਨਿਕ ਨੂੰ 'ਆਪ' ਦੇ ਸਿਆਸੀ ਬ੍ਰਾਂਡ ਵਜੋਂ ਪੇਸ਼ ਕਰਨ ਲੱਗੇ ਹੋਏ ਹਨ।

# ਆਦਿਵਾਸੀ ਰਾਸ਼ਟਰਪਤੀ ਅਤੇ ਆਦਿਵਾਸੀਆਂ ਦੀ ਹੋਣੀ

ਜਿਸ ਦਿਨ ਆਦਿਵਾਸੀ ਦਰੋਪਦੀ ਮੁਰਮੂ ਦੇ ਸਿਰ ਰਾਸ਼ਟਰਪਤੀ ਦਾ ਤਾਜ ਸਜਾਉਣ ਲਈ ਵੋਟਾਂ ਪੈ ਰਹੀਆਂ ਸਨ, ਉਸੇ ਦਿਨ ਜਗਦਲਪੁਰ (ਛੱਤੀਸਗੜ੍ਹ) ਦੀ ਵਿਸ਼ੇਸ਼ ਐਨ.ਆਈ.ਏ. ਅਦਾਲਤ ਵੱਲੋਂ 121 ਬੇਕਸੂਰ ਆਦਿਵਾਸੀਆਂ ਨੂੰ ਬਰੀ ਕੀਤੇ ਜਾਣ ਦੀ ਖਬਰ ਵੀ ਆਈ। ਉਹ ਪੰਜ ਸਾਲ ਤੋਂ ਬਿਨਾ ਜ਼ਮਾਨਤ ਜੇਲ੍ਹ 'ਚ ਬੰਦ ਸਨ। ਉਨ੍ਹਾਂ ਨੂੰ 2017 'ਚ ਸੁਰੱਖਿਆ ਬਲਾਂ ਉਪਰ ਮਾਓਵਾਦੀ ਛਾਪਾਮਾਰਾਂ ਵੱਲੋਂ ਕੀਤੇ ਹਮਲੇ 'ਚ ਸਹਿਯੋਗ ਦੇਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਸੀ। ਬੁਰਕਾਪਾਲ ਪਿੰਡ ਲਾਗੇ ਹਮਲੇ 'ਚ ਸੀ.ਆਰ.ਪੀ.ਐਫ. ਦੇ 25 ਜਵਾਨ ਮਾਰੇ ਗਏ ਸਨ। ਬੁਖਲਾਹਟ ਵਿਚ ਆਈ ਪੁਲਿਸ ਨੇ ਆਲੇ-ਦੁਆਲੇ ਦੇ ਛੇ ਪਿੰਡਾਂ ਉਪਰ ਧਾਵਾ ਬੋਲ ਕੇ ਆਪਣੇ ਕੰਮਕਾਰ ਕਰ ਰਹੇ 125 ਆਦਿਵਾਸੀਆਂ ਨੂੰ ਗ੍ਰਿਫਤਾਰ ਕਰ ਲਿਆ, ਉਨ੍ਹਾਂ ਨੂੰ ਮਾਓਵਾਦੀ ਹਮਲੇ ਦੇ ਕੇਸ 'ਚ ਨਾਮਜ਼ਦ ਕਰ ਲਿਆ ਅਤੇ ਯੂ.ਏ.ਪੀ.ਏ., ਛੱਤੀਸਗੜ੍ਹ ਸਪੈਸ਼ਲ ਸਕਿਉਰਿਟੀ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਐਕਟ ਤੇ ਹੋਰ ਕਾਲੇ ਕਾਨੂੰਨ ਲਗਾ ਕੇ ਜੇਲ੍ਹ ਭੇਜ ਦਿੱਤਾ ਤਾਂ ਜੋ ਉਨ੍ਹਾਂ ਦੀ ਜ਼ਮਾਨਤ ਨਾ ਹੋ ਸਕੇ। 125 ਵਿਚੋਂ ਸਿਰਫ 3 ਨਾਬਾਲਗ ਬੱਚਿਆਂ ਨੂੰ ਜ਼ਮਾਨਤ ਦਿੱਤੀ ਗਈ। ਇਕ ਆਦਿਵਾਸੀ ਦੀ ਜੇਲ੍ਹ ਵਿਚ ਮੌਤ ਹੋ ਗਈ। ਬਾਕੀ 121 ਆਦਿਵਾਸੀਆਂ ਨੂੰ ਪੰਜ ਸਾਲ ਜੇਲ੍ਹ ਵਿਚ ਸਾੜਿਆ ਗਿਆ। ਉਨ੍ਹਾਂ ਵਿਰੁੱਧ ਕੋਈ ਚਾਰਜਸ਼ੀਟ ਪੇਸ਼ ਨਹੀਂ ਕੀਤੀ ਗਈ। ਪੁਲਿਸ ਉਨ੍ਹਾਂ ਦੇ ਕਥਿਤ ਜੁਰਮ ਦਾ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੀ ਅਤੇ ਜਦੋਂ ਚਾਰ ਸਾਲ ਬਾਅਦ ਮੁਕੱਦਮਾ ਚੱਲਿਆ ਤਾਂ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ 'ਚ 9 ਆਦਿਵਾਸੀਆਂ ਨੂੰ ਵੀ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਜਿਨ੍ਹਾਂ ਨੂੰ ਪੁਲਿਸ ਨੇ ਬੰਬ ਧਮਾਕੇ ਦੀ ਝੂਠੀ ਕਹਾਣੀ ਘੜ ਕੇ ਫਸਾਇਆ ਸੀ। ਉਨ੍ਹਾਂ ਨੂੰ ਵੀ ਪੰਜ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ। ਛੱਤੀਸਗੜ੍ਹ, ਝਾਰਖੰਡ ਅਤੇ ਉੜੀਸਾ ਦੀਆਂ ਜੇਲ੍ਹਾਂ ਬੇਕਸੂਰ ਆਦਿਵਾਸੀਆਂ ਨਾਲ ਭਰੀਆਂ ਪਈਆਂ ਹਨ। ਆਦਿਵਾਸੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਣ ਲਈ ਬਣਾਏ ਜਗਦਲਪੁਰ ਲੀਗਲ ਏਡ ਗਰੁੱਪ ਦੇ ਅਧਿਐਨ ਅਨੁਸਾਰ ਛੱਤੀਸਗੜ੍ਹ ਦੀ ਜਗਦਲਪੁਰ ਜੇਲ੍ਹ ਵਿਚ ਕੁਲ ਕੈਦੀਆਂ 'ਚੋਂ 62%, ਕਾਂਕੇਰ ਜੇਲ੍ਹ ਵਿਚ 97.5% ਅਤੇ ਦਾਂਤੇਵਾੜਾ ਜੇਲ੍ਹ ਵਿਚ 99.5% ਵਿਚਾਰ-ਅਧੀਨ ਕੈਦੀ ਸਨ।

121 ਆਦਿਵਾਸੀਆਂ ਦੀ ਰਿਹਾਈ ਰਾਜਕੀ ਦਹਿਸ਼ਤਵਾਦ ਨੂੰ ਬੇਪਰਦ ਕਰਦੀ ਹੈ ਜਿਸ ਤਹਿਤ ਪੁਲਿਸ ਅਤੇ ਸੁਰੱਖਿਆ ਬਲ ਖਾਸ ਖੇਤਰਾਂ ਵਿਚ ਗਿਣ-ਮਿਥ ਕੇ ਬੇਤਹਾਸ਼ਾ ਗ੍ਰਿਫਤਾਰੀਆਂ ਕਰਦੇ ਹਨ ਅਤੇ ਬੇਕਸੂਰ ਲੋਕਾਂ ਨੂੰ ਜੇਲ੍ਹਾਂ 'ਚ ਸੁੱਟਦੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਾਜ ਸਭਾ 'ਚ ਪੇਸ਼ ਕੀਤੇ ਅੰਕੜੇ ਯੂ.ਏ.ਪੀ.ਏ. ਕੇਸਾਂ ਦੀ ਹਕੀਕਤ ਬਿਆਨ ਕਰਦੇ ਹਨ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਜ ਸਭਾ 'ਚ ਜਾਣਕਾਰੀ ਦਿੱਤੀ ਕਿ 2016 ਤੋਂ ਲੈ ਕੇ 2020 ਤੱਕ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ 24134 ਲੋਕਾਂ ਵਿਰੁੱਧ ਯੂ.ਏ.ਪੀ.ਏ. ਤਹਿਤ 5027 ਕੇਸ ਦਰਜ ਕੀਤੇ ਗਏ। ਉਨ੍ਹਾਂ ਵਿਚੋਂ ਸਿਰਫ 212 ਨੂੰ ਦੋਸ਼ੀ ਕਰਾਰ ਦਿੱਤਾ ਗਿਆ। 386 ਲੋਕ ਬਰੀ ਕਰ ਦਿੱਤੇ ਗਏ। ਇਸ ਤਰ੍ਹਾਂ ਦਹਿਸ਼ਤਵਾਦ ਵਿਰੋਧੀ ਕਾਨੂੰਨ ਤਹਿਤ ਗ੍ਰਿਫਤਾਰ ਕੀਤੇ 97.5 ਫੀਸਦੀ ਵਿਚਾਰ-ਅਧੀਨ ਕੈਦੀ ਸਿਰਫ ਮੁਕੱਦਮਾ ਚਲਾਏ ਜਾਣ ਦੀ ਇੰਤਜ਼ਾਰ 'ਚ ਹੀ ਐਨੇ ਸਾਲ ਜੇਲ੍ਹ 'ਚ ਸੜਦੇ ਰਹੇ ਅਤੇ ਸੜ ਰਹੇ ਹਨ। ਜਗਦਲਪੁਰ ਲੀਗਲ ਏਡ ਗਰੁੱਪ ਨੇ ਆਪਣੇ ਅਧਿਐਨ 'ਚ ਖੁਲਾਸਾ ਕੀਤਾ ਸੀ ਕਿ ਬਸਤਰ ਵਿਚ ਇਨ੍ਹਾਂ ਕੇਸਾਂ 'ਚ ਬਰੀ ਹੋਣ ਦੀ ਔਸਤ ਦਰ 95.7 ਫੀਸਦੀ ਹੈ।

ਯੂ.ਏ.ਪੀ.ਏ. ਵਰਗੇ ਕਾਨੂੰਨ ਖਾਸ ਤੌਰ 'ਤੇ ਬਣਾਏ ਹੀ ਇਸ ਮਕਸਦ ਲਈ ਗਏ ਹਨ। ਯੂ.ਏ.ਪੀ.ਏ. ਕਾਨੂੰਨ ਮਨਮੋਹਨ ਸਿੰਘ-ਸੋਨੀਆ ਗਾਂਧੀ ਦੀ ਸਰਕਾਰ ਨੇ ਬਣਾਇਆ ਸੀ। ਫਿਰ ਕਾਂਗਰਸ ਅਤੇ ਭਾਜਪਾ ਸਰਕਾਰਾਂ ਨੇ ਸੋਧਾਂ ਕਰਕੇ ਇਸ ਨੂੰ ਇਸ ਤਰੀਕੇ ਨਾਲ ਅਤਿਅੰਤ ਬੇਕਿਰਕ ਬਣਾਇਆ ਤਾਂ ਜੋ ਗ੍ਰਿਫਤਾਰ ਵਿਅਕਤੀ ਦੀ ਜ਼ਮਾਨਤ ਨਾ ਹੋ ਸਕੇ। ਹਕੂਮਤ ਜਿੰਨਾ ਸਮਾਂ ਚਾਹੇ, ਉਸ ਨੂੰ ਬਿਨਾ ਮੁਕੱਦਮਾ ਚਲਾਏ ਜੇਲ੍ਹ ਵਿਚ ਰੱਖ ਸਕਦੀ ਹੈ ਕਿਉਂਕਿ ਕਾਨੂੰਨ ਕਹਿੰਦਾ ਹੈ ਕਿ ਜੇ ਅਦਾਲਤ ਨੂੰ ਪਹਿਲੀ ਨਜ਼ਰੇ ਹੀ (ਬਿਨਾ ਮੁਕੱਦਮੇ ਚਲਾਏ) ਦੋਸ਼ ਸੱਚ ਜਾਪਦੇ ਹਨ ਤਾਂ ਮੁਲਜ਼ਮ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। 2019 'ਚ ਆਰ.ਐਸ.ਐਸ.-ਭਾਜਪਾ ਸਰਕਾਰ ਨੇ ਇਸ ਵਿਚ ਵਿਸ਼ੇਸ਼ ਸੋਧ ਕਰਕੇ ਇਸ ਦਾ ਘੇਰਾ ਹੋਰ ਵਿਸ਼ਾਲ ਕਰ ਲਿਆ। ਪਹਿਲਾਂ ਪੁਲਿਸ ਜਾਂ ਜਾਂਚ ਏਜੰਸੀ ਨੂੰ ਯੂ.ਏ.ਪੀ.ਏ. ਲਗਾਉਣ ਲਈ ਗ੍ਰਿਫਤਾਰ ਕੀਤੇ ਵਿਅਕਤੀ ਦਾ ਸਬੰਧ ਕਿਸੇ ਗੈਰ-ਕਾਨੂੰਨੀ ਜਥੇਬੰਦੀ ਨਾਲ ਦਿਖਾਉਣਾ ਪੈਂਦਾ ਸੀ। ਨਵੀਂ ਸੋਧ ਰਾਹੀਂ ਕਿਸੇ ਵੀ ਬੰਦੇ ਨੂੰ ਸਿਰਫ ਦਹਿਸ਼ਤਗਰਦ ਕਰਾਰ ਦੇ ਕੇ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਕਾਨੂੰਨ ਤਹਿਤ 'ਪ੍ਰਕਿਰਿਆ ਹੀ ਸਜ਼ਾ' ਹੈ। ਇਹ 'ਪ੍ਰਕਿਰਿਆ' ਐਨੀ ਬੇਕਿਰਕ ਹੈ ਕਿ ਭਾਰਤ ਦੇ ਮੌਜੂਦਾ ਚੀਫ ਜਸਟਿਸ ਐਨ.ਵੀ. ਰਾਮੰਨਾ ਨੂੰ ਵੀ ਇਸ ਉਪਰ ਚਿੰਤਾ ਜ਼ਾਹਿਰ ਕਰਨੀ ਪਈ ਹੈ।

ਬੇਗੁਨਾਹਾਂ ਦੀ ਜੇਲ੍ਹਬੰਦੀ ਹਕੂਮਤ ਦੇ ਇਸ਼ਾਰੇ 'ਤੇ ਉਨ੍ਹਾਂ ਕੌਮੀਅਤਾਂ ਅਤੇ ਦੱਬੇ-ਕੁਚਲੇ ਭਾਈਚਾਰਿਆਂ ਨੂੰ ਸਬਕ ਸਿਖਾਉਣ ਦੀ ਰਾਜਕੀ ਨੀਤੀ ਦਾ ਹਿੱਸਾ ਹੈ ਜੋ ਸਵੈ-ਨਿਰਣੇ ਦਾ ਹੱਕ ਲੈਣ, ਆਪਣੀ ਜਲ-ਜੰਗਲ-ਜ਼ਮੀਨ ਬਚਾਉਣ ਜਾਂ ਗਰੀਬੀ ਦੇ ਨਰਕ 'ਚੋਂ ਨਿੱਕਲ ਕੇ ਸਨਮਾਨਜਨਕ ਮਨੁੱਖੀ ਜਿਊਣ ਲਈ ਜ਼ਿੰਦਗੀ ਲਈ ਲੜ ਰਹੇ ਹਨ। ਦਹਿ ਹਜ਼ਾਰਾਂ ਬੇਕਸੂਰ ਲੋਕ ਜੇਲ੍ਹਾਂ 'ਚ ਸੜਨ ਲਈ ਮਜਬੂਰ ਹਨ। ਮੁਸਲਮਾਨਾਂ ਅਤੇ ਕਸ਼ਮੀਰੀਆਂ ਨੂੰ ਉਨ੍ਹਾਂ ਦਹਿਸ਼ਤਵਾਦੀ ਵਾਰਦਾਤਾਂ ਲਈ ਜ਼ਿੰਮੇਵਾਰ ਕਰਾਰ ਦੇ ਕੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੁੰਦਾ।



ਰਾਸ਼ਟਰਪਤੀ ਵਜੋਂ ਹਲਫ ਲੈ ਰਹੀ ਦਰੋਪਦੀ ਮੁਰਮੂ ਅਤੇ (ਸੱਜੇ) ਆਪਣੇ ਹੱਕਾਂ ਲਈ ਜੂਝ ਰਹੇ ਆਦਿਵਾਸੀ।

ਐਸੇ ਕਈ ਦਹਿਸ਼ਤਵਾਦੀ ਕਾਂਡਾਂ ਪਿੱਛੇ ਸਾਧਵੀ ਪ੍ਰੱਗਿਆ-ਸ੍ਰੀਕਾਂਤ ਪ੍ਰੋਹਿਤ ਵਰਗੇ ਹਿੰਦੁਤਵੀ ਦਹਿਸ਼ਤਗਰਦਾਂ ਦੀ ਭੂਮਿਕਾ ਜੱਗ ਜ਼ਾਹਿਰ ਹੋ ਚੁੱਕੀ ਹੈ। ਪਿਛਲੇ ਸਾਲਾਂ 'ਚ ਐਸੇ ਬਹੁਤ ਸਾਰੇ ਬੇਕਸੂਰ ਮੁਸਲਮਾਨ ਅਦਾਲਤਾਂ ਨੇ ਰਿਹਾ ਕੀਤੇ ਹਨ ਜਿਨ੍ਹਾਂ ਨੂੰ 7-8 ਸਾਲ ਤੋਂ ਲੈ ਕੇ 15 ਸਾਲ ਤੱਕ ਜੇਲ੍ਹਾਂ ਵਿਚ ਸੜਨਾ ਪਿਆ।

ਜਦੋਂ 'ਪ੍ਰਕਿਰਿਆ ਰਾਹੀਂ ਸਜ਼ਾ' ਦੇ ਮਨੋਰਥ ਵਾਲੇ ਕਾਨੂੰਨ ਮੌਜੂਦ ਹਨ, ਤੇ ਹੁਕਮਰਾਨ ਹਰ ਹੀਲੇ ਆਦਿਵਾਸੀਆਂ ਨੂੰ ਉਜਾੜ ਕੇ ਜੰਗਲਾਂ ਅਤੇ ਪਹਾੜਾਂ ਨੂੰ ਖਣਨ ਕਾਰਪੋਰੇਟ ਕਾਰੋਬਾਰੀਆਂ ਦੇ ਹਵਾਲੇ ਕਰਨ 'ਤੇ ਤੁਲੇ ਹੋਏ ਹਨ ਤਾਂ ਸੰਥਾਲ ਆਦਿਵਾਸੀ ਔਰਤ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਬਣਾਉਣਾ ਮਹਿਜ਼ ਦੁਨੀਆ ਦੇ ਅੱਖੀਂ ਘੱਟਾ ਪਾਉਣ ਦੀ ਰਾਜਸੀ ਚਾਲ ਤੋਂ ਸਿਵਾਇ ਕੁਝ ਨਹੀਂ ਹੈ। ਇਹ ਆਰ.ਐਸ.ਐਸ. ਦੀ ਪ੍ਰਤੀਕਾਂ ਰਾਹੀਂ ਉਨ੍ਹਾਂ ਹਿੱਸਿਆਂ ਦਾ ਵਿਸ਼ਵਾਸ ਜਿੱਤਣ ਦੀ ਨੀਤੀ ਦਾ ਹਿੱਸਾ ਹੈ ਜਿਨ੍ਹਾਂ 'ਚ ਇਸ ਦਾ ਰਸੂਖ ਅਤੇ ਪਕੜ ਕਮਜ਼ੋਰ ਹੈ ਜਾਂ ਜਿਨ੍ਹਾਂ ਹਿੱਸਿਆਂ ਨੂੰ ਨਿਗਲ ਕੇ ਇਹ ਉਨ੍ਹਾਂ ਦੀ ਵੱਖਰੀ ਹੋਂਦ ਖਤਮ ਕਰਨਾ ਚਾਹੁੰਦੇ ਹਨ। ਇਸੇ ਲਈ ਪਿਛਲੀ ਵਾਰ ਦਲਿਤ ਨੂੰ ਅਤੇ ਇਸ ਵਾਰ ਆਦਿਵਾਸੀ ਨੂੰ ਰਾਸ਼ਟਰਪਤੀ ਬਣਾਇਆ ਗਿਆ। ਭਗਵੀਂ ਹਕੂਮਤ ਇਹ ਪ੍ਰਭਾਵ ਦੇਣਾ ਚਾਹੁੰਦੀ ਹੈ ਕਿ ਆਰ.ਐਸ.ਐਸ.-ਭਾਜਪਾ ਉਪਰ ਔਰਤਾਂ ਨੂੰ ਮੁੜ ਮਨੂਵਾਦ ਦੀ ਗੁਲਾਮੀ ਵੱਲ ਧੱਕਣ ਦੇ ਦੋਸ਼ ਬੇਬੁਨਿਆਦ ਹਨ, ਦੇਖੋ ਅਸੀਂ ਤਾਂ ਔਰਤ ਨੂੰ ਰਾਸ਼ਟਰਪਤੀ ਬਣਾਇਆ ਹੈ। ਉਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਾਨੂੰ ਸਮਾਜੀ-ਸਭਿਆਚਾਰਕ ਵੰਨ-ਸਵੰਨਤਾ ਵਿਰੋਧੀ ਤਾਕਤ ਵਜੋਂ ਦੇਖਣਾ ਗਲਤ ਹੈ, ਦੇਖੋ ਅਸੀਂ ਤਾਂ ਸਭ ਤੋਂ ਪਿਛੜੇ ਹਿੱਸੇ ਆਦਿਵਾਸੀ ਭਾਈਚਾਰੇ ਨੂੰ ਰਾਸ਼ਟਰਪਤੀ ਦੇ ਅਹੁਦੇ ਉਪਰ ਬਿਠਾਇਆ ਹੈ। ਇਸ ਕਵਾਇਦ ਦੀ ਜ਼ਰੂਰਤ ਇਸ ਕਰਕੇ ਹੈ, ਕਿਉਂਕਿ ਆਦਿਵਾਸੀ ਮੁਲਕ ਦੀ ਵਸੋਂ ਦਾ ਐਸਾ ਮਹੱਤਵਪੂਰਨ ਹਿੱਸਾ ਹਨ ਜਿਨ੍ਹਾਂ ਨੂੰ ਆਰ.ਐਸ.ਐਸ. ਇਸਾਈ ਪ੍ਰਭਾਵ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਹਿੰਦੂ ਧਰਮ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਜਿਨ੍ਹਾਂ ਨੂੰ ਵੋਟ ਸਮੀਕਰਨ ਅੰਦਰ ਮੁਸਲਮਾਨਾਂ ਦੀ ਤਰ੍ਹਾਂ ਨਜ਼ਰਅੰਦਾਜ਼ ਕਰਨ ਦਾ ਜੋਖਮ ਨਹੀਂ ਲਿਆ ਜਾ ਸਕਦਾ। ਉਨ੍ਹਾਂ ਨੂੰ 'ਪਾਕਿਸਤਾਨ ਚਲੇ ਜਾਓ' ਦੀਆਂ ਧਮਕੀਆਂ ਦੇ ਕੇ ਜਾਂ ਪਾਕਿਸਤਾਨ ਦੇ ਏਜੰਟ ਹੋਣ ਦਾ ਠੱਪਾ ਲਗਾ ਕੇ ਬਾਕੀ ਲੋਕਾਂ 'ਚੋਂ ਨਿਖੇੜਿਆ ਵੀ ਨਹੀਂ ਜਾ ਸਕਦਾ। ਇਸੇ ਲਈ ਉਨ੍ਹਾਂ ਨੂੰ ਕਾਬੂ ਕਰਨ ਲਈ ਇਕ ਪਾਸੇ ਨਕਸਲੀ/ਮਾਓਵਾਦੀ ਕਰਾਰ ਦੇ ਕੇ ਜੇਲ੍ਹਾਂ ਵਿਚ ਸਾੜਿਆ ਜਾਂ ਝੂਠੇ ਮੁਕਾਬਲਿਆਂ 'ਚ ਮਾਰਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਆਦਿਵਾਸੀ ਪਿੱਛੋਕੜ ਵਾਲੀ ਔਰਤ ਨੂੰ ਪ੍ਰਤੀਕ ਦੇ ਰੂਪ 'ਚ ਰਾਸ਼ਟਰਪਤੀ ਬਣਾ ਕੇ ਉਨ੍ਹਾਂ ਦੇ ਅੱਖੀਂ ਘੱਟਾ ਪਾਉਣ ਦੀ ਚਾਲ ਖੇਡੀ ਗਈ ਹੈ।

ਦਰਅਸਲ ਆਦਿਵਾਸੀ ਲੋਕ ਕੁਲ ਆਲਮ 'ਚ ਕੁਦਰਤ ਅਤੇ ਵਾਤਾਵਰਨ ਨੂੰ ਬਚਾਉਣ ਲਈ ਲੜ ਰਹੀ ਮੁੱਖ ਤਾਕਤ ਹਨ। ਭਾਰਤ ਵਿਚ ਉਹ ਜੰਗਲਾਂ ਅਤੇ ਪਹਾੜਾਂ 'ਚ ਲਗਾਏ ਜਾ ਰਹੇ ਖਣਨ ਪ੍ਰੋਜੈਕਟਾਂ ਵਿਰੁੱਧ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਆਦਿਵਾਸੀ ਖੇਤਰਾਂ ਦੀਆਂ ਵਿਸ਼ਾਲ ਪੱਟੀਆਂ 'ਚ ਮਾਓਵਾਦੀਆਂ ਦੀ ਅਗਵਾਈ ਹੇਠਲੇ ਵਿਆਪਕ ਆਦਿਵਾਸੀ ਟਾਕਰੇ ਨੂੰ ਕੁਚਲਣ ਲਈ ਹੀ ਸਲਵਾ ਜੁਡਮ ਅਤੇ ਅਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀ ਨਸਲਕੁਸ਼ੀ ਸ਼ੁਰੂ ਕੀਤੀ ਗਈ ਸੀ ਜੋ ਹੁਣ ਵੀ ਜਾਰੀ ਹੈ। ਇਸ ਨਸਲਕੁਸ਼ੀ ਉਪਰ ਪਰਦਾਪੋਸ਼ੀ ਲਈ 20 ਦੇ ਕਰੀਬ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਇਸੇ ਲਈ ਸਟੇਨ ਸਵਾਮੀ ਨੂੰ ਬਿਨਾ ਇਲਾਜ ਜੇਲ੍ਹ ਵਿਚ ਮਾਰਿਆ ਗਿਆ ਅਤੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਉਪਰ ਸੁਪਰੀਮ ਕੋਰਟ ਦੇ ਫੈਸਲੇ ਦੀ ਆੜ 'ਚ ਗ੍ਰਿਫਤਾਰੀ ਦੀ ਤਲਵਾਰ ਲਟਕਾਈ ਗਈ ਹੈ। ਤਮਾਮ ਰਾਜਕੀ ਦਹਿਸ਼ਤਵਾਦ ਦੇ ਬਾਵਜੂਦ ਜਲ, ਜੰਗਲ ਅਤੇ ਜ਼ਮੀਨ ਦੀ ਰਾਖੀ ਲਈ ਅਤੇ ਜੰਗਲਾਂ ਵਿਚ ਨੀਮ-ਫੌਜੀ ਕੈਂਪਾਂ ਦਾ ਜਾਲ ਵਿਛਾਏ ਜਾਣ ਵਿਰੁੱਧ ਬਹੁਤ ਸਾਰੇ ਥਾਵਾਂ ਉਪਰ ਆਦਿਵਾਸੀ ਅੰਦੋਲਨ ਲਗਾਤਾਰ ਚੱਲ ਰਹੇ ਹਨ। ਸਿਲਗੇਰ ਦੇ ਆਦਿਵਾਸੀ ਪਿਛਲੇ ਇਕ ਸਾਲ ਤੋਂ ਸੁਰੱਖਿਆ ਬਲਾਂ ਦੇ ਕੈਂਪਾਂ ਦਾ ਪਸਾਰਾ ਰੋਕਣ ਲਈ ਪੱਕਾ ਮੋਰਚੇ ਲਗਾਈ ਬੈਠੇ ਹਨ। ਮੱਧ ਭਾਰਤ ਵਿਚ ਛੱਤੀਸਗੜ੍ਹ ਦੇ ਪੌਣੇ ਦੋ ਲੱਖ ਹੈਕਟੇਅਰ ਰਕਬੇ 'ਚ ਫੈਲੇ 'ਹਸਦੇਵ ਅਰੰਡ ਵਣ ਖੇਤਰ' ਵਿਚ ਰਾਜਸਥਾਨ ਬਿਜਲੀ ਉਤਪਾਦਨ ਕਾਰਪੋਰੇਸ਼ਨ ਦੀ ਮਾਲਕੀ ਵਾਲੇ ਪ੍ਰੋਜੈਕਟ ਵਿਰੁੱਧ ਦਸ ਸਾਲ ਤੋਂ ਅੰਦੋਲਨ ਚੱਲ ਰਿਹਾ ਹੈ। ਇਸ ਪ੍ਰੋਜੈਕਟ ਦਾ ਕਰਤਾ-ਧਰਤਾ ਅਡਾਨੀ ਗਰੁੱਪ ਹੈ। ਆਦਿਵਾਸੀ ਤਰਜ਼ੇ-ਜ਼ਿੰਦਗੀ ਅਤੇ ਵਾਤਾਵਰਨ ਬਚਾਉਣ ਦੇ ਪੱਖੋਂ ਇਹ ਜੰਗਲ ਐਨੇ ਮਹੱਤਵਪੂਰਨ ਹਨ ਕਿ ਅੰਦੋਲਨ ਦੇ ਦਬਾਓ ਕਾਰਨ ਛੱਤੀਸਗੜ੍ਹ ਸਰਕਾਰ ਨੂੰ ਮਈ 2022 'ਚ ਰੁੱਖਾਂ ਦੀ ਕਟਾਈ ਰੋਕਣੀ ਪਈ। ਇਨ੍ਹਾਂ ਰੁੱਖਾਂ ਦੀ ਕਟਾਈ ਸੰਵਿਧਾਨ ਦੀ 5ਵੀਂ ਸੂਚੀ ਤਹਿਤ ਆਦਿਵਾਸੀ ਇਲਾਕਿਆਂ ਨੂੰ ਦਿੱਤੀ ਸੁਰੱਖਿਆ ਦੀ ਸ਼ਰੇਆਮ ਉਲੰਘਣਾ ਕਰਕੇ ਅਤੇ 2009 'ਚ ਇਸ ਨੂੰ ਕੇਂਦਰ ਸਰਕਾਰ ਵੱਲੋਂ 'ਨੋ-ਗੋ ਖੇਤਰ' ਐਲਾਨੇ ਜਾਣ ਦੇ ਬਾਵਜੂਦ ਕੀਤੀ ਜਾ ਰਹੀ ਸੀ। ਕਾਨੂੰਨ ਇਹ ਹੈ ਕਿ ਕੋਈ ਵੀ ਪ੍ਰੋਜੈਕਟ ਲਗਾਉਣ ਤੋਂ ਪਹਿਲਾਂ ਆਦਿਵਾਸੀ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣੀ ਜ਼ਰੂਰੀ ਹੈ ਪਰ ਪ੍ਰਸ਼ਾਸਨ ਨੇ ਗ੍ਰਾਮ ਸਭਾਵਾਂ ਦੀ ਸਹਿਮਤੀ ਲਏ ਬਿਨਾ ਹੀ ਜਾਂ ਗ੍ਰਾਮ ਸਭਾਵਾਂ ਦੇ ਨਾਂ ਹੇਠ ਜਾਅਲੀ ਮਤੇ ਪਾ ਕੇ ਜੰਗਲ ਕੱਟਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਜਿਸ ਨੂੰ ਵਿਆਪਕ ਵਿਰੋਧ ਨੇ ਸਫਲ ਨਹੀਂ ਹੋਣ ਦਿੱਤਾ। ਹੁਣ ਕੇਂਦਰ ਸਰਕਾਰ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਵਿਚ ਸੋਧੇ ਹੋਏ ਫਾਰੈਸਟ ਕਲੀਅਰੈਂਸ ਰੂਲਜ਼-2022 ਪਾਸ ਕਰਾਉਣ ਦੀ ਤਿਆਰੀ 'ਚ ਹੈ। ਇਨ੍ਹਾਂ ਸੋਧਾਂ ਰਾਹੀਂ ਜੰਗਲਾਂ ਦੀ ਕਟਾਈ ਦੀ ਕਲੀਅਰੈਂਸ ਲੈਣ ਤੋਂ ਪਹਿਲਾਂ ਆਦਿਵਾਸੀਆਂ ਦੇ ਹੱਕਾਂ ਨੂੰ ਮਾਨਤਾ ਦੇਣ ਦੀ ਸੰਵਿਧਾਨਕ ਵਿਵਸਥਾ ਕਮਜ਼ੋਰ ਕੀਤੀ ਜਾ ਰਹੀ ਹੈ ਅਤੇ ਗ੍ਰਾਮ ਸਭਾ ਦੀ ਸਹਿਮਤੀ ਲੈਣ ਦੀ ਸ਼ਰਤ ਖਤਮ ਕੀਤੀ ਜਾ ਰਹੀ ਹੈ।

ਪਰ ਪ੍ਰਤੀਕਾਂ ਦੀ ਚਲਾਕੀ ਕੌੜੀ ਹਕੀਕਤ ਉਪਰ ਪਰਦਾ ਨਹੀਂ ਪਾ ਸਕਦੀ। ਭਾਰਤ ਵਿਚ ਰਾਸ਼ਟਰਪਤੀ ਵੈਸੇ ਵੀ ਹੁਕਮਰਾਨ ਧਿਰ ਲਈ ਮਹਿਜ਼ 'ਰਬੜ ਦੀ ਮੋਹਰ' ਮੰਨਿਆ ਜਾਂਦਾ ਹੈ। ਇਹ ਤੈਅ ਹੈ ਕਿ ਆਦਿਵਾਸੀਆਂ ਦਾ ਘਾਣ ਆਦਿਵਾਸੀ ਰਾਸ਼ਟਰਪਤੀ ਦੇ ਹੁੰਦਿਆਂ ਹੋਵੇਗਾ ਅਤੇ ਦਰੋਪਦੀ ਮੁਰਮੂ ਇਸ ਨੂੰ ਰੋਕਣ ਲਈ ਉਸੇ ਤਰ੍ਹਾਂ ਕੁਝ ਨਹੀਂ ਕਰ ਸਕੇਗੀ, ਜਿਵੇਂ 'ਸਿੱਖ' ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ 1984 ਦੇ ਸਿੱਖ ਕਤਲੇਆਮ 'ਚ ਕੁਝ ਨਹੀਂ ਕਰ ਸਕਿਆ ਸੀ। ਜੇ ਆਰਥਿਕ ਜਾਂ ਹੋਰ ਸ਼ਕਲਾਂ 'ਚ ਨਸਲਕੁਸ਼ੀ ਨੂੰ ਕੋਈ ਤਾਕਤ ਰੋਕ ਸਕਦੀ ਹੈ ਤਾਂ ਉਹ ਸਿਰਫ ਲੋਕ ਤਾਕਤ ਹੈ, ਜਿਵੇਂ ਹੁਣ ਤੱਕ ਤਬਾਹੀ ਦੇ ਬਹੁਤ ਸਾਰੇ ਪ੍ਰੋਜੈਕਟਾਂ ਨੂੰ ਲੋਕ ਟਾਕਰੇ ਨੇ ਰੋਕਿਆ ਹੋਇਆ ਹੈ ਅਤੇ ਵੇਦਾਂਤਾ ਵਰਗੀਆਂ ਕਾਰਪੋਰੇਟ ਕੰਪਨੀਆਂ ਨੂੰ ਆਪਣੇ ਪ੍ਰੋਜੈਕਟ ਬੰਦ ਕਰਨ ਲਈ ਮਜਬੂਰ ਵੀ ਕੀਤਾ ਹੈ।

# ਸ੍ਰੀਲੰਕਾ ਦੇ ਸ਼ਾਸਕ ਅਤੇ ਲੋਕ

ਸ੍ਰੀਲੰਕਾ ਦੀਆਂ ਹਾਲੀਆ ਘਟਨਾਵਾਂ ਵਿਚ ਉਥੋਂ ਦੀ ਚੁਣੀ ਹੋਈ ਸਰਕਾਰ ਦੀ ਬਦਇੰਤਜ਼ਾਮੀ ਤੋਂ ਪ੍ਰੇਸ਼ਾਨ ਲੋਕਾਂ ਦਾ ਰੋਹ ਬੇਕਾਬੂ ਹੋ ਗਿਆ। ਰਾਜਪਕਸੇ ਭਰਾਵਾਂ ਦੀ ਅਗਵਾਈ ਹੇਠਲੀ ਸਰਕਾਰ ਖਿਲਾਫ ਲੋਕਾਂ ਦੇ ਮਨਾਂ ਅੰਦਰ ਰੋਸ ਜਮ੍ਹਾਂ ਹੋ ਰਿਹਾ ਸੀ ਤੇ ਫਿਰ ਕਈ ਹਫਤਿਆਂ ਦੀ ਬਦਅਮਨੀ ਤੇ

**ਜੀ. ਪਾਰਥਾਸਾਰਥੀ**

ਰੋਸ ਮੁਜ਼ਾਹਰਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਨੂੰ ਅਹੁਦਾ ਛੱਡਣਾ ਪਿਆ। ਕੁਝ ਸਮੇਂ ਬਾਅਦ ਜਦੋਂ ਲੋਕ ਰੋਹ ਹੋਰ ਤਿੱਖਾ ਹੋ ਗਿਆ ਤਾਂ ਰਾਸ਼ਟਰਪਤੀ ਗੋਟਾਬਾਯਾ ਰਾਜਪਕਸੇ ਨੂੰ ਵੀ ਦੇਸ਼ ਛੱਡ ਕੇ ਭੱਜਣਾ ਪੈ ਗਿਆ। ਰਾਜਪਕਸੇ ਪਰਿਵਾਰ ਖਿਲਾਫ ਲੋਕਾਂ ਦਾ ਰੋਹ ਉਦੋਂ ਚਰਮ 'ਤੇ ਪਹੁੰਚ ਗਿਆ ਜਦੋਂ ਲੋਕਾਂ ਨੇ ਰਾਸ਼ਟਰਪਤੀ ਭਵਨ ਵਿਚ ਦਾਖਲ ਹੋ ਕੇ ਇਸ 'ਤੇ ਕਬਜ਼ਾ ਕਰ ਲਿਆ।

ਵੱਡੇ ਭਰਾ ਮਹਿੰਦਾ ਰਾਜਪਕਸੇ ਵਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਤੋਂ ਬਾਅਦ ਰਾਸ਼ਟਰਪਤੀ ਗੋਟਾਬਾਯਾ ਰਾਜਪਕਸੇ ਨੇ ਰਨਿਲ ਵਿਕਰਮਸਿੰਘੇ ਨੂੰ ਆਪਣੇ ਭਰਾ ਦੀ ਥਾਂ ਨਵਾਂ ਪ੍ਰਧਾਨ ਮੰਤਰੀ ਥਾਪ ਦਿੱਤਾ ਜੋ ਪਹਿਲਾਂ ਵੀ ਪੰਜ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਸਨ। ਵਿਕਰਮਸਿੰਘੇ ਨੂੰ ਪ੍ਰਧਾਨ ਮੰਤਰੀ ਥਾਪੇ ਜਾਣ ਦਾ ਵੱਡਾ ਕਾਰਨ ਇਹ ਸੀ ਕਿ ਕੌਮਾਂਤਰੀ ਵਿੱਤੀ ਅਦਾਰਿਆਂ ਵਿਚ ਉਨ੍ਹਾਂ ਦੀ ਸਾਖ ਮਜ਼ਬੂਤ ਵਿੱਤੀ ਪ੍ਰਸ਼ਾਸਕ ਵਜੋਂ ਬਣੀ ਹੋਈ ਸੀ ਪਰ ਜਲਦੀ ਹੀ ਸਾਫ ਹੋ ਗਿਆ ਕਿ ਸੱਤਾ ਵਿਚ ਰਾਜਪਕਸੇ ਪਰਿਵਾਰ ਦੇ ਦਿਨ ਪੁੱਗ ਗਏ ਹਨ। ਆਰਥਿਕ ਹਾਲਾਤ ਨਿਘਰ ਜਾਣ ਕਰ ਕੇ ਸ੍ਰੀਲੰਕਾ ਵਿਚ ਰੋਜ਼ਮੱਰਾ ਗੁਜ਼ਰ-ਬਸਰ ਮੁਹਾਲ ਹੋ ਗਿਆ ਸੀ।

ਰਾਜਪਕਸੇ ਪਰਿਵਾਰ ਲਈ ਹਾਲਾਤ ਉਦੋਂ ਗੰਭੀਰ ਬਣ ਗਏ ਜਦੋਂ ਕੋਵਿਡ-19 ਨੇ ਦਸਤਕ ਦਿੱਤੀ ਸੀ। ਸੈਲਾਨੀਆਂ ਦੀ ਆਮਦ ਲਗਭਗ ਬੰਦ ਹੋ ਗਈ ਅਤੇ ਸੈਰ-ਸਪਾਟੇ ਨਾਲ ਜੁੜੇ ਸਾਰੇ ਖੇਤਰਾਂ ਵਿਚ ਬੇਰੁਜ਼ਗਾਰੀ ਵਧਣ ਲੱਗੀ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸੇ ਨੇ ਖੇਤੀਬਾੜੀ ਲਈ ਰਸਾਇਣਕ ਖਾਦਾਂ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਪਰ ਇਸ ਦਾ ਕੋਈ ਅਨੁਮਾਨ ਨਾ ਲਾਇਆ ਕਿ ਇਸ ਦਾ ਕਿਹੋ ਜਿਹਾ ਅਸਰ ਪੈ ਸਕਦਾ ਹੈ। ਇਸ ਨਾਲ ਖਾਸਕਰ ਚਾਹ ਖੇਤਰ ਨੂੰ ਭਾਰੀ ਢਾਹ ਵੱਜੀ। ਚਾਹ ਦੀਆਂ ਬਰਾਮਦਾਂ ਵਿਚ ਕਮੀ ਆ ਗਈ। ਚੀਨ ਦੀ ਨਾਰਾਜ਼ਗੀ ਦੇ ਵੀ ਸੰਕੇਤ ਆ ਰਹੇ ਸਨ; ਸ੍ਰੀਲੰਕਾ ਸਰਕਾਰ ਨੇ ਪਿਛਲੇ ਸਾਲ ਫਰਵਰੀ ਮਹੀਨੇ ਐਲਾਨ ਕੀਤਾ ਸੀ ਕਿ ਭਾਰਤ ਅਤੇ ਜਪਾਨ ਮਿਲ ਕੇ ਕੋਲੰਬੋ ਬੰਦਰਗਾਹ ਦਾ ਵੈਸਟ ਕੰਟੇਨਰ ਟਰਮੀਨਲ ਵਿਕਸਤ ਕਰਨਗੇ। ਇਸ ਪੇਸ਼ਕਦਮੀ ਕਰ ਕੇ ਚੀਨ ਨੂੰ ਕੋਲੰਬੋ ਬੰਦਰਗਾਹ ਦੇ ਵੈਸਟ ਕੰਟੇਨਰ ਟਰਮੀਨਲ 'ਤੇ ਉਸ ਦੀ ਇਕੱਲੇ ਦੀ ਮੌਜੂਦਗੀ ਦੀ ਖਾਹਿਸ਼ ਪੂਰੀ ਨਹੀਂ ਹੋ ਸਕੀ ਸੀ। ਇਸ ਸਾਲ 29 ਮਈ ਨੂੰ ਉਤਰੀ ਜਾਫਨਾ ਨਾਲ ਲਗਦੇ ਸ੍ਰੀਲੰਕਾ ਦੇ ਟਾਪੂਆਂ 'ਤੇ ਪਣ ਬਿਜਲੀ ਪ੍ਰਾਜੈਕਟਾਂ ਵਿਚ ਭਾਰਤੀ ਨਿਵੇਸ਼ ਬਾਬਤ ਸਮਝੌਤਾ ਕੀਤਾ ਗਿਆ ਜਿਸ ਮੌਕੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ ਜੈਸ਼ੰਕਰ ਵੀ ਮੌਜੂਦ ਸਨ। ਪਿਛਲੇ ਸਾਲ ਇਹ ਪ੍ਰਾਜੈਕਟ ਚੀਨ ਨੂੰ ਸੌਂਪੇ ਗਏ ਸਨ ਪਰ ਭਾਰਤ ਵਲੋਂ ਸੁਰੱਖਿਆ ਇਤਰਾਜ਼ ਜ਼ਾਹਿਰ ਕੀਤੇ ਜਾਣ ਕਰ ਕੇ ਚੀਨ ਪਿਛਾਂਹ ਹਟ ਗਿਆ ਸੀ। ਇਹ ਟਾਪੂ ਤਾਮਿਲ ਨਾਡੂ ਤਟ ਦੇ ਬਹੁਤ ਕਰੀਬ ਹਨ।

ਜਦੋਂ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਰਾਸ਼ਟਰਪਤੀ ਦੀ ਚੋਣ ਲਈ ਤਿਆਰ ਹੋ ਰਹੇ ਸਨ ਤਾਂ ਸੱਤਾਧਾਰੀ ਸ੍ਰੀਲੰਕਾ ਪੋਡੂਜਨਾ ਪਾਰਟੀ (ਐਸ.ਐਲ.ਪੀ.ਪੀ.) ਨੇ ਆਖਰੀ ਪਲਾਂ 'ਤੇ ਸਾਬਕਾ ਪੱਤਰਕਾਰ ਦੁਲਾਸ ਅਲ੍ਹਾਪੇਰੁਮਾ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ। ਉਂਝ, ਵਿਕਰਮਸਿੰਘੇ ਨੇ ਭੁਗਤੀਆਂ ਕੁੱਲ 219 ਵੋਟਾਂ ਵਿਚੋਂ 134 ਵੋਟਾਂ ਹਾਸਲ ਕਰ ਕੇ ਪਾਰਲੀਮੈਂਟ ਵਿਚ ਭਾਰੀ ਹਮਾਇਤ ਜੁਟਾ ਲਈ ਅਤੇ ਸੱਤਾਧਾਰੀ ਪਾਰਟੀ ਦੇ ਦੁਲਾਸ ਅਲ੍ਹਾਪੇਰੁਮਾ ਦੇ ਹੱਕ ਵਿਚ ਸਿਰਫ 82 ਵੋਟਾਂ ਪਈਆਂ। ਸਪੱਸ਼ਟ ਹੁੰਦਾ ਹੈ ਕਿ ਸੱਤਾਧਾਰੀ ਪਾਰਟੀ ਦੇ ਮੈਂਬਰ ਵੀ ਇਹ ਵਿਸ਼ਵਾਸ ਕਰਦੇ ਹਨ ਕਿ ਵਿਕਰਮਸਿੰਘੇ ਵਿਦੇਸ਼ੀ ਸਰਕਾਰਾਂ ਅਤੇ ਆਈ.ਐਮ.ਐਫ. ਅਤੇ ਸੰਸਾਰ ਬੈਂਕ ਜਿਹੇ ਕੌਮਾਂਤਰੀ ਵਿੱਤੀ ਅਦਾਰਿਆਂ ਨਾਲ ਸਭ ਤੋਂ ਵਧੀਆ ਢੰਗ ਨਾਲ ਸਿੱਝਣ ਦੇ ਸਮੱਰਥ ਹਨ। ਉਂਝ, ਆਪਣੇ ਹੀ ਦੇਸ਼ ਦੇ ਮਾਯੂਸ ਅਤੇ ਗੁੱਸੇ ਨਾਲ ਭਰੇ ਲੋਕਾਂ ਨਾਲ ਸਿੱਝਣਾ ਵਿਕਰਮਸਿੰਘੇ ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗਾ।

ਭਾਰਤ ਇਸ ਗੱਲ ਦਾ ਧਰਵਾਸ ਲੈ ਸਕਦਾ ਹੈ ਕਿ ਇਸ ਦੀਆਂ ਨੀਤੀਆਂ ਦੀ ਸ੍ਰੀਲੰਕਾ ਵਿਚ ਪ੍ਰਸ਼ੰਸਾ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀਲੰਕਾ ਨਾਲ ਸਬੰਧ ਸੁਧਾਰਨ ਦੀ ਇੱਛਾ ਦੀ ਸ਼ਲਾਘਾ ਕੀਤੀ ਹੈ। 1980ਵਿਆਂ ਵਿਚ ਜਦੋਂ ਭਾਰਤ ਦੇ ਇਰਾਦਿਆਂ ਬਾਰੇ ਸ੍ਰੀਲੰਕਾ ਵਿਚ ਸੰਦੇਹ ਕੀਤਾ ਜਾਂਦਾ ਸੀ, ਉਨ੍ਹਾਂ ਸਮਿਆਂ ਵਿਚ ਉਥੇ ਸੇਵਾਵਾਂ ਨਿਭਾਉਣ ਕਰ ਕੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਜੈਸ਼ੰਕਰ ਨੂੰ ਸ੍ਰੀਲੰਕਾ ਦੇ ਸ਼ੰਕਿਆਂ ਅਤੇ ਧਰਮ ਸੰਕਟ ਬਾਰੇ ਚੰਗੀ ਤਰ੍ਹਾਂ ਪਤਾ ਹੈ। ਕੋਲੰਬੋ ਵਿਚ ਭਾਰਤ ਦੇ ਹਾਈ ਕਮਿਸ਼ਨਰ ਗੋਪਾਲ ਬਾਗਲੇ ਨੇ ਚੁੱਪ-ਚਾਪ ਇਹ ਯਕੀਨੀ ਬਣਾਇਆ ਹੈ ਕਿ ਭਾਰਤ ਨੂੰ ਸ੍ਰੀਲੰਕਾ ਵਿਚ ਭਰੋਸੇ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਵੇ। ਭਾਰਤ ਨੂੰ ਨਾ ਕੇਵਲ ਸ੍ਰੀਲੰਕਾ ਵਿਚ ਰਾਬਤਾ ਬਣਾ ਕੇ ਰੱਖਣ ਦੀ ਲੋੜ ਹੈ ਸਗੋਂ ਆਈ.ਐਮ.ਐਫ., ਸੰਸਾਰ ਬੈਂਕ ਅਤੇ ਏਸ਼ਿਆਈ ਵਿਕਾਸ ਬੈਂਕ ਜਿਹੇ ਕੌਮਾਂਤਰੀ ਅਦਾਰਿਆਂ ਨਾਲ ਵੀ ਤਾਲਮੇਲ ਬਣਾ ਕੇ ਰੱਖਣਾ ਪਵੇਗਾ ਤਾਂ ਕਿ ਸ੍ਰੀਲੰਕਾ ਦੇ ਅਰਥਚਾਰੇ ਨੂੰ ਸੰਕਟ ਵਿਚੋਂ ਕੱਢ ਕੇ ਲੀਹ 'ਤੇ ਚਾੜ੍ਹਨ ਦੇ ਯਤਨਾਂ ਵਿਚ ਤੇਜ਼ੀ ਆ ਸਕੇ। ਸ੍ਰੀਲੰਕਾ ਦੇ ਧਮਾਕੇਦਾਰ ਅਤੇ ਲੋਕਪ੍ਰਿਯਾ ਖੱਬੂ ਬੱਲੇਬਾਜ਼ ਸਨਤ ਜੈਸੂਰਿਆ ਨੇ ਹਾਲ ਹੀ ਵਿਚ ਆਖਿਆ ਹੈ: "ਭਾਰਤ ਨੇ ਸੰਕਟ ਸ਼ੁਰੂ ਹੋਣ ਵੇਲੇ ਤੋਂ ਹੀ ਸਾਡੀ ਮਦਦ ਕੀਤੀ ਹੈ। ਅਸੀਂ ਉਸ ਦੇ ਸ਼ੁਕਰਗੁਜ਼ਾਰ ਹਾਂ। ਭਾਰਤ ਸ੍ਰੀਲੰਕਾ ਲਈ ਅਹਿਮ ਭੂਮਿਕਾ ਨਿਭਾ ਰਿਹਾ ਹੈ।"

# ਮਿੱਟੀ ਰੰਗੇ ਲੋਕਾਂ ਦਾ ਕਥਾਕਾਰ ਫਿਓਦਰ ਦਾਸਤੋਵਸਕੀ

***ਸੰਸਾਰ ਸਾਹਿਤ ਵਿਚ ਰੂਸੀ ਲਿਖਾਰੀ ਫਿਓਦਰ ਦਾਸਤੋਵਸਕੀ ਦਾ ਸਥਾਨ ਬਹੁਤ ਉਚ ਦਮਾਲੜਾ ਹੈ। ਉਸ ਦੀਆਂ ਰਚਨਾਵਾਂ ਦਾ ਜਾਦੂ ਸਾਹਿਤ ਪ੍ਰੇਮੀਆਂ ਜਾਂ ਆਲੋਚਕਾਂ ਉਤੇ ਹੀ ਨਹੀਂ, ਹੋਰ ਖੇਤਰ ਨਾਲ ਵਾਬਸਤਾ ਲੋਕਾਂ ਦੇ ਸਿਰ ਚੜ੍ਹ ਵੀ ਬੋਲਿਆ। ਉਸ ਨੇ ਆਪਣੇ ਅਨੁਭਵ ਅੰਦਰੋਂ ਅਜਿਹੇ ਪਾਤਰਾਂ ਦੀ ਸਿਰਜਣਾ ਕੀਤੀ ਜਿਹੜੇ ਪਾਠਕਾਂ ਨੂੰ ਜ਼ਿੰਦਗੀ ਦੇ ਅਣਗਿਣਤ ਰੰਗਾਂ ਦੀ ਦੁਨੀਆ ਅੰਦਰ ਲੈ ਜਾਂਦੇ ਹਨ। ਇਸ ਜਿਊੜੇ ਬਾਰੇ ਕੈਲੇਫੋਰਨੀਆ ਵੱਸਦੇ ਸ਼ਾਇਰ ਅਜੇ ਤਨਵੀਰ ਨੇ ਅਜਿਹੇ ਸ਼ਬਦ ਜੋੜੇ ਹਨ ਜਿਹੜੇ ਦਾਸਤੋਵਸਕੀ ਦੀ ਦਾਸਤਾਨ ਹੀ ਬਿਆਨ ਨਹੀਂ ਕਰਦੇ ਸਗੋਂ ਪਾਠਕ ਨੂੰ ਸਗਲ ਸਮਾਜ ਦੇ ਰੂਬਰੂ ਕਰਵਾਉਂਦੇ ਹਨ।***

ਸਾਹਿਤ ਵਿਚ ਰੂਸੀਆਂ ਦੀ ਬੁਲੰਦੀ ਦਾ ਸਿਖਰ ਕਿੰਨਾ ਕੁ ਵੱਡਾ ਹੈ, ਇਹ ਤੈਅ ਕਰਨਾ ਬਹੁਤ ਮੁਸ਼ਕਿਲ ਹੈ। ਰੂਸੀਆਂ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਇਹ ਲੋਕ ਬਹੁਤ ਪੜ੍ਹਦੇ ਹਨ। ਇਨ੍ਹਾਂ ਕੋਲੋਂ ਨੀਂਦ ਡਰਦੀ ਹੈ। ਰਾਤ ਦਿਨ ਇਨ੍ਹਾਂ ਦੀਆਂ ਅੱਖਾਂ ਵਿਚ ਅੱਖਰਾਂ ਦਾ ਮੇਲਾ ਲੱਗਾ ਰਹਿੰਦਾ ਹੈ। ਪੁਰਾਤਨ ਰੂਸੀ ਸਾਹਿਤ ਵਿਚ ਅਨੇਕਾਂ ਰੰਗ ਸ਼ਾਮਲ ਹਨ ਪਰ 1830 ਦੇ ਦੁਆਲੇ ਰੂਸੀ ਸਾਹਿਤ ਵਿਚ ਕਵਿਤਾ, ਵਾਰਤਕ, ਨਾਟਕ ਆਦਿ ਦੇ ਸ਼ਾਨਦਾਰ ਯੁੱਗ ਦਾ ਆਰੰਭ ਹੋ ਗਿਆ ਸੀ। ਵਸੀਲੀ ਜ਼ੂਕੋਵਸਕੀ ਤੋਂ ਬਾਅਦ ਉਸ ਦੇ ਸ਼ਾਗਿਰਦ ਅਲੈਗਜ਼ੈਂਡਰ ਪੁਸ਼ਕਿਨ ਨੇ ਮੋਹਰੀ ਭੂਮਿਕਾ ਨਿਭਾਈ। ਨਿਕੋਲਾਈ ਗੋਗੋਲ ਦੀ ਨਾਵਲਕਾਰੀ ਵਿਚ ਧਾਂਕ ਕਿਸੇ ਤੋਂ ਗੁੱਝੀ ਨਹੀਂ। ਹੋਰ ਵੀ ਬਹੁਤ ਸਿਰਕੱਢ ਨਾਮ ਹਨ। ਗਿਣਤੀ ਕਰਨੀ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੈ।



ਇਨ੍ਹਾਂ ਵਿਚੋਂ ਇਕ ਨਾਮ ਫਿਓਦੋਰ ਦਾਸਤੋਵਸਕੀ (1821-1881)

**ਅਜੇ ਤਨਵੀਰ**

ਦਾ ਹੈ। ਉਹ ਰੂਸੀ ਸਾਹਿਤ ਦਾ ਵਣਜਾਰਾ ਹੀ ਨਹੀਂ, ਦੁਨੀਆ ਦੇ ਸਾਹਿਤ ਦਾ ਉਸਰਈਆ ਹੈ। ਅੱਜ ਵੀ ਸਾਹਿਤ ਵਿਚ ਉਸ ਦੀ ਤੂਤੀ ਬੋਲਦੀ ਹੈ। ਅੱਖਰ ਉਸ ਨੂੰ ਗੁੜ੍ਹਤੀ ਵਿਚ ਮਿਲੇ ਸਨ। ਬਚਪਨ ਵਿਚ ਉਹ ਖਿਡੌਣਿਆਂ ਨਾਲ ਨਹੀਂ, ਅੱਖਰਾਂ ਨਾਲ ਖੇਡਦਾ ਹੋਵੇਗਾ। ਫਿਓਦੋਰ ਦਾਸਤੋਵਸਕੀ ਦਾ ਜਨਮ ਮਿਖਾਈਲ ਦਾਸਤੋਵਸਕੀ ਅਤੇ ਮਾਰੀਆ ਨੇਚਾਏਵਾ ਦੇ ਘਰ ਹੋਇਆ। ਮਿਖਾਈਲ ਦਾਸਤੋਵਸਕੀ ਜ਼ਾਰ ਦੀ ਫੌਜ ਵਿਚ ਡਾਕਟਰ ਸੀ। ਇਥੇ ਉਸ ਦੀ ਮੁਲਾਕਾਤ ਮਸਕਵਾ ਦੇ ਵੱਡੇ ਵਪਾਰੀ ਫਿਓਦਰ ਨਿਚਾਏਫ ਦੀ ਧੀ ਨਾਲ ਹੋਈ। ਇਹ ਮਾਰੀਆ ਨਿਚਾਏਵਾ ਸੀ। ਇਸ ਮੁਲਾਕਾਤ 'ਤੇ ਮੁਹੱਬਤ ਦਾ ਐਸਾ ਰੰਗ ਚੜ੍ਹਿਆ ਕਿ ਦੋਹਾਂ ਨੇ ਵਿਆਹ ਕਰਾ ਲਿਆ।

ਦਾਸਤੋਵਸਕੀ ਦਾ ਨਾਮ ਉਸ ਦੇ ਨਾਨੇ ਦੇ ਨਾਮ ਉਤੇ ਹੀ ਰੱਖਿਆ ਗਿਆ। ਉਹ ਕਈ ਥਾਈਂ ਜ਼ਿਕਰ ਕਰਦਾ ਹੈ: ਮੇਰਾ ਪਰਿਵਾਰ ਧਾਰਮਿਕ ਰੁਚੀਆਂ ਵਿਚ ਕਾਫੀ ਵਿਸ਼ਵਾਸ ਰੱਖਦਾ ਸੀ। ਜਿਵੇਂ ਹਰ ਬੱਚੇ ਨੂੰ ਆਪਣੇ ਪਰਿਵਾਰ ਵਿਚ ਦਿਲਚਸਪੀ ਹੁੰਦੀ ਹੈ, ਮੈਨੂੰ ਵੀ ਬਹੁਤ ਸੀ; ਐਨੀ ਵੀ ਨਹੀਂ, ਉਂਝ ਸੀ। ਘਰ ਵਿਚ ਪਿਤਾ ਦਾ ਰਾਜ ਸੀ। ਸਾਰੇ ਉਸ ਦੀ ਆਗਿਆ ਦਾ ਪਾਲਣ ਕਰਦੇ ਸਨ। ਰਾਤ ਸੌਣ ਤੋਂ ਪਹਿਲਾਂ ਸਾਰੇ ਬੱਚੇ ਰੱਬ ਅੱਗੇ ਦੁਆ ਕਰਦੇ। ਦਾਸਤੋਵਸਕੀ ਦਾ ਪਰਿਵਾਰ ਪੜ੍ਹਿਆ ਲਿਖਿਆ ਸੀ। ਬਚਪਨ ਤੋਂ ਹੀ ਦਾਸਤੋਵਸਕੀ ਦੀ ਪਛਾਣ ਪੁਸ਼ਕਿਨ, ਜ਼ੂਕੋਵਸਕੀ, ਕਰੱਮਜ਼ਿਨ, ਦੇਰਜ਼ਾਇਰ ਵਰਗੇ ਸਾਹਿਤਕਾਰਾਂ ਦੀਆਂ ਰਚਨਾਵਾਂ ਨਾਲ ਹੋਈ।

ਦਾਸਤੋਵਸਕੀ ਦੇ ਪਿਤਾ ਇਤਿਹਾਸਕਾਰ ਨਿਕੋਲਾਈ ਕਰੱਮਜ਼ਿਨ ਦੇ ਉਪਾਸ਼ਕ ਸਨ। ਉਹ ਬੱਚਿਆਂ ਨੂੰ ਉਸ ਦੀਆਂ ਰਚਨਾਵਾਂ ਪੜ੍ਹ ਕੇ ਸੁਣਾਉਂਦੇ। ਦਾਸਤੋਵਸਕੀ ਇਕ ਥਾਂ ਲਿਖਦਾ ਹੈ: ਕਰੱਮਜ਼ਿਨ ਦਾ ਰੂਸ ਬਾਰੇ ਲਿਖਿਆ ਇਤਿਹਾਸ ਮੈਨੂੰ ਮੂੰਹ ਜ਼ੁਬਾਨੀ ਯਾਦ ਹੋ ਗਿਆ ਸੀ, ਉਦੋਂ ਮੈਂ ਸਿਰਫ ਦਸ ਸਾਲ ਦਾ ਸੀ। ਦਸ ਸਾਲ ਦੀ ਉਮਰ ਵਿਚ ਦਾਸਤੋਵਸਕੀ ਨੂੰ ਅੱਖਰ ਗਿਆਨ ਹੋ ਗਿਆ ਸੀ। ਉਸ ਨੇ ਰੂਸੀ ਭਾਸ਼ਾ ਪੜ੍ਹਨੀ ਸ਼ੁਰੂ ਕਰ ਦਿੱਤੀ ਸੀ।

ਪਿੰਡ ਦੇ ਸਕੂਲ ਵਿਚ ਦਾਸਤੋਵਸਕੀ ਨੂੰ ਦਾਖਲ ਕਰਾ ਦਿੱਤਾ ਗਿਆ। ਵੱਡਾ ਭਰਾ ਮਿਖਾਈਲ ਵੀ ਉਸ ਸਕੂਲ ਵਿਚ ਪੜ੍ਹਦਾ ਸੀ। ਜਦੋਂ ਇਨ੍ਹਾਂ ਦੇ ਪਿਤਾ ਨੂੰ ਪਤਾ ਲੱਗਾ ਕਿ ਸਕੂਲ ਵਿਚ ਬੱਚਿਆਂ ਨੂੰ ਸਰੀਰਕ ਦੰਡ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਸਕੂਲ ਵਿਚੋਂ ਹਟਾ ਲਿਆ। ਘਰ ਵਿਚ ਹੀ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ। ਉਸ ਦੀ ਇੱਛਾ ਸੀ ਕਿ ਬੱਚੇ ਪੜ੍ਹਨ ਅਤੇ ਨਾਮ ਉਚਾ ਕਰਨ। ਘਰ ਦੇ ਮਾਹੌਲ ਨੇ ਦਾਸਤੋਵਸਕੀ ਅੰਦਰ ਸਾਹਿਤ ਦੀ ਚੇਤਨਾ ਪੈਦਾ ਕੀਤੀ। ਦਾਸਤੋਵਸਕੀ ਨੇ ਵਲਟਰ ਸਕਾਟ ਦੇ ਸਾਰੇ ਨਾਵਲ ਪੜ੍ਹ ਮਾਰੇ। ਇਨ੍ਹਾਂ ਦਾ ਉਸ ਦੀ ਕਿਸ਼ੋਰ ਅਵਸਥਾ ਉਤੇ ਬਹੁਤ ਗਹਿਰਾ ਅਸਰ ਹੋਇਆ।

ਹੁਣ ਦਾਸਤੋਵਸਕੀ ਦੀਆਂ ਕਲਪਨਾਵਾਂ ਦੇ ਪਰ ਨਿਕਲ ਆਏ ਸਨ। ਇਸ ਉਮਰ ਵਿਚ ਹਰ ਨੌਜਵਾਨ ਨੂੰ ਅੰਬਰ ਵੀ ਆਪਣੇ ਪਰਾਂ ਤੋਂ ਛੋਟਾ ਲੱਗਦਾ ਹੈ। ਨਿਕੋਲਾਈ ਇਲੇਵਿਚ ਨਾਮ ਦਾ ਅਧਿਆਪਕ ਦਾਸਤੋਵਸਕੀ ਨੂੰ ਪੜ੍ਹਾਉਣ ਘਰ ਆਉਣ ਲੱਗਾ। ਇਲੇਵਿਚ ਕਿਸੇ ਸਮੇਂ ਪ੍ਰਸਿੱਧ ਰੂਸੀ ਲੇਖਕ ਨਿਕੋਲਾਈ ਗੋਗੋਲ ਦਾ ਜਮਾਤੀ ਰਹਿ ਚੁੱਕਾ ਸੀ। ਉਹ ਖੁਦ ਵੀ ਕਵਿਤਾ ਲਿਖਦਾ ਰਿਹਾ ਸੀ। ਉਸ ਨੇ ਅੰਗਰੇਜ਼ੀ ਦੇ ਮਸ਼ਹੂਰ ਕਵੀ ਸ਼ਿਲਰ ਦੀਆਂ ਕਵਿਤਾਵਾਂ ਦਾ ਰੂਸੀ ਵਿਚ ਅਨੁਵਾਦ ਕੀਤਾ ਸੀ। ਇਨ੍ਹਾਂ ਲੋਕਾਂ ਦੀ ਸੰਗਤ ਦਾ ਦਾਸਤੋਵਸਕੀ 'ਤੇ ਬਹੁਤ ਪ੍ਰਭਾਵ ਪਿਆ ਅਤੇ ਉਹ 1835 ਵਿਚ 'ਬਿਬਲਿਆਏਨਾ ਦਲਿਆ ਚੇਤਨਿਆ' ਨਾਂ ਦੇ ਸਾਹਿਤਕ ਪੇਪਰ ਦਾ ਮੈਂਬਰ ਬਣ ਗਿਆ। ਇਹ ਪੇਪਰ ਘਰ ਮੰਗਾਉਣ ਲੱਗ ਪਿਆ। ਇਸ ਪੱਤ੍ਰਿਕਾ ਵਿਚ ਹੀ ਉਸ ਨੇ ਪੁਸ਼ਕਿਨ ਦੀ ਕਹਾਣੀ 'ਹੁਕਮ ਦੀ ਬੇਗਮ' ਪਹਿਲੀ ਵਾਰ ਪੜ੍ਹੀ ਸੀ। ਇਸ ਪੱਤ੍ਰਿਕਾ ਦਾ ਉਸ ਨੂੰ ਇੰਨਾ ਫਾਇਦਾ ਹੋਇਆ ਕਿ ਉਸ ਦੀ ਜਾਣ-ਪਛਾਣ ਬਾਲਜ਼ਾਕ, ਵਿਕਟਰ ਹਿਊਗੋ, ਜਾਰਜ ਸਾਂਦ ਅਤੇ ਏਜੇਨ ਸਕਰੀਬ ਵਰਗੇ ਸੰਸਾਰ ਪ੍ਰਸਿੱਧ ਲੇਖਕਾਂ ਨਾਲ ਹੋਈ। ਇਨ੍ਹਾਂ ਦੀਆਂ ਰਚਨਾਵਾਂ ਦਾ ਦਾਸਤੋਵਸਕੀ ਦੀ ਸਾਹਿਤ ਸਿਰਜਣਾ 'ਤੇ ਅਸਰ ਹੋਣਾ ਸੁਭਾਵਿਕ ਹੀ ਸੀ। ਉਸ ਨੇ ਇਹ ਫੈਸਲਾ ਕਰ ਲਿਆ ਕਿ ਉਹ ਵੱਡਾ ਹੋ ਕੇ ਲੇਖਕ ਹੀ ਬਣੇਗਾ।

ਸਮਾਂ ਆਪਣੀ ਚਾਲ ਚਲਦਾ ਰੁਕਦਾ ਨਹੀਂ, ਦਾਸਤੋਵਸਕੀ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਚੁੱਕਾ ਸੀ। ਉਸ ਨੂੰ ਆਪਣਾ ਆਲਾ-ਦੁਆਲਾ ਪਿਆਰਾ ਲੱਗਣ ਲੱਗਾ। ਉਹ ਕੁਦਰਤ ਦੇ ਰਮਣੀਕ ਨਜ਼ਾਰੇ ਦੇਖਣ ਲੱਗ ਪਿਆ ਸੀ। ਦਾਸਤੋਵਸਕੀ ਨੂੰ ਉਸ ਦੇ ਪਿਤਾ ਨੇ ਇੰਜਨੀਅਰਿੰਗ ਕਾਲਜ ਵਿਚ ਦਾਖਲ ਕਰਾ ਦਿੱਤਾ ਪਰ ਉਹ ਤਾਂ ਲੇਖਕ ਬਣਨਾ ਚਾਹੁੰਦਾ ਸੀ। ਪਿਤਾ ਦੇ ਦਬਾਅ ਅੱਗੇ ਉਹ ਅਸਫਲ ਸੀ। ਇਕ ਥਾਂ ਜ਼ਿਕਰ ਕਰਦਾ ਹੈ: ਮੇਰੇ ਦਿਮਾਗ ਵਿਚ ਨਾਵਲ ਦੀ ਰੂਪ-ਰੇਖਾ ਤਿਆਰ ਹੋ ਰਹੀ ਸੀ ਪਰ ਇੰਜਨੀਅਰਿੰਗ ਦੀ ਪੜ੍ਹਾਈ ਉਸ ਰੂਪ-ਰੇਖਾ ਨੂੰ ਘੁਣ ਬਣ ਕੇ ਖਾ ਗਈ। ਇਸ ਔਖੀ ਪੜ੍ਹਾਈ ਨੇ ਉਸ ਨੂੰ ਬਹੁਤ ਪਰੇਸ਼ਾਨ ਕੀਤਾ ਪਰ ਇਸ ਦੌਰਾਨ ਹੀ ਉਸ ਨੇ ਹੋਮਰ, ਕਾਰਨੇਲੀ, ਰਾਸਿਨ, ਬਾਲਜ਼ਾਕ, ਹਿਊਗੋ, ਗੇਇਟੇ, ਹਾਫਮੈਨ, ਸ਼ਿਲਰ, ਸ਼ੇਕਸਪੀਅਰ, ਬਾਇਰਨ ਆਦਿ ਲੇਖਕਾਂ ਨੂੰ ਕਈ ਕਈ ਵਾਰ ਪੜ੍ਹਿਆ। ਨਿਕੋਲਾਈ ਗੋਗੋਲ ਅਤੇ ਪੁਸ਼ਕਿਨ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਸ ਅੰਦਰ ਸ਼ਬਦਾਂ ਦਾ ਸਾਗਰ ਖੌਲਦਾ ਅਤੇ ਲਿਖਤਾਂ ਦੇ ਰੂਪ ਵਿਚ ਬਾਹਰ ਆਉਂਦਾ। ਉਸ ਦੇ ਸੀਨੀਅਰ ਲੇਖਕ ਵੀ ਉਸ ਦੇ ਜਜ਼ਬੇ ਨੂੰ ਸਲਾਮ ਕਰਦੇ।

ਦਾਸਤੋਵਸਕੀ ਨਿਕੋਲਾਈ ਗੋਗੋਲ ਤੋਂ ਬਹੁਤ ਪ੍ਰਭਾਵਿਤ ਸੀ। ਜਦੋਂ ਉਸ ਨੇ ਗੋਗੋਲ ਦੀ ਕਹਾਣੀ 'ਓਵਰਕੋਟ' ਪੜ੍ਹੀ ਤਾਂ ਉਹ ਕਈ ਦਿਨ ਇਨ੍ਹਾਂ ਸੋਚਾਂ ਵਿਚ ਹੀ ਡੁੱਬਾ ਰਿਹਾ ਕਿ ਕਦੇ ਮੈਂ ਵੀ ਇਸ ਤਰ੍ਹਾਂ ਦੀ ਕਹਾਣੀ ਲਿਖ ਸਕਾਂਗਾ! ਨਿਕੋਲਾਈ ਗੋਗੋਲ ਦੀ ਰੂਸੀ ਸਾਹਿਤ ਵਿਚ ਬਹੁਤ ਧਾਂਕ ਸੀ। ਉਹ ਦੁਨੀਆ ਦਾ ਮਹਾਨ ਲੇਖਕ ਸੀ। 'ਓਵਰਕੋਟ' ਪੜ੍ਹ ਕੇ ਦਾਸਤੋਵਸਕੀ ਨੇ ਕਿਹਾ, "ਸਾਡੇ ਵਰਗੇ ਲੇਖਕ ਤਾਂ ਗੋਗੋਲ ਦੇ ਓਵਰਕੋਟ ਦੀ ਜੇਬ ਵਿਚੋਂ ਨਿਕਲੇ ਲੱਗਦੇ ਹਨ।" ਉਹ ਕਾਲਜ ਦੀ ਪੜ੍ਹਾਈ ਦੌਰਾਨ ਹਰ ਵਿਦਿਆਰਥੀ ਨੂੰ ਆਖਦਾ: ਸਾਨੂੰ ਘੱਟ ਤੋਂ ਘੱਟ 30 ਲੇਖਕਾਂ ਦੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਜੋ ਅਸੀਂ ਆਪਣੇ ਅਸਲੀ ਰੂਪ ਨੂੰ ਖੋਜ ਸਕੀਏ, ਕੁਝ ਕਰ ਸਕੀਏ, ਕੁਝ ਬਣ ਸਕੀਏ। ਪੜ੍ਹਾਈ ਤੋਂ ਬਾਅਦ ਇਕ ਸਾਲ ਨੌਕਰੀ ਕੀਤੀ ਪਰ ਉਥੇ ਵੀ ਦਿਲ ਲੱਗਾ। ਉਸ ਅੰਦਰ ਤਾਂ ਅੱਖਰਾਂ ਦਾ ਜਵਾਰਭਾਟਾ ਫੁੱਟ ਰਿਹਾ ਸੀ। ਜ਼ਿੰਦਗੀ ਵਿਚ ਕੁਝ ਕਰਨ ਲਈ ਮਿਹਨਤ ਹੀ ਸਭ ਤੋਂ ਵੱਡੀ ਸਫਲਤਾ ਦੀ ਕੁੰਜੀ ਹੈ। ਉਸ ਨੇ ਅਨੇਕਾਂ ਜਿੰਦਰੇ ਇਸ ਕੁੰਜੀ ਨਾਲ ਖੋਲ੍ਹਣੇ ਸਨ।

ਨੌਕਰੀ ਨੂੰ ਅਲਵਿਦਾ ਕਹਿਣ ਤੋਂ ਬਾਅਦ ਆਪਣੇ ਆਪ ਨੂੰ ਸਿਰਜਣਾ ਦੇ ਸਮਰਪਿਤ ਕਰ ਦਿੱਤਾ। ਆਪਣੇ ਭਰਾ ਮਿਖਾਈਲ ਨੂੰ ਖਤ ਲਿਖਿਆ, "ਮੈਂ ਇਸ ਗੁਲਾਮੀ (ਨੌਕਰੀ) ਤੋਂ ਤੰਗ ਆ ਚੁੱਕਾ ਹਾਂ। ਹੁਣ ਨਾਵਲ ਲਿਖਾਂਗਾ ਜਿਸ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਾਂਗਾ ਜੋ ਸਦੀਆਂ ਤੋਂ ਗੁਲਾਮ ਹਨ। ਮੈਨੂੰ ਆਸ ਹੈ ਕਿ ਮੇਰੀ ਇਸ ਰਚਨਾ ਨੂੰ ਲੋਕ ਪਸੰਦ ਕਰਨਗੇ।" ਜਿਨ੍ਹਾਂ ਵਿਚ ਕੁਝ ਕਰਨ ਦਾ



ਜਜ਼ਬਾ ਹੁੰਦਾ ਹੈ, ਉਹ ਧੁੰਦਾਂ 'ਚ ਵੀ ਲਿਸ਼ਕ ਪੈਂਦੇ ਹਨ। 1846 ਵਿਚ ਦਾਸਤੋਵਸਕੀ ਦਾ ਪਹਿਲਾ ਨਾਵਲ 'ਪੂਅਰ ਫੋਕ' (ਗਰੀਬ ਲੋਕ ਆਦਮੀ) ਪ੍ਰਕਾਸ਼ਿਤ ਹੋਇਆ। ਇਸ ਨਾਵਲ ਦੇ ਛਪਦਿਆਂ ਰੂਸ ਦੇ ਸਾਹਿਤਕ ਹਲਕਿਆਂ ਵਿਚ ਹਾਹਾਕਾਰ ਮੱਚ ਗਈ। ਦਾਸਤੋਵਸਕੀ ਦਾ ਪਹਿਲਾ ਨਿਸ਼ਾਨਾ ਹੀ ਕਮਾਲ ਕਰ ਗਿਆ। ਵਿਦਿਅਕ ਅਦਾਰੇ ਵਿਚ ਇਸ ਨਾਵਲ ਦੀ ਚਰਚਾ ਹੋਣ ਲੱਗੀ। ਰੂਸ ਦੇ ਪ੍ਰਸਿੱਧ ਆਲੋਚਕ ਬਲਿੰਸਕੀ ਨੇ ਕਿਹਾ, "ਇਹ ਨਾਵਲ ਲੋਕਾਂ ਦਾ ਨਾਵਲ ਹੈ।" ਰੂਸ ਵਿਚ ਸ਼ਾਇਦ ਇਹ ਪਹਿਲਾ ਨਾਵਲ ਹੈ ਜਿਸ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਵਿਚਾਰੇ ਸਦੀਆਂ ਤੋਂ ਹੀ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਇਸ ਸਮਾਜਿਕ ਨਾਵਲ ਨੇ ਦਾਸਤੋਵਸਕੀ ਨੂੰ ਉਨ੍ਹਾਂ ਲੋਕਾਂ ਦੀ ਧਿਰ ਬਣਾ ਦਿੱਤਾ। ਦਾਸਤੋਵਸਕੀ ਬੇਹੱਦ ਖੁਸ਼ ਸੀ। ਇਹ ਖੁਸ਼ੀ ਸਾਂਝੀ ਕਰਨ ਲਈ ਦਾਸਤੋਵਸਕੀ ਨੇ ਆਪਣੇ ਭਰਾ ਮਿਖਾਈਲ ਨੂੰ ਖਤ ਲਿਖਿਆ, "ਹੁਣ ਮੇਰਾ ਨਾਮ ਸਾਹਿਤ ਦੀ ਮੱਸ ਰੱਖਣ ਵਾਲੀ ਹਰ ਜ਼ਬਾਨ 'ਤੇ ਹੈ। ਮੈਨੂੰ ਦੱਸਣਾ ਨਹੀਂ ਪੈਂਦਾ ਕਿ ਮੇਰਾ ਨਾਮ ਦਾਸਤੋਵਸਕੀ ਹੈ।"

1848 ਵਿਚ ਦਾਸਤੋਵਸਕੀ ਇਕ ਆਦਰਸ਼ਵਾਦੀ ਗਰੁੱਪ ਦਾ ਮੈਂਬਰ ਬਣ ਗਿਆ। ਇਹ ਸੰਗਠਨ ਇਨਕਲਾਬੀ ਵਿਚਾਰਾਂ ਦਾ ਧਾਰਨੀ ਸੀ। ਇਸ ਦਾ ਹਰ ਮੈਂਬਰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਦਾ ਅਤੇ ਉਹ ਸਾਰੇ ਸਮਾਜ ਵਿਚ ਸੁਧਾਰ ਦੀ ਮੰਗ ਕਰ ਰਹੇ ਸਨ। ਇਸ ਸੰਗਠਨ ਦੇ ਵਿਚਾਰਾਂ ਤੋਂ ਹਕੂਮਤ ਨੂੰ ਡਰ ਲੱਗ ਰਿਹਾ ਸੀ ਕਿ ਕਿਤੇ ਇਹ ਕ੍ਰਾਂਤੀਕਾਰੀ ਵਿਚਾਰ ਘਰ ਘਰ ਤਕ ਨਾ ਪਹੁੰਚ ਜਾਣ। ਹਕੂਮਤ ਦੇ ਜਸੂਸ ਇਸ ਸੰਗਠਨ 'ਤੇ ਕਰੜੀ ਨਜ਼ਰ ਰੱਖਣ ਲੱਗੇ। ਆਖਿਰ ਉਹੀ ਹੋਇਆ ਜਿਸ ਦਾ ਡਰ ਸੀ। 1849 ਵਿਚ ਦਾਸਤੋਵਸਕੀ ਸਮੇਤ 25 ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਰੜੇ ਪ੍ਰਬੰਧਾਂ ਅਧੀਨ ਇਨ੍ਹਾਂ ਨੂੰ ਕੈਦਖਾਨੇ ਵਿਚ ਰੱਖਿਆ ਗਿਆ। ਕੁਝ ਸਮੇਂ ਬਾਅਦ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਦਾਸਤੋਵਸਕੀ ਅਤੇ ਉਸ ਦੇ ਨੌਜਵਾਨ ਸਾਥੀਆਂ ਨੂੰ ਫਾਂਸੀ ਲਈ ਤਿਆਰ ਕੀਤਾ ਗਿਆ ਪਰ ਕੁਝ ਘੰਟੇ ਪਹਿਲਾਂ ਹੀ ਜ਼ਾਰ ਦਾ ਫਰਮਾਨ ਮਿਲਿਆ, ਫਾਂਸੀ ਨੂੰ ਕੈਦ ਵਿਚ ਬਦਲ ਦਿੱਤਾ ਜਾਵੇ।

ਇਨ੍ਹਾਂ ਸਾਰੇ ਮੈਂਬਰਾਂ ਨੂੰ ਸਾਇਬੇਰੀਆ ਦੀ ਜੇਲ੍ਹ ਵਿਚ ਸਖਤ ਪਹਿਰੇ ਹੇਠ ਨਜ਼ਰਬੰਦ ਕੀਤਾ ਗਿਆ। ਦਾਸਤੋਵਸਕੀ ਚਾਰ ਸਾਲ ਉਮਾਸਕ ਦੀ ਜੇਲ੍ਹ ਵਿਚ ਰਿਹਾ। ਇਥੇ ਉਸ ਦਾ ਦਿਮਾਗੀ ਸੰਤੁਲਨ ਠੀਕ ਨਾ ਰਿਹਾ। ਉਸ ਨੂੰ ਜੇਲ੍ਹ ਵਿਚ ਸਖਤ ਕੰਮ ਕਰਨਾ ਪੈਂਦਾ। ਉਹ ਕਾਫੀ ਬਿਮਾਰ ਰਹਿਣ ਲੱਗਾ ਪਰ ਇਸ ਜੇਲ੍ਹ ਵਿਚ ਕੈਦੀਆਂ ਕੋਲੋਂ ਸਿੱਖਿਆ ਬਹੁਤ ਕੁਝ ਜੋ ਉਸ ਦੀ ਸਿਰਜਣਾ ਲਈ ਲਾਹੇਵੰਦ ਸਾਬਤ ਹੋਇਆ। ਸਜ਼ਾ ਖਤਮ ਹੋਣ 'ਤੇ ਇਹ ਹਦਾਇਤ ਕੀਤੀ ਗਈ ਕਿ ਸਾਰੇ ਦੋਸ਼ੀਆਂ ਨੂੰ ਪੰਜ ਸਾਲ ਤੀਕਰ ਰੂਪੋਸ਼ ਰਹਿਣਾ ਪਵੇਗਾ। ਸੈਨਾ ਦੀ ਟੁਕੜੀ ਵਿਚ ਕੰਮ ਕਰਨਾ ਪਵੇਗਾ। ਦਾਸਤੋਵਸਕੀ ਰਿਹਾਅ ਹੋ ਕੇ ਰੂਪੋਸ਼ ਰਹਿਣ ਲੱਗਾ। ਇਸ ਸਮੇਂ ਦੌਰਾਨ ਹੀ ਉਸ ਨੇ ਇਕ ਫੌਜੀ ਅਫਸਰ ਦੀ ਵਿਧਵਾ ਮਦਾਮ ਇਸਾਬੇਲ ਨਾਲ ਵਿਆਹ ਕਰਵਾ ਲਿਆ। ਦਾਸਤੋਵਸਕੀ ਅੰਦਰ ਸਿਰਜਣਾ ਅੰਗੜਾਈਆਂ ਲੈ ਰਹੀ ਸੀ। ਉਸ ਅੰਦਰ ਸਾਹਿਤ ਵਿਚ ਕੁਝ ਨਵਾਂ ਕਰਨ ਦਾ ਜਜ਼ਬਾ ਸੀ। ਕੁਝ ਲੋਕ ਰਾਤਾਂ ਨੂੰ ਸੌਣ ਸਮੇਂ ਸੁਪਨੇ ਦੇਖਦੇ ਹਨ, ਦਾਸਤੋਵਸਕੀ ਦਿਨੇ ਵੀ ਸੁਪਨੇ ਦੇਖਦਾ ਅਤੇ ਪੂਰਾ ਕਰਨ ਦੀ ਸਮਰੱਥਾ ਵੀ ਰੱਖਦਾ ਸੀ। ਅਜਿਹੇ ਇਨਸਾਨ ਹੀ ਸਮਾਜ ਦਾ ਸ਼ੀਸ਼ਾ ਬਣਦੇ ਹਨ, ਦਿਲਾਂ 'ਤੇ ਰਾਜ ਕਰਦੇ ਹਨ। ਦਾਸਤੋਵਸਕੀ ਨੇ ਆਪਣੇ ਹਰ ਕਦਮ ਤੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ।

ਦਾਸਤੋਵਸਕੀ ਨੇ ਸਿਰਜਣ ਪ੍ਰਕਿਰਿਆ ਜਾਰੀ ਰੱਖੀ। ਬੀਤੇ ਸਮੇਂ ਦੇ ਅਨੁਭਵਾਂ ਨੂੰ ਮਾਲਾ ਵਾਂਗ ਧਾਗੇ ਵਿਚ ਪਰੋਣ ਲੱਗਾ। ਇਸ ਘਾਲਣਾ ਨੇ ਇਕ ਹੋਰ ਨਾਵਲ 'ਦਿ ਹਾਊਸ ਆਫ ਡੈੱਡ' ਨੂੰ ਜਨਮ ਦਿੱਤਾ। ਉਸ ਨਾਲ ਜੋ ਵਿਹਾਰ ਜੇਲ੍ਹ ਵਿਚ ਹੋਇਆ, ਉਸ ਨੇ ਬੜੀ ਬੇਬਾਕੀ ਨਾਲ ਲਿਖਿਆ। ਕਿਵੇਂ ਪਹਿਰੇਦਾਰ ਆਪਣੀ ਗੰਦੀ ਬਿਰਤੀ ਨਾਲ ਪੇਸ਼ ਆਉਂਦੇ ਸਨ। ਨਾਵਲ ਦੇ ਸੰਦੇਸ਼ ਨੇ ਉਸ ਨੂੰ ਹੋਰ ਹਰਮਨ ਪਿਆਰਾ ਬਣਾ ਦਿੱਤਾ। ਉਹ ਆਪਣੀ ਇਕ ਲਿਖਤ ਵਿਚ ਜ਼ਿਕਰ ਕਰਦਾ ਹੈ ਕਿ ਚੰਗਾ ਮਨੁੱਖ ਬਣਨ ਲਈ ਸਭ ਤੋਂ ਪਹਿਲਾਂ ਉਸ ਨੂੰ ਵਿਅਕਤੀਗਤ ਆਜ਼ਾਦੀ ਦੀ ਲੋੜ ਹੈ। ਚੰਗਾ ਸਮਾਜ, ਚੰਗੀ ਸੂਝ-ਬੂਝ ਨਾਲ ਹੀ ਉੱਸਰ ਸਕਦਾ ਹੈ। ਇਹ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਜੇ ਲੋਕ ਆਜ਼ਾਦ ਨਹੀਂ ਤਾਂ ਉਹ ਇਨਸਾਨ ਨਹੀਂ, ਹੈਵਾਨ ਹਨ। ਆਪਣੇ ਬੁੱਧਜੀਵੀ ਸਾਥੀਆਂ ਨੂੰ ਕਰੜੇ ਸ਼ਬਦਾਂ ਵਿਚ ਕਿਹਾ, "ਤੁਹਾਡੀਆਂ ਕਲਮਾਂ ਵਿਚ ਸਿਆਹੀ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਦੀ ਹੋਣੀ ਚਾਹੀਦੀ ਹੈ।"

ਦਾਸਤੋਵਸਕੀ ਦੀ ਜ਼ਿੰਦਗੀ ਵਿਚ ਅਜਿਹਾ ਸਮਾਂ ਵੀ ਆਇਆ ਜਦੋਂ ਉਹ ਆਪਣੇ ਆਪ ਨੂੰ ਲਾਸ਼ ਸਮਝਣ ਲੱਗਾ। ਇਹ ਉਸ ਦੀ ਜ਼ਿੰਦਗੀ ਦਾ ਬਹੁਤ ਭਿਆਨਕ ਵਕਤ ਸੀ। ਉਸ ਨੇ ਆਪਣੇ ਭਰਾ ਨਾਲ ਰਲ ਕੇ ਰਸਾਲਾ ਵੀ ਕੱਢਿਆ। ਉਸ ਰਸਾਲੇ ਅਤੇ ਦਾਸਤੋਵਸਕੀ ਦੀ ਬਦਕਿਸਮਤੀ ਇਹ ਹੋਈ ਕਿ ਅਜਿਹੀ ਕਹਾਣੀ ਛਾਪ ਦਿੱਤੀ ਜਿਸ ਦਾ ਸਬੰਧ ਹਕੂਮਤ ਨੇ ਕਈ ਸੰਗਠਨਾਂ ਨਾਲ ਜੋੜ ਦਿੱਤਾ ਜਿਸ ਕਰਕੇ ਉਹ ਰਸਾਲਾ ਬੰਦ ਕਰਨਾ ਪਿਆ। ਇਹ ਸਾਲ ਦਾਸਤੋਵਸਕੀ 'ਤੇ ਕਹਿਰ ਬਣ ਕੇ ਟੁੱਟ ਪਏ। ਇਨ੍ਹਾਂ ਸਾਲਾਂ ਵਿਚ ਹੀ ਉਸ ਦੀ ਪਤਨੀ ਦੀ ਮੌਤ ਹੋ ਗਈ। ਕੁਝ ਮਹੀਨਿਆਂ ਬਾਅਦ ਭਰਾ ਦੀ ਵੀ ਮੌਤ ਹੋ ਗਈ। ਭਰਾ ਦੇ ਪਰਿਵਾਰ ਦਾ ਸਾਰਾ ਬੋਝ ਵੀ ਉਸ ਉਪਰ ਆ ਡਿੱਗਿਆ। ਸਿਆਣੇ ਸੱਚ ਹੀ ਆਖਦੇ ਹਨ: ਢੀਮਾਂ ਉਸ ਬੇਰੀ ਨੂੰ ਹੀ ਵੱਜਦੀਆਂ ਹਨ ਜਿਸ ਦੇ ਮਿੱਠੜੇ ਬੇਰ ਹੁੰਦੇ। ਉਸ ਨੂੰ ਕੋਈ ਵੀ ਐਸਾ ਮਿੱਤਰ ਨਾ ਮਿਲਿਆ ਜੋ ਕਹੇ: ਯਾਰ ਤੂੰ ਪਰਵਾਹ ਨਾ ਕਰ, ਮੈਂ ਤੇਰੇ ਨਾਲ ਹਾਂ। ਕਹਿੰਦੇ ਹਨ, ਔਖੇ ਵੇਲੇ ਤਾਂ ਆਪਣਾ ਪਰਛਾਵਾਂ ਵੀ ਸਾਥ ਛੱਡ ਜਾਂਦਾ ਹੈ। ਬੇਵਕਤ ਦੀਆਂ ਮਾਰਾਂ ਨੇ ਦਾਸਤੋਵਸਕੀ ਨੂੰ ਅੰਦਰੋਂ ਪੂਰੀ ਤਰ੍ਹਾਂ ਤੋੜ ਦਿੱਤਾ ਪਰ ਇਸ ਦੌਰ ਵਿਚ ਵੀ ਉਸ ਨੇ ਆਪਣੇ ਅੰਦਰੋਂ ਸਾਹਿਤ ਦੀ ਧੁਖਦੀ ਧੂਣੀ ਨੂੰ ਬੁਝਣ ਨਹੀਂ ਦਿੱਤਾ ਸਗੋਂ ਇਨ੍ਹਾਂ ਘਟਨਾਵਾਂ ਨੇ ਧੁਖਦੀ ਧੂਣੀ ਨੂੰ ਲਾਟ ਵਾਂਗ ਮਘਣ ਲਾ ਦਿੱਤਾ। ਦਾਸਤੋਵਸਕੀ ਨੂੰ ਇਲਮ ਸੀ ਕਿ ਉਹ ਆਪਣੀ ਕਲਮ ਦੇ ਆਸਰੇ ਗਰੀਬੀ ਦੂਰ ਕਰ ਸਕਦਾ ਹੈ ਪਰ ਕਲਮਾਂ ਦੇ ਆਸਰੇ ਉਹ ਸਕੂਨ ਨਹੀਂ ਮਿਲ ਸਕਦਾ ਜਿਸ ਦੀ ਉਸ ਨੂੰ ਭਾਲ ਸੀ। ਉਸ ਦੀ ਇਸ ਭਾਲ ਨੂੰ ਵੀ ਇਕ ਦਿਨ ਬੂਰ ਪੈ ਗਿਆ। 4 ਅਕਤੂਬਰ, 1866 ਨੂੰ ਐਨਾ ਨਾਂ ਦੀ ਕੁੜੀ ਨੇ ਉਸ ਦੀ ਜ਼ਿੰਦਗੀ ਵਿਚ ਪ੍ਰਵੇਸ਼ ਕੀਤਾ। ਅਠਾਰਾਂ ਸਾਲ ਦੀ ਐਨਾ ਨਿਪੁੰਨ ਸਟੈਨੋਗ੍ਰਾਫਰ ਸੀ। ਉਸ ਨੇ ਦਾਸਤੋਵਸਕੀ ਦਾ ਅੰਦਰ ਪੜ੍ਹਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਉਸ ਨੂੰ ਅੰਦਰੋਂ-ਬਾਹਰੋਂ ਸਮਝਣ ਦਾ ਪ੍ਰਣ ਕੀਤਾ। ਦਾਸਤੋਵਸਕੀ ਦੀ ਉਮਰ ਉਸ ਵਕਤ 45 ਸਾਲ ਸੀ। ਦਾਸਤੋਵਸਕੀ ਜੋ ਵੀ ਲਿਖਦਾ, ਐਨਾ ਉਸ ਦਾ ਹੋਰ ਭਾਸ਼ਾਵਾਂ ਵਿਚ ਤਰਜਮਾ ਕਰਦੀ। ਐਨਾ ਨੇ ਰਾਤ ਦਿਨ ਇੱਕ ਕਰਕੇ ਦਾਸਤੋਵਸਕੀ ਦਾ ਸਾਰਾ ਕਰਜ਼ਾ ਲਾਹ ਦਿੱਤਾ। ਹਰ ਪ੍ਰਕਾਸ਼ਕ ਨਾਲ ਲੈਣ-ਦੇਣ ਐਨਾ ਕਰਦੀ। ਦਾਸਤੋਵਸਕੀ ਦਾ ਕੰਮ ਸਿਰਫ ਲਿਖਣਾ ਸੀ।

ਵਿਆਹ ਤੋਂ ਬਾਅਦ ਉਹ ਦੋਵੇਂ ਤਕਰੀਬਨ ਚਾਰ-ਪੰਜ ਸਾਲ ਵੱਖਰੇ-ਵੱਖਰੇ ਦੇਸ਼ਾਂ ਵਿਚ ਘੁੰਮਦੇ ਰਹੇ। ਪੈਰਿਸ ਵਿਚ ਉਨ੍ਹਾਂ ਦੀ ਮੁਲਾਕਾਤ ਤੁਰਗਨੇਵ ਨਾਲ ਹੋਈ। ਤੁਰਗਨੇਵ ਨੇ ਦਾਸਤੋਵਸਕੀ ਦੀ ਮਦਦ ਵੀ ਕੀਤੀ ਕਿਉਂਕਿ ਉਸ ਨੂੰ ਜੂਆ ਖੇਡਣ ਦੀ ਭੈੜੀ ਆਦਤ ਸੀ। ਉਹ ਜੂਏ ਵਿਚ ਆਪਣੀ ਪਤਨੀ ਦੇ ਗਹਿਣੇ ਵੀ ਹਾਰ ਚੁੱਕਾ ਸੀ। ਤੁਰਗਨੇਵ ਨੇ ਖੁੱਲ੍ਹੇ ਦਿਲ ਨਾਲ ਉਨ੍ਹਾਂ ਦਾ ਸਾਥ ਦਿੱਤਾ। ਦੋਸਤੀ ਦੇ ਅਰਥ ਵੀ ਕੋਈ ਕੋਈ ਸਮਝ ਸਕਦਾ ਹੈ। ਯੂਰਪ ਦੇ ਦੌਰੇ ਸਮੇਂ ਹੀ ਦਾਸਤੋਵਸਕੀ ਨੇ ਕੁਝ ਨਾਵਲਾਂ ਦੀ ਸਿਰਜਣਾ ਕੀਤੀ: 'ਦਿ ਇਡੀਅਟ', 'ਦਿ ਇੰਟਰਨਲ', 'ਹਸਬੈਂਡ ਐਂਡ ਦਿ ਪੋਜ਼ੈਸਡ' ਆਦਿ। 1871 ਵਿਚ ਉਹ ਰੂਸ ਵਾਪਸ ਆ ਗਏ। ਦਾਸਤੋਵਸਕੀ ਦਾ ਪ੍ਰਸਿੱਧ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ' ਦਾ ਆਧਾਰ ਬਹੁਤ ਵਿਸ਼ਾਲ ਸੀ ਪਰ ਇਕ ਬਿੰਦੂ ਨੂੰ ਵਿਸ਼ਾਲਤਾ ਦਾ ਰੂਪ ਦੇਣਾ ਕੋਈ ਛੋਟੀ ਗੱਲ ਨਹੀਂ ਸੀ। ਇਸ ਨਾਵਲ ਦਾ ਪਾਤਰ ਨੌਜਵਾਨ ਰਸਕਲੋਨੀਕੋਵ ਹੈ। ਉਸ ਦੇ ਅੰਦਰ ਦੀ ਬਿਰਤੀ ਨੂੰ ਦਾਸਤੋਵਸਕੀ ਨੇ ਕਮਾਲ ਦਾ ਰੂਪ ਦਿੱਤਾ। ਉਹ ਸੋਚਦਾ ਹੈ ਕਿ ਸਾਰੇ ਸਮਾਜ ਨੂੰ ਅਮੀਰ ਧਿਰ ਹੀ ਨਿਗਲ ਰਹੀ ਹੈ। ਇਸ ਦਾ ਹੱਲ ਤਾਂ ਹੀ ਹੋ ਸਕਦਾ ਹੈ ਕਿ ਉਸ ਧਿਰ ਨੂੰ ਖਤਮ ਹੀ ਕਰ ਦਿੱਤਾ ਜਾਵੇ। ਉਹ ਨੌਜਵਾਨ ਉਸ ਔਰਤ ਦਾ ਕਤਲ ਕਰਦਾ ਹੈ ਜੋ ਸਮਾਜ ਨੂੰ ਲੁੱਟ ਕੇ ਖਾ ਰਹੀ ਹੈ। ਆਖਿਰਕਾਰ ਉਹ ਆਪਣਾ ਜ਼ੁਲਮ ਵੀ ਕਬੂਲ ਕਰ ਲੈਂਦਾ ਹੈ। ਜੇਲ੍ਹ ਵਿਚ ਉਹ ਇਹ ਮਹਿਸੂਸ ਕਰਦਾ ਹੈ ਕਿ ਕਿਸੇ ਨੂੰ ਮਾਰ ਦੇਣਾ ਵੀ ਕੋਈ ਸੂਰਮਗਤੀ ਨਹੀਂ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਸ ਨੇ ਕਾਨੂੰਨ ਤੋੜਿਆ ਹੀ ਨਹੀਂ ਸਗੋਂ ਕੁਦਰਤ ਦੀ ਮਰਜ਼ੀ ਦੇ ਖਿਲਾਫ ਕੰਮ ਕੀਤਾ ਹੈ ਜੋ ਉਸ ਨੂੰ ਕਦੇ ਵੀ ਮੁਆਫ ਨਹੀਂ ਕਰੇਗੀ।

ਦਾਸਤੋਵਸਕੀ ਨੂੰ ਉਸ ਦੀਆਂ ਖਾਮੀਆਂ ਨੇ ਕਾਫੀ ਕਮਜ਼ੋਰ ਕਰ ਦਿੱਤਾ ਸੀ। ਜੂਏ ਅਤੇ ਸ਼ਰਾਬ ਨੇ ਉਸ ਨੂੰ ਅੰਦਰੋਂ ਹੀ ਨਹੀਂ, ਬਾਹਰੋਂ ਵੀ ਕਮਜ਼ੋਰ ਕਰ ਦਿੱਤਾ। ਇਹ ਐਨਾ ਹੀ ਸੀ ਜਿਸ ਨੇ ਕਦੇ ਉਸ ਨੂੰ ਮਹਿਸੂਸ ਨਹੀਂ ਹੋਣ ਦਿੱਤਾ ਕਿ ਤੂੰ

***(ਬਾਕੀ ਅਗਲੇ ਸਫੇ 'ਤੇ)***

# ਅਰਜਨ ਦੀ ਅੱਖ

## ਅਰਜਨ ਬਾਬੂਟਾ ਦਾ ਸੋਨੇ 'ਤੇ ਨਿਸ਼ਾਨਾ

ਅਰਜਨ ਦੀ ਅੱਖ ਨੂੰ ਹੋਰ ਕੁਝ ਦਿਖਾਈ ਨਹੀਂ ਸੀ ਦਿੰਦਾ, ਕੇਵਲ ਮੱਛੀ ਦੀ ਅੱਖ ਦਿਖਾਈ ਦਿੰਦੀ ਸੀ। ਉਸਦਾ ਸਾਰਾ ਧਿਆਨ ਇਕ ਥਾਂ ਜੰਮਿਆ ਰਹਿੰਦਾ, ਏਸੇ ਕਰਕੇ ਉਸ ਦੇ ਤੀਰ ਐਨ ਨਿਸ਼ਾਨੇ 'ਤੇ ਜਾ ਲੱਗਦੇ। ਉਹ ਮਹਾਂਭਾਰਤ ਦਾ ਯੁੱਗ ਸੀ। ਤੀਰਾਂ ਤੇ ਤਲਵਾਰਾਂ ਦਾ ਯੁੱਗ। ਉਦੋਂ ਨਿਸ਼ਾਨੇ ਸਿਰਫ਼ ਯੁੱਧ ਦੇ ਮੈਦਾਨ 'ਚ ਹੀ ਪਰਖੇ ਜਾਂਦੇ। ਯੋਧੇ ਦੀ ਪਰਖ ਜੰਗ ਦੇ ਮੈਦਾਨ 'ਚ ਹੋ ਜਾਂਦੀ। ਹੁਣ ਨਿਸ਼ਾਨੇਬਾਜ਼ ਦਾ ਨਿਸ਼ਾਨਾ ਪਰਖਣ ਲਈ ਯੁੱਧ ਦੀ ਲੋੜ ਨਹੀਂ। ਜ਼ਿਲ੍ਹਾ ਪੱਧਰ ਤੋਂ ਲੈ ਕੇ ਓਲੰਪਿਕ ਤਕ ਦੇ ਮੁਕਾਬਲੇ ਹਨ ਜਿੱਥੇ ਅਰਜਨ ਦੀ ਅੱਖ ਅਤੇ ਹੱਥ ਆਪਣੀ ਕਰਾਮਾਤ ਦਿਖਾ ਸਕਦੇ ਹਨ।



ਮਹਾਂਭਾਰਤ ਦੇ ਯੁੱਗ 'ਚ ਪਾਂਡਵ ਭਰਾਵਾਂ ਕੋਲ ਅਰਜਨ ਸੀ ਜਿਸ ਦੇ ਤੀਰਾਂ ਤੋਂ ਕੌਰਵ ਸੈਨਾ ਭੈਅ ਖਾਂਦੀ ਅੱਜ ਸਾਡੇ ਕੋਲ 'ਅਰਜਨ ਬਾਬੂਟਾ' ਹੈ ਜਿਸਦੇ

**ਗੁਰਮੀਤ ਕੜਿਆਲਵੀ**
**ਫੋਨ: 98726-40994**

ਨਿਸ਼ਾਨੇ ਯੁੱਧ ਵਿਚ ਕਿਸੇ ਸੈਨਿਕ ਦੀ ਜਾਨ ਨਹੀਂ ਲੈਂਦੇ ਪਰ ਖੇਡ ਦੇ ਮੈਦਾਨ ਵਿਚ ਸਾਡਾ ਇਹ ਅਰਜਨ ਵਿਰੋਧੀ ਖਿਡਾਰੀਆਂ ਨੂੰ ਦਿਨੇ ਤਾਰੇ ਦਿਖਾਉਣ ਦੀ ਸਮਰੱਥਾ ਰੱਖਣ ਲੱਗ ਪਿਆ ਹੈ। ਪਿਛਲੇ ਦਿਨੀਂ ਉਸ ਨੇ 10 ਮੀਟਰ ਏਅਰ ਰਾਈਫਲ ਸ਼ੂਟਿੰਗ ਵਿਚ ਚੌਂਗਵਾਨ (ਕੋਰੀਆ) ਵਿਚ ਹੋਏ ਸ਼ੂਟਿੰਗ ਵਰਲਡ ਕੱਪ ਵਿਚ ਸੋਨੇ ਦਾ ਤਮਗਾ ਜਿੱਤ ਕੇ ਪੂਰੀ ਦੁਨੀਆ ਦੀਆਂ ਨਜ਼ਰਾਂ ਆਪਣੇ ਵੱਲ ਘੁਮਾ ਲਈਆਂ ਹਨ।

ਇਹ ਅਰਜਨ ਸਾਡਾ ਭਤੀਜਾ ਹੈ। ਸਾਡੀ ਕਹਾਣੀਕਾਰਾ ਦੀਪਤੀ ਬਾਬੂਟਾ ਦਾ ਲਾਡਲਾ ਪੁੱਤ। ਮੈਨੂੰ ਯਾਦ ਹੈ ਇਹ ਜੂਨ 2017 ਦੀ ਕੋਈ ਤਾਰੀਕ ਸੀ। ਉਨ੍ਹੀਂ ਦਿਨੀਂ ਦੀਪਤੀ ਮੋਗੇ ਖਪਤਕਾਰ ਅਦਾਲਤ ਵਿਚ ਮਾਣਯੋਗ ਮੈਂਬਰ ਵਜੋਂ ਕੇਸਾਂ ਦੇ ਫੈਸਲੇ ਕਰਦੀ ਹੁੰਦੀ ਸੀ। ਅਰਜਨ ਉਦੋਂ ਜੂਨੀਅਰ ਵਰਲਡ ਕੱਪ ਖੇਡਣ ਲਈ ਜਰਮਨੀ ਗਿਆ ਹੋਇਆ ਸੀ। ਦੀਪਤੀ ਮੇਰੇ ਨਾਲ ਕਿੰਨਾ ਚਿਰ ਅਰਜਨ ਦੀਆਂ ਗੱਲਾਂ ਕਰਦੀ ਰਹੀ। ਉਹ ਮੋਹਾਲੀ ਤੋਂ ਮੋਗੇ ਆਉਂਦੀ ਸੀ। ਮੈਂ ਉਸਨੂੰ ਅਦਾਲਤ 'ਚ ਹੀ ਮਿਲਣ ਗਿਆ ਸਾਂ। ਗੱਲ ਦੀਪਤੀ ਦੀਆਂ ਕਹਾਣੀਆਂ ਤੋਂ ਚੱਲਦੀ ਤੇ ਫਿਰ ਅਰਜਨ ਦੇ ਨਿਸ਼ਾਨਿਆਂ 'ਤੇ ਆ ਕੇ ਮੁੱਕ ਜਾਂਦੀ।

ਜਰਮਨੀ ਦੇ ਉਸ ਜੂਨੀਅਰ ਵਿਸ਼ਵ ਕੱਪ ਵਿਚ ਅਰਜਨ ਪੰਜਵੇਂ ਸਥਾਨ 'ਤੇ ਰਿਹਾ। ਮੈਂ ਜਦੋਂ ਫੋਨ ਕੀਤਾ ਤਾਂ ਲੱਗਾ ਦੀਪਤੀ ਜਿਵੇਂ ਕੁਝ ਅੰਦਰੋਂ ਉਦਾਸ ਹੈ। ਮੈਂ ਚੜ੍ਹਦੀਆਂ ਕਲਾਵਾਂ ਵਾਲੀਆਂ ਗੱਲਾਂ ਕੀਤੀਆਂ, 'ਦੀਪਤੀ ਇਕ ਦਿਨ ਅਰਜਨ ਓਲੰਪਿਕ ਦੇ ਪੋਡੀਅਮ 'ਤੇ ਖੜ੍ਹਾ ਹੋਵੇਗਾ। ਜਨ ਗਨ ਮਨ ਦੀ ਧੁਨ ਗੂੰਜ ਰਹੀ ਹੋਵੇਗੀ। ਉਸ ਤੋਂ ਅਗਲੇ ਦਿਨ ਮੈਂ ਆਪਣੇ ਭਤੀਜੇ ਅਰਜਨ ਬਾਰੇ ਲੰਮਾ ਲੇਖ ਲਿਖਾਂਗਾ, "ਅਰਜਨ ਦੀ ਅੱਖ"। ਮੇਰੀ ਗੱਲ ਸੁਣ ਕੇ ਦੀਪਤੀ ਦੀ ਆਵਾਜ਼ ਲਰਜ ਰਹੀ ਸੀ। ਮਾਂ ਜੋ ਸੀ।

"ਹਾਂ ਵੀਰ ਜੀ ਮੈਨੂੰ ਉਸ ਦਿਨ ਦਾ ਇੰਤਜ਼ਾਰ ਹੈ। ਅਸੀਂ ਤਾਂ ਸਾਰਾ ਕੁਝ ਦਾਅ 'ਤੇ ਲਾ ਦਿੱਤਾ ਹੈ।"



ਸਚਮੁੱਚ ਭਾਅ ਨੀਰਜ ਬਾਬੂਟਾ ਅਤੇ ਦੀਪਤੀ ਨੇ ਅਰਜਨ ਨੂੰ ਤਮਗਾ ਗਲ਼ 'ਚ ਪੁਆਈ ਵਿਸ਼ਵ ਦੇ ਜੇਤੂ ਮੰਚ 'ਤੇ ਖੜ੍ਹਾ ਦੇਖਣ ਲਈ ਆਪਣਾ ਸਾਰਾ ਕੁਝ ਦਾਅ 'ਤੇ ਲਾ ਦਿੱਤਾ ਹੈ। ਸ਼ੂਟਿੰਗ ਬਹੁਤ ਮਹਿੰਗੀ ਖੇਡ ਹੈ। ਰਾਜਿਆਂ-ਮਹਾਰਾਜਿਆਂ ਦੇ ਖੇਡਣ ਵਾਲੀ। ਬਚਪਨ 'ਚ ਅਸੀਂ ਸ਼ੂਟਿੰਗ ਮੁਕਾਬਲਿਆਂ 'ਚ ਮਹਾਰਾਜਾ ਕਰਨੀ ਸਿੰਘ ਅਤੇ ਪਟਿਆਲੇ ਆਲੇ ਘਰਾਣੇ 'ਚੋਂ ਰਣਧੀਰ ਸਿੰਘ ਦਾ ਨਾਂ ਸੁਣਦੇ ਹੁੰਦੇ ਸਾਂ। ਫੇਰ ਜਸਪਾਲ ਰਾਣਾ ਦਾ ਨਾਂ ਖਬਰਾਂ 'ਚ ਬੋਲਦਾ ਰਿਹਾ। ਹੋਰ ਵੀ ਸ਼ੂਟਿੰਗ ਦੇ ਖਿਡਾਰੀ ਤਕੜੇ ਘਰਾਂ ਦੇ ਹੁੰਦੇ। ਤਕੜੇ ਤੋਂ ਭਾਵ ਬਹੁਤ ਅਮੀਰ। ਅਭਿਨਵ ਬਿੰਦਰਾ ਵੀ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਤੇ ਅਮੀਰ ਵਿਅਕਤੀ ਇੰਦਰਜੀਤ ਬਿੰਦਰਾ ਦਾ ਫਰਜ਼ੰਦ ਹੈ। ਰੁਪਈਏ ਪੈਸੇ ਦਾ ਕੋਈ 'ਸਾਬ ਕਿਤਾਬ ਈ ਨਹੀਂ। ਕਈਆਂ ਕੋਲ ਤਾਂ ਸ਼ੂਟਿੰਗ ਰੇਂਜਾਂ ਵੀ ਆਵਦੀਆਂ ਨੇ।

ਅਰਜਨ ਦੇ ਮਾਂ-ਬਾਪ ਦਾ ਕਾਰੋਬਾਰ ਠੀਕ ਸੀ। ਜਲਾਲਾਬਾਦ ਪੱਛਮੀ 'ਚ ਵਧੀਆ ਸਕੂਲ ਚੱਲਦਾ ਸੀ। ਲੋੜ ਜੋਗੇ ਸਿਆੜ ਵੀ ਹੈਗੇ ਸਨ ਪਰ ਐਨੇ ਅਮੀਰ ਨਹੀਂ ਸਨ ਕਿ ਪੁੱਤ ਨੂੰ ਸ਼ੂਟਿੰਗ ਵਰਗੀ ਰਾਜਿਆਂ ਮਹਾਰਾਜਿਆਂ ਵਾਲੀ ਖੇਡ 'ਚ ਪਾ ਦਿੰਦੇ। ਇੱਥੇ ਸ਼ੂਟਿੰਗ ਮੁਕਾਬਲਿਆਂ 'ਚ ਭਾਗ ਲੈਣ ਲਈ ਵਰਤੀ ਜਾਂਦੀ ਰਾਈਫਲ ਹਜ਼ਾਰਾਂ ਦੀ ਨਹੀਂ, ਲੱਖਾਂ ਦੀ ਸੀ। ਲੱਖਾਂ ਰੁਪਏ ਦਾ ਪਿਸਟਲ। ਉਸਦੇ ਗੋਲੀ ਸਿੱਕੇ ਦਾ ਖਰਚਾ ਹੱਦੋਂ ਪਰ੍ਹੇ। ਫਿਰ ਸ਼ੂਟਿੰਗ ਰੇਂਜ 'ਚ ਪ੍ਰੈਕਟਿਸ ਕਰਨ ਲਈ ਉਸਦੀ ਮੈਂਬਰਸ਼ਿਪ ਲੈਣ 'ਤੇ ਹੀ ਲੱਖਾਂ ਲੱਗ ਜਾਂਦੇ ਸਨ। ਵੱਖ ਵੱਖ ਰਾਜਾਂ ਤੇ ਦੇਸ਼ਾਂ 'ਚ ਮੁਕਾਬਲਿਆਂ 'ਤੇ ਜਾਣ ਸਮੇਂ ਹੋਣ ਵਾਲਾ ਖਰਚਾ ਵੱਖਰਾ।

ਪੁੱਤ ਨੂੰ ਕੁਝ ਬਣਦਾ ਵੇਖਣ ਲਈ ਬਾਬੂਟਾ ਜੋੜੀ ਨੇ ਘਰ ਘਾਟ ਤੇ ਕਾਰੋਬਾਰ ਛੱਡ ਕੇ ਮੋਹਾਲੀ ਆਣ ਡੇਰੇ ਲਾਏ। ਦੋਵੇਂ ਜੀਅ ਵਾਰੋ ਵਾਰੀ ਪੁੱਤ ਨੂੰ ਦੂਰ ਦੂਰ ਮੁਕਾਬਲਿਆਂ 'ਚ ਲਿਜਾਣ ਲੱਗੇ। ਦੀਪਤੀ ਨੂੰ ਕਹਾਣੀਆਂ ਦੇ ਨਵੇਂ ਨਵੇਂ ਵਿਸ਼ੇ ਮਿਲਣ ਲੱਗੇ। ਅਰਜਨ ਦੇ ਸੁਪਨਿਆਂ ਨੂੰ ਵੀ ਖੰਭ ਲੱਗ ਰਹੇ ਸਨ। ਉਸਦੀ ਅੱਖ 'ਚ 'ਸੋਨਾ' ਠਹਿਰ ਗਿਆ ਸੀ। ਉਸਨੂੰ ਦਿਨ ਰਾਤ ਸੋਨੇ ਦੇ ਸੁਪਨੇ ਆਉਣ ਲੱਗੇ। ਉਹ ਦਿਨ ਰਾਤ ਇਕ ਕਰਨ ਲੱਗਾ। ਦੀਪਤੀ ਤੇ ਨੀਰਜ ਭਾਅ ਨੂੰ ਹੋਰ ਸਾਰਾ ਕੁਝ ਭੁੱਲ ਗਿਆ।

ਉਹ ਹੁਣ ਅਰਜਨ ਦੇ ਮਾਂ-ਬਾਪ ਘੱਟ ਦੋਸਤ ਵੱਧ ਹੋ ਗਏ ਜਿਨ੍ਹਾਂ ਨੇ ਉਸਦੇ ਅੰਦਰ ਜਿੱਤ ਦੀ ਭੁੱਖ ਜਗਾਈ ਰੱਖਣੀ ਸੀ। ਇਹ ਖੇਡ ਬਹੁਤ ਜ਼ਿਆਦਾ ਇਕਾਗਰਤਾ ਭਾਲਦੀ ਹੈ। ਬਾਬੂਟਾ ਹੋਰਾਂ ਨੇ ਤੰਗੀ ਸ਼ੰਗੀ ਝੱਲਦਿਆਂ ਅਰਜਨ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਸਨ ਤੇ ਉਸਦੀ ਇਕਾਗਰਤਾ ਬਣਾਈ ਰੱਖਣ ਲਈ ਇਹ ਵੀ ਖਿਆਲ ਰੱਖਣਾ ਸੀ ਕਿ ਆਲੇ-ਦੁਆਲੇ ਦੀ ਕੋਈ ਵੀ ਨਾਂਹਪੱਖੀ ਗੱਲ ਉਸਦੇ ਕੰਨਾਂ ਤਕ ਨਾ ਪੁੱਜੇ। ਉਨ੍ਹਾਂ ਅਰਜਨ ਨੂੰ ਕੇਵਲ ਤੇ ਕੇਵਲ ਮੱਛੀ ਦੀ ਅੱਖ ਵੇਖਣ ਲਈ ਪ੍ਰੇਰਿਤ ਕਰਨਾ ਸੀ।

ਅਰਜਨ ਮਈ 2013 'ਚ ਅਭਿਨਵ ਬਿੰਦਰਾ ਦੇ ਕੋਚ ਕਨਰਲ ਜੇ ਐਸ ਢਿਲੋਂ ਨੂੰ ਮਿਲਿਆ। ਅਰਜਨ ਅਭਿਨਵ ਬਿੰਦਰਾ ਨੂੰ ਵੀ ਮਿਲਦਾ ਸੀ। ਅਭਿਨਵ ਜਦੋਂ ਵੀ ਮਿਲਦਾ, ਨਵਿਆਂ ਨੂੰ ਉਤਸ਼ਾਹਿਤ ਕਰਦਾ। ਔਖੇ ਤੇ ਹਰੇਕ ਤਰ੍ਹਾਂ ਦੇ ਹਾਲਾਤ 'ਚ ਸ਼ੂਟਿੰਗ ਕਰਨ ਦੀ ਪ੍ਰੇਰਨਾ ਦਿੰਦਾ। ਭਾਰਤ ਦੇ ਸ਼ੂਟਿੰਗ ਕੋਚ ਦਲੀਪ ਸਿੰਘ ਚੰਦੇਲ ਤੇ ਹੋਰ ਕੋਚਾਂ ਨੇ ਵੀ ਅਰਜਨ ਅੰਦਰਲੀ ਪ੍ਰਤਿਭਾ ਨੂੰ ਪਹਿਚਾਣ ਲਿਆ ਸੀ। ਉਹ ਅਰਜਨ ਨੂੰ ਸਿਰ ਸੁੱਟ ਕੇ ਲੱਗੇ ਰਹਿਣ ਲਈ ਆਖਦੇ। ਉਨ੍ਹਾਂ ਨੂੰ ਅਰਜਨ ਦੀ ਲਗਨ, ਮਿਹਨਤ ਤੇ ਸਿਰੜ 'ਤੇ ਭਰੋਸਾ ਸੀ।

ਚਾਰ ਸਾਲ ਪਹਿਲਾਂ ਭਾਵ 2018 'ਚ ਵੀ ਚੌਂਗਵਾਨ (ਕੋਰੀਆ) 'ਚ ਹੀ ਸ਼ੂਟਿੰਗ ਦਾ ਵਰਲਡ ਕੱਪ ਹੋਇਆ ਸੀ। ਇਸ ਸੀਨੀਅਰ ਵਰਲਡ ਕੱਪ ਵਿਚ ਦੁਨੀਆ ਦੇ ਕੇਵਲ ਤਿੰਨ ਖਿਡਾਰੀ ਉਸ ਤੋਂ ਅੱਗੇ ਸਨ। ਅਰਜਨ ਦਾ ਚੌਥਾ ਸਥਾਨ ਆਇਆ। ਹੋਰ ਕੋਈ ਹੁੰਦਾ ਢੇਰੀ ਢਾਹ ਬੈਠਦਾ ਪਰ ਸ਼ੂਟਿੰਗ ਵਿਚ ਦੇਸ਼ ਲਈ ਹੁਣ ਤਕ ਦਾ ਇਕੋ ਇਕ ਸੋਨ ਤਮਗਾ ਜੇਤੂ ਖਿਡਾਰੀ ਅਭਿਨਵ ਬਿੰਦਰਾ ਦੇ ਬੋਲ "ਹਰੇਕ ਤਰ੍ਹਾਂ ਦੇ ਹਾਲਾਤ ਵਿਚ ਸ਼ੂਟਿੰਗ ਕਰਦੇ ਰਹੋ" ਅਰਜਨ ਨੂੰ ਹੌਸਲਾ ਦਿੰਦੇ। ਮਾਂ ਦੀਪਤੀ ਆਖਦੀ, "ਪੁੱਤ ! ਤੂੰ ਅਰਜਨ ਏਂ—!" ਅੱਗੇ ਉਸ ਦੀ ਚੁੱਪ ਹੀ ਬਹੁਤ ਕੁਝ ਆਖ ਜਾਂਦੀ। ਬਾਪ ਬੋਹੜ ਦਾ ਰੁੱਖ ਬਣ ਕੇ ਅਰਜਨ ਨੂੰ ਤੱਤੀਆਂ ਠੰਡੀਆਂ ਛਾਵਾਂ ਤੋਂ ਬਚਾਈ ਰੱਖਦਾ।

ਹੁਣ ਮੁਕਾਬਲੇ ਦਾ ਸਥਾਨ ਫਿਰ 2018 ਵਾਲਾ ਹੀ ਸੀ-ਚੌਂਗਵਾਨ। ਅਰਜਨ ਦੀ ਅੱਖ ਵਿਚ ਸੁਪਨੇ ਸਨ ਤੇ ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਉਸਨੇ ਪੂਰੀ ਇਕਾਗਰਤਾ ਰੱਖਣੀ ਸੀ। ਉਸਦੀ ਅੱਖ ਨੇ ਕੇਵਲ ਮੱਛੀ ਦੀ ਅੱਖ ਵੇਖਣੀ ਸੀ। ਫਾਈਨਲ ਮੁਕਾਬਲਾ ਭਾਵੇਂ 2021 ਦੇ ਟੋਕੀਓ ਓਲੰਪਿਕ ਵਿਚ ਚਾਂਦੀ ਤਮਗਾ ਡੁੱਕ ਲੈਣ ਵਾਲੇ ਅਮਰੀਕਨ ਨਿਸ਼ਾਨੇਬਾਜ਼ ਲੁਕਾਸ ਕੋਜਿੰਸਕੀ ਨਾਲ ਸੀ ਪਰ ਅਰਜਨ ਤਾਂ ਅਰਜਨ ਸੀ। ਹੁਣ 2018 ਬਹੁਤ ਦੂਰ ਰਹਿ ਗਿਆ ਸੀ। ਹਾਰਾਂ ਅਰਜਨ ਨੂੰ ਭੁੱਲ ਗਈਆਂ ਸਨ। ਉਸਨੇ ਜਨ ਗਨ ਮਨ ਦੀ ਧੁਨ ਸਟੇਡੀਅਮ ਵਿਚ ਵੱਜਦੀ ਸੁਣਨੀ ਸੀ। ਅੰਤਰ-ਰਾਸ਼ਟਰੀ ਮੰਚ 'ਤੇ ਤਿਰੰਗਾ ਲਹਿਰਾਉਂਦਾ ਵੇਖਣਾ ਹਰ ਖਿਡਾਰੀ ਦਾ ਸੁਪਨਾ ਹੁੰਦਾ ਹੈ। ਇਹ ਸੁਪਨਾ ਅਰਜਨ ਦੀਆਂ ਅੱਖਾਂ ਵਿਚ ਵੀ ਚਿਰਾਂ ਤੋਂ ਲਟਕਦਾ ਆਉਂਦਾ ਸੀ।

ਲੁਕਾਸ ਕੋਜਿੰਸਕੀ ਕੋਲ ਅਨੁਭਵ ਸੀ, ਅਰਜਨ ਕੋਲ ਸੁਪਨਾ ਸੀ। ਲੁਕਾਸ ਨੇ ਚਾਂਦੀ ਨੂੰ ਸੋਨੇ 'ਚ ਬਦਲਣਾ ਸੀ, ਅਰਜਨ ਨੇ ਮਾਂ-ਬਾਪ ਦੀਆਂ ਰੀਝਾਂ ਨੂੰ ਸੋਨੇ ਦੀ ਪਿਉਂਦ ਚੜ੍ਹਾਉਣੀ ਸੀ। ਸ਼ਾਹ ਮੁਹੰਮਦ ਦੇ ਕਹਿਣ ਵਾਂਗ ਦੋਵੇਂ ਪਾਸੇ ਫੌਜਾਂ ਭਾਰੀਆਂ ਸਨ। ਸਾਹ ਰੋਕਵਾਂ ਮੁਕਾਬਲਾ ਸੀ। ਲੁਕਾਸ ਜਿੱਤ ਜਾਂਦਾ ਤਾਂ ਉਸਨੂੰ ਕੋਈ ਫਰਕ ਨਹੀਂ ਸੀ ਪੈਣਾ ਪਰ ਜੇ ਅਰਜਨ ਹਾਰ ਜਾਂਦਾ ਤਾਂ ਸ਼ਾਇਦ ਸ਼ੂਟਿੰਗ ਦੇ ਅਗਲੇ ਪੜਾਅ ਉਸ ਲਈ ਔਖੇ ਹੋ ਜਾਂਦੇ। ਉਸਦੇ ਹੌਂਸਲੇ ਨੂੰ ਜਰਬ ਆ ਜਾਂਦੀ। ਅਰਜਨ ਲਈ ਜਿੱਤ ਜ਼ਰੂਰੀ ਸੀ। ਲੰਮਾ ਸੋਕਾ ਤੋੜਨਾ ਸੀ। ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਪੁਖਤਾ ਤੇ ਗੂੜ੍ਹੀ ਕਰਨੀ ਸੀ। ਖੇਡ ਇਤਿਹਾਸ ਦੇ ਪੰਨਿਆਂ 'ਤੇ ਆਪਣੇ ਨਾਂ ਦੀ ਮੋਹਰ ਲਾਉਣੀ ਸੀ।

...ਤੇ ਇਹ ਮੋਹਰ ਹੁਣ ਲੱਗ ਚੁੱਕੀ ਹੈ। ਸ਼ੂਟਿੰਗ ਦੇ ਵਿਸ਼ਵ ਕੱਪ ਵਿਚ ਅਰਜਨ ਬਾਬੂਟਾ ਨੇ ਸੋਨੇ 'ਤੇ ਨਿਸ਼ਾਨੇ ਲਾ ਦਿੱਤੇ ਹਨ। ਹੁਣ ਉਸਦੇ ਅੱਗੇ ਹੋਰ ਨਿਸ਼ਾਨੇ ਮਿਥੇ ਗਏ ਹਨ। ਉਸ ਨੇ ਏਸ਼ੀਆਈ ਤੇ ਓਲੰਪਿਕ ਖੇਡਾਂ 'ਚ ਆਪਣੇ ਨਾਂ ਨੂੰ ਸਾਰਥਕ ਕਰਨਾ ਹੈ।

ਅਜੇ ਤਾਂ ਮੈਂ ਦੀਪਤੀ ਨਾਲ ਕੀਤਾ ਵਾਅਦਾ ਪੂਰਾ ਕਰਨਾ ਹੈ। ਆਪਣੇ ਅਜ਼ੀਜ਼ ਅਰਜਨ ਬਾਬੂਟਾ ਬਾਰੇ ਲੰਮਾ ਚੌੜਾ ਆਰਟੀਕਲ ਲਿਖਣਾ ਹੈ। ਇਸ ਆਰਟੀਕਲ ਵਿਚ ਸਾਡੇ ਖੇਡ ਲੇਖਕ ਤੇ ਵਾਰਤਕ ਦੇ ਧਨੀ ਪ੍ਰਿੰਸੀਪਲ ਸਰਵਣ ਸਿੰਘ ਵਾਂਗ ਅਰਜਨ ਦੀ ਅੱਖ ਦਾ ਸਾਈਜ਼ ਲਿਖਣਾ ਹੈ। ਉਸ ਦੇ ਕੱਦ, ਭਾਰ, ਬਾਹਵਾਂ ਦੀ ਲੰਬਾਈ ਤੇ ਮੋਢਿਆਂ ਦੀ ਚੌੜਾਈ ਦਾ ਜ਼ਿਕਰ ਕਰਨਾ ਹੈ। ਮੇਰੇ ਉਸ ਆਰਟੀਕਲ 'ਚ ਦੀਪਤੀ ਵਲੋਂ ਪੁੱਤ ਦੀ ਪ੍ਰਾਪਤੀ 'ਤੇ ਖੁਸ਼ੀ 'ਚ ਵਹਾਏ ਅੱਥਰੂਆਂ ਦੀ ਗਾਥਾ ਹੋਵੇਗੀ। ਦੂਰ ਦੁਮੇਲ ਵੱਲ ਵੇਖਦੇ ਨੀਰਜ ਬਾਬੂਟਾ ਦੀਆਂ ਅੱਖਾਂ ਵਿਚਲੀ ਲਿਸ਼ਕ ਨੂੰ ਸ਼ਬਦਾਂ 'ਚ ਬੰਨ੍ਹਣਾ ਹੈ। ਅਜੇ ਤਾਂ ਮੈਂ ਅਰਜਨ ਬਾਰੇ ਲਿਖਣ ਲਈ ਅੱਖਰਾਂ ਨੂੰ ਪਲੋਸ ਪਲੋਸ ਕੇ ਰੱਖਣ ਦੀ ਜਾਚ ਸਿੱਖ ਰਿਹਾ ਹਾਂ।

---

***(ਪਿਛਲੇ ਸਫੇ ਦਾ ਬਾਕੀ)***

ਕਮਜ਼ੋਰ ਏਂ। ਆਪਣੇ ਨਾਵਲ 'ਦਿ ਬ੍ਰਦਰਜ਼ ਕਾਰਮਾਜ਼ੋਵ' ਦੀ ਰੂਪਰੇਖਾ ਉਲੀਕਦਿਆਂ ਉਸ ਨੇ ਸੋਚਿਆ ਨਹੀਂ ਸੀ ਕਿ ਇਹ ਉਸ ਦਾ ਆਖਰੀ ਨਾਵਲ ਹੋਵੇਗਾ। ਇਸ ਦੌਰਾਨ ਹੀ ਉਸ ਦੇ ਪੁੱਤਰ ਅਲਓਸ਼ਾ ਦੀ ਮੌਤ ਹੋ ਜਾਂਦੀ ਹੈ। ਉਹ ਉਸ ਸਮੇਂ ਸਿਰਫ ਢਾਈ ਸਾਲਾਂ ਦਾ ਸੀ। ਉਸ ਨੂੰ ਜਨਮ ਤੋਂ ਹੀ ਮਿਰਗੀ ਪੈਂਦੀ ਸੀ। ਮਿਰਗੀ ਦਾ ਦੌਰਾ ਦਾਸਤੋਵਸਕੀ ਨੂੰ ਵੀ ਪੈਂਦਾ ਸੀ। ਪੁੱਤਰ ਦੀ ਮੌਤ ਨੇ ਦਾਸਤੋਵਸਕੀ ਨੂੰ ਸਦਮੇ ਵਿਚ ਧੱਕ ਦਿੱਤਾ। ਨਿਰਾਸ਼ਾ ਭਰੇ ਇਸ ਵਕਤ ਵਿਚ ਉਸ ਦੀ ਪਤਨੀ ਨੇ ਵੀ ਉਸ ਦਾ ਸਾਥ ਛੱਡ ਦਿੱਤਾ।

ਇਹ ਨਾਵਲ ਦਾਸਤੋਵਸਕੀ ਨੇ ਤਿੰਨ ਚਾਰ ਸਾਲਾਂ ਵਿਚ ਪੂਰਾ ਕੀਤਾ। ਇਸ ਨਾਵਲ ਵਿਚ ਬੁੱਢੇ ਆਦਮੀ ਦੇ ਤਿੰਨ ਪੁੱਤਰ ਹਨ- ਦਮਿੱਤਰੀ ਸਭ ਤੋਂ ਵੱਡਾ, ਉਸ ਤੋਂ ਛੋਟਾ ਈਵਾਨ ਅਤੇ ਸਭ ਤੋਂ ਛੋਟਾ ਅਲਬੋਸ਼ਾ। ਸਾਰਾ ਨਾਵਲ ਇਨ੍ਹਾਂ ਤਿੰਨਾਂ ਦੁਆਲੇ ਹੀ ਕੇਂਦ੍ਰਿਤ ਹੈ। ਦਾਸਤੋਵਸਕੀ ਨੇ ਇਸ ਨਾਵਲ ਵਿਚ ਸਾਬਤ ਕਰ ਦਿੱਤਾ ਕਿ ਜ਼ਿੰਦਗੀ ਦਾ ਸੱਚਾ ਨਿਆਂ ਦੂਜਿਆਂ ਨਾਲ ਕੀਤੇ ਪਿਆਰ ਦੇ ਵਤੀਰੇ ਵਿਚੋਂ ਹੀ ਮਿਲਦਾ ਹੈ। ਕੋਂਸਟਾਨਟੀਨ ਮੋਸ਼ਲਸਕੀ ਨੇ ਲਿਖਿਆ ਹੈ ਕਿ ਇਹ ਨਾਵਲ ਦੁਨੀਆ ਦੇ ਹਰ ਲੇਖਕ ਅੱਗੇ ਆਪਣੀ ਆਤਮ-ਕਥਾ ਦੇ ਪੰਨੇ ਖੋਲ੍ਹਦਾ ਹੈ। ਉਸ ਨੇ ਆਪਣੀ ਹਰ ਰਚਨਾ ਵਿਚ ਜ਼ਿੰਦਗੀ ਦੇ ਅਨੁਭਵਾਂ ਦੀ ਅਜਿਹੀ ਪੁੱਠ ਚਾੜ੍ਹੀ ਕਿ ਹਰ ਕੋਈ ਪੜ੍ਹ ਕੇ ਦੰਗ ਰਹਿ ਗਿਆ। ਦਾਸਤੋਵਸਕੀ ਰੂਸ ਦੇ ਸਾਹਿਤ ਦਾ ਥੰਮ੍ਹ ਸੀ। ਉਹ ਕੁਝ ਕਰਨ ਲਈ ਉਤੇਜਿਤ ਰਹਿੰਦਾ ਪਰ ਬਿਮਾਰੀਆਂ ਨੇ ਇਸ ਤਰ੍ਹਾਂ ਘੇਰਿਆ ਹੋਇਆ ਸੀ ਕਿ ਉਸ ਦੀ ਪੇਸ਼ ਨਾ ਜਾਂਦੀ। ਸ਼ਰਾਬ ਨੇ ਉਸ ਨੂੰ ਅੰਦਰੋਂ ਖੋਖਲਾ ਕਰ ਦਿੱਤਾ ਸੀ। ਮੋਸ਼ਲਸਕੀ ਨੇ ਉਸ ਦੇ ਜੀਵਨ 'ਤੇ ਪੂਰੀ ਕਿਤਾਬ ਲਿਖੀ ਜਿਸ ਦਾ ਨਾਮ 'ਦਾਸਤੋਵਸਕੀ ਹਿਜ਼ ਲਾਈਫ ਐਂਡ ਵਰਕਸ' ਹੈ।

'ਦਿ ਬ੍ਰਦਰਜ਼ ਕਾਰਮਾਜ਼ੋਵ' ਦੀ ਆਖਿਰੀ ਕਿਸ਼ਤ ਪ੍ਰਕਾਸ਼ਕ ਨੂੰ ਭੇਜ ਕੇ ਉਸ ਨੇ ਕਿਹਾ- ਤੁਸੀਂ ਫਿਕਰ ਨਾ ਕਰੋ, ਮੈਂ ਅਜੇ ਹੋਰ ਵੀ ਬਹੁਤ ਨਾਵਲ ਲਿਖਣੇ ਹਨ।

'ਦਿ ਬ੍ਰਦਰਜ਼ ਕਾਰਮਾਜ਼ੋਵ' ਨਾਵਲ ਨੇ ਦਾਸਤੋਵਸਕੀ ਨੂੰ ਬੁਲੰਦੀ ਉੱਤੇ ਖੜ੍ਹਾ ਕਰ ਦਿੱਤਾ ਸੀ। ਹੇਨਰੀ ਤਰੋਏਨ ਨੇ ਆਪਣੇ ਲੇਖ ਵਿਚ ਜ਼ਿਕਰ ਕੀਤਾ ਹੈ ਕਿ 'ਬ੍ਰਦਰਜ਼ ਕਾਰਮਾਜ਼ੋਵ' ਨੇ ਦਾਸਤੋਵਸਕੀ ਨੂੰ ਤੁਰਗਨੇਵ, ਤਾਲਸਤਾਏ ਤੋਂ ਇਕ ਕਦਮ ਅੱਗੇ ਖੜ੍ਹਾ ਕੀਤਾ। ਉਸ ਦੀ ਹਰ ਲਿਖਤ ਅਵਾਮ ਨੂੰ ਇਨ੍ਹਾਂ ਨਾਲੋਂ ਜ਼ਿਆਦਾ ਟੁੰਬਦੀ ਸੀ। ਰੂਸੀ ਸਾਹਿਤ ਦੇ ਤਾਰਾ ਮੰਡਲ ਵਿਚ ਉਹ ਅਜਿਹਾ ਸਿਤਾਰਾ ਬਣ ਚੁੱਕਾ ਸੀ ਜਿਸ ਦੀ ਚਮਕ ਬਾਕੀਆਂ ਨਾਲੋਂ ਅਨੋਖੀ ਹੀ ਨਹੀਂ, ਤੇਜ਼ ਵੀ ਸੀ। ਸਫਲਤਾ ਕਈ ਵਾਰ ਕਈਆਂ ਦੇ ਦਿਮਾਗ ਨੂੰ ਚੜ੍ਹ ਜਾਂਦੀ ਹੈ ਪਰ ਦਾਸਤੋਵਸਕੀ ਨੇ ਆਪਣੇ ਪੈਰ ਧਰਤੀ ਨਾਲ ਜੋੜੀ ਰੱਖੇ। ਉਸ ਦੀ ਸਿਰਜਣਾ ਨੇ ਸੰਸਾਰ ਦੇ ਸਾਹਿਤ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਸਿਰਕੱਢ ਆਲੋਚਕ ਵਿਲੀਅਮ ਫਾਕਨਰ ਦੇ ਸ਼ਬਦਾਂ ਵਿਚ, "ਦਾਸਤੋਵਸਕੀ ਦੀ ਕਿਰਤ ਨੇ ਮੇਰੇ 'ਤੇ ਗਹਿਰਾ ਅਸਰ ਛੱਡਿਆ। ਉਸ ਦੀ ਨਾਵਲਕਾਰੀ ਵਿਚੋਂ ਮੈਨੂੰ ਕਲਾਕਾਰੀ ਵੀ ਨਜ਼ਰ ਆਈ ਜਿਸ ਦਾ ਮੈਂ ਹਰ ਪਲ ਅਨੰਦ ਮਾਣਦਾ ਹਾਂ। ਜਦੋਂ ਦਾਸਤੋਵਸਕੀ ਨੇ 'ਦਿ ਬ੍ਰਦਰਜ਼ ਕਾਰਮਾਜ਼ੋਵ' ਨਾਵਲ ਨੂੰ ਆਖਰੀ ਸ਼ੇਡ ਦਿੱਤੇ, ਉਹ ਆਪਣੇ ਨੇੜਲੇ ਮਿੱਤਰ ਨੂੰ ਲਿਖੇ ਖਤ ਵਿਚ ਕਹਿੰਦਾ ਹੈ- ਮੈਂ ਇਹ ਗੱਲ ਦਾਅਵੇ ਨਾਲ ਆਖ ਸਕਦਾ ਹਾਂ, ਜਿਨ੍ਹਾਂ ਹਾਲਾਤ ਵਿਚ ਇਹ ਨਾਵਲ ਲਿਖਿਆ ਹੈ, ਨਾ ਕੋਈ ਪਹਿਲਾਂ ਇਨ੍ਹਾਂ ਹਾਲਾਤ ਨਾਲ ਲੜਿਆ ਹੋਵੇਗਾ, ਨਾ ਕੋਈ ਅੱਗੇ ਲੜੇਗਾ। ਦੂਜੇ ਖਤ ਵਿਚ ਉਹ ਆਪਣੇ ਮਿੱਤਰ ਨੂੰ ਲਿਖਦਾ ਹੈ ਕਿ ਮੇਰੇ ਇਸ ਨਾਵਲ ਦੀ ਸਿਰਜਣਾ ਮੇਰੇ ਸਿਰ ਚੜ੍ਹ ਕੇ ਨਹੀਂ, ਪਾਤਰਾਂ ਦੇ ਸਿਰ ਚੜ੍ਹ ਕੇ ਬੋਲ ਰਹੀ ਹੈ। ਤੁਰਗਨੇਵ ਤਾਂ ਜ਼ਿੰਦਗੀ ਵਿਚ ਸੋਚ ਵੀ ਨਹੀਂ ਸਕਦਾ। ਉਹ ਆਪਣੇ ਸਮਕਾਲੀਆਂ ਨੂੰ ਆਖਦਾ ਹੈ ਕਿ ਲਿਖਣ ਦਾ ਕੰਮ ਤਾਂ ਸਾਰੇ ਕਰ ਰਹੇ ਹਨ ਪਰ ਤੁਸੀਂ ਕਿਸ ਤਰ੍ਹਾਂ ਦੇ ਹਾਲਾਤ ਵਿਚ ਲਿਖਦੇ ਹੋ, ਅਹਿਮ ਗੱਲ ਇਹ ਹੁੰਦੀ ਹੈ। ਦਾਸਤੋਵਸਕੀ ਦੁਨੀਆ ਦਾ ਪਹਿਲਾ ਅਜਿਹਾ ਨਾਵਲਕਾਰ ਸੀ ਜਿਸ ਨੇ ਆਪਣੇ ਪਾਤਰਾਂ ਨੂੰ ਮਨੋਵਿਗਿਆਨ ਦੇ ਰੰਗਾਂ ਵਿਚ ਰੰਗਿਆ। ਉਹ ਆਪਣੇ ਪਾਤਰਾਂ ਦੀ ਸਿਰਜਣਾ ਇਸ ਤਰ੍ਹਾਂ ਕਰਦਾ ਸੀ ਕਿ ਪੜ੍ਹਨ ਵਾਲਾ ਖੁਦ ਨੂੰ ਭੁਲਾ ਕੇ ਪਾਤਰ ਬਣ ਜਾਂਦਾ ਸੀ। ਜਰਮਨ ਦੇ ਮਹਾਨ ਫਿਲਾਸਫਰ ਨੀਤਸ਼ੇ ਨੇ ਦਾਸਤੋਵਸਕੀ ਦੇ ਨਾਵਲ ਪੜ੍ਹ ਕੇ ਕਿਹਾ ਸੀ, "ਦਾਸਤੋਵਸਕੀ ਅਜਿਹਾ ਮਨੋਵਿਗਿਆਨੀ ਹੈ ਜਿਸ ਕੋਲੋਂ ਮੈਂ ਹਮੇਸ਼ਾ ਕੁਝ ਨਾ ਕੁਝ ਸਿੱਖਦਾ ਹਾਂ। ਉਸ ਨੂੰ ਪੜ੍ਹਨਾ ਆਪਣੀ ਪ੍ਰਾਪਤੀ ਸਮਝਦਾ ਹਾਂ।" ਦਾਸਤੋਵਸਕੀ ਦੀ ਅੱਖ ਐਸੀ ਖੁਰਦਬੀਨ ਸੀ ਜੋ ਬਰੀਕ ਤੋਂ ਬਰੀਕ ਚੀਜ਼ ਦੇਖ ਸਕਦੀ ਸੀ, ਪੜ੍ਹ ਸਕਦੀ ਸੀ। ਉਹ ਆਪਣੀ ਸਿਰਜਣਾ ਨੂੰ ਅਜਿਹਾ ਰੂਪ ਦੇਣਾ ਚਾਹੁੰਦਾ ਸੀ ਕਿ ਆਉਣ ਵਾਲਾ ਸਮਾਂ ਰੂਸ ਦੀ ਆਮ ਜਨਤਾ ਦੇ ਹੱਥ ਹੋਵੇ। ਉਸ ਪ੍ਰਤਿਭਾਵਾਨ ਲੇਖਕ ਨੇ ਆਪਣੇ ਗਰੀਬੀ ਦੇ ਸਮੇਂ ਵਿਚ ਵੀ ਇਹ ਸਵਾਲ ਖੜ੍ਹਾ ਕੀਤਾ ਸੀ ਕਿ ਜਦੋਂ ਤੀਕਰ ਜਬਰ ਅਤੇ ਦੌਲਤ ਦੀ ਸੰਸਾਰ 'ਤੇ ਪਕੜ ਹੈ, ਮਨੁੱਖੀ ਮਨ ਅਤੇ ਮਨੁੱਖੀ ਜੋਤ ਨੂੰ ਹਮੇਸ਼ਾ ਕੁਚਲਿਆ ਜਾਂਦਾ ਰਹੇਗਾ। ਇਸ ਰੀਤ ਨੂੰ ਖਤਮ ਕਰਨਾ ਸਾਡਾ ਫਰਜ਼ ਹੈ। ਮਨੋਵਿਗਿਆਨੀ ਫਰਾਇਡ ਨੇ ਆਪਣੇ ਇਕ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਦਾਸਤੋਵਸਕੀ ਜਿਸ ਤਰ੍ਹਾਂ ਪਾਠਕ ਦੇ ਮਨ ਦੀਆਂ ਪਰਤਾਂ ਫੜਦਾ ਹੈ, ਬਾ-ਕਮਾਲ ਹੈ। ਉਸ ਨੂੰ ਪੜ੍ਹਨਾ ਨਿਰਾ ਭੌਤਿਕ ਅਨੁਭਵ ਵਿਚੋਂ ਗੁਜ਼ਰਨਾ ਹੈ। ਉਸ ਦੀਆਂ ਲਿਖਤਾਂ ਨੂੰ ਸਲੂਟ ਹੈ।

ਦਾਸਤੋਵਸਕੀ ਨੂੰ ਪਤਾ ਸੀ ਕਿ ਵਕਤ ਕਦੇ ਰੁਕਦਾ ਨਹੀਂ, ਨਬਜ਼ ਰੁਕ ਜਾਂਦੀ ਹੈ। ਦਾਸਤੋਵਸਕੀ ਅਨੇਕਾਂ ਬਿਮਾਰੀਆਂ ਵਿਚ ਐਸਾ ਘਿਰਿਆ ਕਿ 25 ਜਨਵਰੀ 1881 ਵਾਲੀ ਰਾਤ ਉਸ ਦੀ ਆਖਿਰੀ ਰਾਤ ਸੀ। 26 ਜਨਵਰੀ ਨੂੰ ਉਸ ਨੂੰ ਦਿਲ ਦਾ ਦੌਰਾ ਪਿਆ ਤੇ ਉਸ ਦਾ ਦੇਹਾਂਤ ਹੋ ਗਿਆ। ਸ਼ਾਮ ਪੈ ਚੁੱਕੀ ਸੀ, ਸੂਰਜ ਡੁੱਬ ਚੁੱਕਾ ਸੀ ਪਰ ਸਵੇਰ ਹੋਣ ਦੀ ਆਸ ਨਹੀਂ ਸੀ। ਦੁਬਾਰਾ ਸੂਰਜ ਚੜ੍ਹਨ ਦਾ ਸਵਾਲ ਹੀ ਨਹੀਂ ਸੀ। ਦਾਸਤੋਵਸਕੀ ਦੀ ਮੌਤ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਦੁਨੀਆ ਦੇ ਹਰ ਲੇਖਕ ਦੀਆਂ ਅੱਖਾਂ 'ਚੋਂ ਨਹੀਂ ਸਗੋਂ ਦਿਲ 'ਚੋਂ ਵੀ ਨੀਰ ਵਗਿਆ। ਇਹ ਖਬਰ ਸੁਣਦਿਆਂ ਹੀ ਰੂਸੀ ਸਾਹਿਤ ਦੇ ਕਿੰਗ ਤੁਰਗਨੇਵ ਨੇ ਕਿਹਾ, "ਸਾਡਾ ਪਿਆਰਾ, ਸਾਡਾ ਦੁਲਾਰਾ, ਦੁਨੀਆ ਦਾ ਹਰਮਨ ਪਿਆਰਾ ਲੇਖਕ ਦਾਸਤੋਵਸਕੀ ਨਹੀਂ ਰਿਹਾ। ਹੁਣ ਕੌਣ ਲਿਖੇਗਾ ਗਰੀਬਾਂ ਦੀ ਵਾਰਤਾ, ਹੁਣ ਕੌਣ ਜ਼ਿਕਰ ਕਰੇਗਾ ਲਿਤਾੜੇ ਲੋਕਾਂ ਦੀਆਂ ਭਾਵਨਾਵਾਂ ਦਾ। ਦਾਸਤੋਵਸਕੀ ਵਰਗੇ ਨਾਵਲਕਾਰ ਹਰ ਵਾਰ ਨਹੀਂ, ਕਦੇ ਕਦੇ ਹੀ ਪੈਦਾ ਹੁੰਦੇ ਹਨ।"

ਤਾਲਸਤਾਏ ਇਕ ਵਾਰ ਨਹੀਂ, ਬਹੁਤ ਵਾਰ ਜ਼ਿਕਰ ਕਰਦਾ ਹੈ ਕਿ ਉਸ ਨੂੰ ਜ਼ਿੰਦਗੀ ਵਿਚ ਸਦਾ ਅਫਸੋਸ ਰਹੇਗਾ ਕਿ ਉਹ ਦਾਸਤੋਵਸਕੀ ਨੂੰ ਮਿਲ ਨਹੀਂ ਸਕਿਆ। ਜਦੋਂ ਉਸ ਨੂੰ ਦਾਸਤੋਵਸਕੀ ਦੀ ਮੌਤ ਦੀ ਖਬਰ ਮਿਲੀ ਤਾਂ ਉਸ ਨੇ ਕਿਹਾ, "ਮੈਂ ਕਦੇ ਉਸ ਨੂੰ ਮਿਲਿਆ ਨਹੀਂ ਪਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਦਿੱਤਾ ਗਿਆ ਹੈ। ਜਿਵੇਂ ਮੈਂ ਅੰਗਹੀਣ ਹੋ ਗਿਆ ਹੋਵਾਂ। ਉਸ ਦੀਆਂ ਲਿਖਤਾਂ ਵਿਚੋਂ ਮੈਂ ਜੋ ਕੁਝ ਸਿੱਖਿਆ, ਸ਼ਾਇਦ ਇਹ ਕਮੀ ਹੁਣ ਮੇਰੀ ਕਦੇ ਵੀ ਪੂਰੀ ਨਾ ਹੋ ਸਕੇ।"

ਦਾਸਤੋਵਸਕੀ ਦੀ ਮੌਤ ਤੋਂ ਬਾਅਦ ਐਨਾ ਨੇ ਵਿਆਹ ਨਹੀਂ ਕਰਾਇਆ। ਮੌਤ ਸਮੇਂ ਉਸ ਦੀ ਉਮਰ ਕੇਵਲ 35 ਸਾਲ ਸੀ। ਐਨਾ ਨੇ ਦਾਸਤੋਵਸਕੀ ਦੀਆਂ ਯਾਦਾਂ ਦਸਤਾਵੇਜ਼ ਦੇ ਰੂਪ ਵਿਚ ਇਕੱਠੀਆਂ ਕੀਤੀਆਂ, ਅਜਾਇਬ ਘਰ ਵਿਚ ਕਮਰਾ ਬਣਾਇਆ ਜੋ ਉਸ ਦੀਆਂ ਯਾਦਾਂ ਨੂੰ ਸਮਰਪਿਤ ਕੀਤਾ ਗਿਆ। ਦਾਸਤੋਵਸਕੀ ਮਿੱਟੀ ਰੰਗੇ ਲੋਕਾਂ ਦਾ ਲੇਖਕ ਸੀ। ਉਸ ਦੀ ਕਲਮ ਨੇ ਕਸੀਦੇ ਨਹੀਂ ਲਿਖੇ, ਤਖਤ ਦੇ ਸੋਹਲੇ ਨਹੀਂ ਗਾਏ ਸਗੋਂ ਅਵਾਮ ਦੀ ਆਵਾਜ਼ ਬਣਿਆ। ਮਹਾਨ ਫਰਾਂਸੀਸੀ ਨਾਵਲਕਾਰ ਸਤਾਂਧਾਲ ਨੇ ਕਿਹਾ, "ਦਾਸਤੋਵਸਕੀ ਮਨੋਵਿਗਿਆਨ ਯਥਾਰਥਵਾਦ ਦਾ ਮੋਢੀ ਸੀ ਤੇ ਹੈ। ਉਸ ਨੇ ਸਮਾਜ ਦੇ ਆਮ ਵਰਗ ਦੀਆਂ ਤਹਿਆਂ ਨੂੰ ਫਰੋਲਿਆ। ਉਸ ਨੇ ਸਮਾਜਿਕ ਢਾਂਚੇ ਦੀ ਕਰੂਪਤਾ ਨੂੰ ਸ਼ਬਦਾਂ ਦੀ ਪੁੱਠ ਚਾੜ੍ਹ ਕੇ ਲੋਕਾਂ ਅੱਗੇ ਲਿਆਂਦਾ।"

ਦਾਸਤੋਵਸਕੀ ਨੇ ਆਪਣੇ ਆਖਿਰੀ ਦਿਨਾਂ ਵਿਚ ਕਿਹਾ, "ਭਾਵੇਂ ਅੱਜ ਦੇ ਰੂਸੀ ਲੋਕਾਂ ਲਈ ਮੈਂ ਅਣਜਾਣ ਹਾਂ ਪਰ ਆਉਣ ਵਾਲੇ ਵਕਤ ਵਿਚ ਇਹ ਰੂਸੀ ਲੋਕ ਮੈਨੂੰ ਜਾਣਨਗੇ ਅਤੇ ਮੇਰੀ ਹਰ ਲਿਖਤ ਦੇ ਅੱਖਰ-ਅੱਖਰ ਨੂੰ ਪਛਾਣਨਗੇ।" ਸ਼ਾਇਦ ਇਸੇ ਲਈ ਮੈਕਸਿਮ ਗੋਰਕੀ ਅਤੇ ਉਸ ਤੋਂ ਬਾਅਦ ਵਾਲੀ ਪੀੜ੍ਹੀ ਦੇ ਮੋਹਰੀ ਸਮਾਜਵਾਦੀ ਲੇਖਕ ਕੋਨਸਤਾਕਿਨ ਫੇਦਿਨ ਨੇ ਦਾਸਤੋਵਸਕੀ ਨੂੰ ਭਵਿੱਖ ਦਾ ਸਮਕਾਲੀ ਕਿਹਾ ਸੀ।

ਕਾਂਸਟੇਂਸ ਗਾਰਨੇਟ ਨੇ ਦਾਸਤੋਵਸਕੀ ਦੇ ਕਥਾ ਸੰਸਾਰ ਨੂੰ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਦਾਸਤੋਵਸਕੀ ਦੁਨੀਆ ਦੇ ਹਰ ਖਿੱਤੇ ਵਿਚ ਜਾਣਿਆ ਜਾਣ ਲੱਗਾ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-13

# ਪੁਲਿਸ ਅਫਸਰਾਂ ਦਾ ਪੱਖਪਾਤੀ ਰਵੱਈਆ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ 13ਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

ਫਿਰਕੂ ਦੰਗੇ ਅਤੇ ਭਾਰਤੀ ਪੁਲਿਸ ਵਾਲੇ ਇਸ ਅਧਿਐਨ ਤੋਂ ਹੇਠ ਲਿਖੇ ਨਤੀਜੇ ਨਿਕਲਦੇ ਹਨ।

1. ਜ਼ਿਆਦਾਤਰ ਦੰਗਿਆਂ ਵਿਚ ਪੁਲਿਸ ਦਾ ਵਰਤਾਓ ਪੱਖਪਾਤੀ ਰਿਹਾ ਹੈ। ਇਸ ਅਧਿਐਨ ਵਿਚ ਵਰਨਣ ਕੀਤੇ ਸਾਰੇ ਦੰਗਿਆਂ ਵਿਚ ਪੁਲਿਸ ਨੇ ਕਾਨੂੰਨ ਵਿਵਸਥਾ ਲਾਗੂ ਕਰਨ ਵਾਲੀ ਸਿਖਰਲੀ ਸੰਸਥਾ ਦੀ ਥਾਂ 'ਹਿੰਦੂ' ਤਾਕਤ ਦੇ ਤੌਰ 'ਤੇ ਕੰਮ ਕੀਤਾ ਹੈ।

2. ਬਲ ਦੀ ਵਰਤੋਂ, ਦੰਗਿਆਂ 'ਤੇ ਕਾਬੂ ਕਰਨ ਲਈ ਕੀਤੀਆਂ ਜਾਣ ਵਾਲੀਆਂ ਗ੍ਰਿਫਤਾਰੀਆਂ, ਕਰਫਿਊ, ਥਾਣਿਆਂ ਵਿਚ ਵੱਖ-ਵੱਖ ਤਰ੍ਹਾਂ ਦਾ ਵਰਤਾਓ, ਤੱਥਾਂ ਦੀ ਰਿਪੋਰਟਿੰਗ ਅਤੇ ਦੰਗਿਆਂ ਦੌਰਾਨ ਦਰਜ ਮੁਕੱਦਮਿਆਂ ਦੀ ਤਫਤੀਸ਼ ਅਤੇ ਪੈਰਵਾਈ ਵਿਚ ਪੁਲਿਸ ਦੇ ਆਚਰਨ ਵਿਚ



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਸਪਸ਼ਟ ਭੇਦਭਾਵ ਦਿਖਾਈ ਦਿੰਦਾ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਵਿਚ ਮੁਸਲਮਾਨ ਹੀ ਜ਼ਿਆਦਤੀ ਦੇ ਸ਼ਿਕਾਰ ਹੋਏ ਹਨ।

3. ਫਿਰਕੂ ਸੰਘਰਸ਼ ਦੌਰਾਨ ਪੁਲਿਸ ਨੂੰ ਲੈ ਕੇ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਧਾਰਨਾਵਾਂ ਇਕ ਦੂਜੇ ਦੇ ਪੂਰੀ ਤਰ੍ਹਾਂ ਉਲਟ ਹੁੰਦੀਆਂ ਹਨ। ਦੰਗਿਆਂ ਦੌਰਾਨ ਹਿੰਦੂ ਜਨਤਾ, ਪੁਲਿਸ ਕਰਮਚਾਰੀਆਂ ਨੂੰ ਆਪਣਾ ਮਿੱਤਰ ਅਤੇ ਰੱਖਿਅਕ ਦੇ ਤੌਰ 'ਤੇ ਦੇਖਦੀ ਹੈ ਜਦੋਂਕਿ ਉਹੋ ਜਿਹੀਆਂ ਸਥਿਤੀਆਂ ਵਿਚ ਜ਼ਿਆਦਾਤਰ ਮੁਸਲਮਾਨ ਉਨ੍ਹਾਂ ਨੂੰ ਆਪਣੇ ਦੁਸ਼ਮਣ ਦੇ ਰੂਪ ਵਿਚ ਦੇਖਦੇ ਹਨ।

4. ਆਮ ਪੁਲਿਸ ਕਰਮਾਚਾਰੀ, ਪੁਲਿਸ ਬਲਾਂ ਵਿਚ ਦਾਖਲੇ ਸਮੇਂ ਆਪਣੀਆਂ ਪੂਰਵ ਧਾਰਨਾਵਾਂ ਅਤੇ ਮੁਸਲਮਾਨਾਂ ਪ੍ਰਤੀ ਬੁਰੇ ਪ੍ਰਭਾਵ ਛੱਡ ਨਹੀਂ ਸਕਦਾ। ਫਿਰਕੂ ਹਿੰਸਾ ਦੇ ਦੌਰਾਨ ਮੁਸਲਮਾਨਾਂ ਪ੍ਰਤੀ ਉਨ੍ਹਾਂ ਦੇ ਵਿਹਾਰ ਤੋਂ ਇਹ ਸਾਫ-ਸਾਫ ਝਲਕਦਾ ਹੈ।

5. ਭਾਰਤੀ ਸਮਾਜ ਆਮ ਪੁਲਿਸ ਕਰਮਚਾਰੀ ਤੋਂ ਧਰਮ ਨਿਰਪੇਖਤਾ ਦੀ ਆਸ ਰੱਖਦਾ ਹੈ। ਪੁਲਿਸ ਕਰਮਚਾਰੀ ਨੂੰ ਹਿੰਦੂ ਭਾਈਚਾਰੇ ਦੇ ਹਿਤਾਂ ਦੇ ਰੱਖਿਅਕ ਦੇ ਰੂਪ ਵਿਚ ਦੇਖਿਆ ਜਾਂਦਾ ਹੈ।

6. ਆਪਸ ਵਿਚ ਦੁਸ਼ਮਣਾਂ ਵਾਲੇ ਸਬੰਧ ਪੁਲਿਸ ਅਤੇ ਮੁਸਲਿਮ ਫਿਰਕੇ ਦੋਵਾਂ ਵਿਚ ਝਗੜੇ ਦੀ ਸਥਿਤੀ ਵਿਚ ਭੜਕਾਹਟ ਪੈਦਾ ਕਰਨ ਲਈ ਮਜਬੂਰ ਕਰਦੇ ਹਨ।

### ਸੁਝਾਅ

ਜੇ ਚੇਤਨ ਰੂਪ ਵਿਚ ਰਾਜ ਵਲੋਂ ਰੋਕਿਆ ਨਾ ਜਾਵੇ ਤਾਂ ਫਿਰਕਾਪ੍ਰਸਤੀ ਅਜਿਹੀ ਮਰਜ਼ ਹੈ ਜੋ ਸਮਾਜ ਦੇ ਸਾਰੇ ਹਿੱਸਿਆਂ ਨੂੰ ਪ੍ਰਭਾਵਿਤ ਕਰਦੀ ਹੈ। ਨੌਕਰਸ਼ਾਹੀ ਦੇ ਉਹ ਤਬਕੇ ਜਿਨ੍ਹਾਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਕਰਨਗੇ, ਉਹ ਵੀ ਸਮਾਜ ਦੇ ਦੂਸਰੇ ਤਬਕਿਆਂ ਵਾਂਗ ਪੂਰਵ ਧਾਰਨਾਵਾਂ ਅਤੇ ਮਾੜੇ ਪ੍ਰਭਾਵਾਂ ਤੋਂ ਮੁਕਤ ਨਹੀਂ ਹੋ ਸਕਦੇ। ਇਹ ਅਸੁਭਾਵਿਕ ਵੀ ਨਹੀਂ ਹੈ। ਕਾਨੂੰਨ ਵਿਵਸਥਾ ਲਾਗੂ ਕਰਨ ਵਾਲੀ ਮਸ਼ੀਨਰੀ ਦੇ ਵੱਖ-ਵੱਖ ਪੁਰਜੇ ਵੀ ਇਸ ਸਮਾਜ ਦੇ ਵੱਖ-ਵੱਖ ਤਬਕਿਆਂ ਤੋਂ ਆਉਂਦੇ ਹਨ। ਇਸ ਲਈ ਇਹ ਅਸੁਭਾਵਿਕ ਨਹੀਂ ਕਿ ਸਰਕਾਰੀ ਨੌਕਰੀ ਵਿਚ ਆਉਣ ਤੋਂ ਬਾਅਦ ਵੀ ਉਹ ਫਿਰਕੂ ਦੰਗਿਆਂ ਅਤੇ ਸਮਾਜਿਕ ਤਣਾਵਾਂ ਦੇ ਬਾਰੇ ਆਪਣੀ ਸੰਕੀਰਨ, ਛੋਟੀ ਮਾਨਸਿਕਤਾ ਨਹੀਂ ਤਿਆਗਦੇ ਜਿਨ੍ਹਾਂ ਨੂੰ ਸਮਾਜ ਦੇ ਆਮ ਮੈਂਬਰ ਦੇ ਰੂਪ ਵਿਚ ਉਨ੍ਹਾਂ ਨੇ ਲਗਾਤਾਰ ਗ੍ਰਹਿਣ ਕੀਤਾ ਹੈ। ਨਿਰਸੰਦੇਹ ਸੁਰੱਖਿਆ ਬਲ, ਖਾਸ ਤੌਰ 'ਤੇ ਪੁਲਿਸ ਦੇ ਸਬੰਧ ਵਿਚ ਇਹ ਸਚਾਈ ਜ਼ਿਆਦਾ ਸਮੱਸਿਆ ਪੈਦਾ ਕਰਨ ਵਾਲੀ ਹੈ।

ਪੁਲਿਸ ਵਿਚ ਫਿਰਕਾਪ੍ਰਸਤੀ ਦੀ ਸਮੱਸਿਆ 'ਤੇ ਕਾਬੂ ਪਾਉਣ ਅਤੇ ਉਸ ਨੂੰ ਇਸ ਢੰਗ ਦਾ ਵਿਹਾਰ ਕਰਨ ਲਈ ਮਜਬੂਰ ਕਰਨ ਲਈ, ਆਮ ਜਨਤਾ, ਖਾਸ ਤੌਰ 'ਤੇ ਘੱਟ ਗਿਣਤੀ ਸਮੂਹ ਤੁਰੰਤ ਸਮਝੇ ਕਿ ਸੁਧਾਰ ਲਈ ਕੁਝ ਬੁਨਿਆਦੀ ਕਦਮ ਉਠਾਏ ਜਾਣ। ਸਭ ਤੋਂ ਪਹਿਲਾਂ ਭਾਰਤੀ ਪੁਲਿਸ ਦੇ ਉੱਚ ਕੋਟੀ ਦੇ ਅਫਸਰਾਂ ਵਲੋਂ ਇਹ ਸਵੀਕਾਰ ਕੀਤੇ ਜਾਣਾ ਜ਼ਰੂਰੀ ਹੈ ਕਿ ਫਿਰਕੂ ਦੰਗਿਆਂ ਨਾਲ ਨਜਿੱਠਣ ਸਮੇਂ ਉਨ੍ਹਾਂ ਦੀ ਕਾਰਗੁਜ਼ਾਰੀ ਡੂੰਘੇ ਸਵੈ-ਵਿਸ਼ਲੇਸ਼ਣ ਦੀ ਮੰਗ ਕਰਦੀ ਹੈ। ਉਹ ਪੱਖਪਾਤ ਦੇ ਦੋਸ਼ਾਂ ਤੋਂ ਭਾਵੇਂ ਆਪਣੇ ਆਪ ਨੂੰ ਦੋਸ਼ਮੁਕਤ ਕਰਾਰ ਦੇਈ ਜਾਣ, ਲੇਕਿਨ ਇਸ ਤੱਥ ਨੂੰ ਝੁਠਲਾ ਨਹੀਂ ਸਕਦੇ ਕਿ ਸੰਸਥਾ ਦੇ ਰੂਪ ਵਿਚ ਭਾਰਤੀ ਪੁਲਿਸ ਨੂੰ ਘੱਟ ਗਿਣਤੀਆਂ ਦਾ ਵਿਸ਼ਵਾਸ ਹਾਸਲ ਨਹੀਂ ਹੈ। ਜਿਵੇਂ ਅਸੀਂ ਇਸ ਅਧਿਐਨ ਵਿਚ ਦੇਖਿਆ ਹੈ, ਲਗਭਗ ਸਾਰੇ ਫਿਰਕੂ ਝਗੜਿਆਂ ਦੌਰਾਨ ਪੁਲਿਸ ਉੱਪਰ ਨਾ ਸਿਰਫ ਮੁਸਲਿਮ ਲੀਡਰਸ਼ਿਪ ਵਲੋਂ ਸਗੋਂ ਧਰਮ ਨਿਰਪੱਖ ਮੀਡੀਆ, ਸਮਾਜਿਕ ਕਾਰਕੁਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਅਤੇ ਸੰਗਠਨਾਂ ਵਲੋਂ ਹਿੰਦੂ ਪੱਖੀ ਪੂਰਵ ਧਾਰਨਾ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਭਾਰਤੀ ਪੁਲਿਸ ਦੀ ਇਹ ਅਸਫਲਤਾ ਇਸ ਤੱਥ ਵੱਲ ਸਾਡਾ ਧਿਆਨ ਖਿੱਚਦੀ ਹੈ ਕਿ ਇਸ ਸਥਿਤੀ ਤੋਂ ਬਾਹਰ ਨਿਕਲਣ ਲਈ ਜ਼ਰੂਰੀ ਕਦਮ ਨਾ ਸਿਰਫ ਪ੍ਰਭਾਵੀ ਹੋਣੇ ਚਾਹੀਦੇ ਹਨ, ਬਲਕਿ ਹੁਣ ਇਨ੍ਹਾਂ ਨੂੰ ਬਹੁਤਾ ਟਾਲਿਆ ਨਹੀਂ ਜਾ ਸਕਦਾ।

ਇਸ ਅਧਿਐਨ ਦੇ ਨਤੀਜਿਆਂ ਤੋਂ ਚਾਰ ਅਜਿਹੇ ਖੇਤਰ ਸਾਫ ਰੂਪ ਵਿਚ ਨਜ਼ਰ ਆਉਂਦੇ ਹਨ ਜਿਨ੍ਹਾਂ ਵਿਚ ਬੁਨਿਆਦੀ ਤਬਦੀਲੀਆਂ ਦੀ ਫੌਰੀ ਲੋੜ ਹੈ। ਇਹ ਹਨ: 1. ਵੱਖ-ਵੱਖ ਪੱਧਰਾਂ 'ਤੇ ਪੁਲਿਸ ਦੀ ਭਰਤੀ ਨੀਤੀ, 2. ਸਿੱਖਿਆ ਅਤੇ ਸਿਖਲਾਈ ਸਮੇਂ ਦਖਲ, 3. ਉੱਚ ਪੁਲਿਸ ਅਫਸਰਾਂ ਦੀ ਜਵਾਬਦੇਹੀ, ਤੇ 4. ਫਿਰਕਾਪ੍ਰਸਤੀ ਨਾਲ ਲੜਨ ਲਈ ਆਮ ਜਨਤਾ ਦੀ ਭਾਗੀਦਾਰੀ। ਇਨ੍ਹਾਂ ਚਾਰਾਂ 'ਚ ਅਲੱਗ-ਅਲੱਗ ਵਿਸ਼ਲੇਸ਼ਣ ਜ਼ਰੂਰੀ ਹੈ।

### ਪੁਲਿਸ ਵਿਚ ਘੱਟ ਗਿਣਤੀਆਂ ਦੀ ਸੰਖਿਆ

ਇਹ ਮੰਦਭਾਗਾ ਤੱਥ ਹੈ ਕਿ ਆਜ਼ਾਦੀ ਤੋਂ ਬਾਅਦ ਵੱਖ-ਵੱਖ ਪੁਲਿਸ ਬਲਾਂ ਵਿਚ ਘੱਟ ਗਿਣਤੀਆਂ ਦੀ ਭਾਗੀਦਾਰੀ ਵਿਚ ਲਗਾਤਾਰ ਕਮੀ ਹੋ ਰਹੀ ਹੈ। ਹੇਠਾਂ ਦਿੱਤੇ ਚਾਰਟ ਤੋਂ ਸਾਫ ਹੋ ਜਾਂਦਾ ਹੈ ਕਿ ਫਿਰਕੂ ਰੂਪ ਵਿਚ ਸੰਵੇਦਨਸ਼ੀਲ ਰਾਜਾਂ ਵਿਚ ਪੁਲਿਸ ਵਿਚ ਘੱਟ ਗਿਣਤੀਆਂ ਦੀ ਭਾਗੀਦਾਰੀ 5% ਤੋਂ ਵੀ ਘੱਟ ਹੈ ਜਦੋਂ ਕਿ ਇਨ੍ਹਾਂ ਰਾਜਾਂ ਵਿਚ ਘੱਟ ਗਿਣਤੀਆਂ ਦੀ ਜਨਸੰਖਿਆ 12%-15% ਹੈ ਅਤੇ ਕਿਤੇ-ਕਿਤੇ ਤਾਂ ਇਸ ਤੋਂ ਵੀ ਵੱਧ ਹੈ।

ਪੁਲਿਸ ਦੇ ਕਾਰਜਸ਼ੀਲ ਦਲ ਵਿਚ ਘੱਟ ਗਿਣਤੀਆਂ ਦੀ ਘੱਟ ਪ੍ਰਤੀਸ਼ਤ ਅਤੇ ਕਈ ਵਾਰ ਜ਼ੀਰੋ ਪ੍ਰਤੀਸ਼ਤ ਤੋਂ ਉਨ੍ਹਾਂ ਦੇ ਘੱਟ ਗਿਣਤੀਆਂ ਪ੍ਰਤੀ ਦ੍ਰਿਸ਼ਟੀਕੋਣ ਪ੍ਰਤੀ ਡੂੰਘੀ ਨਾਸਮਝੀ ਤਾਂ ਪੈਦਾ ਹੁੰਦੀ ਹੀ ਹੈ, ਕਈ ਵਾਰ ਉਨ੍ਹਾਂ ਪ੍ਰਤੀ ਪੁਲਿਸ ਅੰਦਰ ਦੁਸ਼ਮਣੀ ਵਾਲੀ ਪ੍ਰਤੀਕਿਰਿਆ ਵੀ ਪੈਦਾ ਹੁੰਦੀ ਹੈ। ਵੱਖ-ਵੱਖ ਖੇਤਰਾਂ ਵਿਚ ਪੁਲਿਸ ਬਲਾਂ ਖਾਸ ਤੌਰ 'ਤੇ ਹਥਿਆਰਬੰਦ ਪੁਲਿਸ ਜਿਵੇਂ ਪੀ.ਏ.ਸੀ., ਬੀ.ਐੱਮ.ਪੀ., ਐੱਸ.ਆਰ.ਪੀ.



*1970 ਵਿਚ ਭਿਵੰਡੀ (ਮਹਾਰਾਸ਼ਟਰ) ਵਿਚ ਦੰਗਿਆਂ ਦੌਰਾਨ ਹੁੜਦੰਗ ਮਚਾ ਰਹੇ ਦੰਗਾਕਾਰੀ*

ਆਦਿ ਵਿਚ ਘੱਟ ਗਿਣਤੀਆਂ ਦਾ ਅਨੁਪਾਤ ਠੀਕ ਰੱਖਣ ਦੀ ਮੰਗ ਉਠਾਈ ਜਾਂਦੀ ਰਹੀ ਹੈ। ਇਸ ਦੇ ਵਿਰੋਧ ਵਿਚ ਕੱਟੜ ਹਿੰਦੂ ਸੰਗਠਨ ਹੀ ਨਹੀਂ ਸਗੋਂ ਪੁਲਿਸ ਅਧਿਕਾਰੀਆਂ ਵਲੋਂ ਵੀ ਬੜੀ ਦਿਲਚਸਪ ਦਲੀਲ ਦੇ ਕੇ ਵਿਰੋਧ ਕੀਤਾ ਜਾਂਦਾ ਹੈ। ਇਸ ਸਬੰਧ ਵਿਚ ਪੀ.ਏ.ਸੀ. ਦੀ ਕੇਸ ਸਟੱਡੀ ਸਾਨੂੰ ਇਸ ਮਸਲੇ ਨੂੰ ਸਮਝਣ ਵਿਚ ਮਦਦ ਕਰੇਗੀ। ਇਸ ਸੁਰੱਖਿਆ ਬਲ ਵਿਚ ਘੱਟ ਗਿਣਤੀਆਂ, ਖਾਸ ਤੌਰ 'ਤੇ ਮੁਸਲਮਾਨਾਂ ਦਾ ਪ੍ਰਤੀਸ਼ਤ 3-4 ਪ੍ਰਤੀਸ਼ਤ ਤੋਂ ਵੱਧ ਨਹੀਂ ਰਿਹਾ। ਇਕ ਪੀ.ਏ.ਸੀ. ਬਟਾਲੀਅਨ ਵਿਚ ਆਮ ਤੌਰ 'ਤੇ ਅੱਠ ਕੰਪਨੀਆਂ ਹੁੰਦੀਆਂ ਹਨ। ਹਰ ਕੰਪਨੀ ਵਿਚ ਤਿੰਨ ਪਲਾਟੂਨ ਅਤੇ ਹਰ ਪਲਾਟੂਨ ਵਿਚ ਤਿੰਨ ਸੈਕਸ਼ਨ ਹੁੰਦੇ ਹਨ। ਆਮ ਤੌਰ 'ਤੇ ਪੀ.ਏ.ਸੀ. ਦਾ ਇਕ ਸੈਕਸ਼ਨ (ਘੱਟੋ-ਘੱਟ) ਝਗੜੇ ਵਾਲੀ ਜਗ੍ਹਾ ਤਾਇਨਾਤ ਕੀਤਾ ਜਾਂਦਾ ਹੈ। ਇਕ ਸੈਕਸ਼ਨ ਵਿਚ 700-900 ਕਰਮਚਾਰੀ ਹੁੰਦੇ ਹਨ। ਇਹ ਦੰਗਿਆਂ ਸਮੇਂ ਹੈੱਡ ਕਾਂਸਟੇਬਲ ਦੀ ਅਗਵਾਈ ਵਿਚ ਆਜ਼ਾਦ ਰੂਪ ਵਿਚ ਕੰਮ ਕਰਦਾ ਹੈ। ਬਹੁਤ ਸਾਰੇ ਮੌਕਿਆਂ 'ਤੇ ਇਸ 'ਤੇ ਕਿਸੇ ਵੀ ਅਧਿਕਾਰੀ ਦਾ ਕਰੀਬੀ ਕੰਟਰੋਲ ਨਹੀਂ ਹੁੰਦਾ। ਜੇ ਅਸੀਂ ਪੀ.ਏ.ਸੀ. ਬਟਾਲੀਅਨ ਵਿਚ ਮੌਜੂਦ ਬਹੱਤਰ ਸੈਕਸ਼ਨਾਂ ਦਾ ਵਿਸ਼ਲੇਸਣ ਕਰੀਏ ਤਾਂ ਅਸੀਂ ਦੇਖਾਂਗੇ ਕਿ ਇਨ੍ਹਾਂ ਵਿਚ ਸੱਠ-ਪੈਂਹਟ ਸੈਕਸ਼ਨਾਂ ਵਿਚ ਇਕ ਵੀ ਮੁਸਲਮਾਨ ਨਹੀਂ ਹੁੰਦਾ। ਫਲਸਰੂਪ ਅਸੀਂ ਦੇਖਦੇ ਹਾਂ ਕਿ ਇਹ ਪੂਰੀ ਤਰ੍ਹਾਂ ਹਿੰਦੂਤਵੀ ਪੱਖ ਦੀਆਂ ਪੂਰਵ ਧਾਰਨਾਵਾਂ ਨਾਲ ਗ੍ਰਸਤ ਹੁੰਦਾ ਹੈ।

| ਲੜੀ ਨੰ. | ਸੂਬਾ/ਯੂ.ਟੀ. | ਕੁਲ ਪੁਲਿਸ ਬਲ | ਮੁਸਲਮਾਨਾਂ ਦੀ ਗਿਣਤੀ | ਪ੍ਰਤੀਸ਼ਤ |
|---|---|---|---|---|
| 1. | ਆਂਧਰਾ ਪ੍ਰਦੇਸ਼ | 63147 | 10499 | 16.6 |
| 2. | ਅਰੁਣਾਚਲ ਪ੍ਰਦੇਸ਼ | 4080 | - | - |
| 3. | ਅਸਾਮ | 43990 | 3936 | 8.9 |
| 4. | ਬਿਹਾਰ | 83323 | - | - |
| 5. | ਗੋਆ | 2535 | 73 | 2.9 |
| 6. | ਗੁਜਰਾਤ | 63092 | 3897 | 6.2 |
| 7. | ਹਰਿਆਣਾ | 30431 | 375 | 1.7 |
| 8. | ਹਿਮਾਚਲ ਪ੍ਰਦੇਸ਼ | 1746 | 163 | 1.4 |
| 9. | ਜੰਮੂ ਅਤੇ ਕਸ਼ਮੀਰ | 40180 | 18045 | 44.9 |
| 10. | ਕਰਨਾਟਕ | 49322 | 3557 | 7.2 |
| 11. | ਕੇਰਲ | 34375 | 3270 | 9.5 |
| 12. | ਮੱਧ ਪ੍ਰਦੇਸ਼ | 88673 | 3720 | 4.2 |
| 13. | ਮਹਾਰਾਸ਼ਟਰ | 158543 | 6633 | 4.2 |
| 14. | ਮਨੀਪੁਰ | 11032 | 934 | 8.5 |
| 15. | ਮੇਘਾਲਿਆ | 8271 | 158 | 1.9 |
| 16. | ਮਿਜ਼ੋਰਮ | 5152 | 699 | 13.6 |
| 17. | ਨਾਗਾਲੈਂਡ | 14754 | 145 | 0.9 |
| 18. | ਉੜੀਸਾ | 36995 | 1029 | 2.8 |
| 19. | ਪੰਜਾਬ | 63310 | 210 | 0.3 |
| 20. | ਰਾਜਸਥਾਨ | 57167 | 3221 | 5.6 |
| 21. | ਸਿੱਕਮ | 2732 | 7 | 0.2 |
| 22. | ਤਾਮਿਲਨਾਡੂ | 69021 | 3024 | 4.4 |
| 23. | ਤ੍ਰਿਪੁਰਾ | 19161 | 253 | 2.3 |
| 24. | ਉੱਤਰ ਪ੍ਰਦੇਸ਼ | 163875 | 8072 | 4.8 |
| 25. | ਪੱਛਮੀ ਬੰਗਾਲ | 59137 | 3442 | 5.8 |
| 26. | ਅੰਡੇਮਾਨ ਨਿਕੋਬਾਰ ਦੀਪ ਸਮੂਹ | 1852 | 111 | 5.9 |
| 27. | ਚੰਡੀਗੜ੍ਹ | 4086 | 06 | 0.1 |
| 28. | ਦਾਦਰਾ ਨਗਰ ਹਵੇਲੀ | 222 | 05 | 2.2 |
| 29. | ਦਮਨ ਅਤੇ ਦਿਉ | 236 | 05 | 2.1 |
| 30. | ਦਿੱਲੀ | 50798 | 1160 | 2.3 |
| 21. | ਲਕਸ਼ਦੀਪ | 359 | 163 | 45.4 |
| 32. | ਪਾਂਡੀਚੁਰੀ | 1866 | 63 | 3.4 |

### ਵੱਡੀ ਵੰਗਾਰ

***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***

***-ਵਿਭੂਤੀ ਨਰਾਇਣ ਰਾਏ***

ਉਹ ਲੋਕ ਜੋ ਪੀ.ਏ.ਸੀ. ਵਿਚ ਘੱਟ ਗਿਣਤੀਆਂ ਦੀ ਗਿਣਤੀ ਵਧਾਉਣ ਜਾਂ ਘੱਟੋ-ਘੱਟ ਗਿਣਤੀ ਜ਼ਰੂਰੀ ਕਰਨ ਦਾ ਵਿਰੋਧ ਕਰਦੇ ਹਨ, ਉਹ ਕਹਿੰਦੇ ਹਨ ਕਿ ਪੀ.ਏ.ਸੀ. ਦੇਸ਼ ਦੇ ਸਭ ਤੋਂ ਵਧੀਆ ਹਥਿਆਰਬੰਦ ਪੁਲਿਸ ਬਲਾਂ ਵਿਚੋਂ ਇਕ ਹੈ। ਬੀ.ਐੱਸ.ਐੱਫ. ਅਤੇ ਆਈ.ਟੀ.ਬੀ.ਪੀ. ਵਰਗੇ ਅਰਧ ਸੈਨਿਕ ਬਲਾਂ ਦੇ ਜਨਮ ਜਾਂ ਸੀ.ਆਰ.ਪੀ.ਐੱਫ. ਦੇ ਵਿਸਥਾਰ ਤੋਂ ਪਹਿਲਾਂ ਇਹ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲਾ ਸੁਰੱਖਿਆ ਬਲ ਹੈ। ਕਸ਼ਮੀਰ ਤੋਂ ਲੈ ਕੇ ਉੱਤਰ ਪੂਰਬ ਰਾਜਾਂ ਤੱਕ ਇਸ ਦੀ ਵਰਤੋਂ ਕੀਤੀ ਗਈ ਅਤੇ ਹਰ ਮੌਕੇ 'ਤੇ ਇਸ ਨੇ ਸਲਾਹੁਣਯੋਗ ਉਦਾਹਰਨ ਪੇਸ਼ ਕੀਤੇ। ਇਹ ਤਰਕ ਦਿੱਤਾ ਜਾਂਦਾ ਹੈ ਕਿ ਇੰਨੇ ਵਧੀਆ ਸੁਰੱਖਿਆ ਬਲ ਨੂੰ ਬਿਨਾਂ ਕਿਸੇ ਕਾਰਨ ਤੋਂ ਸਵਾਰਥੀ ਤੱਤਾਂ ਵਲੋਂ ਜਾਣ ਬੁਝ ਕੇ ਬਦਨਾਮ ਕੀਤਾ ਜਾ ਰਿਹਾ ਹੈ। ਖਾਸ ਤੌਰ 'ਤੇ ਫਿਰਕੂ, ਮੁਸਲਿਮ ਆਗੂਆਂ ਵਲੋਂ ਸਿਰਫ ਇਸ ਲਈ ਇਸ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਜੋ ਇਹ ਬਲ ਨਿਰਉਤਸ਼ਾਹਿਤ ਹੋ ਜਾਣ ਅਤੇ ਉਨ੍ਹਾਂ ਦੇ ਕੋਝੇ ਮਨਸੂਬਿਆਂ ਵਿਚ ਰੁਕਾਵਟ ਨਾ ਬਣੇ। ਪੀ.ਏ.ਸੀ. ਦੇ ਇਹ ਅਖੌਤੀ ਸਮਰਥਕ ਸਾਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੁੰਦੇ ਹਨ ਕਿ ਪੀ.ਏ.ਸੀ. ਦੇ ਵਿਹਾਰ ਵਿਚ ਹਿੰਦੂ ਸਮਰਥਕ ਧਾਰਨਾਵਾਂ ਪ੍ਰਤੀਕਿਰਿਆ ਵਜੋਂ ਹਨ। 1980 ਵਿਚ ਮੁਰਾਦਾਬਾਦ ਈਦਗਾਹ ਦੀ ਘਟਨਾ ਤੋਂ ਬਾਅਦ ਦੀ ਪ੍ਰਤੀਕਿਰਿਆ ਜ਼ਿਆਦਾ ਸੀ ਅਤੇ ਇਹ ਪ੍ਰਤੀਕਿਰਿਆ ਆਪਣੀ ਆਲੋਚਨਾ ਵਿਰੁੱਧ ਹਿੰਦੂਆਂ ਵਿਚ ਆਪਣੇ ਸਮਰਥਕ ਲੱਭਣ ਦਾ ਯਤਨ ਹੈ।

ਇਹ ਸੱਚ ਹੈ ਕਿ 1973 ਦੇ ਵਿਦਰੋਹ ਤੋਂ ਪਹਿਲਾਂ ਪੀ.ਏ.ਸੀ. ਨੇ ਪੂਰੇ ਦੇਸ਼ ਵਿਚ ਸ਼ਾਂਤੀ ਵਿਵਸਥਾ ਦੀਆਂ ਵਿਗੜੀਆਂ ਹਾਲਤਾਂ ਵਿਚ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਸੀ; ਖਾਸ ਤੌਰ 'ਤੇ ਉੱਤਰ ਪੂਰਬ ਦੇ ਰਾਜਾਂ ਵਿਚ ਰਾਸ਼ਟਰ ਵਿਰੋਧੀ ਸੰਘਰਸ਼ਾਂ ਨੂੰ ਕੁਚਲਣ ਵਿਚ ਇਸ ਦਾ ਬਹੁਤ ਚੰਗਾ ਯੋਗਦਾਨ ਰਿਹਾ ਲੇਕਿਨ ਇਹ ਵੀ ਤੱਥ ਹੈ ਕਿ 1960 ਤੋਂ ਬਾਅਦ ਉੱਤਰ ਪ੍ਰਦੇਸ਼ ਵਿਚ ਇਕ ਵੀ ਦੰਗਾ ਐਸਾ ਨਹੀਂ ਹੋਇਆ ਜਿਸ ਵਿਚ ਸਮਾਜਿਕ ਕਾਰਕੁਨਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਪੀ.ਏ.ਸੀ. ਦੀ ਭੂਮਿਕਾ ਨੂੰ ਪੱਖਪਾਤੀ ਅਤੇ ਮੁਸਲਿਮ ਵਿਰੋਧੀ ਨਹੀਂ ਪਾਇਆ। ਫਿਰਕੂ ਦੰਗਿਆਂ ਵਿਚ ਸਭ ਤੋਂ ਵੱਧ ਨੁਕਸਾਨ ਉਠਾਉਣ ਵਾਲੀਆਂ ਘੱਟ ਗਿਣਤੀਆਂ ਦਾ ਵਿਸ਼ਵਾਸ ਪੀ.ਏ.ਸੀ. ਕਦੇ ਵੀ ਹਾਸਲ ਨਹੀਂ ਕਰ ਸਕੀ। ਮੁਰਾਦਾਬਾਦ (1980) ਵਿਚ ਈਦਗਾਹ ਵਿਚ ਹੋਈ ਘਟਨਾ ਲਾਜ਼ਮੀ ਤੌਰ 'ਤੇ ਪੀ.ਏ.ਸੀ. ਦੇ ਸੰਗਠਨਾਤਮਕ ਢਾਂਚੇ ਦੀਆਂ

*(ਬਾਕੀ ਅਗਲੇ ਸਫੇ 'ਤੇ)*

# ਹਿੰਸਾ ਦੀ ਸਿਆਸਤ: ਨਾਟਕ ਦੇ ਨਜ਼ਰੀਏ ਤੋਂ

ਡਾ. ਆਤਮਜੀਤ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਸਮਰਪਿਤ ਨਾਂ ਹੈ। ਉਹ ਆਪਣੀ ਹਰ ਨਾਟ-ਰਚਨਾ ਬਹੁਤ ਨਿੱਠ ਕੇ ਅਤੇ ਗੰਭੀਰ ਹੋ ਕੇ ਕਰਦਾ ਹੈ। ਉਸ ਨੇ ਹੁਣ ਤੱਕ ਤੀਹ ਤੋਂ ਵਧੇਰੇ ਨਾਟਕ ਲਿਖੇ ਅਤੇ ਖੇਡੇ ਹਨ। ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਹਰ ਨਾਟਕ ਦਾ ਵਿਸ਼ਾ ਹੀ ਨਵਾਂ ਨਾ ਲੈ ਕੇ ਆਵੇ ਸਗੋਂ ਉਸ ਦਾ ਢੁੱਕਵਾਂ ਨਿਭਾਅ ਵੀ ਕਰੇ। ਇਸੇ ਲਈ ਉਸ ਦੇ ਨਾਟਕਾਂ ਵਿਚ ਹਮੇਸ਼ਾ ਨਵੀਨੀਕਰਨ ਅਤੇ ਉਸ ਦਾ ਨਿਭਾਅ ਬਣਿਆ ਰਹਿੰਦਾ ਹੈ।

ਹਿੰਸਾ ਬਾਰੇ ਲਿਖਿਆ ਉਸ ਦਾ ਅਸਲੋਂ ਹੀ ਨਵਾਂ ਨਾਟਕ (ਤਸਵੀਰ ਦਾ ਤੀਜਾ ਪਾਸਾ) ਹੈ ਜਿਸ ਦਾ ਨਾਂ ਉਸ ਨੇ 1991 ਤੋਂ1997 ਤੀਕ

**ਕੇ.ਐਲ. ਗਰਗ**
ਫੋਨ: +91-94635-37050

'ਮੰਚਣ' ਨਾਂ ਦੀ ਪੁਸਤਕ ਲੜੀ ਦੇ ਸੰਪਾਦਨ ਅਤੇ ਪ੍ਰਕਾਸ਼ਨ ਦੌਰਾਨ ਉਸ ਵਿਚ ਸ਼ਾਮਿਲ ਪਹਿਲੇ ਕਾਲਮ 'ਤਸਵੀਰ ਦਾ ਤੀਜਾ ਪਾਸਾ' ਤੋਂ ਲਿਆ ਹੈ ਜਿਸ ਵਿਚ ਉਨ੍ਹਾਂ ਨੇ ਕਿਸੇ ਨਾਟ-ਵਿਅਕਤਿਤਵ ਦੇ ਜੀਵਨ ਦੇ ਅਣਗੌਲੇ ਅਤੇ ਲੁਕਵੇਂ ਪੱਖਾਂ ਨੂੰ ਉਜਾਗਰ ਕਰਨਾ ਸੀ।


ਪ੍ਰਬੁੱਧ ਨਾਟ-ਚਿੰਤਕ ਅਤੇ ਰੰਗਮੰਚ ਦਾ ਪ੍ਰਸਿੱਧ ਬੁਲਾਰਾ ਡਾ. ਸਤੀਸ਼ ਕੁਮਾਰ ਵਰਮਾ ਇਸ ਨੂੰ ਹਿੰਸਾ ਦੀ ਸਿਆਸਤ ਦਾ ਨਾਟਕ ਆਖਦਾ ਹੈ। ਦਸ ਦ੍ਰਿਸ਼ਾਂ ਵਿਚ ਫੈਲੇ ਇਸ ਨਾਟਕ ਵਿਚ ਹਿੰਸਾ ਦੇ ਹਰ ਪੱਖ ਦੀ ਨਾਟਕਕਾਰ ਵੱਲੋਂ ਸੁਚੱਜੇ ਢੰਗ ਨਾਲ ਘੋਖ ਪੜਤਾਲ ਕੀਤੀ ਗਈ ਹੈ। ਉਹ ਹਿੰਸਾ ਦੇ ਅਨੇਕ ਪੱਖਾਂ ਜਿਵੇਂ ਦਹਿਸ਼ਤਗਰਦੀ ਹਿੰਸਾ, ਸਮੂਹ ਦੀ ਹਿੰਸਾ, ਭੀੜਤੰਤਰ ਦੀ ਹਿੰਸਾ, ਨਿੱਜੀ ਹਿੰਸਾ, ਸਰਕਾਰੀ ਤੇ ਅਰਧ-ਸਰਕਾਰੀ ਹਿੰਸਾ, ਗਰੂਰ ਅਤੇ ਅਭਿਮਾਨ ਦੀ ਹਿੰਸਾ, ਬਦਲਾਖੋਰੀ 'ਚੋਂ ਪੈਦਾ ਹੋਈ ਹਿੰਸਾ ਬਾਰੇ ਆਪਣੇ ਪਾਤਰਾਂ ਵੱਲੋਂ ਅਹਿਮ ਤੇ ਸਾਰਥਕ ਟਿੱਪਣੀਆਂ ਕਰਵਾਉਂਦਾ ਹੈ।

ਪਹਿਲੇ ਦ੍ਰਿਸ਼ ਵਿਚ ਨਾਟਕ ਏਅਰ ਇੰਡੀਆ ਦੇ ਜਹਾਜ਼ ਨੂੰ ਦਹਿਸ਼ਤਗਰਦ ਅਗਵਾ ਕਰਕੇ ਅੰਮ੍ਰਿਤਸਰ, ਲਾਹੌਰ ਅਤੇ ਬਾਅਦ ਵਿਚ ਕੰਧਾਰ ਪਹੁੰਚ ਜਾਂਦੇ ਹਨ। ਉਹ ਦਹਿਸ਼ਤਗਰਦ ਭਾਰਤ ਸਰਕਾਰ ਵੱਲੋਂ ਆਪਣੇ ਤਿੰਨ ਕੱਟੜ ਦਹਿਸ਼ਤਗਰਦਾਂ ਨੂੰ ਰਿਹਾਅ ਕਰਵਾਉਣ ਦੀ ਸ਼ਰਤ ਰੱਖਦੇ ਹਨ ਤੇ ਉਨ੍ਹਾਂ ਨੂੰ ਹਿੰਦ ਸਰਕਾਰ ਨਾਲ ਹੋਏ ਸਮਝੌਤੇ ਵਜੋਂ ਰਿਹਾਅ ਕਰਵਾ ਵੀ ਲੈਂਦੇ ਹਨ ਜਿਨ੍ਹਾਂ 'ਚੋਂ ਇਕ ਦੋ ਤਾਂ ਹੁਣ ਭਾਰਤ ਦੀ ਸਰਕਾਰ ਅਤੇ ਲੋਕਾਈ ਲਈ ਸਿਰਦਰਦੀ ਬਣੇ ਹੋਏ ਹਨ।



ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਸਮਰਪਿਤ ਆਤਮਜੀਤ।

***ਹਿੰਸਕ ਘਟਨਾਵਾਂ ਤਾਂ ਰੰਗਮੰਚ ਜਾਂ ਪਿੱਠਭੂਮੀ ਵਿਚ ਵਾਪਰਦੀਆਂ ਹਨ ਜਿਨ੍ਹਾਂ ਨੂੰ ਨਾਟਕਕਾਰ ਸੰਕੇਤਾਂ ਅਤੇ ਇਸ਼ਾਰਿਆਂ ਨਾਲ ਜ਼ਾਹਿਰ ਕਰਦਾ ਹੈ ਪਰ ਉਸ ਦਾ ਮੰਤਵ ਇਨ੍ਹਾਂ ਠੋਸ ਘਟਨਾਵਾਂ ਓਹਲੇ ਲੁਕੇ ਉਹ ਉਦਗਾਰ ਤੇ ਜਜ਼ਬੇ ਪ੍ਰਗਟ ਕਰਨਾ ਹੈ ਜੋ ਇਤਿਹਾਸ ਦਾ ਕਦੇ ਹਿੱਸਾ ਨਹੀਂ ਬਣਦੇ। ਜਨਰਲ ਅਤੇ ਉਸ ਦੀ ਪਤਨੀ ਦਾ ਪਛਤਾਵੇ ਵਿਚ ਗਲ-ਗਲ ਤੱਕ ਡੁੱਬੇ ਰਹਿਣਾ ਦੀ ਭਾਲ ਹੀ ਨਾਟਕਕਾਰ ਦਾ ਅਸਲ ਮੰਤਵ ਹੈ। ਸੌਦਾਗਰ ਦੇ ਮਨ ਦੀ ਖੋਟ ਅਤੇ ਖਾਨ ਬਾਬਾ ਦੀ ਪਤਨੀ ਸਾਇਰਾ ਦਾ ਝੂਠ ਵੀ ਨਾਟਕਕਾਰ ਫੜਨ ਦੀ ਕੋਸ਼ਿਸ਼ ਕਰਦਾ ਹੈ।***




ਆਤਮਜੀਤ ਦੇ ਨਾਟਕ 'ਤਸਵੀਰ ਦਾ ਤੀਜਾ ਪਾਸਾ' ਦਾ ਮੁਖੜਾ।

ਸ੍ਰੀਨਗਰ ਤੋਂ ਹਿਮਾਚਲ ਸ਼ਿਮਲੇ ਪੜ੍ਹਨ ਲਈ ਆਈ ਕੁੜੀ ਰੁਖਸਾਨਾ ਇਸ ਅਗਵਾ ਘਟਨਾ ਤੋਂ ਪ੍ਰਭਾਵਿਤ ਹੈ। ਉਸ ਦੀ ਮਾਂ ਸਾਇਰਾ ਵੀ ਉਸੇ ਜਹਾਜ਼ 'ਚ ਸੀ ਜਿਸ ਨੂੰ ਬਾਅਦ ਵਿਚ ਦੁਬਈ ਜਾ ਕੇ ਦਹਿਸ਼ਤਗਰਦ ਛੱਡ ਦਿੰਦੇ ਹਨ। ਰੁਖਸਾਨਾ ਦੀ ਮਾਂ ਸਾਇਰਾ ਉਸ ਨੂੰ ਇਹ ਕਹਿ ਕੇ ਸ਼ਿਮਲੇ ਪੜ੍ਹਨ ਘੱਲਦੀ ਹੈ ਕਿ ਉਸ ਦਾ ਪਿਓ ਖਤਰਨਾਕ ਅਤਿਵਾਦੀ ਸੀ ਜੋ ਮੁਕਾਬਲੇ 'ਚ ਮਾਰਿਆ ਗਿਆ ਸੀ। ਇੱਥੇ ਸਾਨੂੰ ਨਾਟਕਕਾਰ ਉਸ ਦੀ ਨਿੱਜੀ ਹਿੰਸਾ ਦੇ ਦਰਸ਼ਨ ਵੀ ਕਰਵਾਉਂਦਾ ਹੈ। ਉਹ ਖਾਨ ਬਾਬਾ ਜੋ ਸ਼ਰੀਫ, ਸਾਊ, ਇਮਾਨਦਾਰ ਤੇ ਪੁੱਜ ਕੇ ਮਾਨਵੀ ਕਦਰਾਂ-ਕੀਮਤਾਂ ਦਾ ਰਾਖਾ ਹੈ, ਜਿਹੇ ਪਤੀ ਨੂੰ ਨਿਕੰਮਾ ਅਤੇ ਅਯੋਗ ਕਹਿ ਕੇ ਤਿਆਗ ਦਿੰਦੀ ਹੈ ਤੇ ਆਪਣੀ ਸਹੇਲੀ ਦੇ ਸ਼ੌਹਰ ਨਾਲ ਪੇਚਾ ਲੜਾਉਣ ਲੱਗ ਪੈਂਦੀ ਹੈ। ਉਹ ਆਪਣੀ ਸ਼ਰਾਫਤ ਕਰਕੇ, ਉਸ ਨੂੰ ਅਤੇ ਟੱਬਰ ਨੂੰ ਤਿਆਗ ਕੇ, ਪਰਵਾਸ ਕਰਕੇ ਸ਼ਿਮਲੇ ਆ ਜਾਂਦਾ ਹੈ ਜਿੱਥੇ ਉਹ ਸੌਦਾਗਰ ਨਾਂ ਦੇ ਭਾਪੇ ਕੋਲ ਨੌਕਰੀ ਕਰ ਲੈਂਦਾ ਹੈ।

ਭਾਪਾ ਸੌਦਾਗਰ ਸਮੂਹ ਅਤੇ ਭੀੜ ਦੀ ਹਿੰਸਾ ਦਾ ਸ਼ਿਕਾਰ ਹੋਇਆ ਮਜ਼ਲੂਮ ਇਨਸਾਨ ਹੈ ਜੋ ਪਹਿਲਾਂ ਸੰਤਾਲੀ ਦੀ ਵੰਡ ਵੇਲੇ ਪੱਛਮੀ ਪੰਜਾਬ ਤੋਂ ਉਜੜਿਆ ਤੇ ਮੁੜ 1984 ਵਿਚ ਦਿੱਲੀ ਵਿਖੇ ਸਿੱਖਾਂ ਦੇ ਹੋਏ ਸਮੂਹਕ ਕਤਲੇਆਮ ਵਿਚ ਦੁੱਖ ਭੋਗਦਾ ਹੈ ਤੇ ਬਚ-ਬਚਾਅ ਕੇ ਸ਼ਿਮਲੇ ਪਹੁੰਚ ਜਾਂਦਾ ਹੈ। ਉਹ ਭਾਵੇਂ ਬਹੁਤ ਮਿਹਨਤਕਸ਼ ਮਨੁੱਖ ਹੈਪਰ ਉਸ ਦੇ ਚਰਿੱਤਰ ਵਿਚ ਵੀ ਖੋਟ ਹੈ। ਉਹ ਆਪਣੇ ਯਤੀਮ ਭਤੀਜੇ ਅਕਾਸ਼ ਨੂੰ ਗੋਦ ਤਾਂ ਲੈ ਲੈਂਦਾ ਹੈ ਪਰ ਉਸ ਨੂੰ ਆਪਣੀ ਜਾਇਦਾਦ ਦਾ ਵਾਰਿਸ ਨਹੀਂ ਬਣਾਉਂਦਾ। ਇਹੋ ਖੋਟ ਉਸ ਨੂੰ ਖਾਨ ਬਾਬਾ ਦੀ ਮੌਤ ਤੋਂ ਬਾਅਦ ਉਸ ਤੋਂ ਪਾਸਾ ਵੱਟ ਲੈਣ ਲਈ ਮਜਬੂਰ ਕਰਦੀ ਹੈ। ਇਹ ਸੌਦਾਗਰ ਦੇ ਵਤੀਰੇ ਦੀ ਹਿੰਸਾ ਹੈ ਜੋ ਉਸ ਨੂੰ ਸਾਵਾਂ ਮਨੁੱਖ ਨਹੀਂ ਰਹਿਣ ਦਿੰਦੀ। ਉਹ ਰੁਖਸਾਨਾ ਨੂੰ ਵੀ ਅਕਾਸ਼ ਨਾਲ ਸਾਰੇ ਰਿਸ਼ਤੇ ਤੋੜ ਕੇ ਵਾਪਸ ਜਾਣ ਲਈ ਆਖ ਦਿੰਦਾ ਹੈ ਤੇ ਪੱਜ ਇਹ ਲਾਉਂਦਾ ਹੈ ਕਿ ਉਸ ਦਾ ਦਹਿਸ਼ਤਗਰਦ ਪਿਓ ਜ਼ਿੰਦਾ ਵਾਪਸ ਮੁੜ ਆਇਆ ਹੈ।

ਉਸ ਦੇ ਹੋਟਲ ਦੇ ਸਾਹਮਣੇ ਫੌਜ ਦੇ ਇਕ ਜਰਨੈਲ ਨੇ ਕੋਠੀ ਬਣਾ ਲਈ ਹੈ ਜੋ ਉਸ ਨੂੰ ਹੋਟਲ ਛੱਡ ਕੇ ਕਿਤੇ ਹੋਰ ਚਲੇ ਜਾਣ ਲਈ ਕਹਿੰਦਾ ਹੈ ਕਿਉਂਕਿ ਉਸ ਦਾ ਖਿਆਲ ਹੈ ਕਿ ਅਤਿਵਾਦੀ ਉਸ ਤੋਂ ਆਪਰੇਸ਼ਨ ਬਲੂ ਸਟਾਰ ਦਾ ਬਦਲਾ ਲੈਣ ਲਈ ਸੌਦਾਗਰ ਦੇ ਹੋਟਲ ਦੀ ਵਰਤੋਂ ਕਰ ਸਕਦੇ ਹਨ ਤੇ ਏਦਾਂ ਉਸ ਨੂੰ ਤੇ ਉਸ ਦੇ ਟੱਬਰ ਦੀ ਜਾਨ ਨੂੰ ਹਮੇਸ਼ਾ ਖਤਰਾ ਬਣਿਆ ਰਹਿ ਸਕਦਾ ਹੈ।

ਨਾਟਕਕਾਰ ਸਰਕਾਰੀ ਹਿੰਸਾ ਦਾ ਪ੍ਰਦਰਸ਼ਨ ਕਰਨ ਲਈ ਜਨਰਲ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਨੂੰ ਮੰਚ 'ਤੇ ਪੇਸ਼ ਕਰਦਾ ਹੈ। ਜਨਰਲ ਆਪਣੇ ਕਰਤੱਵ ਦਾ ਬੰਨ੍ਹਿਆ ਹੋਇਆ ਤੇ ਦੂਸਰੇ ਪਾਸੇ ਅਤਿਵਾਦੀਆਂ ਦੀ ਗੋਲੀ ਵੀ ਉਸ ਵੱਲ ਸਿੰਨ੍ਹੀ ਹੋਈ ਹੈ। ਉਹ ਆਪਣੇ ਕਰਤੱਵ ਦਾ ਪਾਲਣ ਕਰਦਿਆਂ ਅਤਿਵਾਦੀਆਂ ਦਾ ਖਾਤਮਾ ਕਰਦਾਹੈ। ਉਸ ਦੀ ਪਤਨੀ ਕੁਲਦੀਪ ਕੌਰ ਪਛਤਾਵੇ 'ਚ ਝੁਲਸੀ ਆਪਣੀ ਧੀ ਦੇ ਗਰਭਪਾਤ ਲਈ ਜਨਰਲ ਦੇ ਇਸ ਪਾਪ ਨੂੰ ਜ਼ਿੰਮੇਵਾਰ ਸਮਝਦੀ ਹੈ।

ਸਰਕਾਰੀ ਅਤਿਵਾਦ ਦਾ ਜ਼ਿਕਰ ਨਾਟਕਕਾਰ ਇਸ਼ਾਰਿਆਂ ਅਤੇ ਸੰਕੇਤਾਂ ਨਾਲ ਕਰਦਾ ਹੈ। ਚਿੱਟੀ ਸਿੰਘਪੁਰਾ ਵਿਚ ਸਿੱਖਾਂ ਦੇ ਹੋਏ ਕਤਲੇਆਮ ਅਤੇ ਚਰਾਰੇ-ਸ਼ਰੀਫ ਮਸਜਿਦ ਨੂੰ ਸਾੜੇ ਜਾਣ ਦੀਆਂ ਖਬਰਾਂ ਸਰਕਾਰੀ ਹਿੰਸਾ ਦੀ ਨਿਸ਼ਾਨਦੇਹੀ ਕਰਦੀਆਂ ਹਨ। ਗ੍ਰਹਿ ਮੰਤਰੀ ਦੇ ਕਸ਼ਮੀਰ ਦੌਰੇ ਵੇਲੇ ਪੰਜ ਨਿਰਦੋਸ਼ ਅਤੇ ਨਿਹੱਥੇ ਮੁਸਲਮਾਨਾਂ ਨੂੰ ਮੁਕਾਬਲਾ ਬਣਾ ਕੇ ਮਾਰ ਦੇਣ ਨਾਲ ਸਰਕਾਰੀ ਹਿੰਸਾ ਨੂੰ ਢਕਣ ਦਾ ਜ਼ਰੀਆ ਬਣਾਇਆ ਜਾਂਦਾ ਹੈ।

ਇਹ ਹਿੰਸਕ ਘਟਨਾਵਾਂ ਤਾਂ ਰੰਗਮੰਚ ਜਾਂ ਪਿੱਠਭੂਮੀ ਵਿਚ ਵਾਪਰਦੀਆਂ ਹਨ ਜਿਨ੍ਹਾਂ ਨੂੰ ਨਾਟਕਕਾਰ ਸੰਕੇਤਾਂ ਅਤੇ ਇਸ਼ਾਰਿਆਂ ਨਾਲ ਜ਼ਾਹਿਰ ਕਰਦਾ ਹੈ ਪਰ ਉਸ ਦਾ ਮੰਤਵ ਇਨ੍ਹਾਂ ਠੋਸ ਘਟਨਾਵਾਂ ਓਹਲੇ ਲੁਕੇ ਉਹ ਉਦਗਾਰ ਤੇ ਜਜ਼ਬੇ ਪ੍ਰਗਟ ਕਰਨਾ ਹੈ ਜੋ ਇਤਿਹਾਸ ਦਾ ਕਦੇ ਹਿੱਸਾ ਨਹੀਂ ਬਣਦੇ। ਜਨਰਲ ਅਤੇ ਉਸ ਦੀ ਪਤਨੀ ਦਾ ਪਛਤਾਵੇ ਵਿਚ ਗਲ-ਗਲ ਤੱਕ ਡੁੱਬੇ ਰਹਿਣਾ ਦੀ ਭਾਲ ਹੀ ਨਾਟਕਕਾਰ ਦਾ ਅਸਲ ਮੰਤਵ ਹੈ। ਸੌਦਾਗਰ ਦੇ ਮਨ ਦੀ ਖੋਟ ਅਤੇ ਖਾਨ ਬਾਬਾ ਦੀ ਪਤਨੀ ਸਾਇਰਾ ਦਾ ਝੂਠ ਵੀ ਨਾਟਕਕਾਰ ਫੜਨ ਦੀ ਕੋਸ਼ਿਸ਼ ਕਰਦਾ ਹੈ।

ਅਕਾਸ਼ ਜਿਹੇ ਨੌਜਵਾਨ ਅਤੇ ਸ਼ਰਮਾ ਜਿਹੇ ਪੱਤਰਕਾਰ ਹੀ ਨਾਟਕਕਾਰ ਨੂੰ ਇਕੋ-ਇਕ ਭਰੋਸਾ ਨਜ਼ਰ ਆਉਂਦੇ ਹਨ ਜੋ ਮਾਨਵੀ ਕਦਰਾਂ ਦੀ, ਹਿੰਸਾ ਦੇ ਇਸ ਦੌਰ-ਦੌਰਾਂ ਵਿਚ, ਰਾਖੀ ਕਰਦੇ ਦਿਖਾਈ ਦਿੰਦੇ ਹਨ। ਖਾਨ ਬਾਬਾ ਅਤੇ ਰੁਖਸਾਨਾ ਦੇ ਰਿਸ਼ਤਿਆਂ ਦਾ ਸੱਚ ਵੀ ਅਕਾਸ਼ ਹੀ ਪਛਾਣਨ ਦਾ ਯਤਨ ਕਰਦਾ ਹੈ। ਉਸ ਦੀ ਇਸ ਕੋਸ਼ਿਸ਼ ਵਿਚ ਸ਼ਰਮਾ ਵੀ ਉਸ ਦਾ ਸਾਥ ਦਿੰਦਾ ਹੈ। ਹਿੰਸਾ ਬਾਰੇ ਜਨਰਲ ਦੀਆਂ ਟਿੱਪਣੀਆਂ ਇਸ ਨਾਟਕ ਦਾ ਹਾਸਲ ਬਣਦੀਆਂ ਹਨ।

ਇਸ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਨਾਟਕ ਨੂੰ ਹੋਰ ਗੰਭੀਰਤਾ ਨਾਲ ਸਮਝਣ ਲਈ ਪਾਠਕਾਂ ਨੂੰ ਵਿਦਵਾਨ ਡਾ. ਸਤੀਸ਼ ਕੁਮਾਰ ਵਰਮਾ ਵੱਲੋਂ ਇਸ ਨਾਟਕ ਦੀ ਲਿਖੀ ਭੂਮਿਕਾ ਵੀ ਵਾਚ ਲੈਣੀ ਚਾਹੀਦੀ ਹੈ।

# ਪੁਲਿਸ ਅਫਸਰਾਂ ਦਾ ਪੱਖਪਾਤੀ ਰਵੱਈਆ

*(ਪਿਛਲੇ ਸਫੇ ਦੀ ਬਾਕੀ)*

ਖਾਮੀਆਂ ਅਤੇ ਉਸ ਦੇ ਵਰਤਾਓ ਨੂੰ ਰਾਸ਼ਟਰੀ ਪੱਧਰ 'ਤੇ ਉਜਾਗਰ ਕਰਨ ਵਾਲੀ ਪਹਿਲੀ ਵੱਡੀ ਘਟਨਾ ਸੀ। ਇਸ ਦੇ ਬਾਵਜੂਦ ਨਾ ਤਾਂ ਕਿਸੇ ਨੂੰ ਸਜ਼ਾ ਦਿੱਤੀ ਗਈ ਅਤੇ ਨਾ ਹੀ ਉਸ ਵਿਚ ਕੋਈ ਸੰਗਠਨਾਤਮਕ ਤਬਦੀਲੀ ਕੀਤੀ ਗਈ। ਇਸ ਨਾਲ ਪੀ.ਏ.ਸੀ. ਦਾ ਹੌਸਲਾ ਹੋਰ ਬੁਲੰਦ ਹੋਇਆ। ਇਸ ਤੋਂ ਬਾਅਦ ਸਾਲ-ਦਰ-ਸਾਲ ਲਗਭਗ ਸਾਰੇ ਦੰਗਿਆਂ ਵਿਚ ਪੀ.ਏ.ਸੀ. ਨੇ ਆਪਣਾ ਮੁਸਲਿਮ ਵਿਰੋਧੀ ਪ੍ਰਦਰਸ਼ਨ ਜਾਰੀ ਰੱਖਿਆ। ਇਸ ਦੀ ਪੂਰੀ ਪੁਸ਼ਟੀ 1987 ਵਿਚ ਮੇਰਠ ਵਿਚ ਹੋਈ ਜਦੋਂ ਪੀ.ਏ.ਸੀ. ਨੇ ਹਾਸ਼ਿਮਪੁਰਾ ਮੁਹੱਲੇ ਵਿਚ ਕਈ ਨੌਜਵਾਨਾਂ ਨੂੰ ਉਠਾਇਆ ਅਤੇ ਗਾਜ਼ੀਆਬਾਦ ਕੋਲ ਦੋ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਬਹੁਤ ਹੀ ਜ਼ਾਲਮਾਨਾ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਹਾਸ਼ਿਮਪੁਰਾ ਦੀ ਘਟਨਾ ਉਨ੍ਹਾਂ ਉੱਚ ਪੁਲਿਸ ਅਧਿਕਾਰੀਆਂ ਲਈ ਚਿਤਾਵਨੀ ਹੋਣੀ ਚਾਹੀਦੀ ਸੀ ਜੋ ਘੱਟ ਗਿਣਤੀਆਂ ਦੇ ਪੁਲਿਸ ਵਿਚ ਅਨੁਪਾਤਕ ਦਾਖਲੇ ਦਾ ਵਿਰੋਧ ਕਰ ਰਹੇ ਸਨ। ਘੱਟ ਗਿਣਤੀਆਂ ਲਈ ਪੁਲਿਸ ਵਿਚ ਰਾਖਵਾਂਕਰਨ ਦੇ ਵਿਰੁੱਧ ਜਿਹੜੇ ਤਰਕ ਦਿੱਤੇ ਜਾਂਦੇ ਹਨ, ਉਨ੍ਹਾਂ ਵਿਚ ਮੁੱਖ ਇਸ ਪ੍ਰਕਾਰ ਹਨ: ਅਜਿਹੇ ਰਾਖਵੇਂਕਰਨ ਨਾਲ ਪੁਲਿਸ ਬਲਾਂ ਵਿਚ ਫਿਰਕਾਪ੍ਰਸਤੀ ਵਧੇਗੀ। ਧਰਮ ਦੇ ਆਧਾਰ 'ਤੇ ਚੁਣੇ ਸਿਪਾਹੀ ਬੈਰਕਾਂ ਅਤੇ ਪੁਲਿਸ ਲਾਈਨਾਂ ਵਿਚ ਲੜ ਕੱਟ ਮਰਨਗੇ ਅਤੇ ਇਕ ਸਮਾਂ ਅਜਿਹਾ ਵੀ ਆ ਸਕਦਾ ਹੈ ਜਦੋਂ ਫਿਰਕੂ ਆਧਾਰ 'ਤੇ ਚੁਣੇ ਇਹ ਪੁਲਿਸ ਕਰਮਚਾਰੀ ਆਪਣੇ ਤੋਂ ਵੱਖਰੇ ਧਰਮ ਦੇ ਪੈਰੋਕਾਰ ਅਫਸਰਾਂ ਦੇ ਆਦੇਸ਼ ਮੰਨਣ ਤੋਂ ਇਨਕਾਰ ਕਰ ਦੇਣ ਜਿਸ ਨਾਲ ਪੁਲਿਸ ਬਲਾਂ ਦਾ ਅਨੁਸ਼ਾਸਨ ਖਤਰੇ ਵਿਚ ਪੈਣ ਦੀ ਸੰਭਾਵਨਾ ਹੋ ਸਕਦੀ ਹੈ। ਪੁਲਿਸ ਬਲਾਂ ਦੀ ਇਹ ਲੀਡਰਸ਼ਿਪ ਅਜਿਹੇ ਤਰਕ ਦੇਣ ਸਮੇਂ ਇਸ ਤੱਥ ਤੋਂ ਅੱਖਾਂ ਮੀਟ ਲੈਂਦੀ ਹੈ ਕਿ ਜਿਸ ਬਲ ਦੀ ਉਹ ਅਗਵਾਈ ਕਰ ਰਹੇ ਹਨ, ਫਿਰਕਾਪ੍ਰਸਤੀ ਦੇ ਵਿਸ਼ਾਣੂਆਂ ਨਾਲ ਤਾਂ ਉਹ ਪਹਿਲਾਂ ਤੋਂ ਹੀ ਗ੍ਰਸਤ ਹੋ ਚੁੱਕਾ ਹੈ।

ਹਾਸ਼ਿਮਪੁਰਾ ਘਟਨਾ, ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਢਾਹੁਣ ਅਤੇ ਉਸ ਤੋਂ ਬਾਅਦ ਸੂਰਤ ਤੇ ਬੰਬਈ ਦੇ ਦੰਗਿਆਂ ਤੋਂ ਸਾਫ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਸੰਗਠਨ ਵਿਚ ਸਭ ਕੁਝ ਠੀਕ ਨਹੀਂ ਅਤੇ ਉਸ ਦੀ ਪੁਲਿਸ ਤੇ ਪੀ.ਏ.ਸੀ. ਦੇ ਕਰਮਚਾਰੀਆਂ ਦਾ ਆਚਰਨ ਗੰਭੀਰ ਅਲਾਮਤਾਂ ਨਾਲ ਗ੍ਰਸਿਆ ਹੋਇਆ ਹੈ। ਜੇ ਇਹ ਅਗਵਾਈ ਟੀਮ ਇਨ੍ਹਾਂ ਤੱਥਾਂ ਦੀ ਅਣਦੇਖੀ ਕਰਦੀ ਹੈ ਤਾਂ ਇਸ ਦਾ ਕੇਵਲ ਇਕ ਹੀ ਅਰਥ ਕੱਢਿਆ ਜਾ ਸਕਦਾ ਹੈ ਕਿ ਉਹ ਆਪਣਾ ਸੰਗਠਨ ਸੁਧਾਰਨ ਲਈ ਚਿੰਤਤ ਨਹੀਂ। ਸਾਨੂੰ ਇਹ ਨਤੀਜਾ ਕੱਢਣ ਲਈ ਮਜਬੂਰ ਹੋਣਾ ਪਵੇਗਾ ਕਿ ਉਹ ਵੀ ਉਸੇ ਫਿਰਕੂ ਸੋਚ ਦੇ ਸ਼ਿਕਾਰ ਹਨ ਜਿਸ ਤੋਂ ਬਹੁਗਿਣਤੀ ਭਾਈਚਾਰੇ ਦੇ ਕਾਫੀ ਲੋਕ ਪ੍ਰਭਾਵਿਤ ਹਨ।

ਉੱਤਰ ਪ੍ਰਦੇਸ਼ ਵਿਚ ਇਕ ਪ੍ਰਯੋਗ ਅਜਿਹਾ ਹੋਇਆ ਜਿਸ ਬਾਰੇ ਜਾਣਨਾ ਦਿਲਚਸਪ ਹੋਵੇਗਾ; ਜੋ ਸਿਰਫ ਇਸ ਲਈ ਅਸਫਲ ਰਹਿ ਗਿਆ ਕਿ ਉਸ ਨੂੰ ਲਾਗੂ ਕਰਨ ਵਾਲੇ ਪੁਲਿਸ ਅਧਿਕਾਰੀ ਆਪਣੀਆਂ ਪਹਿਲਾਂ ਬਣੀਆਂ ਧਾਰਨਾਵਾਂ ਛੱਡ ਨਹੀਂ ਸਕੇ। 1980 ਵਿਚ ਪੂਰੇ ਰਾਜ ਵਿਚ ਹੋਏ ਦੰਗਿਆਂ ਸਮੇਂ ਉਸ ਸਮੇਂ ਦੇ ਮੁੱਖ ਮੰਤਰੀ ਵਿਸ਼ਵ ਨਾਥ ਪ੍ਰਤਾਪ ਸਿੰਘ ਨੇ ਫੈਸਲਾ ਕੀਤਾ ਕਿ ਵਿਸ਼ੇਸ਼ ਸੇਵਾਦਲ ਦੇ ਨਾਮ ਨਾਲ ਪੀ.ਏ.ਸੀ. ਦੀਆਂ ਕੁਝ ਟੁਕੜੀਆਂ ਵਿਚ ਅਨੁਪਾਤਕ ਪ੍ਰਤੀਨਿਧਤਾ ਲਾਜ਼ਮੀ ਹੋਵੇਗੀ। ਜਦੋਂ ਇਹ ਬਟਾਲੀਅਨਾਂ ਖੜ੍ਹਾ ਕੀਤਾ ਗਿਆ ਤਾਂ ਪਹਿਲਾਂ ਤੋਂ ਮੌਜੂਦ ਸਵਾਰਥੀ ਤੱਤਾਂ ਨੇ ਇਹ ਯਕੀਨੀ ਬਣਾਇਆ ਕਿ ਇਨ੍ਹਾਂ ਵਿਚ ਪੀ.ਏ.ਸੀ. ਦੀ ਆਮ ਬਟਾਲੀਅਨ ਵਾਂਗ ਮੁਸਲਮਾਨਾਂ ਦੀ ਪ੍ਰਤੀਸ਼ਤ 3-4% ਤੋਂ ਨਾ ਵਧੇ। ਨਤੀਜਾ ਇਹ ਹੋਇਆ ਕਿ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਅਤੇ ਇਸ ਦੇ ਨਤੀਜੇ ਵੀ ਬਹੁਤ ਹੈਰਾਨੀ ਭਰਪੂਰ ਨਹੀਂ ਰਹੇ। 1987 ਵਿਚ ਮੇਰਠ ਦੇ ਹਾਸ਼ਿਮਪੁਰਾ ਮੁਹੱਲੇ ਵਿਚ ਮੁਸਲਿਮ ਨੌਜਵਾਨਾਂ ਨੂੰ ਅਗਵਾ ਕਰਕੇ ਦਰਿੰਦਗੀ ਨਾਲ ਮਾਰਨ ਵਾਲੇ ਜਵਾਨ, ਇਨ੍ਹਾਂ ਵਿਸ਼ੇਸ਼ ਸੇਵਾ ਦਲ ਬਟਾਲੀਅਨਾਂ ਵਿਚੋਂ ਇਕ- 41ਵੀਂ ਬਟਾਲੀਅਨ, ਵਿਚੋਂ ਹੀ ਸਨ। ਹਥਿਆਰਬੰਦ ਪੁਲਿਸ ਬਟਾਲੀਅਨਾਂ ਦੇ ਕਾਰਜਕਾਰੀ ਸਮੂਹ ਵਿਚ ਘੱਟ ਗਿਣਤੀਆਂ ਦੀ ਅਨੁਪਾਤਕ ਪ੍ਰਤੀਨਿਧਤਾ ਦੀ ਘਾਟ ਨੇ ਬਹੁਤੇ ਪੁਲਿਸ ਸੰਗਠਨਾਂ ਦੇ ਵਰਤਾਓ ਵਿਚ, ਇਸ ਦੇ ਨਾਲ ਮਿਲਦੇ ਜੁਲਦੇ ਅਪਰਾਧੀ ਅਤੇ ਗੈਰ-ਪੇਸ਼ੇਵਰ ਵਿਗਾੜ ਪੈਦਾ ਕੀਤੇ ਹਨ। ਇਸ ਤਰ੍ਹਾਂ ਦੇ ਅਨੇਕਾਂ ਉਦਾਹਰਨ ਹਨ ਪਰ ਇਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਹੀ ਕਰ ਰਹੇ ਹਾਂ।

ਭਾਗਲਪੁਰ (1989) ਦੇ ਦੰਗਿਆਂ ਦੌਰਾਨ ਸੌ ਤੋਂ ਵੱਧ ਮੁਸਲਮਾਨ ਦੰਗਾ ਪੀੜਤ, ਫੌਜ ਨੇ ਬਿਹਾਰ ਪੁਲਿਸ ਦੀ ਟੁਕੜੀ ਨੂੰ ਸੌਂਪ ਦਿੱਤੇ ਜਿਸ ਦੀ ਅਗਵਾਈ ਏ.ਐਸ.ਪੀ. ਕਰ ਰਿਹਾ ਸੀ। ਲੋਗਾਏਂ ਪਿੰਡ ਦੇ ਇਹ ਦੰਗਾ ਪੀੜਤ ਪਰਿਵਾਰ ਆਪਣੇ 'ਰਾਖਿਆਂ' ਦੀ ਜਾਣ-ਬੁਝ ਕੇ ਕੀਤੀ ਲਾਪ੍ਰਵਾਹੀ ਕਾਰਨ ਮਾਰੇ ਗਏ।

ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਬੰਬਈ ਦੰਗਿਆਂ ਵਿਚ ਪੁਲਿਸ ਕੰਟਰੋਲ ਰੂਮ ਤੋਂ ਹਿੰਦੂ ਦੰਗਈਆਂ ਨੂੰ ਦਿੱਤੇ ਜਾਂਦੇ ਸੁਨੇਹੇ, ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਵਲੋਂ ਰਿਕਾਰਡ ਕੀਤੇ ਅਤੇ ਬਾਅਦ ਵਿਚ ਬਹੁਤ ਸਾਰੇ ਅਖਬਾਰਾਂ ਵਿਚ ਛਪੇ। ਭਿਵੰਡੀ ਦੇ ਦੰਗਿਆਂ (1970) ਸਮੇਂ ਤਲਾਸ਼ੀਆਂ, ਗ੍ਰਿਫਤਾਰੀਆਂ ਅਤੇ ਤਫਤੀਸ਼ਾਂ ਦੇ ਸਿਲਸਿਲੇ ਵਿਚ ਭੇਦਭਾਵ ਇੰਨਾ ਸਾਫ ਨਜ਼ਰ ਆਉਂਦਾ ਹੈ ਕਿ ਦੰਗਿਆਂ ਦੀ ਜਾਂਚ ਕਰਨ ਵਾਲੇ ਜੁਡੀਸ਼ਲ ਕਮਿਸ਼ਨ ਨੇ ਮਜਬੂਰ ਹੋ ਕੇ ਪੁਲਿਸ ਵਿਰੁੱਧ ਬਹੁਤ ਗੰਭੀਰ ਦੋਸ਼ ਲਗਾਏ।

ਵੱਖ-ਵੱਖ ਪੁਲਿਸ ਸੰਗਠਨਾਂ ਵਿਚ ਘੱਟ ਗਿਣਤੀਆਂ ਦੀ ਅਨੁਪਾਤਕ ਗਿਣਤੀ ਵਿਚ ਵਾਧਾ, ਫਿਰਕੂ ਦੰਗਿਆਂ ਸਮੇਂ ਪੁਲਿਸ ਦੇ ਵਰਤਾਓ ਵਿਚ ਦੋ ਤਰ੍ਹਾਂ ਦਾ ਸੁਧਾਰ ਲੈ ਕੇ ਆਵੇਗਾ। ਇਕ ਤਾਂ ਪੁਲਿਸ ਵਿਚ ਜ਼ਿਆਦਾ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਦੀ ਭਰਤੀ ਕਰਕੇ ਪੁਲਿਸ ਕਰਮਚਾਰੀਆਂ ਦੇ ਵੱਖ-ਵੱਖ ਧਾਰਮਿਕ ਪੈਗੰਬਰਾਂ ਬਾਰੇ ਆਪਸੀ ਸਮਝ ਪੈਦਾ ਕਰਨ ਵਿਚ ਸਹਾਇਤਾ ਮਿਲੇਗੀ। ਇਕ ਹੀ ਬੈਰਕ ਵਿਚ ਰਹਿੰਦੇ ਹੋਏ, ਇੱਕੋ ਲੰਗਰ ਵਿਚ ਖਾਣਾ ਖਾਂਦੇ ਹੋਏ, ਇਕ ਮੈਦਾਨ ਵਿਚ ਖੇਡਦੇ ਹੋਏ, ਜਾਂ ਇਕ ਹੀ ਤਰ੍ਹਾਂ ਦੀ ਡਿਊਟੀ ਨਾਲ-ਨਾਲ ਨਿਭਾਉਂਦੇ ਹੋਏ, ਵੱਖ-ਵੱਖ ਧਾਰਮਿਕ ਸਮੂਹਾਂ ਦੇ ਪੁਲਿਸ ਕਰਮਚਾਰੀਆਂ ਵਿਚ ਇਕ ਖਾਸ ਤਰ੍ਹਾਂ ਦੇ ਭਾਈਚਾਰੇ ਦਾ ਭਾਵ ਪੈਦਾ ਹੋਵੇਗਾ ਅਤੇ ਇਸ ਵਿਚ ਇਕ ਦੂਜੇ ਬਾਰੇ ਮਨਾਂ ਵਿਚ ਪਲ ਰਹੇ ਮਾੜੇ ਭਾਵ ਅਤੇ ਸ਼ੱਕ ਮੁਕਤੀ ਮਿਲੇਗੀ। ਨਾਲ-ਨਾਲ ਰਹਿਣ ਨਾਲ ਹੀ ਇਕ ਦੂਜੇ ਦੇ ਧਰਮ ਦੇ ਮਾਮਲਿਆਂ ਬਾਰੇ ਵਧੀਆ ਸਮਝ ਪੈਦਾ ਹੋਵੇਗੀ। ਦੂਜਾ ਕਾਰਜਸ਼ੀਲ ਪੁਲਿਸ ਦਲਾਂ (ਸੈਕਸ਼ਨ, ਪਲਾਟੂਨ ਜਾਂ ਕੰਪਨੀ) ਵਿਚ ਘੱਟ ਗਿਣਤੀਆਂ ਦੀ ਅਨੁਪਾਤਕ ਗਿਣਤੀ ਦੰਗਿਆਂ ਨਾਲ ਨਜਿੱਠਣ ਸਮੇਂ ਉਨ੍ਹਾਂ ਦੇ ਤੌਰ ਤਰੀਕਿਆਂ 'ਤੇ ਵੀ ਚੰਗਾ ਅਸਰ ਪਾਵੇਗੀ। ਅਜਿਹਾ ਪੁਲਿਸ ਕਾਰਜਸ਼ੀਲ ਦਲ ਜਿਸ ਵਿਚ ਵੱਖ-ਵੱਖ ਧਰਮਾਂ ਦੀ ਸ਼ਮੂਲੀਅਤ ਹੋਵੇ, ਗ੍ਰਿਫਤਾਰੀਆਂ, ਬਲ ਪ੍ਰਯੋਗ ਜਾਂ ਗ੍ਰਿਫਤਾਰ ਵਿਅਕਤੀਆਂ ਦੇ ਨਾਲ ਵਰਤਾਓ ਵਿਚ ਉਨ੍ਹਾਂ ਨਾਲ ਕੋਈ ਭੇਦਭਾਵ ਨਹੀਂ ਵਰਤੇਗਾ, ਜਿਵੇਂ ਅਸੀਂ ਇਸ ਅਧਿਐਨ ਵਿਚ ਥਾਂ-ਥਾਂ 'ਤੇ ਹੁੰਦਾ ਦੇਖਦੇ ਆ ਰਹੇ ਹਾਂ।

ਅਮਰੀਕਾ ਅਤੇ ਇੰਗਲੈਂਡ ਵਿਚ ਨਸਲੀ ਅਤੇ ਜਾਤੀ ਸਮੂਹਾਂ ਨੂੰ ਪੁਲਿਸ ਬਲਾਂ ਵਿਚ ਭਰਤੀ ਕਰਨ ਦਾ ਤਜਰਬਾ ਸਫਲਤਾਪੂਰਵਕ ਕੀਤਾ ਜਾ ਚੁੱਕਾ ਹੈ। ਅਫਰੀਕਨ ਕਾਲੇ ਲੋਕਾਂ, ਏਸ਼ੀਅਨ ਮੂਲ ਅਤੇ ਆਇਰਿਸ਼ ਮੂਲ ਦੇ ਲੋਕਾਂ ਦੀ ਭਰਤੀ ਵਿਚ ਵਾਧਾ ਕਰਕੇ ਆਮ ਗੋਰੇ ਅਮਰੀਕੀ ਜਾਂ ਅੰਗਰੇਜ਼ ਪੁਲਿਸ ਕਰਮਚਾਰੀਆਂ ਨੂੰ ਆਪਣੇ ਮਨਾਂ ਵਿਚ ਛੁਪੇ ਮਾੜੇ ਪ੍ਰਭਾਵ ਛੱਡਣ ਅਤੇ ਘੱਟ ਗਿਣਤੀਆਂ ਨਾਲ ਨਜਿੱਠਣ ਸਮੇਂ ਆਪਣੇ ਆਚਰਨ ਨੂੰ ਵਧੀਆ ਬਣਾਉਣ ਵਿਚ ਸਹਾਇਤਾ ਮਿਲੀ ਹੈ।

ਮੇਰਾ ਸੁਝਾਅ ਹੈ ਕਿ ਘੱਟ ਗਿਣਤੀ ਫਿਰਕੇ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿਚ ਪੁਲਿਸ ਵਿਚ ਭਰਤੀ ਕੀਤੇ ਜਾਣਾ ਬਹੁਤ ਹੀ ਜ਼ਰੂਰੀ ਹੈ। ਘੱਟ ਗਿਣਤੀਆਂ ਦੀ ਪੁਲਿਸ ਵਿਚ ਗਿਣਤੀ ਘੱਟੋ-ਘੱਟ 10-12 ਪ੍ਰਤੀਸ਼ਤ ਤਾਂ ਹੋਣੀ ਹੀ ਚਾਹੀਦੀ ਹੈ। ਇਸ ਅਧਿਐਨ ਦੌਰਾਨ ਜਦੋਂ ਵੀ ਪੁਲਿਸ ਬਲਾਂ ਵਿਚ ਘੱਟ ਗਿਣਤੀ ਫਿਰਕੇ ਦੇ ਲਈ ਰਾਖਵੇਂਕਰਨ ਦਾ ਸਵਾਲ ਪੈਦਾ ਹੋਇਆ, ਅਲੱਗ-ਅਲੱਗ ਪੜਾਵਾਂ ਦੇ ਪੁਲਿਸ ਅਫਸਰਾਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਪੁਲਿਸ ਵਿਚ ਭਰਤੀ ਪ੍ਰਤੀ ਘੱਟ ਗਿਣਤੀ ਭਾਈਚਾਰੇ, ਖਾਸਕਰ ਮੁਸਲਮਾਨਾਂ ਵਿਚ ਦਿਲਚਸਪੀ ਦੀ ਘਾਟ, ਸਿੱਖਿਆ ਦੀ ਕਮੀ ਅਤੇ ਪਛੜਾਪਨ ਵਰਗੇ ਕੁਝ ਕਾਰਨ ਹਨ ਜੋ ਇਸ ਸਥਿਤੀ ਲਈ ਜ਼ਿੰਮੇਵਾਰ ਦੱਸੇ ਗਏ।

ਇਸ ਅਧਿਐਨ ਦੌਰਾਨ ਇਨ੍ਹਾਂ ਸਾਰੇ ਕਾਰਨਾਂ ਦੀ ਡੂੰਘਾਈ ਨਾਲ ਛਾਣ-ਬੀਣ ਨਹੀਂ ਕੀਤੀ ਗਈ ਕਿਉਂਕਿ ਅਜਿਹਾ ਕਰਨਾ ਅਧਿਐਨ ਦੇ ਘੇਰੇ ਤੋਂ ਬਾਹਰ ਸੀ। ਨਾਲ ਹੀ ਅਕਸਰ ਮਿਲਣ ਵਾਲੀਆਂ ਉਨ੍ਹਾਂ ਸ਼ਿਕਾਇਤਾਂ ਦੀ ਪੜਤਾਲ ਵੀ ਨਹੀਂ ਕੀਤੀ ਗਈ ਜਿਸ ਅਨੁਸਾਰ ਭਰਤੀ ਬੋਰਡਾਂ ਵਲੋਂ ਜਾਣ-ਬੁਝ ਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਆਮ ਤੌਰ 'ਤੇ ਯੋਗ ਹੋਣ ਦੇ ਬਾਵਜੂਦ ਘੱਟ ਗਿਣਤੀਆਂ ਦੀ ਨਿਯੁਕਤੀ ਨਾ ਕੀਤੀ ਜਾਵੇ। ਇਨ੍ਹਾਂ ਮੁੱਦਿਆਂ 'ਤੇ ਵੱਖਰੀ ਪੜਤਾਲ ਅਤੇ ਖੋਜ ਕੀਤੇ ਜਾਣ ਦੀ ਲੋੜ ਹੈ। ਇਸ ਅਧਿਐਨ ਦੌਰਾਨ ਮੈਂ ਕੇਵਲ ਪੁਲਿਸ ਵਿਚ ਘੱਟ ਗਿਣਤੀਆਂ ਦੇ ਵੱਧ ਅਨੁਪਾਤਕ ਦਾਖਲੇ ਦੀ ਸਿਫਾਰਸ਼ ਕਰ ਰਿਹਾ ਹਾਂ। ਇਹ ਰਾਖਵੇਂਕਰਨ ਰਾਹੀਂ ਵੀ ਹੋ ਸਕਦਾ ਹੈ ਅਤੇ ਸੰਗਠਨਾਂ ਦੀ ਕੋਈ ਚੰਗੀ ਕਾਰਜ ਪ੍ਰਣਾਲੀ ਵਿਕਸਤ ਕਰਕੇ ਵੀ ਬਿਹਤਰ ਬਣਾਇਆ ਜਾ ਸਕਦਾ ਹੈ। ***(ਚੱਲਦਾ)***

# 'ਅੰਨ੍ਹੇ ਘੋੜੇ ਦਾ ਦਾਨ' ਵਿਚਲੇ ਅਰਥਾਂ ਦੇ ਭੁਲੇਖੇ

***ਉੱਘੇ ਗਲਪਕਾਰ ਗੁਰਦਿਆਲ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਭਾਰਤੀ ਮਿਥਿਹਾਸ ਵਿਚੋਂ ਕਥਾ-ਕਹਾਣੀਆਂ ਵੀ ਲਈਆਂ ਹਨ। ਜਿਨ੍ਹਾਂ ਪਾਠਕਾਂ ਨੂੰ ਇਨ੍ਹਾਂ ਮਿਥਿਹਾਸਕ ਕਹਾਣੀਆਂ ਦਾ ਗਿਆਨ ਨਹੀਂ, ਉਨ੍ਹਾਂ ਲਈ ਰਚਨਾ ਵਿਚ ਆਈਆਂ ਕਹਾਣੀਆਂ ਦੇ ਅਰਥ ਕਰਨੇ ਮੁਸ਼ਕਿਲ ਹੀ ਹੁੰਦੇ ਹਨ। ਇਸ ਸੰਖੇਪ ਜਿਹੇ ਲੇਖ ਵਿਚ ਗੁਰਦਿਆਲ ਸਿੰਘ ਨੇ ਆਪਣੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਬਾਰੇ ਕੁਝ ਗੱਲਾਂ ਕੀਤੀਆਂ ਹਨ ਜਿਸ ਵਿਚ ਪੜ੍ਹੇ-ਲਿਖੇ ਵੱਲੋਂ ਵੀ ਅਰਥਾਂ ਦੇ ਕੀਤੇ ਜਾ ਰਹੇ ਅਨਰਥਾਂ ਬਾਰੇ ਜ਼ਿਕਰ ਹੈ।***

## ਕਲਾ ਪਰਿਕਰਮਾ

**ਗੁਰਦਿਆਲ ਸਿੰਘ**

**ਸਵੈ-ਕਥਨ**

ਮੇਰਾ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 1978 ਵਿਚ ਪ੍ਰਕਾਸ਼ਿਤ ਹੋਇਆ ਸੀ। ਦਹਾਕੇ ਬੀਤਣ ਅਤੇ ਹਜ਼ਾਰਾਂ ਪਾਠਕਾਂ ਵੱਲੋਂ ਪੜ੍ਹੇ ਜਾਣ ਦੇ ਬਾਵਜੂਦ ਇਹਦੇ ਅਰਥਾਂ ਬਾਰੇ ਅਨੇਕ ਭੁਲੇਖੇ ਹਨ। ਪੀਐੱਚ.ਡੀ. ਕਰਨ ਵਾਲੀ ਕਿਸੇ ਵਿਦਿਆਰਥਣ ਨੇ ਦੱਸਿਆ ਕਿ ਉਸ ਨੂੰ ਇਸ ਡਿਗਰੀ ਲਈ ਸਹਾਇਤਾ ਕਰਨ ਵਾਲੇ ਯੂਨੀਵਰਸਿਟੀ ਪ੍ਰੋਫੈਸਰ ਨੇ ਦੱਸਿਆ ਕਿ ਇਸ ਦੇ ਕਥਿਤ ਨਿਮਨ ਵਰਗ ਪਾਤਰਾਂ ਦੀ ਤਾਕਤ ਘੋੜਿਆਂ ਵਰਗੀ ਹੈ ਤੇ ਅਕਲ ਦੇ ਅੰਨ੍ਹੇ ਹਨ। ਇਸੇ ਕਾਰਨ ਇਸ ਦਾ ਨਾਂ 'ਅੰਨ੍ਹੇ ਘੋੜੇ ਦਾ ਦਾਨ' ਹੈ। ਵਿਦਿਆਰਥਣ ਨੇ ਜਦੋਂ ਕਿਹਾ ਕਿ ਫਿਰ 'ਦਾਨ' ਦੇ ਕੀ ਅਰਥ ਹੋਏ, ਤਾਂ ਉਹ ਕਹਿਣ ਲੱਗੇ ਕਿ ਇਹ ਤਾਂ ਲੇਖਕ ਨੇ ਆਪਣੇ ਕੋਲੋਂ ਹੀ ਜੋੜ ਲਿਆ ਹੋਣਾ ਹੈ।


ਇਸ ਬਾਰੇ ਮੈਂ ਆਮ ਪਾਠਕਾਂ ਨੂੰ ਕਦੇ ਦੋਸ਼ੀ ਨਹੀਂ ਮੰਨਿਆ ਕਿਉਂਕਿ ਇਹਦਾ ਸਬੰਧ ਵੀ, ਦੂਰੋਂ ਇਕ ਪੌਰਾਣਿਕ ਕਥਾ ਨਾਲ ਜਾ ਜੁੜਦਾ ਹੈ ਜਿਸ ਬਾਰੇ ਆਮ ਵਿਦਿਆਰਥੀਆਂ ਨੂੰ ਪਤਾ ਨਹੀਂ। ਉਹ ਪੌਰਾਣਿਕ ਕਥਾ 'ਸਾਗਰ ਮੰਥਨ' ਨਾਲ ਸਬੰਧਤ ਹੈ। ਉਸ ਕਥਾ ਅਨੁਸਾਰ ਜਦੋਂ ਦੇਵਤਿਆਂ ਅਤੇ ਅਸੁਰਾਂ ਨੇ ਸਾਗਰ ਰਿੜਕਿਆ ਤਾਂ ਚੌਦਾਂ ਰਤਨ ਨਿਕਲੇ। ਇਨ੍ਹਾਂ ਰਤਨਾਂ ਵਿਚ ਇਕ ਅੰਮ੍ਰਿਤ ਦਾ ਕੁੰਭ (ਘੜਾ) ਵੀ ਸੀ। ਉਹ ਅਸੁਰਾਂ ਦੇ ਹੱਥ ਲੱਗ ਗਿਆ। ਦੇਵਤੇ ਬੁਰੀ ਤਰ੍ਹਾਂ ਭੈਭੀਤ ਹੋ ਗਏ ਕਿਉਂਕਿ ਜੇ ਉਹ ਅੰਮ੍ਰਿਤ ਅਸੁਰਾਂ ਨੇ ਪੀ ਲਿਆ ਤਾਂ ਉਹ ਅਮਰ ਹੋ ਜਾਣਗੇ ਤੇ ਦੇਵਤਿਆਂ ਦਾ ਸਰਵਨਾਸ਼ ਕਰ ਦੇਣਗੇ। ਉਹ ਪਹਿਲਾਂ ਸ਼ਿਵ ਭਗਵਾਨ ਤੇ ਫੇਰ ਬ੍ਰਹਮਾ ਜੀ ਕੋਲ ਸਹਾਇਤਾ ਲਈ ਗਏ ਪਰ ਉਨ੍ਹਾਂ ਆਪਣੀ ਅਸਮਰੱਥਾ ਜ਼ਾਹਰ ਕੀਤੀ। ਅਖੀਰ ਉਹ ਵਿਸ਼ਨੂੰ ਭਗਵਾਨ ਕੋਲ ਗਏ ਤਾਂ ਉਨ੍ਹਾਂ ਦੇਵਤਿਆਂ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ।

ਵਿਸ਼ਨੂੰ ਭਗਵਾਨ ਅਤਿ ਸੁੰਦਰ ਇਸਤਰੀ (ਮੋਹਨੀ) ਦਾ ਰੂਪ ਧਾਰ ਕੇ ਜਦੋਂ ਅਸੁਰਾਂ ਕੋਲ ਪਹੁੰਚੇ ਤਾਂ ਉਹ ਉਨ੍ਹਾਂ ਦੀ ਸੁੰਦਰਤਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਇਹ ਕਹਿ ਦਿੱਤਾ- 'ਜੋ ਮੋਹਨੀ ਫੈਸਲਾ ਕਰੇਗੀ, ਸਾਨੂੰ ਪ੍ਰਵਾਨ ਹੋਏਗਾ।'


ਵਿਸ਼ਨੂੰ ਭਗਵਾਨ (ਮੋਹਨੀ) ਨੇ ਤਰਕ ਦਿੱਤਾ ਕਿ ਤੁਸੀਂ ਦੋਹਾਂ ਸਮੂਹਾਂ ਨੇ ਮਿਲ ਕੇ ਸਾਗਰ ਮੰਥਨ ਕੀਤਾ ਹੈ, ਇਸ ਲਈ ਦੋਹਾਂ ਦਾ ਅਧਿਕਾਰ ਬਰਾਬਰ ਹੈ। ਤੁਸੀਂ ਦੋਏ ਸਮੂਹ ਦੋ ਪੰਗਤਾਂ ਬਣਾ ਕੇ ਬੈਠੋ। ਮੈਂ ਦੋਹਾਂ ਨੂੰ ਅੰਮ੍ਰਿਤ ਪਾਨ ਕਰਵਾਂਗਾ (ਕਰਾਵਾਂਗੀ)। ਜਦੋਂ ਦੋ ਪੰਗਤਾਂ ਬਣ ਗਈਆਂ ਤਾਂ ਵਿਸ਼ਨੂੰ ਭਗਵਾਨ (ਮੋਹਨੀ) ਨੇ ਪਹਿਲਾਂ ਦੇਵਤਿਆਂ ਨੂੰ ਅੰਮ੍ਰਿਤ ਪਾਨ ਕਰਵਾਉਣਾ ਆਰੰਭ ਦਿੱਤਾ। ਜਦੋਂ ਉਹ ਚੰਦਰਮਾ ਤੇ ਸੂਰਜ ਤਕ ਪਹੁੰਚੇ ਤਾਂ ਉਨ੍ਹਾਂ ਵਿਚਕਾਰ ਰਾਹੂ ਨਾਂ ਦਾ ਅਸੁਰ ਆ ਬੈਠਾ ਪਰ ਉਨ੍ਹਾਂ ਨੂੰ ਉਸ ਦਾ ਪਿੱਛਾ (ਜੋ ਮੱਛ ਦਾ ਸੀ) ਦੇਖ ਕੇ ਉਦੋਂ ਪਤਾ ਲੱਗਿਆ ਜਦੋਂ ਉਹਨੇ ਅੰਮ੍ਰਿਤ ਪੀ ਲਿਆ ਸੀ। ਵਿਸ਼ਨੂੰ ਭਗਵਾਨ ਨੇ ਮਰਯਾਦਾ ਭੰਗ ਕਰਨ ਦੇ ਦੋਸ਼ ਵਿਚ ਉਸ ਅਸੁਰ ਦਾ ਸਿਰ ਖੰਡੇ ਨਾਲ ਕੱਟ ਦਿੱਤਾ। ਅੰਮ੍ਰਿਤ ਪਾਨ ਕਰਕੇ ਉਹ ਮਰ ਨਹੀਂ ਸੀ ਸਕਦਾ ਜਿਸ ਕਾਰਨ ਵਿਸ਼ਨੂੰ ਭਗਵਾਨ ਨੇ ਉਹਦੇ ਦੋ ਭਾਗ 'ਰਾਹੂ' ਤੇ 'ਕੇਤੂ' ਦੇ ਨਾਂ ਨਾਲ ਅਕਾਸ਼ ਵਿਚ ਸਥਿਤ ਕਰ ਦਿੱਤੇ ਤੇ ਆਪ ਆਪਣਾ ਮੂਲ ਰੂਪ ਧਾਰਨ ਕਰਕੇ ਬੈਕੁੰਠ ਨੂੰ ਚਲੇ ਗਏ।

ਇਹ ਕਥਾ 'ਮੜ੍ਹੀ ਦਾ ਦੀਵਾ' ਵਿਚ ਲਿਖੀ ਪੰਗਤੀ ਵਾਂਗ ਹੀ ਜਦੋਂ ਪੰਜਾਬ ਦੇ ਪਿੰਡਾਂ ਵਿਚ ਆਮ ਲੋਕਾਂ ਤਕ ਪਹੁੰਚੀ ਤਾਂ ਇਸ ਦਾ ਰੂਪ ਬਦਲ ਗਿਆ। ਇਹ ਤੱਥ ਦ੍ਰਿੜ ਹੋ ਗਿਆ ਕਿ ਰਾਹੂ ਤੇ ਕੇਤੂ ਨੇ ਚੰਦਰਮਾ ਤੇ ਸੂਰਜ ਤੋਂ ਕਰਜ਼ ਲੈਣਾ ਹੈ (ਕਾਰਨ ਇਹ ਵੀ ਸੀ ਕਿ ਕਿਸਾਨ ਲਈ ਕਰਜ਼ ਸਭ ਤੋਂ ਵੱਡੀ ਜ਼ਹਿਮਤ ਰਿਹਾ ਹੈ, ਇਸ ਲਈ ਵੈਰ-ਵਿਰੋਧ ਨੂੰ ਵੀ ਕਰਜ਼ ਦਾ ਰੂਪ ਦੇ ਲਿਆ)।

ਇਹ ਕਥਾ ਇੰਜ ਪ੍ਰਚੱਲਤ ਹੋ ਗਈ ਕਿ ਰਾਹੂ ਤੇ ਕੇਤੂ ਜਦੋਂ ਚੰਦਰਮਾ ਤੇ ਸੂਰਜ ਤੋਂ ਆਪਣਾ ਕਰਜ਼ਾ ਲੈਣ ਆਉਂਦੇ ਹਨ ਤਾਂ ਉਨ੍ਹਾਂ ਨੂੰ ਗ੍ਰਹਿਣ ਲੱਗਦਾ ਹੈ। ਇਨ੍ਹਾਂ ਅਸੁਰਾਂ ਦੇ ਰੱਥਾਂ ਦੇ ਘੋੜੇ ਕਾਲੇ ਰੰਗ ਦੇ ਅਤੇ ਅੰਨ੍ਹੇ ਹਨ। ਇਸ ਲਈ ਦੇਵਤਿਆਂ ਦੇ ਵਾਰਸ (ਕਥਿਤ ਉਤਮ ਜਾਤੀਆਂ) ਆਪਣੇ ਪੁਰਖਿਆਂ ਦਾ ਕਰਜ਼ ਲਾਹੁਣ ਲਈ ਅਸੁਰਾਂ (ਰਾਹੂ, ਕੇਤੂ) ਦੇ ਵਾਰਸਾਂ ਨੂੰ ਜੇ ਕੁਝ ਦਾਨ ਦੇਣ (ਕਰਜ਼ ਮੋੜਨ) ਤਾਂ ਅਸੁਰਾਂ ਦੇ ਅੰਨ੍ਹੇ ਘੋੜੇ ਉਨ੍ਹਾਂ ਦੇ ਰੱਥਾਂ ਨੂੰ ਦੂਰ ਲੈ ਜਾਣਗੇ ਤੇ ਚੰਦਰਮਾ ਤੇ ਸੂਰਜ ਗ੍ਰਹਿਣ ਤੋਂ ਮੁਕਤ ਹੋ ਜਾਣਗੇ। ਇਸ ਕਥਾ ਦਾ ਕਦੋਂ, ਕਿਵੇਂ, ਕੀ ਤੋਂ ਕੀ ਰੂਪ ਬਣਿਆ, ਇਸ ਦੇ ਅਨੇਕ ਕਾਰਨ ਹੋ ਸਕਦੇ ਹਨ ਪਰ ਇਹ ਪ੍ਰਥਾ ਅੱਜ ਤਕ ਵੀ ਅਨੇਕ ਪਿੰਡਾਂ ਵਿਚ ਕਾਇਮ ਹੈ। ਚੰਦਰਮਾ ਤੇ ਸੂਰਜ ਦੇ ਗ੍ਰਹਿਣ ਸਮੇਂ ਪਿੰਡ ਦੇ ਦਲਿਤ ਲੋਕ ਬੋਰੀਆਂ, ਬੱਠਲ, ਪੱਲੜ, ਖੇਸ ਆਦਿ ਲੈ ਕੇ ਪਿੰਡ ਦੀਆਂ ਗਲੀਆਂ ਵਿਚ ਹੋਕਰੇ ਮਾਰਦੇ ਹਨ- 'ਅੰਨ੍ਹੇ ਘੋੜੇ ਦਾ ਦਾਨ ਦਿਓ ਬਈ ਅੰਨ੍ਹੇ ਘੋੜੇ ਦਾ ਦਾਨ!' ਉਤਮ ਜਾਤੀ ਦੇ ਕਿਸਾਨ, ਮਹਾਜਨ (ਕੋਈ ਵੀ ਹੋਣ) ਉਨ੍ਹਾਂ ਨੂੰ ਅਨਾਜ ਦਿੰਦੇ ਹਨ (ਪੈਸੇ ਲੋਕਾਂ ਕੋਲ ਹੁੰਦੇ ਨਹੀਂ ਸਨ, ਉਂਜ ਵੀ ਦਾਨ ਅਨਾਜ ਦਾ ਹੀ ਉਤਮ ਮੰਨਿਆ ਜਾਂਦਾ ਹੈ)। ਇਹ ਪ੍ਰਥਾ ਹੌਲੀ-ਹੌਲੀ ਸ਼ਹਿਰਾਂ ਵਿਚੋਂ ਤਾਂ ਖਤਮ ਹੋ ਗਈ ਪਰ ਅਨੇਕਾਂ ਪਿੰਡਾਂ ਵਿਚ ਅੱਜ ਵੀ ਜਾਰੀ ਹੈ।



*ਆਰਟਿਸਟ ਗੁਰਪ੍ਰੀਤ ਬਠਿੰਡਾ ਦਾ ਬਣਾਇਆ ਨਾਵਲਕਾਰ ਗੁਰਦਿਆਲ ਸਿੰਘ ਦਾ ਚਿੱਤਰ।*




*ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਦਾ ਮੁਖੜਾ।*






*ਗੁਰਦਿਆਲ ਸਿੰਘ ਦੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਦਾ ਮੁਖੜਾ ਅਤੇ ਇਸੇ ਨਾਵਲ 'ਤੇ ਆਧਾਰਿਤ ਫਿਲਮ ਦੇ ਇਕ ਦ੍ਰਿਸ਼ ਵਿਚ ਅਦਾਕਾਰਾ ਦੀਪਤੀ ਨਵਲ ਅਦਾਕਾਰ ਅਤੇ ਰਾਜ ਬੱਬਰ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਅਗਸਤ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-545



**ਮੀਂਹ-ਕਿਣੀ ਦੇ ਦਿਨ ਨੇ ਯਾਰੋ, ਸੁੱਕੇ ਬਾਲਣ ਦੀ ਚੱਲੇ ਤੋਟ,**
**ਫਿਕਰ ਗਰੀਬਾਂ ਨੂੰ ਵੱਢ ਖਾਵੇ, ਸਰਕਾਰਾਂ ਦੇ ਮਨ 'ਚ ਖੋਟ**
**ਲਾ ਕੇ ਦਿਹਾੜੀ ਕੰਮੋ ਬੇਬੇ ਆਵੇ, ਨਾਲ਼ੇ ਬਾਲਣ ਕਰੇ 'ਕੱਠਾ,**
**ਰਾਤ ਦੇ ਡੰਗ ਦੀ ਚਿੰਤਾ ਸਤਾਵੇ, ਭੁੱਖ ਦਾ ਦਰਦ ਹੋਵੇ ਮੱਠਾ।**

### ਕੈਪਸ਼ਨ ਮੁਕਾਬਲਾ-543



ਵੱਲ ਮੇਰੇ ਨਹੀਂ ਝਾਕਣਾ
ਮੈਂ ਤਾਂ ਹੈ ਸਮਤੋਲ ਬਣਾਇਆ।
ਆਪੋ ਆਪਣੇ ਪੋਜ਼ ਬਣਾ ਲੋ
ਕੈਮਰੇ ਦਾ ਮੈਂ ਫੋਕਸ ਲਾਇਆ।
ਜੱਗ ਨੂੰ 'ਭਾਰਤ-ਮਹਾਨ' ਦਿਖਾਈਏ
ਵਿਚ ਦੁਨੀਆਂ ਜੋ ਰੌਲ਼ਾ ਪਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963177***

---

ਬਚਪਨ ਦੀ ਮਾਸੂਮੀਅਤ ਦਾ,
ਕੋਈ ਮੁੱਲ ਨਹੀਂ ਹੁੰਦਾ।
ਜ਼ਿੰਦਗੀ ਦਾ ਕੋਈ ਹਿੱਸਾ,
ਇਸ ਦੇ ਤੁੱਲ ਨਹੀਂ ਹੁੰਦਾ।
ਉਸ ਵੇਲੇ ਲਿਆ ਸੁਪਨਾ,
ਪੂਰਾ ਕਰ ਕੇ ਵੀ, ਭੁੱਲ ਨਹੀਂ ਹੁੰਦਾ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਬੱਚੇ ਤਾਂ ਆਖਰ ਬੱਚੇ ਹੁੰਦੇ,
ਖੇਡਣ ਖੇਡਾਂ ਅਜੀਬ,
ਖੇਲ੍ਹਾਂ ਕਦੇ ਵੰਡ ਨਹੀਂ ਹੁੰਦੀ,
ਅਮੀਰ ਚਾਹੇ ਗਰੀਬ
ਕੰਪਿਊਟਰ ਯੁੱਗ ਦੀ ਫ਼ੋਟੋ,
ਦੇਖੀਏ ਕਰਨ ਕਮਾਲ,
ਭਾਵੇਂ ਨੰਗ-ਧੜੰਗੇ ਦਿਸਦੇ,
ਨਾਲ਼ੇ ਬਚਪਨ ਬੇਹਾਲ
***-ਸੇਵਾ ਸਿੰਘ 'ਨੂਰਪੁਰੀ'***

ਬਚਪਨ ਆਜ਼ਾਦ
ਪਾਰਖੂ ਸੋਚ ਰੱਖਦਾ
ਭਾਵੇਂ ਛੰਨਾਂ ਢਾਰਿਆਂ 'ਚ ਰਹਿ ਰਿਹਾ
ਅੰਤਾਂ ਦੀ ਗਰੀਬੀ ਦਾ
ਝੰਬਿਆ ਹੋਇਆ
ਦੇਖੋ ਕਮਾਲ ਨੰਗਾ ਤਨੋਂ
ਪਰ ਸਵੈ ਵਿਸ਼ਵਾਸ ਕਿੰਨਾ
ਪੂਰੇ ਰੋਅਬ ਦਾਬ ਨਾਲ ਖੜ੍ਹਾ
ਇਕ ਮਿਸਾਲੀ ਫੋਟੋਗ੍ਰਾਫਰ ਵਾਂਗ
ਤਰੀਕੇ ਦੱਸਦਾ ਪੋਜ ਖਿੱਚਦਿਆਂ
ਤੱਕ ਮੇਰੇ ਵੱਲ
ਥੋੜ੍ਹਾ ਹੱਸੋ, ਖੜ੍ਹੋ ਸਿੱਧੇ
ਛੱਡ ਗਿਆ ਸਭ ਹਮ-ਉਮਰਾਂ ਨੂੰ ਵੀ
ਲੈ ਗਿਆ ਸੌ ਵਟਾ ਸੌ ਨੰਬਰ।
**-ਦਰਸ਼ਨ ਪਾਲ ਦੋਸਾਂਝ**

## ਸ਼ਾਬਾਸ਼ੇ ! ਸੰਵਿਧਾਨੀਓ

ਕੀ ਹੋਇਆ, ਬਣਾ ਕੇ,
ਸਰਕਾਰਾਂ ਤੋਂ ਹੀ ਡਰ ਗਏ ਹੋ
ਓਹੋ! ਅੱਛਾ ਅੱਛਾ, ਡਰੇ ਨਹੀਂ,
ਬਸ ਚੁੱਪ ਕਰ ਗਏ ਹੋ।
ਫਿਰ ਕੌਣ ਬੋਲੇਗਾ,
ਵੋਟਾਂ 'ਤੇ ਤੁਸਾਂ ਨੇ ਪਾਈਆਂ ਨੇ
ਓਹ! ਅੱਛਾ ਅੱਛਾ,
ਬਣਾ ਕੇ ਸਰਕਾਰ ਘਰ ਗਏ ਹੋ।
ਮਨਮਰਜ਼ੀਆਂ ਕਰਨਗੇ ਓ ਤੇ,
ਜੇ ਸੌਂ ਗਏ ਹੋ ਤੁਸੀਂ
ਓਹ! ਅੱਛਾ ਅੱਛਾ,
ਸੁੱਤੇ ਨਹੀਂ ਹੋ ਬਸ ਜ਼ਰ ਗਏ ਹੋ।
ਖਰੀਦੇ ਅਤੇ ਵਿਕ ਜਾਂਦੇ ਨੇ,
ਤੁਹਾਡੇ ਚੁਣੇ ਹੋਏ ਨੇਤਾ
ਓਹ! ਅੱਛਾ ਅੱਛਾ,
ਕੁਝ ਕੁ ਸਾਲਾਂ ਲਈ ਹਰ ਗਏ ਹੋ।
ਬੋਦਲਾਂ ਦੇ ਸੁੱਖਵਿੰਦਰਾ ਏਹ ਹੈ,
ਲੋਕਤੰਤਰ ਦਾ ਮੰਤਰ
ਸ਼ਾਬਸ਼ੇ! ਸੰਵਿਧਾਨੀਓ,
ਦੇ ਤਾਨਾਸ਼ਾਹੀ ਦੇ ਵਰ ਗਏ ਹੋ।
***-ਸੁੱਖਵਿੰਦਰ ਬੋਦਲਾਂਵਾਲਾ***
***ਵਾਸ਼ਿੰਗਟਨ ਯੂ ਐਸ ਏ***

# 'ਮੁਹੰਮਦ ਰਫ਼ੀ ਤੂ ਬਹੁਤ ਯਾਦ ਆਇਆ...'

**ਬਰਸੀ 'ਤੇ ਵਿਸ਼ੇਸ਼**

ਕਾਇਨਾਤ ਦੇ ਸਿਰਜਣਹਾਰ ਨੇ ਇਸ ਦੁਨੀਆ ਵਿਚ ਮਨੁੱਖ ਨੂੰ ਆਪਣਾ ਨਾਇਬ ਬਣਾ ਕੇ ਭੇਜਿਆ ਹੈ। ਇਨ੍ਹਾਂ ਮਨੁੱਖਾਂ ਵਿਚੋਂ ਹੀ ਕੁਝ ਅਜਿਹੇ ਵਿਅਕਤੀ ਹੋਏ ਜੋ ਉਸ ਰੱਬ ਦੀ ਬਖਸ਼ਿਸ਼ ਸਦਕਾ ਸੰਸਾਰ ਵਿਚ ਆਪਣੀ ਵੱਖਰੀ ਹੀ ਪਛਾਣ ਬਣਾ ਕੇ ਦੁਨੀਆਂ ਨੂੰ ਅਲਵਿਦਾ ਆਖ ਗਏ ਪਰ ਲੋਕ ਅੱਜ ਵੀ ਉਨ੍ਹਾਂ ਨੂੰ ਯਾਦ ਕਰਦੇ ਨਹੀਂ ਥੱਕਦੇ।

ਜਦ ਵੀ ਦੁਨੀਆ 'ਚ ਆਵਾਜ਼ ਦੇ ਜਾਦੂਗਰਾਂ ਦੀ ਗਲ ਚੱਲਦੀ ਹੈ ਤਾਂ ਬਿਨਾਂ ਸ਼ੱਕ ਇਕ ਨਾਮ ਆਪ ਮੁਹਾਰੇ ਸਾਹਮਣੇ ਆ ਜਾਂਦਾ ਹੈ, ਉਹ ਹੈ ਬੌਲੀਵੁੱਡ ਦੇ ਪ੍ਰਸਿੱਧ ਪਿੱਠਵਰਤੀ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਗਾਇਕ ਮੁਹੰਮਦ ਰਫੀ ਦਾ, ਗੀਤ ਹੋਵੇ ਚਾਹੇ ਗ਼ਜ਼ਲ ਜਾਂ ਫਿਰ ਕੋਈ ਕੱਵਾਲੀ ਜਾਂ ਨਾਅਤ, ਸ਼ਬਦ ਹੋਏ ਜਾਂ ਭਜਨ, ਰਫੀ ਸਾਹਿਬ ਨੇ ਹਰ ਤਰ੍ਹਾਂ ਦੀ ਗਾਇਕੀ ਵਿਚ ਆਪਣਾ ਲੋਹਾ ਮਨਵਾਇਆ।

ਅੱਜ ਭਾਵੇਂ ਰਫੀ ਸਾਹਿਬ ਨੂੰ ਸਾਥੋਂ ਵਿਛੜਿਆਂ ਲਗਭਗ ਚਾਰ ਦਹਾਕੇ ਬੀਤ ਚੁੱਕੇ ਹਨ ਫਿਰ ਵੀ ਰਫੀ ਸਾਹਿਬ ਦੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਉਸੇ ਤਰ੍ਹਾਂ ਬੋਲਦਾ ਹੈ ਜਿਵੇਂ ਅੱਜ ਤੋਂ ਕੋਈ ਛੇ ਸੱਤ ਦਹਾਕੇ ਪਹਿਲਾਂ ਬੋਲਿਆ ਕਰਦਾ ਸੀ। ਅੱਜ ਵੀ ਜਦੋਂ ਕਦੀ ਉਨ੍ਹਾਂ ਦੀ ਆਵਾਜ਼ ਰੇਡੀਓ ਤੋਂ ਸੁਣਾਈ ਦਿੰਦੀ ਹੈ ਤਾਂ ਬਿਨਾਂ ਸ਼ੱਕ ਕੰਨਾਂ ਵਿਚ ਸ਼ਹਿਦ ਘੋਲਦੀ ਮਹਿਸੂਸ ਹੁੰਦੀ ਹੈ ਅਤੇ ਨਾਲ ਹੀ ਰੂਹ ਨੂੰ ਤਾਜ਼ਗੀ ਦਿੰਦੀ ਹੈ।

ਮੁਹੰਮਦ ਰਫੀ ਦਾ ਜਨਮ ਅੰਮ੍ਰਿਤਸਰ ਨੇੜਲੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ 24 ਦਸੰਬਰ 1924 ਨੂੰ ਇਕ ਸਾਧਾਰਨ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਹਾਜੀ ਅਲੀ ਮੁਹੰਮਦ ਬਹੁਤ ਹੀ ਨੇਕ ਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਮੁਹੰਮਦ ਰਫੀ ਛੇ ਭਰਾਵਾਂ ਵਿਚੋਂ ਦੂਸਰੇ ਨੰਬਰ 'ਤੇ ਸਨ। ਮੁਹੰਮਦ ਰਫ਼ੀ, ਜਿਸਦਾ ਦਾ ਕੱਚਾ-ਨਾਂਅ 'ਫੀਕੂ' ਸੀ ਨੇ ਆਪਣੀ ਮੁਢਲੀ ਵਿੱਦਿਆ ਘਰ ਵਿਚ ਹੀ ਪ੍ਰਾਪਤ ਕੀਤੀ। ਉਨ੍ਹਾਂ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਇਸ ਲਈ ਪਿੰਡ ਦੇ ਸਕੂਲ ਵਿਚ ਦੂਜੀ ਜਮਾਤ ਤਕ ਹੀ ਪੜ੍ਹਾਈ ਕਰ ਸਕੇ।

ਰਫੀ ਸਾਹਿਬ ਨੇ ਆਪਣੇ ਗਾਉਣ ਦੀ ਪ੍ਰੇਰਣਾ ਦਾ ਖੁਲਾਸਾ ਕਰਦੇ ਹੋਏ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਹ ਦਸ-ਬਾਰਾਂ ਸਾਲ ਦੇ ਸਨ ਕਿ ਉਨ੍ਹਾਂ ਦੇ ਮੁਹੱਲੇ ਵਿਚ ਫਕੀਰ ਗੀਤ "ਜੱਗ ਵਾਲਾ ਮੇਲਾ ਯਾਰੋ ਥੋੜੀ ਦੇਰ ਦਾ" ਗਾ ਕੇ ਭੀਖ ਮੰਗਿਆ ਕਰਦਾ ਸੀ। ਉਸੇ ਦੀ ਨਕਲ ਕਰਦਿਆਂ ਆਪ ਵੀ ਇਸ ਗੀਤ ਨੂੰ ਬਹੁਤ ਸ਼ੌਕ ਨਾਲ ਗਾਇਆ ਕਰਦੇ ਤੇ ਕਈ ਵਾਰ ਉਸ ਫਕੀਰ ਦਾ ਪਿੱਛਾ ਕਰਦੇ ਹੋਏ ਬਹੁਤ ਦੂਰ ਨਿਕਲ ਜਾਂਦੇ। ਇਸੇ ਦੌਰਾਨ ਰਫ਼ੀ ਦੇ ਪਿਤਾ 1935 ਵਿਚ ਲਾਹੌਰ ਚਲੇ ਗਏ, ਜਿੱਥੇ ਉਨ੍ਹਾਂ ਨੇ ਭੱਟੀ ਗੇਟ ਵਿਚ ਨੂਰ ਮਹਿਲਾਂ ਵਿਚ ਪੁਰਸ਼ਾਂ ਦਾ ਸੈਲੂਨ ਸ਼ੁਰੂ ਕਰ ਦਿੱਤਾ।

ਰਫ਼ੀ ਦੇ ਵੱਡੇ ਭਰਾ ਮੁਹੰਮਦ ਦੀਨ ਦੇ ਦੋਸਤ ਅਬਦੁਲ ਹਮੀਦ ਨੇ ਲਾਹੌਰ ਵਿਚ ਰਫ਼ੀ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਨੂੰ ਗਾਇਕੀ ਵੱਲ ਉਤਸ਼ਾਹਿਤ ਕੀਤਾ। ਅਬਦੁਲ ਹਮੀਦ ਨੇ ਹੀ ਬਾਅਦ ਵਿਚ ਰਫ਼ੀ ਦੇ ਪਰਿਵਾਰ ਦੇ ਬਜ਼ੁਰਗਾਂ ਨੂੰ, ਰਫ਼ੀ ਨੂੰ ਮੁੰਬਈ ਭੇਜਣ ਵਾਸਤੇ ਮਨਾਇਆ। ਉਨ੍ਹਾਂ ਨੂੰ ਪਹਿਲੀ ਵਾਰ 13 ਸਾਲ ਦੀ ਉਮਰ ਵਿਚ ਕੇ.ਐੱਲ ਸਹਿਗਲ ਦੀ ਮੌਜੂਦਗੀ ਵਿਚ ਲਾਹੌਰ ਵਿਖੇ ਉਦੋਂ ਗਾਉਣ ਦਾ ਮੌਕਾ ਮਿਲਿਆ ਜਦ ਲਾਈਟ ਚਲੀ ਜਾਣ ਕਾਰਨ ਸਹਿਗਲ ਨੇ ਗਾਉਣ ਤੋਂ ਇਨਕਾਰ ਕਰ ਦਿੱਤਾ ਤੇ ਪੰਡਾਲ ਵਿਚ ਹੰਗਾਮਾ ਮਚ ਗਿਆ। ਇਸ ਵਿਚਕਾਰ ਮੁਹੰਮਦ ਰਫੀ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ। ਜਿਵੇਂ ਹੀ 13 ਸਾਲਾ ਰਫੀ ਨੇ ਗਾਉਣਾ ਸ਼ੁਰੂ ਕੀਤਾ ਤਾਂ ਪੰਡਾਲ ਵਿਚ ਉਨ੍ਹਾਂ ਦੀ ਉੱਚੀ ਤੇ ਸੁਰੀਲੀ ਆਵਾਜ਼ ਸੁਣ ਕੇ ਦਰਸ਼ਕਾਂ ਵਿਚ ਜਿਵੇਂ ਕਬਰਾਂ ਵਰਗੀ ਚੁੱਪ ਛਾ ਗਈ।

ਇਸ ਉਪਰੰਤ 1941 ਵਿਚ ਰਫ਼ੀ ਨੇ ਸ਼ਿਆਮ ਸੁੰਦਰ ਦੇ ਅਧੀਨ ਜੋੜੀ ਵਿਚ ਗਾਣਾ ਗਾਇਆ। ਇਹ ਗਾਣਾ ਸੀ "ਸੋਹਣੀਏ ਨੀਂ, ਹੀਰੀਏ ਨੀਂ" ਜੋ ਕਿ ਜ਼ੀਨਤ ਬੇਗਮ ਨਾਲ ਲਾਹੌਰ ਵਿਚ ਪੰਜਾਬੀ ਫਿਲਮ 'ਗੁਲ ਬਲੋਚ' ਵਾਸਤੇ ਗਾਇਆ ਗਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀ ਗਾਇਕ ਦੇ ਤੌਰ 'ਤੇ ਸ਼ੁਰੂਆਤ ਹੋ ਗਈ। ਇਸੇ ਦੌਰਾਨ ਮੁਹੰਮਦ ਰਫ਼ੀ ਨੂੰ ਆਲ ਇੰਡੀਆ ਰੇਡੀਓ ਲਾਹੌਰ ਸਟੇਸ਼ਨ ਨੇ ਆਪਣੇ ਵਾਸਤੇ ਗਾਉਣ ਲਈ ਸੱਦਾ ਦਿੱਤਾ।

1944 ਵਿਚ ਰਫ਼ੀ ਸਾਹਿਬ ਮੁੰਬਈ ਚਲੇ ਗਏ। ਉਨ੍ਹਾਂ ਨੇ ਅਬਦੁਲ ਹਮੀਦ ਸਹਿਤ ਮੁੰਬਈ ਦੇ ਭੀੜ-ਭਰੇ ਭਿੰਡੀ ਬਾਜ਼ਾਰ ਵਿਚ ਇਕ ਕਮਰਾ ਕਿਰਾਏ 'ਤੇ ਲੈ ਕੇ ਰਹਿਣਾ ਸ਼ੁਰੂ ਕੀਤਾ। ਕਵੀ ਤਨਵੀਰ ਨਕਵੀ ਨੇ ਮੁਹੰਮਦ ਰਫ਼ੀ ਨੂੰ ਫਿਲਮ ਪ੍ਰੋਡਿਊਸਰ ਅਬਦੁਰ ਰਸ਼ੀਦ ਨਿਰਦੇਸ਼ਕ ਮਹਿਬੂਬ ਖਾਨ ਅਤੇ ਅਭਿਨੇਤਾ-ਨਿਰਦੇਸ਼ਕ (ਡਾਇਰੈਕਟਰ) ਨਜ਼ੀਰ ਆਦਿ ਨਾਲ ਮਿਲਵਾਇਆ।

ਮੁਹੰਮਦ ਰਫ਼ੀ ਜੋ ਕਿ ਆਪਣੇ ਅਲੱਗ-ਅਲੱਗ ਗਾਣਿਆਂ ਦੇ ਅੰਦਾਜ਼ ਲਈ ਜਾਣੇ ਜਾਂਦੇ ਸਨ, ਨੇ ਸ਼ਾਸਤਰੀ ਗੀਤਾਂ ਤੋਂ ਲੈ ਕੇ ਦੇਸ਼ ਭਗਤੀ ਦੇ ਗੀਤ, ਉਦਾਸ ਵਿਰਲਾਪ ਤੋਂ ਲੈ ਕੇ ਰੁਮਾਂਸਵਾਦੀ ਗੀਤ, ਗ਼ਜ਼ਲ, ਭਜਨ ਅਤੇ ਕੱਵਾਲੀ ਤਕ ਹੱਦਬੰਦੀ ਕੀਤੀ ਸੀ। ਉਨ੍ਹਾਂ ਨੂੰ ਫਿਲਮ ਦੇ ਅਦਾਕਾਰਾਂ ਦੀ ਆਵਾਜ਼ ਨਾਲ ਮਿਲਦੀ ਆਵਾਜ਼ ਵਿਚ ਗਾਉਣ ਦੀ ਵਿਲੱਖਣ ਯੋਗਤਾ ਕਰਕੇ ਜਾਣਿਆ ਜਾਂਦਾ ਸੀ।

ਆਪਣੀ ਜਾਦੂਈ ਆਵਾਜ਼ ਦੇ ਚਲਦਿਆਂ 1950 ਅਤੇ 1970 ਦੇ ਵਿਚਕਾਰ, ਰਫ਼ੀ ਹਿੰਦੀ ਫਿਲਮ ਉਦਯੋਗ ਵਿਚ ਸਭ ਤੋਂ ਵੱਧ ਮੰਗ ਵਾਲੇ ਗਾਇਕ ਸਨ। ਦਲੀਪ ਕੁਮਾਰ ਤੋਂ ਲੈ ਕੇ ਅਮਿਤਾਭ ਬੱਚਨ ਤਕ ਹਰ ਛੋਟੇ ਵੱਡੇ ਅਦਾਕਾਰ ਲਈ ਰਫੀ ਨੇ ਆਪਣੀ ਪਿੱਠਵਰਤੀ ਆਵਾਜ਼ ਮੁਹੱਈਆ ਕਰਵਾਈ। ਇਹੋ ਕਾਰਨ ਹੈ ਕਿ ਰਫੀ ਦੀ ਮੌਤ ਮਗਰੋਂ ਇਕ ਵਾਰ 'ਯਾ-ਹੂ' ਅਦਾਕਾਰ ਸ਼ੰਮੀ ਕਪੂਰ ਨੇ ਕਿਹਾ ਸੀ ਕਿ ਅੱਜ ਉਨ੍ਹਾਂ ਦੀ ਆਵਾਜ਼ ਚਲੀ ਗਈ ਹੈ ਅਤੇ ਉਹ ਗੂੰਗੇ ਹੋ ਗਏ ਹਨ।



ਮੁਹੰਮਦ ਰਫ਼ੀ ਆਮ ਤੌਰ 'ਤੇ ਹਿੰਦੀ ਵਿਚ ਗਾਣੇ ਗਾਉਣ ਵਾਸਤੇ ਜਾਣੇ ਜਾਂਦੇ ਸੀ, ਜਿਸ ਉੱਪਰ ਉਨ੍ਹਾਂ ਨੂੰ ਬਹੁਤ ਮੁਹਾਰਤ ਸੀ। ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ ਗਾਣੇ ਗਾਏ ਜਿਨ੍ਹਾਂ ਵਿਚ ਆਸਾਮੀ, ਕੋਂਕਣੀ, ਭੋਜਪੁਰੀ, ਉੜੀਆ, ਪੰਜਾਬੀ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ, ਮੈਥਲੀ ਅਤੇ ਉਰਦੂ ਸ਼ਾਮਿਲ ਹਨ। ਭਾਰਤੀ ਭਾਸ਼ਾ ਤੋਂ ਇਲਾਵਾ ਉਨ੍ਹਾਂ ਨੇ ਅੰਗਰੇਜ਼ੀ, ਫਾਰਸੀ, ਅਰਬੀ, ਹੈਤੀਆਈ ਅਤੇ ਡੱਚ ਭਾਸ਼ਾਵਾਂ ਵਿਚ ਵੀ ਗਾਣੇ ਗਾਏ ਸਨ। ਇਕ ਵਾਰ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਦੂਜੀਆਂ ਭਾਸ਼ਾਵਾਂ ਵਿਚ ਇੰਨੀ ਨਿਪੁੰਨਤਾ ਨਾਲ ਕਿਵੇਂ ਗਾ ਲੈਂਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਦੂਜੀ ਭਾਸ਼ਾ ਦੇ ਗੀਤਾਂ ਨੂੰ ਉਰਦੂ ਵਿਚ ਲਿਖ ਲੈਂਦੇ ਹਨ ਉਸ ਉਪਰੰਤ ਪੂਰੀ ਤਰ੍ਹਾਂ ਰਿਹਰਸਲ ਕਰਦੇ ਹਨ ਫਿਰ ਉਸ ਗੀਤ ਨੂੰ ਗਾਉਂਦੇ ਹਨ। ਆਪਣੇ ਪੈਂਤੀ ਸਾਲਾਂ ਦੇ ਗਾਇਕੀ ਦੇ ਸਫਰ ਦੌਰਾਨ ਰਫੀ ਸਾਹਿਬ ਨੇ ਲਗਭਗ 26000 ਗਾਣੇ ਗਾਏ।

ਇਕ ਵਾਰ ਇਕ ਅਖਬਾਰ ਵਿਚ ਖਬਰ ਛਪੀ ਕਿ ਕਿਸੇ ਸ਼ਹਿਰ ਵਿਚ ਇਕ ਫਾਂਸੀ ਦੇ ਮੁਜਰਿਮ ਤੋਂ ਜਦੋਂ ਉਸਦੀ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਕੋਈ ਵੀ ਇੱਛਾ ਜ਼ਾਹਿਰ ਨਹੀਂ ਕੀਤੀ ਜਦੋਂ ਉਸ ਤੋਂ ਦੁਬਾਰਾ ਤਿਬਾਰਾ ਪੁੱਛਿਆ ਗਿਆ ਤਾਂ ਉਸ ਨੇ ਮੁਹੰਮਦ ਰਫੀ ਦਾ ਇਕ ਗੀਤ:

"ਓ ਦੁਨੀਆ ਕੇ ਰਖਵਾਲੇ, ਸੁਨ ਦਰਦ ਭਰੇ ਮੇਰੇ ਨਾਲੇ।

ਜੀਵਨ ਅਪਣਾ ਵਾਪਸ ਲੈ ਲੇ, ਜੀਵਨ ਦੇਣੇ ਵਾਲੇ।

ਸੁਣਨ ਦੀ ਤਮੰਨਾ ਜ਼ਾਹਿਰ ਕੀਤੀ ਤਾਂ ਇਸ ਉਪਰੰਤ ਜੇਲ੍ਹ ਵਿਚ ਟੇਪ ਰਿਕਾਰਡਰ ਦਾ ਪ੍ਰਬੰਧ ਕੀਤਾ ਗਿਆ ਤੇ ਮੁਹੰਮਦ ਰਫੀ ਦਾ ਉਕਤ ਰਾਗ ਦਰਬਾਰੀ ਵਿਚ ਗਾਇਆ ਗੀਤ ਸੁਣਾ ਕੇ ਮੁਜਰਿਮ ਦੀ ਆਖਰੀ ਇੱਛਾ ਪੂਰੀ ਕਰਨ ਉਪਰੰਤ ਸਜ਼ਾ ਦੇ ਹੁਕਮ ਦੀ ਤਾਮੀਲ ਕੀਤੀ ਗਈ।

ਰਫੀ ਸਾਹਿਬ ਦੀ ਸ਼ਖ਼ਸੀਅਤ ਵਿਚ ਕਿਸ ਕਦਰ ਸਾਦਗੀ ਸੀ, ਇਸ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਹੀ ਲਗਾ ਸਕਦੇ ਹਾਂ ਕਿ ਫਿਲਮ ਨਸੀਬ ਦੇ ਗੀਤ "ਚਲ ਚਲ ਮੇਰੇ ਭਾਈ" ਦੀ ਰਿਕਾਰਡਿੰਗ ਉਪਰੰਤ ਉਨ੍ਹਾਂ ਆਪਣੇ ਘਰ ਆ ਕੇ ਬੇਟੇ ਸ਼ਾਹਿਦ ਰਫੀ ਨੂੰ ਬਹੁਤ ਹੀ ਪੁਰ ਜੋਸ਼ ਅੰਦਾਜ਼ ਵਿਚ ਕਿਹਾ ਕਿ ਬੇਟਾ ਤੈਨੂੰ ਪਤਾ ਹੈ ਕਿ ਅੱਜ ਮੈਂ ਆਪਣਾ ਇਕ ਗੀਤ ਅਮਿਤਾਭ ਬੱਚਨ ਨਾਲ ਰਿਕਾਰਡ ਕਰਵਾ ਕੇ ਆਇਆ ਹਾਂ। ਹਾਲਾਂਕਿ ਅਸੀਂ ਸਭ ਜਾਣਦੇ ਹਾਂ ਕਿ ਰਫੀ ਸਾਹਿਬ ਆਪਣੇ ਆਪ ਵਿਚ ਇਕ ਮਹਾਨ ਕਲਾਕਾਰ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਦਿਲ ਵਿਚ ਅਮਿਤਾਭ ਬੱਚਨ ਦੀ ਬੇਹੱਦ ਕਦਰ ਸੀ।

ਲਖਨਊ ਦੇ ਇਕ ਦਰਜੀ ਨੇ ਇਕ ਵਾਰ ਮੈਨੂੰ ਦੱਸਿਆ ਕਿ ਰਫ਼ੀ ਸਾਹਿਬ ਜਦੋਂ ਲਖਨਊ ਆਏ ਤਾਂ ਮੈਨੂੰ ਉਨ੍ਹਾਂ ਦੇ ਕੱਪੜਿਆਂ ਦਾ ਨਾਪ ਲੈਣ ਲਈ ਰੈਸਟ ਹਾਊਸ ਬੁਲਾਇਆ ਤੇ ਉਨ੍ਹਾਂ ਮੈਨੂੰ ਆਪਦੇ ਕੁੜਤੇ ਪਜਾਮੇ ਦਾ ਨਾਪਾ ਲੈਣ ਵਾਸਤੇ ਕਿਹਾ ਤੇ ਨਾਲ ਹੀ ਕਿਹਾ ਕਿ ਮੇਰਾ ਕੁੜਤਾ ਪਜਾਮਾ ਖੁੱਲ੍ਹਾ ਢਿੱਲਾ ਸਿਊਣਾ, ਮੈਂ ਅਕਸਰ ਨਮਾਜ਼ ਕੁੜਤਾ ਪਜਾਮਾ ਪਹਿਨ ਕੇ ਹੀ ਪੜ੍ਹਦਾ ਹਾਂ। ਉਨ੍ਹਾਂ ਦੀ ਤਬੀਅਤ ਅਤੇ ਬਾਤਚੀਤ ਵਿਚ ਇਸ ਕਦਰ ਸਾਦਗੀ ਸੀ ਕਿ ਮੈਨੂੰ ਲੱਗਾ ਹੀ ਨਹੀਂ ਕਿ ਕਿਸੇ ਵੱਡੇ ਸੈਲੀਬ੍ਰਿਟੀ ਨਾਲ ਗੱਲ ਕਰ ਰਿਹਾ ਹਾਂ।

ਰਫੀ ਸਾਹਿਬ ਦੇ ਗੀਤਾਂ ਵਿਚੋਂ 'ਯੇ ਦੁਨੀਆ ਯੇ ਮਹਿਫਲ ਮੇਰੇ ਕਾਮ ਕੀ ਨਹੀਂ', 'ਕਿਆ ਹੂਆ ਤੇਰਾ ਵਾਅਦਾ, ਵੋ ਕਸਮ ਵੋ ਇਰਾਦਾ', 'ਓ ਦੁਨੀਆਂ ਕੇ ਰਖਵਾਲੇ', 'ਦਿਲ ਦੀਯਾ ਦਰਦ ਲੀਆ', 'ਲਿਖੇ ਜੋ ਖਤ ਤੁਝੇ', 'ਐ ਮੁਹੱਬਤ ਜ਼ਿੰਦਾਬਾਦ', 'ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ', 'ਆਦਮੀ ਮੁਸਾਫਿਰ ਹੈ', 'ਮੇਰੇ ਦੁਸ਼ਮਨ ਤੂ ਮੇਰੀ ਦੋਸਤੀ ਕੋ ਤਰਸੇ', 'ਯੇ ਜ਼ੁਲਫ ਅਗਰ ਖਿਲ ਕੇ', 'ਜਾਨ ਜਾਨੀ ਜਨਾਧਨ', 'ਨਫਰਤ ਕੀ ਦੁਨੀਆ ਕੋ ਛੋੜ ਕਰ', 'ਮੈਂ ਜੱਟ ਯਮਲਾ ਪਗਲਾ ਦੀਵਾਨਾ', 'ਪੱਥਰ ਕੇ ਸਨਮ', 'ਬਾਬੁਲ ਕੀ ਦੁਆਏਂ ਲੇਤੀ ਜਾ', 'ਚੌਧਵੀਂ ਕਾ ਚਾਂਦ ਹੋ', 'ਵਕਤ ਸੇ ਦਿਨ ਔਰ ਰਾਤ', ਪੰਜਾਬੀ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ', 'ਚਿੱਟੇ ਦੰਦ ਹੱਸਣੋਂ ਨਹੀਓਂ ਰਹਿੰਦੇ', 'ਦਾਣਾ ਪਾਣੀ ਖਿੱਚ ਲਿਆਉਂਦਾ' ਤੇ ਧਾਰਮਿਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ', 'ਨਾਨਕ ਨਾਮ ਜਹਾਜ਼ ਹੈ', 'ਦੁੱਖ ਭੰਜਨ ਤੇਰਾ ਨਾਮ ਜੀ', 'ਜਿਸ ਕੇ ਸਿਰ ਊਪਰ ਤੂੰ ਸੁਆਮੀ', 'ਮੈਂ ਤੇਰੇ ਦਰ ਪੇ ਆਇਆ ਹੂੰ', 'ਯਾ ਖੁਦਾ ਸੋਈ ਕਿਸਮਤ ਜਗ੍ਹਾ ਦੇ, ਹਰ ਮੁਸਲਮਾਂ ਕੋ ਹਾਜੀ ਬਨ ਦੇ' ਆਦਿ ਸਾਰੇ ਹੀ ਜ਼ਬਰਦਸਤ ਹਿੱਟ ਰਹੇ।

ਰਫੀ ਸਾਹਿਬ ਨੇ ਛੇ ਫਿਲਮ ਫੇਅਰ ਐਵਾਰਡ ਅਤੇ ਇਕ ਨੈਸ਼ਨਲ ਫਿਲਮ ਐਵਾਰਡ ਪ੍ਰਾਪਤ ਕੀਤਾ। 1967 ਵਿਚ ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਪਦਮ-ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਆਖਿਰਕਾਰ ਆਵਾਜ਼ ਦੀ ਦੁਨੀਆ ਦਾ ਇਹ ਮਹਾਨ ਸਿਤਾਰਾ (ਹਾਜੀ ਮੁਹੰਮਦ ਰਫੀ) 31 ਜੁਲਾਈ 1980 ਨੂੰ ਦਿਲ ਦੇ ਦੌਰੇ ਕਾਰਨ ਇਸ ਫਾਨੀ ਦੁਨੀਆ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ ਅਤੇ ਗਾਇਕੀ ਦੀ ਦੁਨੀਆ ਵਿਚ ਇਕ ਅਜਿਹਾ ਖਲਾਅ ਪੈਦਾ ਕਰ ਗਿਆ ਜਿਸ ਦੀ ਪੂਰਤੀ ਹੋਣੀ ਮੁਮਕਿਨ ਨਹੀਂ। ਬਿਨਾਂ ਸ਼ੱਕ ਕਲਾ ਤੇ ਸੰਗੀਤ ਪ੍ਰੇਮੀਆਂ ਨੂੰ ਉਨ੍ਹਾਂ ਦੀ ਕਮੀ ਹਮੇਸ਼ਾ ਰੜਕਦੀ ਰਹੇਗੀ। ਪਰ ਆਪਣੇ ਬੇ-ਮਿਸਾਲ ਗੀਤਾਂ ਤੇ ਲਾਜਵਾਬ ਹੱਸਮੁਖ ਤੇ ਮਿਲਣਸਾਰ ਸ਼ਖਸੀਅਤ ਕਾਰਨ ਰਫੀ ਸਾਹਿਬ ਹਮੇਸ਼ਾ ਰਹਿੰਦੀ ਦੁਨੀਆਂ ਤੱਕ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿਚ ਜ਼ਿੰਦਾ ਰਹਿਣਗੇ। ਸ਼ਾਇਦ ਇਸੇ ਲਈ ਮੁਹੰਮਦ ਰਫੀ ਨੇ ਆਪਣੇ ਗਾਏ ਗੀਤ ਵਿਚ ਕਿਹਾ ਸੀ:

ਤੁਮ ਮੁਝੇ ਯੂੰ ਭੁਲਾ ਨਾ ਪਾਓਗੇ,
ਜਬ ਕਭੀ ਭੀ ਸੁਨੋਗੇ ਗੀਤ ਮੇਰੇ,
ਸੰਗ-ਸੰਗ ਤੁਮ ਭੀ ਗੁਨ-ਗੁਨਾਓਗੇ।

---

## ਕਾਵਿ-ਕਿਆਰੀ

### ਭਗਤ ਸਿੰਘ ਤੇਰੀ ਸੋਚ 'ਤੇ

ਪੱਗਾਂ ਹੀ ਬਦਲੀਆਂ ਨੇ, ਭਗਤ ਸਿਆਂ,
ਸੋਚ ਅਸੀਂ ਨਾ ਬਦਲੀ,
ਕੁਝ ਲੋਕ ਵੀ ਚਾਹੁੰਦੇ ਨਾ,
ਦੂਜੀ ਰਾਜਨੀਤੀ ਪਈ ਗੰਧਲੀ।

ਝੂਠੇ ਵਾਅਦੇ ਦਾਅਵੇ ਵੀ,
ਲੋਕੀਂ ਹਿੱਕ ਠੋਕ ਛਾਤੀਆਂ ਕਰਦੇ,
ਚਾਹੁੰਦੇ ਤਾਂ ਸਾਰੇ ਹੀ ਨੇ,
ਭਗਤ ਸਿੰਘ ਘਰੇ ਜੰਮਣ ਤੋਂ ਡਰਦੇ।

ਤੇਰੀ ਕੁਰਬਾਨੀ 'ਤੇ ਹਰ ਕੋਈ
ਆਣ ਰੋਟੀਆਂ ਸੇਕੇ,
ਜਦੋਂ ਜਾਨ 'ਤੇ ਆ ਬਣਦੀ
ਮੈਂ ਕੱਢਦੇ ਕਈ ਲੇਲੜੀਆਂ ਦੇਖੇ।

ਬਣ ਭਿੱਜੀ ਬਿੱਲੀ ਉਹ
ਬੱਕਰੀ ਵਾਂਗ ਮਿਆਂ ਮਿਆਂ ਕਰਦੇ
ਚਾਹੁੰਦੇ ਤਾਂ ਸਾਰੇ ਹੀ ਨੇ ਭਗਤ ਸਿਆਂ
ਘਰੇ ਜੰਮਣ ਤੋਂ ਡਰਦੇ।

ਪਿੱਠੂ ਅੰਗਰੇਜ਼ਾਂ ਦੇ,
ਜਿਨ੍ਹਾਂ ਨੇ ਜੂਠ ਝੂਠ ਦੀ ਖਾਧੀ,
ਤੇਰੀ ਕੁਰਬਾਨੀ ਨੂੰ ਰੋਲ ਕੇ
ਕਹਿਣ ਤੈਨੂੰ ਅਤਿਵਾਦੀ।

ਸਿਵਿਆਂ ਵਿਚ ਜਾਣ ਵਾਲੇ,
ਕੁਰਸੀ ਲਈ ਫੇਰ ਵੀ ਲੜਦੇ,
ਚਾਹੁੰਦੇ ਤਾਂ ਸਾਰੇ ਹੀ ਨੇ
ਭਗਤ ਸਿਆਂ ਘਰੇ ਜੰਮਣ ਤੋਂ ਡਰਦੇ,

ਜੋ ਸੁਪਨੇ ਵੇਖ ਗਿਆ ਤੂੰ
ਚਿੰਬੜੀਆਂ ਖੂਨ ਪੀਣੀਆਂ ਜੋਕਾਂ,
ਹੁਣ ਦੇਵੇ ਅਜ਼ਾਦੀ ਦਾ,
ਨਾ ਆ ਕੋਈ ਹੋਰ ਭਗਤ ਸਿਆਂ ਹੋਕਾ
ਰੁਲ਼ ਰਹੇ ਪ੍ਰਿੰਸ ਤਾਂ ਹੀ,
ਗੱਭਰੂ ਨਾਲ਼ ਨਸ਼ੇ ਦੇ ਮਰਦੇ
ਚਾਹੁੰਦੇ ਤਾਂ ਸਾਰੇ ਹੀ ਨੇ
ਭਗਤ ਸਿਆਂ ਘਰੇ ਜੰਮਣ ਤੋਂ ਡਰਦੇ।

*-ਰਣਬੀਰ ਸਿੰਘ ਪ੍ਰਿੰਸ*
*ਫੋਨ: 98722-99613*

---

### ਰੁੱਖਾ ਜਿਹਾ ਸਾਉਣ

ਉੱਡਦੇ ਉੱਡਦੇ ਮੇਘਾ ਕਾਲ਼ੇ,
ਭੱਜੇ ਜਾਂਦੇ ਕਾਹਲੇ ਕਾਹਲੇ
ਤਨ ਵਿਚ ਲੁਕਾ ਕੇ ਪਾਣੀ,
ਧਰਤੀ ਉੱਤੇ ਚਾਦਰ ਤਾਣੀ।
ਪਰ ਵਰ੍ਹਨ ਤੋਂ ਚੁੱਪੀ ਵੱਟ,
ਲੰਘ ਜਾਂਦੇ ਨੇ ਅੱਗੇ ਝੱਟ
ਸਾਉਣ ਨਾ ਲਾਵੇ ਝੜੀਆਂ,
ਫਸਲਾਂ ਸੁੱਕ ਸੁੱਕ ਸੜੀਆਂ।

ਖੇਤ ਮੈਦਾਨ ਜੰਗਲ ਸੁੱਕੇ,
ਧਰਤੀ ਹੇਠਲੇ ਪਾਣੀ ਮੁੱਕੇ
ਜੀਵ ਜੰਤੂ ਲੱਭਦੇ ਤ੍ਰਿਹਾਏ,
ਉੱਤਰ ਪਹਾੜੋਂ ਥੱਲੇ ਆਏ।

ਜਲ ਬਿਨ ਨ ਜੀਣਾ ਹੋਏ,
ਪਾਣੀ ਪਾਣੀ ਕਰਦੇ ਮੋਏ।
ਚੰਦਰਾ ਲੰਘੇ ਬਿਨ ਬਰਸੇ,
ਬੂੰਦ ਬੂੰਦ ਨੂੰ ਜੀਅ ਤਰਸੇ।

ਲਾਲਚ ਵੱਸ ਰੁੱਖ ਵਢਾਏ,
ਬੇਪ੍ਰਵਾਹ ਹੋ ਜਲ ਮੁਕਾਏ।
ਨਾ ਬਚੇ ਰੁੱਖ ਨਾ ਹੀ ਛਾਂ,
ਸੁੱਖ ਚੈਨ ਲੱਭੇ ਕਿਸ ਥਾਂ ?

ਨਾ ਪਿੱਪਲੀਂ ਪੀਂਘਾਂ ਪੈਣ,
ਤੀਆਂ ਨੂੰ ਡਸ ਗਈ ਡੈਣ
ਨ ਰਹੇ ਕੁੜੀਆਂ ਦੇ ਗਿੱਧੇ ,
ਨ ਪਿੰਡ ਖੀਰਾਂ ਪੂੜੇ ਰਿੱਧੇ।

ਬੇਸਮਝ ਸਮਝ ਨ ਪਾਵੇ,
ਖੁਦ ਸਹੇੜੀ ਕੌਣ ਬਚਾਵੇ ?
ਸੋਚੇ ਹੁਣ ਮੱਥੇ ਹੱਥ ਰੱਖ,
ਪੱਲੇ ਨਹੀਂ ਬਚਿਆ ਕੱਖ।

ਚਾਰੇ ਪਾਸੇ ਪਾਵੇ ਦੁਹਾਈ,
ਹਾਏ! ਹਾਏ! ਕਰੇ ਲੁਕਾਈ
ਰੁੱਖਾ ਜਿਹਾ ਭਾਸੇ ਸਾਉਣ,
ਰੂਹ ਨੂੰ ਆਵੇ ਤਰਸਾਉਣ।

*-ਸੇਵਾ ਸਿੰਘ "ਨੂਰਪੁਰੀ"*

---

### ਐਨਕਾਊਂਟਰ ਪੁੱਤਾਂ ਦੇ

ਬੱਚੇ ਹੋਵਣ ਚੰਗੇ,
ਮਾਪੇ ਸੁੱਖ ਮਨਾਉਂਦੇ ਨੇ।
ਚੰਗੇ-ਮੰਦੇ ਬੱਚਿਆਂ ਨੂੰ,
ਹਾਲਾਤ ਬਣਾਉਂਦੇ ਨੇ।
ਮਾਪੇ ਸਦਾ ਹੀ ਚੰਗਾ ਚਾਹੁੰਦੇ,
ਧੀਆਂ ਪੁੱਤਾਂ ਤੋਂ
ਗੁਨਹਗਾਰ ਕਦੇ ਵੀ ਜੰਮਦੇ ਨੀਂ,
ਮਾਵਾਂ ਦੀਆਂ ਕੁੱਖਾਂ 'ਚੋਂ
ਬੱਚਿਆਂ ਨੂੰ ਮਾਂ ਸਦਾ ਹੀ ਦੇਵੇ,
ਚੂਰੀਆਂ ਕੁੱਟ-ਕੁੱਟ ਕੇ
ਬਾਪੂ ਚਾਅ ਨਾਲ ਸਦਾ ਖਿਡਾਵੇ,
ਮੋਢੇ ਚੁੱਕ-ਚੁੱਕ ਕੇ
ਸਦਾ ਬਚਾ ਕੇ ਰੱਖਦੇ ਮਾਪੇ,
ਤੱਤੀਆਂ ਧੁੱਪਾਂ ਤੋਂ
ਗੁਨਾਹਗਾਰ ਕਦੇ ਵੀ ਜੰਮਦੇ ਨਾ,
ਮਾਵਾਂ ਦੀਆਂ ਕੁੱਖਾਂ 'ਚੋਂ।

ਦੁੱਖ-ਸੁੱਖ ਉਂਗਲਾਂ ਦੇ ਵਿਚ ਪਾਏ
ਛੱਲੇ ਹੁੰਦੇ ਆ
ਜ਼ਿੰਦਗੀ ਵਾਲੀ ਤੱਕੜੀ ਦੇ,
ਦੋ ਪੱਲੇ ਹੁੰਦੇ ਆ।
ਫੁੱਲ ਤੇ ਕੰਡੇ ਦੋਵੇਂ ਮਿਲਦੇ,
ਸਦਾ ਹੀ ਰੁੱਖਾਂ ਤੋਂ
Criminal ਕਦੇ ਵੀ ਜੰਮਦੇ ਨਾ,
ਮਾਵਾਂ ਦੀਆਂ ਕੁੱਖਾਂ 'ਚੋਂ।

ਡਾਨਸੀਵਾਲੀਆ ਪੁੱਤਾਂ ਦੇ,
ਐਨਕਾਊਂਟਰ ਹੋਵਣ ਨਾ
ਲਾਸ਼ਾਂ ਉੱਤੇ ਮਾਪੇ,
ਭੁੱਬਾਂ ਮਾਰ ਕੇ ਰੋਵਣ ਨਾ
ਜਿਊਂਦੇ ਪੁੱਤਰ ਚੰਗੇ ਆ,
ਪੱਥਰ ਦਿਆਂ ਬੁੱਤਾਂ ਤੋਂ
Cirimnal ਕਦੇ ਵੀ ਜੰਮਦੇ ਨਾ
ਮਾਵਾਂ ਦੀਆਂ ਕੁੱਖਾਂ 'ਚੋਂ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

# ਪੰਜਾਬ ਅੰਦਰ ਧਰਮ ਪ੍ਰਚਾਰ ਦੇ ਮਸਲੇ

***ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਪੰਜਾਬ ਅੰਦਰ ਧਰਮ ਪ੍ਰਚਾਰ ਦੇ ਮਸਲੇ ਬਾਰੇ ਆਏ ਬਿਆਨ ਨੇ ਪੰਥਕ ਹਲਕਿਆਂ ਅੰਦਰ ਚਰਚਾ ਛੇੜੀ ਹੈ। ਉਨ੍ਹਾਂ ਦਾ ਇਹ ਬਿਆਨ ਧਰਮ ਪਰਿਵਰਤਨ ਬਾਰੇ ਹੈ। ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿਚ ਧਰਮ ਪਰਿਵਰਤਨ ਬਾਰੇ ਅਜਿਹੀ ਚਿੰਤਾ ਪ੍ਰਗਟ ਕੀਤੀ ਜਾਂਦੀ ਰਹੀ ਹੈ ਪਰ ਸ. ਸੰਪੂਰਨ ਸਿੰਘ ਨੇ ਆਪਣੇ ਇਸ ਲੇਖ ਵਿਚ ਇਸ ਚਿੰਤਾ ਨੂੰ ਸਹੀ ਪ੍ਰਸੰਗ ਵਿਚ ਵਿਚਾਰਦਿਆਂ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਬਾਰੇ ਬੇਹੱਦ ਅਹਿਮ ਨੁਕਤੇ ਵਿਚਾਰੇ ਹਨ।***

ਪਿਛਲੇ ਸਾਲ ਤੋਂ ਕਈ ਲੀਡਰ ਬਿਰਤੀ ਵਾਲੇ ਲੋਕਾਂ ਅਤੇ ਬਹੁਤ ਸਾਰੇ ਪ੍ਰਚਾਰਕਾਂ ਵੱਲੋਂ ਵਾਰ-ਵਾਰ ਇਹ ਕਿਹਾ ਜਾ ਰਿਹਾ ਹੈ ਕਿ ਜਿਸ ਤਰ੍ਹਾਂ ਪੰਜਾਬ ਵਿਚ ਵੱਡੇ-ਵੱਡੇ ਗਿਰਜਾਘਰ ਅਤੇ ਮਸੀਤਾਂ-ਮਦਰੱਸੇ ਬਣ ਰਹੇ ਹਨ, ਉਸ ਨਾਲ ਸਿੱਖ ਧਰਮ ਵਿਚ ਧਰਮ ਪਰਿਵਰਤਨ ਦੇ ਖਤਰੇ ਦੀ ਸੰਭਾਵਨਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਵੱਡੀ ਹੈਰਾਨੀ ਉਦੋਂ ਹੋਈ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਇਤਿਹਾਸਕ ਦਿਨ ਉਪਰ ਵੱਡੇ ਪੰਥਕ ਇਕੱਠ ਵਿਚ ਬੜੇ ਜ਼ੋਰ ਨਾਲ ਇਸ ਖਤਰੇ ਦਾ ਪ੍ਰਗਟਾਵਾ ਕੀਤਾ ਅਤੇ ਸੰਤ

**ਸੰਪੂਰਨ ਸਿੰਘ, ਹਿਊਸਟਨ**
**ਫੋਨ: 281-635-7466**

ਸਮਾਜ ਨੂੰ ਬੜੀ ਭਾਵਪੂਰਨ ਅਪੀਲ ਕੀਤੀ ਕਿ ਉਹ ਅੱਗੇ ਹੋ ਕੇ ਇਸ ਵਹਿਣ ਨੂੰ ਰੋਕਣ।

ਮੈਂ ਜਥੇਦਾਰ ਸਾਹਿਬ ਦਾ ਕਈ ਕਾਰਨਾਂ ਕਰਕੇ ਦਿਲੋਂ ਸਤਿਕਾਰ ਕਰਦਾ ਹਾਂ ਪਰ ਜਿਸ ਤਰ੍ਹਾਂ ਈਸਾਈਅਤ ਅਤੇ ਇਸਲਾਮ ਦੇ ਵਧ ਰਹੇ ਪ੍ਰਚਾਰ ਤੇ ਪਸਾਰ ਨੂੰ ਉਨ੍ਹਾਂ ਨੇ ਸਿੱਖ ਧਰਮ ਲਈ ਚਿੰਤਾ ਦਾ ਵਿਸ਼ਾ ਸਮਝਿਆ, ਮੈਂ ਉਨ੍ਹਾਂ ਦੇ ਇਸ ਬਿਆਨ ਨੂੰ ਕਾਹਲੀ ਵਿਚ ਬਿਨਾ ਸੰਜੀਦਗੀ ਨਾਲ ਵਿਚਾਰਨ ਦੇ ਪ੍ਰਗਟਾਈ ਗਈ ਚਿੰਤਾ ਸਮਝਦਾ ਹਾਂ।

ਭਾਰਤ ਬਹੁਤ ਸਾਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਦੇਸ਼ ਹੈ। ਭਾਰਤ ਦਾ ਸੰਵਿਧਾਨ ਕਹਿੰਦਾ ਹੈ- 'every citizen of India has a right to pracitce and promote thier reiligon peacefully, article 25-28 of consittuiton of India' … 'every person has a right and freedom to choose and practice his or her religion.'

ਸਾਡਾ ਫਿਕਰ ਇਹ ਕਤੱਈ ਨਹੀਂ ਹੋਣਾ ਚਾਹੀਦਾ ਕਿ ਦੂਜੇ ਧਰਮਾਂ ਦਾ ਪਸਾਰ ਕਿਉਂ ਹੋ ਰਿਹਾ ਹੈ ਸਗੋਂ ਸਾਡੇ ਫਿਕਰ ਦਾ ਸਬਬ ਇਹ ਹੋਣਾ ਚਾਹੀਦੈ ਕਿ ਅਜਿਹੀਆਂ ਕਿਹੜੀਆਂ ਕਮੀਆਂ ਹਨ ਜਿਨ੍ਹਾਂ ਕਰਕੇ ਅਸੀਂ ਨਿਘਾਰ ਅਤੇ ਨਿਵਾਣ ਵੱਲ ਜਾ ਰਹੇ ਹਾਂ। ਸਾਡੇ ਧਾਰਮਿਕ ਰਹਿਬਰਾਂ ਨੂੰ ਫਿਕਰ ਇਹ ਹੋਣਾ ਚਾਹੀਦਾ ਕਿ ਸਿੱਖ ਧਰਮ ਨੂੰ ਕਿਵੇਂ ਵਿਸ਼ਵ ਦੇ ਨਕਸ਼ੇ ਉਪਰ ਪੇਸ਼ ਕਰਨਾ ਹੈ। ਕਿਵੇਂ ਸਾਡੇ ਧਰਮ ਵਿਚ ਆਈਆਂ ਕੁਰਹਿਤਾਂ ਨੂੰ ਦੂਰ ਕਰਨਾ ਹੈ, ਦੂਜੇ ਧਰਮਾਂ ਦੇ ਵਧ ਰਹੇ ਪਸਾਰ ਦੇ ਫਿਕਰ ਦੀ ਥਾਂ, ਆਪਣੀ ਧੁੰਦਲੀ ਅਤੇ ਛੋਟੀ ਪੈ ਰਹੀ ਲਕੀਰ ਨੂੰ ਕਿਵੇਂ ਉੱਜਲ ਤੇ ਵੱਡਿਆਂ ਕਰਨਾ ਹੈ। ਵਿਸ਼ਵ ਦੇ ਨਾਮਵਰ ਵਿਦਵਾਨਾਂ ਤੇ ਚਿੰਤਕਾਂ-ਲਿਓ ਤਾਲਸਤਾਏ (ਰੂਸ), ਹਿਊਸਟਨ ਸਮਿਥ (ਅਮਰੀਕਾ), ਹਰਬਰਟ ਵੇਲਜ਼ (ਇੰਗਲੈਂਡ), ਅਲਬਰਟ ਆਈਨਸਟਾਈਨ (ਜਰਮਨੀ), ਬਰਟਰੰਡ ਰੱਸਲ (ਇੰਗਲੈਂਡ) ਆਦਿ ਨੇ ਆਪੋ-ਆਪਣੇ ਤਰੀਕੇ ਨਾਲ ਸਿੱਖ ਧਰਮ ਨੂੰ ਆਉਣ ਵਾਲੇ ਸਮੇਂ ਲਈ ਵਿਸ਼ਵ ਭਰ ਦੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਬਣ ਕੇ ਅਗਵਾਈ ਕਰਨ ਦੀਆਂ ਸੰਭਾਵਨਾਵਾਂ ਭਰਪੂਰ ਧਰਮ ਮੰਨਿਆ ਹੈ। ਸਾਡੇ ਧਰਮ ਦਾ ਭਵਿੱਖ ਉੱਜਲਾ ਹੀ ਹੈ। ਇਤਿਹਾਸ ਗਵਾਹ ਹੈ ਕਿ ਸਾਡੇ ਵਿਚ ਨਿਘਾਰ ਉਦੋਂ ਹੀ ਆਉਂਦਾ ਹੈ ਜਦੋਂ ਅਸੀਂ ਡੋਲੇ ਜਾਂਦੇ ਹਾਂ ਜਾਂ ਸਾਨੂੰ ਡੋਗਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਧਾਰਮਿਕ ਆਗੂਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਮਾਂ ਫਿਕਰਮੰਦ ਹੋਣ ਦਾ ਨਹੀਂ ਸਗੋਂ ਫਿਕਰ ਕਰਨ ਦਾ ਹੈ। ਸਮਾਂ ਹਵਾਵਾਂ ਨੂੰ ਦੋਸ਼ੀ ਕਹਿਣ ਦਾ ਨਹੀਂ ਕਿ ਉਹ ਸਾਡੇ ਚਿਰਾਗ ਬੁਝਾ ਰਹੀਆਂ ਹਨ ਸਗੋਂ ਆਪਣੇ ਦੀਵਿਆਂ ਵਲ ਝਾਤੀ ਮਾਰਨ ਦਾ ਹੈ ਕਿ ਕਿਤੇ ਸਾਡੇ ਦੀਵੇ ਹੀ ਤੇਲ ਤੋਂ ਸੱਖਣੇ ਤਾਂ ਨਹੀਂ ਹੋ ਰਹੇ?

ਸਿੱਖ ਧਰਮ ਨਿਵੇਕਲਾ ਹੈ, ਇਸ ਦੀਆਂ ਵਿਸ਼ੇਸ਼ਤਾਵਾਂ ਵੱਖਰੀਆਂ ਤੇ ਨਿਵੇਕਲੀਆ ਹਨ। ਸਿੰਘ, ਕੌਰ, ਦਸਤਾਰ ਤੇ ਮੁਕੰਮਲ ਸਿੱਖੀ ਸਰੂਪ। ਇਹ ਗੱਲ ਸਾਡੇ ਚੇਤੇ ਵਿਚ ਰਹਿਣੀ ਚਾਹੀਦੀ ਹੈ ਕਿ ਜਦੋਂ ਦਸਮ ਪਾਤਸ਼ਾਹ ਨੇ ਖੰਡੇ ਦੀ ਪਹੁਲ ਦੇਣੀ ਸੀ ਤਾਂ ਉਨ੍ਹਾਂ ਨੇ ਪਹਿਲਾਂ ਸੀਸ ਦੀ ਮੰਗ ਕੀਤੀ ਸੀ ਪਰ ਖੰਡੇ ਦੀ ਪਹੁਲ ਦੇ ਵਰਤਾਰੇ ਤੋਂ ਬਾਅਦ ਜਿਹੜੇ ਹੋਰ ਲੋਕ ਉਥੇ ਆਏ, ਉਨ੍ਹਾਂ ਨੂੰ ਵੀ ਹੁਕਮ ਰੂਪ ਵਿਚ ਦਾਤ ਬਖਸ਼ੀ ਕਿ ਹਰ ਉਹ ਸ਼ਖਸ ਜਿਹੜਾ ਗੁਰੂ-ਜੋਤ ਦਾ ਅਨੁਯਾਈ ਹੈ, ਉਹ ਮਰਦ ਹੋਵੇ ਤਾਂ ਆਪਣੇ ਨਾਵਾਂ ਦੇ ਅਖੀਰ ਵਿਚ ਸਿੰਘ ਅਤੇ ਜੇ ਔਰਤ ਹੋਵੇ ਤਾਂ ਕੌਰ ਦਾ ਧਾਰਨੀ ਬਣੇ। ਇਹ ਚਿੰਨ੍ਹ ਸਾਡੀ ਵਿਲੱਖਣਤਾ ਦੀ ਗਵਾਹੀ ਭਰਦੇ ਹਨ, ਬੜੀ ਤੇਜ਼ੀ ਨਾਲ ਲੋਪ ਹੋ ਰਹੇ ਹਨ। ਇਸ ਵਰਤਾਰੇ ਪਿੱਛੇ ਬੇਸ਼ਕ ਅਖੌਤੀ ਆਧੁਨਿਕਤਾ ਦਾ ਪ੍ਰਭਾਵ ਮੰਨਿਆ ਜਾ ਸਕਦਾ ਹੈ ਪਰ ਕੀ ਸਮੇਂ ਦੀ ਇਸ ਵੰਗਾਰ ਤੋਂ ਸੁਚੇਤ ਕਰਨ ਅਤੇ ਇਸ ਨੂੰ ਸਮਝਦਾਰੀ ਨਾਲ ਨਜਿੱਠਣ ਦੇ ਅਸਮਰਥ ਜਾਂ ਉਸ ਤੋਂ ਅਵੇਸਲੇ ਰਹਿਣ ਲਈ ਸਾਡੇ ਧਾਰਮਿਕ ਰਹਿਬਰ ਤੇ ਪ੍ਰਚਾਰਕ ਜ਼ਿੰਮੇਵਾਰ ਨਹੀਂ? ਇਨ੍ਹਾਂ ਨੂੰ ਇਸ ਆਧੁਨਿਕਤਾ ਦੇ ਪ੍ਰਭਾਵ ਦੀ ਹਨੇਰੀ ਵਿਚ ਕੰਧ ਬਣ ਕੇ ਖਲੋਣਾ ਚਾਹੀਦਾ ਸੀ। ਪਰ ਕੀ ਉਹ ਆਪਣਾ ਬਣਦਾ ਰੋਲ ਨਿਭਾ ਸਕੇ? ਜਵਾਬ 'ਹਾਂ' ਵਿਚ ਤਾਂ ਨਹੀਂ ਹੋ ਸਕਣਾ। ਧਰਾਤਲ ਨਾਲੋਂ ਟੁੱਟ ਕੇ ਅਸੀਂ ਉਹ ਤਾਂ ਨਹੀਂ ਬਣ ਸਕਣਾ ਜੋ ਬਣਨ ਦੀ ਦੌੜ ਵਿਚ ਅਸੀਂ ਅੰਨ੍ਹੇਵਾਹ ਦੌੜ ਰਹੇ ਹਾਂ। ਇਉਂ ਉਹ ਕੁਝ ਵੀ ਸਾਥੋਂ ਗਵਾਚ ਜਾਣਾ ਹੈ ਜੋ ਅਸੀਂ ਹਾਂ। ਸਾਡੇ ਧਾਰਮਿਕ ਰਹਿਬਰਾਂ ਲਈ ਇਹ ਜ਼ਿਆਦਾ ਜ਼ਰੂਰੀ ਹੈ ਕਿ ਪਹਿਰੇਦਾਰ ਬਣ ਕੇ ਆਪਣੇ ਘਰਾਂ ਨੂੰ ਸੰਭਾਲੀਏ। ਜੇ ਧਾਰਮਿਕ ਰਹਿਬਰ ਕੌਮ ਨੂੰ ਸੁਚੇਤ ਰੱਖਣ ਦੀ ਪਹਿਰੇਦਾਰੀ ਕਰਦੇ ਰਹਿਣਗੇ ਤਾਂ ਬੇਖੌਫ ਰਹੋ ਕਿ ਕੋਈ ਦੂਸਰਾ ਸਾਡਾ ਕੁਝ ਵਿਗਾੜ ਸਕੇ।

ਇਸ ਦੇ ਨਾਲ ਹੀ ਮੈਂ ਧਾਰਮਿਕ ਜਗਤ ਦੇ ਪਹਿਰੇਦਾਰਾਂ ਨਾਲ ਬੇਨਤੀ ਰੂਪ ਵਿਚ ਇਕ ਹੋਰ ਵਾਕਿਆ ਸਾਂਝਾ ਕਰਨਾ ਚਾਹੁੰਦਾ ਹਾਂ। ਅਮਰੀਕਾ ਦੀ ਕਾਂਗਰਸ (ਪਾਰਲੀਮੈਂਟ) ਵਿਚ ਸਾਡੇ ਸ਼ਹਿਰ ਹਿਊਸਟਨ ਤੋਂ ਇਕ ਕਾਂਗਰਸਮੈਨ ਜੋ ਰਿਪਬਲਿਕਨ ਪਾਰਟੀ ਵੱਲੋਂ ਸੀ, ਉਸ ਨੂੰ ਅਸੀਂ ਵਾਸ਼ਿੰਗਟਨ ਡੀ.ਸੀ. ਵਿਚ ਸਿੱਖ ਸਮਾਗਮ ਵਿਚ ਆਉਣ ਦਾ ਸੱਦਾ ਦਿੱਤਾ। ਉਹ ਕਿਉਂਕਿ ਸਾਡੇ ਸ਼ਹਿਰ ਅਤੇ ਸਾਡੇ ਹਲਕੇ ਤੋਂ ਸੀ, ਸਾਨੂੰ ਪੁੱਛਣ ਲੱਗਾ ਕਿ ਅਸੀਂ ਕਾਂਗਰਸ ਵਿਚ ਤੁਹਾਡੀ ਕੀ ਅਤੇ ਕਿਵੇਂ ਮਦਦ ਕਰ ਸਕਦੇ ਹਾਂ। ਅਸੀਂ ਕਿਹਾ ਕਿ ਅਸੀਂ ਅਮਰੀਕਨ ਸਿਸਟਮ ਵਿਚ ਆਪਣੀ ਪਛਾਣ ਚਾਹੁੰਦੇ ਹਾਂ। ਉਸ ਦਾ ਬੜਾ ਹੀ ਸਪਸ਼ਟ ਉਤਰ ਸੀ ਕਿ ਸਵਾਲ ਵੀ ਤੁਹਾਡਾ ਹੈ ਤੇ ਜਵਾਬ ਵੀ ਤੁਹਾਡੇ ਕੋਲ ਹੈ, ਤੁਹਾਡੇ ਜਿੰਨੇ ਵੀ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਹਨ, ਉਨ੍ਹਾਂ ਦੇ ਸਿਰਾਂ ਉਪਰ ਪੱਗਾਂ ਬੰਨ੍ਹਵਾ ਦਿਓ, ਆਪਣੇ ਆਪ ਤੁਹਾਡੀ ਵੱਖਰੀ ਤੇ ਪ੍ਰਭਾਵਸ਼ਾਲੀ ਪਛਾਣ ਸਥਾਪਤ ਹੋ ਜਾਵੇਗੀ। ਉਸ ਨੇ ਹੋਰ ਕਿਹਾ ਕਿ ਫਿਰ ਤੁਹਾਨੂੰ ਸਾਡੀ ਨਹੀਂ ਸਗੋਂ ਸਾਨੂੰ ਤੁਹਾਡੀ ਲੋੜ ਮਹਿਸੂਸ ਹੋਇਆ ਕਰੇਗੀ। ਕੀ ਪੰਜਾਬ ਅਤੇ ਵਿਦੇਸ਼ਾਂ ਵਿਚ ਸਿੱਖਾਂ ਦੇ ਸਿਰਾਂ ਉਪਰੋਂ ਘਟ ਰਹੀਆਂ ਦਸਤਾਰਾਂ ਚਿੰਤਾ ਦਾ ਵਿਸ਼ਾ ਨਹੀਂ? ਇਹ ਗੱਲ ਸਾਡੇ, ਖਾਸਕਰ ਧਾਰਮਿਕ ਰਹਿਬਰਾਂ ਦੀ ਚਿੰਤਾ ਤੇ ਚੇਤੇ ਦਾ ਹਿੱਸਾ ਬਣਨੀ ਚਾਹੀਦੀ ਹੈ ਅਤੇ ਉਪਰਾਲਿਆਂ ਦੀ ਦਿਸ਼ਾ ਵਿਚ ਸਰਗਰਮੀ ਨਜ਼ਰ ਆਉਣੀ ਚਾਹੀਦੀ ਹੈ।

ਜੇ ਸੰਜੀਦਗੀ ਨਾਲ ਫਿਕਰ ਕਰਨ ਦਾ ਕੋਈ ਮਸਲਾ ਹੈ ਤਾਂ ਉਹ ਹੈ ਆਰ.ਐਸ.ਐਸ. ਦੇ ਹਿੰਦੂਤਵ ਦੇ ਏਜੰਡੇ ਦੀ ਹਨੇਰੀ ਨੂੰ ਬੰਨ੍ਹ ਲਾਉਣਾ। ਇਸ ਗੱਲ ਤੋਂ ਵੀ ਸੁਚੇਤ ਰਹਿਣਾ ਕਿ ਕਿਵੇਂ ਉਨ੍ਹਾਂ ਨੇ ਪਿਛਲੀਆਂ ਪੰਜ ਸਦੀਆਂ ਦੇ ਸਮੇਂ ਤੋਂ ਹੀ ਸਾਨੂੰ ਵੱਖਰੇ ਧਰਮ ਵਜੋਂ ਪ੍ਰਵਾਨ ਨਹੀਂ ਕੀਤਾ। ਹੁਣ ਉਨ੍ਹਾਂ ਕੋਲ ਉਹ ਸਾਰੇ ਵਸੀਲੇ ਹਨ ਜਿਨ੍ਹਾਂ ਦੀ ਤਾਕਤ ਨਾਲ ਉਹ ਅਸੰਭਵ ਨੂੰ ਵੀ ਸੰਭਵ ਕਰਨ ਦੀ ਸਮਰੱਥਾ ਰੱਖਦੇ ਹਨ। ਹੁਣ ਫੇਰ ਸਾਡੇ ਉਪਰ ਉਹੀ ਜ਼ਿੰਮੇਵਾਰੀ ਆਉਣ ਦੀ ਸੰਭਾਵਨਾ ਹੈ ਜਿਹੜੀ ਜ਼ਿੰਮੇਵਾਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਿਰ ਦੇ ਕੇ ਨਿਭਾਈ ਸੀ ਕਿਉਂਕਿ ਹੁਣ ਖਤਰਾ ਓਨਾ ਸਿੱਖਾਂ ਉਪਰ ਨਹੀਂ ਆਉਣਾ ਜਿੰਨਾ ਮੁਸਲਮਾਨਾਂ, ਤੇ ਕੁਝ ਹੱਦ ਤੱਕ ਇਸਾਈਆਂ ਉਪਰ ਆਉਣ ਦਾ ਖਦਸ਼ਾ ਹੈ। ਸੰਭਵ ਹੈ ਕਿ ਇਹ ਉਹੀ ਸਮਾਂ ਹੋਵੇ ਜਿਸ ਦੀ ਭਵਿਖਬਾਣੀ ਪੱਛਮੀ ਵਿਦਵਾਨਾਂ ਨੇ ਕੀਤੀ ਸੀ ਕਿ ਇਕ ਦਿਨ ਸਿੱਖ ਧਰਮ ਵਿਸ਼ਵ ਧਰਮਾਂ ਲਈ ਚਾਨਣ ਮੁਨਾਰਾ ਬਣੇਗਾ।

ਸਾਨੂੰ ਇਹ ਵੀ ਆਪਣੇ ਚੇਤੇ ਰੱਖਣਾ ਚਾਹੀਦਾ ਹੈ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਤਕਰੀਬਨ 20 ਲੱਖ ਲੋਕ ਦੁਨੀਆ ਦੇ ਕੋਨੇ-ਕੋਨੇ ਵਿਚ ਵੱਸ ਰਹੇ ਹਨ ਤੇ ਵਧੀਆ ਜੀਵਨ ਜੀਅ ਰਹੇ ਹਨ। 50 ਹਜ਼ਾਰ ਤੋਂ ਵੱਧ ਸਿੱਖ ਮਿਡਲ ਈਸਟ ਦੇ ਵੱਖ-ਵੱਖ ਦੇਸ਼ਾਂ ਵਿਚ ਹਨ ਤੇ ਉਨ੍ਹਾਂ ਦੇਸ਼ਾਂ ਵਿਚ 18 ਗੁਰਦੁਆਰੇ ਹਨ। ਪਾਕਿਸਤਾਨ ਅੰਦਰ 195 ਗੁਰਦੁਆਰੇ ਹਨ। ਇੰਡੋਨੇਸ਼ੀਆ ਜੋ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਦੇਸ਼ ਹੈ, ਉਥੇ ਵੀ 11



ਗੁਰਦੁਆਰੇ ਹਨ। ਦੁਬਈ ਵਾਲਾ ਗੁਰਦੁਆਰਾ ਦੁਨੀਆ ਭਰ ਦੇ ਵੱਡੇ ਤੇ ਆਲੀਸ਼ਾਨ ਗੁਰਦੁਆਰਿਆਂ ਵਿਚ ਮੰਨਿਆ ਜਾਂਦਾ ਹੈ ਤੇ ਇਸ ਵਾਸਤੇ ਜ਼ਮੀਨ ਜੋ 25400 ਸਕੁਏਅਰ ਫੁਟ ਬਣਦੀ ਹੈ, ਦਾਨ ਰੂਪ ਵਿਚ ਉਥੋਂ ਦੇ ਵਾਈਸ ਪ੍ਰੈਜ਼ੀਡੈਂਟ/ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਸ਼ੀਦ ਨੇ ਦਿਤੀ। ਬਹੁਤ ਸਾਰੇ ਮੌਕਿਆਂ ਉਪਰ ਸ਼ਾਹੀ ਪਰਿਵਾਰ ਦੇ ਲੋਕ ਵੀ ਉਥੇ ਨਤਮਸਤਕ ਹੁੰਦੇ ਹਨ। ਜ਼ਰਾ ਵਿਚਾਰ ਕੇ ਦੇਖੋ ਕਿ ਮੁਸਲਮਾਨਾਂ ਬਾਰੇ ਸਾਡੀ ਇਸ ਤਰ੍ਹਾਂ ਦੀ ਗੈਰ-ਜ਼ਿੰਮੇਵਾਰੀ ਵਾਲੀ ਪਹੁੰਚ ਕਿਤੇ ਸਾਡੇ ਉਥੇ ਵੱਸਦੇ ਗੁਰ-ਭਾਈਆਂ ਲਈ ਕਿਸੇ ਮੁਸ਼ਕਿਲ ਦਾ ਸਬਬ ਤਾਂ ਨਹੀਂ ਬਣ ਜਾਏਗੀ?

ਤਕਰੀਬਨ ਸਾਰੇ ਹੀ ਪੱਛਮੀ ਦੇਸ਼ਾਂ ਅੰਦਰ ਸਿੱਖ ਵਸੋਂ ਹੈ ਤੇ ਉਹ ਸਾਰੇ ਹੀ ਦੇਸ਼ ਇਸਾਈਅਤ

***ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਤਕਰੀਬਨ 20 ਲੱਖ ਲੋਕ ਦੁਨੀਆ ਦੇ ਕੋਨੇ-ਕੋਨੇ ਵਿਚ ਵੱਸ ਰਹੇ ਹਨ ਤੇ ਵਧੀਆ ਜੀਵਨ ਜੀਅ ਰਹੇ ਹਨ। 50 ਹਜ਼ਾਰ ਤੋਂ ਵੱਧ ਸਿੱਖ ਮਿਡਲ ਈਸਟ ਦੇ ਵੱਖ-ਵੱਖ ਦੇਸ਼ਾਂ ਵਿਚ ਹਨ ਤੇ ਉਨ੍ਹਾਂ ਦੇਸ਼ਾਂ ਵਿਚ 18 ਗੁਰਦੁਆਰੇ ਹਨ। ਪਾਕਿਸਤਾਨ ਅੰਦਰ 195 ਗੁਰਦੁਆਰੇ ਹਨ। ਇੰਡੋਨੇਸ਼ੀਆ ਜੋ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਦੇਸ਼ ਹੈ, ਉਥੇ ਵੀ 11 ਗੁਰਦੁਆਰਾ ਹਨ। ਦੁਬਈ ਵਾਲਾ ਗੁਰਦੁਆਰਾ ਦੁਨੀਆ ਭਰ ਦੇ ਵੱਡੇ ਤੇ ਆਲੀਸ਼ਾਨ ਗੁਰਦੁਆਰਿਆਂ ਵਿਚ ਮੰਨਿਆ ਜਾਂਦਾ ਹੈ ਤੇ ਇਸ ਵਾਸਤੇ ਜ਼ਮੀਨ ਜੋ 25400 ਸਕੁਏਅਰ ਫੁਟ ਬਣਦੀ ਹੈ, ਦਾਨ ਰੂਪ ਵਿਚ ਉਥੋਂ ਦੇ ਵਾਈਸ ਪ੍ਰੈਜ਼ੀਡੈਂਟ/ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਸ਼ੀਦ ਨੇ ਦਿਤੀ।***

ਨੂੰ ਮੰਨਣ ਵਾਲੇ ਹਨ। ਫਿਰ ਵੀ ਉਨ੍ਹਾਂ ਦੇਸ਼ਾਂ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਗੁਰਦੁਆਰੇ ਹਨ। ਬਹੁਤ ਸਾਰੇ ਗੁਰਦੁਆਰਿਆਂ ਦੀਆਂ ਬਹੁਤ ਹੀ ਖੂਬਸੂਰਤ ਇਮਾਰਤਾਂ ਹਨ। ਇਨ੍ਹਾਂ ਦੇਸ਼ਾਂ ਦੇ ਉਚੀਆਂ ਪਦਵੀਆਂ ਵਾਲੇ ਲੋਕ ਅਕਸਰ ਗੁਰਦੁਆਰਿਆਂ ਵਿਚ ਆਉਂਦੇ ਹਨ। ਸਾਨੂੰ ਸਾਡੇ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਉਹ ਸਾਰੀਆਂ ਸਹੂਲਤਾਂ ਉਸੇ ਤਰਜ਼ ਉਪਰ ਉਪਲੱਬਧ ਹਨ, ਜਿਵੇਂ ਕਿਸੇ ਵੀ ਹੋਰ ਧਰਮ, ਖਾਸ ਕਰਕੇ ਇਸਾਈ ਧਰਮ ਨੂੰ। ਸਾਡੀ ਸੁਰੱਖਿਆ ਲਈ ਹਮੇਸ਼ਾ ਹੀ ਪ੍ਰਸ਼ਾਸਨ ਫਿਕਰਮੰਦ ਵੀ ਹੁੰਦਾ ਤੇ ਯਕੀਨੀ ਵੀ ਬਣਾਉਂਦਾ ਹੈ। 11 ਸਤੰਬਰ 2001 ਦੀ ਮੰਦਭਾਗੀ ਘਟਨਾ ਸਮੇਂ ਜਦੋਂ ਸਿੱਖਾਂ ਦੇ ਮਨਾਂ ਅੰਦਰ ਆਪਣੀ ਸੁਰੱਖਿਆ ਨੂੰ ਲੈ ਕੇ ਫਿਕਰ ਸੀ, ਉਸ ਸਮੇਂ ਅਮਰੀਕਨ ਰਾਸ਼ਟਰਪਤੀ ਨੇ ਸਿੱਖ ਵਫਦ ਨਾਲ ਵ੍ਹਾਈਟ ਹਾਊਸ ਵਿਚ ਮੀਟਿੰਗ ਕੀਤੀ ਸੀ ਅਤੇ ਜਾਨ-ਮਾਲ ਦੀ ਰਾਖੀ ਦੀ ਹਰ ਤਰ੍ਹਾਂ ਦੀ ਵਚਨਬੱਧਤਾ ਪ੍ਰਗਟਾਈ ਸੀ।

ਤੁਹਾਨੂੰ ਯਾਦ ਹੋਵੇਗਾ ਕਿ 5 ਅਗਸਤ 2012 ਨੂੰ ਵਿਸਕਾਨਸਿਨ (ਓਕ ਕਰੀਕ) ਵਿਚ 40 ਸਾਲਾ ਕੱਟੜ ਗੋਰੇ ਨੇ ਗੁਰਦੁਆਰੇ ਅੰਦਰ ਗੋਲੀਆਂ ਚਲਾ ਕੇ 6 ਲੋਕਾਂ ਦੀ ਜਾਨ ਲੈ ਲਈ, ਇਸ ਘਟਨਾ ਵਿਚ 4 ਜ਼ਖਮੀ ਲੋਕ ਹੋ ਗਏ ਸੀ। ਹਮਲਾਵਰ ਆਪ ਵੀ ਪੁਲਿਸ ਦੀ ਗੋਲੀ ਨਾਲ ਗੁਰਦੁਆਰੇ ਦੇ ਅੰਦਰ ਹੀ ਮਾਰਿਆ ਗਿਆ ਸੀ। ਪੂਰੇ ਦੇਸ਼ ਅੰਦਰ ਇਸ ਘਟਨਾ ਦੀ ਪੀੜ ਨੂੰ ਮਹਿਸੂਸ ਕੀਤਾ ਗਿਆ ਸੀ। ਉਸ ਸਮੇਂ ਦੇ ਰਾਸ਼ਟਰਪਤੀ (ਦੁਨੀਆ ਦੇ ਉਸ ਸਮੇਂ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਸ਼ਖਸ) ਬਰਾਕ ਓਬਾਮਾ ਨੇ ਟੈਲੀਫੋਨ ਕਰ ਕੇ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਪਰਿਵਾਰਕ ਜੀਆਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਸੀ ਅਤੇ ਹਰ ਤਰ੍ਹਾਂ ਦੀ ਸਹਾਇਤਾ ਤੇ ਇਨਸਾਫ ਦਾ ਭਰੋਸਾ ਦਿਵਾਇਆ ਸੀ, ਤੇ ਉਸ ਨੂੰ ਯਕੀਨੀ ਵੀ ਬਣਾਇਆ ਸੀ। ਜਿਸ ਦਿਨ ਮ੍ਰਿਤਕਾਂ ਦਾ ਅੰਤਮ ਸੰਸਕਾਰ ਸੀ, ਉਸ ਦਿਨ ਰਾਸ਼ਟਰਪਤੀ ਦੀ ਪਤਨੀ ਮਿਸ਼ੇਲ ਓਬਾਮਾ, ਫੈਡਰਲ ਤੇ ਸਟੇਟ ਗੌਰਮਿੰਟ ਦੇ ਵੱਡੇ ਲੀਡਰਾਂ ਨਾਲ ਉਥੇ ਸ਼ਾਮਲ ਹੋਈ ਤੇ ਆਪਣਾ ਦੁੱਖ ਤੇ ਹਮਦਰਦੀ ਪ੍ਰਗਟਾਈ। 10 ਦਿਨ ਦੇਸ਼ ਦੇ ਕੌਮੀ ਝੰਡੇ ਨੂੰ ਵੀ ਨੀਵਾਂ ਰੱਖਿਆ ਗਿਆ। ਅਮਰੀਕਾ ਵੀ ਇਸਾਈ ਬਹੁਗਿਣਤੀ ਵਾਲਾ ਦੇਸ਼ ਹੈ।

ਜੇ ਅਸੀਂ ਇਨ੍ਹਾਂ ਇਸਾਈ ਦੇਸ਼ਾਂ ਅੰਦਰ ਧਰਮ ਦੇ ਪ੍ਰਚਾਰ ਅਤੇ ਪਸਾਰ ਦੀ ਗੱਲ ਕਰੀਏ ਤਾਂ ਮੈਂ ਫਿਰ ਉਦਾਹਰਨ ਅਮਰੀਕਾ ਤੋਂ ਹੀ ਲੈਣੀ ਚਾਹਾਂਗਾ। ਯੋਗੀ ਹਰਭਜਨ ਸਿੰਘ 1970 ਵਿਚ ਅਮਰੀਕਾ ਆਇਆ ਸੀ। ਉਸ ਨੇ ਆਪਣਾ ਆਸ਼ਰਮ ਚਲਾਇਆ ਤੇ ਹਜ਼ਾਰਾਂ ਦੀ ਗਿਣਤੀ ਵਿਚ ਗੋਰਿਆਂ ਨੂੰ ਸਿੱਖ ਬਣਾਇਆ। ਉਹ ਸਾਰੇ ਹੀ ਸਿੰਘ-ਸਿੰਘਣੀਆਂ ਪੂਰਨ ਅੰਮ੍ਰਿਤਧਾਰੀ ਮਰਯਾਦਾ ਦੇ ਧਾਰਨੀ ਬਣੇ। ਉਨ੍ਹਾਂ ਨੇ ਪੰਜਾਬੀ ਸਿੱਖੀ, ਗੁਰਬਾਣੀ ਸਿੱਖੀ, ਗੁਰਬਾਣੀ ਕੀਰਤਨ ਦੀ ਮੁਹਾਰਤ ਹਾਸਲ ਕੀਤੀ। ਉਸ ਦੀ ਮੌਤ ਤੋਂ ਬਾਅਦ ਵੀ ਉਸ ਦੇ ਆਸ਼ਰਮ ਚੱਲ ਰਹੇ ਹਨ। ਤਕਰੀਬਨ 35 ਦੇਸ਼ਾਂ ਅੰਦਰ 300 ਤੋਂ ਵਧੀਕ ਉਸ ਦੇ ਆਸ਼ਰਮ ਹਨ ਜਿਨ੍ਹਾਂ ਨੂੰ ਗੋਰੇ ਅੰਮ੍ਰਿਤਧਾਰੀ ਸਿੱਖ ਚਲਾਉਂਦੇ ਹਨ ਤੇ ਉਹ ਸਾਰੇ ਹੀ ਇਸਾਈ ਧਰਮ ਨੂੰ ਮੰਨਣ ਵਾਲੇ ਹਨ। ਇਨ੍ਹਾਂ ਸਾਰੀਆਂ ਗੱਲਾਂ ਉਪਰ ਸਾਨੂੰ ਖੁਸ਼ੀ ਹੁੰਦੀ ਹੈ, ਚਾਅ ਚੜ੍ਹਦਾ ਹੈ ਜਦ ਕਿਸੇ ਮੁਸਲਮਾਨ, ਹਿੰਦੂ ਜਾਂ ਇਸਾਈ ਨੂੰ ਸਿੱਖੀ ਸਰੂਪ ਅਪਨਾਉਂਦੇ ਦੇਖਦੇ ਹਾਂ। ਉਨ੍ਹਾਂ ਨੂੰ ਅਸੀਂ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਸਨਮਾਨਿਤ ਕਰਦੇ ਹਾਂ ਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਯਕੀਨ ਦਿਵਾਉਂਦੇ ਹਾਂ। ਬੇਨਤੀ ਰੂਪ ਵਿਚ ਇਹ ਸਾਂਝ ਪਾਉਣੀ ਚਾਹੁੰਦਾ ਹਾਂ ਕਿ ਦੋਗਲੇਪਣ ਤੋਂ ਗੁਰੇਜ਼ ਕਰੀਏ, ਧਰਮ ਦੀ ਚੋਣ ਹਰ ਸ਼ਖਸ ਦਾ ਜਨਮ ਸਿੱਧ ਅਧਿਕਾਰ ਹੈ। ਅਮਰੀਕਾ ਬੇਸ਼ੱਕ ਇਸਾਈ ਬਹੁਗਿਣਤੀ ਵਾਲਾ ਦੇਸ਼ ਹੈ, ਫਿਰ ਵੀ ਬਾਕੀ ਧਰਮਾਂ ਨੂੰ ਵੀ ਪ੍ਰਚਾਰ ਤੇ ਪਸਾਰ ਦੀ ਪੂਰੀ ਆਜ਼ਾਦੀ ਹੈ।

ਪੱਛਮ ਦੇ ਬਹੁਤ ਸਾਰੇ ਦੇਸ਼ਾਂ ਅੰਦਰ ਵੱਡੇ-ਵੱਡੇ ਨਗਰ ਕੀਰਤਨ ਹੁੰਦੇ ਹਨ। ਮੈਨੂੰ ਇਹ ਵੀ ਪਤਾ ਹੈ ਕਿ ਸਾਡੇ ਵੱਡੇ ਧਾਰਮਿਕ ਰਹਿਬਰ ਬੜੇ ਫਖਰ ਨਾਲ ਉਨ੍ਹਾਂ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਹਨ। ਕਈਆਂ ਨਗਰ ਕੀਰਤਨਾਂ ਵਿਚ ਗਿਣਤੀ ਲੱਖਾਂ ਤੱਕ ਪਹੁੰਚ ਜਾਂਦੀ ਹੈ। ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ, ਸ਼ਰਧਾਲੂਆਂ ਦੀ ਸਹੂਲਤ ਲਈ ਸ਼ਹਿਰ ਦੀਆਂ ਕਈ ਵੱਡੀਆਂ ਸੜਕਾਂ ਵੀ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਇਸਾਈ ਧਰਮ ਨੂੰ ਮੰਨਣ ਵਾਲੇ ਵੱਡੇ ਸਰਕਾਰੀ ਲੀਡਰ ਵੀ ਖੁਸ਼ੀ ਨਾਲ ਸ਼ਾਮਲ ਹੁੰਦੇ ਹਨ। ਇਨ੍ਹਾਂ ਇਸਾਈ ਦੇਸ਼ਾਂ ਵਿਚ ਆਪਣੇ ਇਸ ਤਰ੍ਹਾਂ ਦਾ ਸਿੱਖੀ ਜਲੌਅ ਦੇਖ ਕੇ ਅਸੀ ਖੁਸ਼ ਵੀ ਹੁੰਦੇ ਹਾਂ ਤੇ ਮਾਣ ਵੀ ਮਹਿਸੂਸ ਕਰਦੇ ਹਾਂ ਪਰ ਜਦੋਂ ਅਸੀ ਆਪਣੇ ਜੱਦੀ ਖਿੱਤੇ ਵਿਚ ਅਜਿਹਾ ਵਰਤਾਰਾ ਕਿਸੇ ਦੂਸਰੇ ਫਿਰਕੇ ਵੱਲੋਂ ਹੁੰਦਾ ਦੇਖਦੇ ਹਾਂ ਤਾਂ ਅਸੀ ਤਕਲੀਫ ਮਹਿਸੂਸ ਕਰਦੇ ਹਾਂ, ਕਿਉਂ?

ਮੈਂ ਆਪਣੀ ਗੱਲ ਖਤਮ ਕਰਨ ਤੋਂ ਪਹਿਲਾਂ ਆਪਣੇ ਪਿੰਡ ਦੀ ਉਦਾਹਰਨ ਦੇਣੀ ਵਾਜਬ ਸਮਝਦਾ ਹਾਂ। ਸਾਡੇ ਪਿੰਡ ਵਿਚ ਵੀ ਦੋ ਗਿਰਜਾਘਰ (ਚਰਚ) ਹਨ, ਇਕ ਕੈਥੋਲਿਕ ਅਤੇ ਦੂਜਾ ਪ੍ਰੋਟੈਸਟੈਂਟ। ਇਕ ਗਿਰਜਾਘਰ ਤਾਂ ਸ਼ਾਇਦ 50 ਸਾਲ ਤੋਂ ਵੀ ਵੱਧ ਪੁਰਾਣਾ ਹੈ। ਅਸੀਂ ਕਈ ਵਾਰੀ ਖਾਸ ਧਾਰਮਿਕ ਸਮਾਗਮਾਂ ਉਪਰ ਉਨ੍ਹਾਂ ਗਿਰਜਾਘਰਾਂ ਵਿਚ ਜਾਂਦੇ ਸੀ। ਉਹ ਲੋਕ ਸਤਿਕਾਰ ਨਾਲ ਸਾਨੂੰ ਸੱਦੇ ਵੀ ਦਿੰਦੇ ਸੀ। ਪਿੰਡ ਦੇ ਲੋਕ ਮਾਇਕ ਤੌਰ 'ਤੇ ਵੀ ਆਪਣਾ ਯੋਗਦਾਨ ਪਾਉਂਦੇ ਸੀ। ਮੈਂ ਕਦੀ ਵੀ ਅੱਜ ਤੱਕ ਕੋਈ ਅਜਿਹੀ ਗੱਲ ਨਹੀਂ ਸੁਣੀ ਕਿ ਉਹ ਸਾਡੇ ਪਿੰਡ ਜਾਂ ਆਸੇ-ਪਾਸੇ ਧਰਮ ਪਰਿਵਰਤਨ ਦੇ ਸਬੰਧ ਵਿਚ ਕੋਈ ਉਪਰਾਲਾ ਕਰਦੇ ਹੋਣ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਫਿਕਰਮੰਦ ਹੋਣ ਵਾਲਾ ਮਸਲਾ ਬਿਲਕੁਲ ਨਹੀਂ, ਫਿਰ ਵੀ ਜੇ ਕੋਈ ਕਿਸੇ ਕਾਰਨ ਪ੍ਰਭਾਵ ਕਬੂਲਦਾ ਹੈ ਤਾਂ ਮੈਂ ਤਾਂ ਇਹੀ ਕਹਾਂਗਾ ਕਿ ਅਜਿਹੇ ਬੰਦਿਆਂ ਤੋਂ ਆਪਾਂ ਕਰਵਾਉਣਾ ਵੀ ਕੀ ਹੈ। ਅਜਿਹੇ ਲੋਕ ਤਾਂ ਸੁੱਕ ਰਹੇ ਪੱਤਿਆਂ ਵਾਂਗ ਹੁੰਦੇ ਹਨ ਜੋ ਮਾੜੀ-ਮੋਟੀ ਹਵਾ ਦੇ ਬੁੱਲਿਆਂ ਨਾਲ ਵੀ ਝੜ ਜਾਂਦੇ ਹਨ।

ਅਖੀਰ ਵਿਚ ਆਪਣੀ ਪ੍ਰਚਾਰਕ ਧਿਰ ਦੇ ਲੋਕਾਂ ਅਤੇ ਧਾਰਮਿਕ ਰਹਿਬਰਾਂ ਨੂੰ ਫਿਰ ਇਹੀ ਗੁਜ਼ਾਰਿਸ਼ ਕਰਦਾ ਹਾਂ ਕਿ ਆਪਾਂ ਦੂਜਿਆਂ ਦੇ ਘਰਾਂ ਅੰਦਰ ਦਰਾਂ ਦੀਆਂ ਝੀਤਾਂ ਰਾਹੀਂ ਝਾਕਣਾ ਛੱਡੀਏ ਅਤੇ ਆਪਣੇ ਦਰਾਂ ਉਪਰ ਆਪਣੀ ਪਹਿਰੇਦਾਰੀ ਮਜ਼ਬੂਤ ਕਰੀਏ। ਇਤਿਹਾਸ ਗਵਾਹ ਹੈ ਕਿ ਅਸੀਂ ਮਾਰਿਆਂ ਨਹੀਂ ਮਰਨਾ ਸਗੋਂ ਔਖੇ ਵਕਤਾਂ ਵਿਚ ਖਾਲਸੇ ਦੀ ਛਵੀ ਵਿਚ ਵੱਧ ਨਿਖਾਰ ਆਉਂਦਾ ਹੈ। ਪੰਥ ਬੇਖਬਰ ਨਹੀਂ, ਜਾਗਿਆ ਹੋਇਆ ਹੈ; ਖਾਲਸੇ ਦੀ ਰੂਹ ਵਿਚ ਮੋਹ ਵੀ ਹੈ ਤੇ ਰੋਹ ਵੀ। ਦਿਸ਼ਾ-ਨਿਰਦੇਸ਼ ਦੇਣ ਲਈ ਸਾਡੇ ਪਹਿਰੇਦਾਰ (ਧਾਰਮਿਕ ਆਗੂ) ਚੌਕਸ ਅਤੇ ਮਜ਼ਬੂਤ ਰਹਿਣੇ ਚਾਹੀਦੇ ਹਨ।

# ਭਗਤ ਸੂਰਦਾਸ

ਭਗਤ ਸੂਰਦਾਸ ਉਨ੍ਹਾਂ ਭਗਤ-ਜਨਾਂ ਵਿਚ ਸ਼ਾਮਲ ਹਨ, ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦਾ ਮਾਣ ਪ੍ਰਾਪਤ ਹੈ। "ਸਿੱਖ ਇਨਸਾਈਕਲੋਪੀਡੀਆ" ਅਨੁਸਾਰ ਭਗਤ ਸੂਰਦਾਸ ਦਾ ਅਸਲੀ ਨਾਮ ਮਦਨ ਮੋਹਨ ਸੀ ਅਤੇ ਉਨ੍ਹਾਂ ਦਾ ਜਨਮ 1529 ਈਸਵੀ ਵਿਚ ਉਚ-ਦਰਜੇ ਦੇ ਬ੍ਰਾਹਮਣ ਪਰਿਵਾਰ ਵਿਚ ਹੋਇਆ ਮੰਨਿਆ ਜਾਂਦਾ ਹੈ। ਭਗਤ ਸੂਰਦਾਸ ਵਿਚ ਸੰਗੀਤ ਅਤੇ ਕਵਿਤਾ ਦਾ ਕੁਦਰਤੀ ਗੁਣ ਸੀ, ਜੋ ਵੱਡੇ ਹੋਣ ਦੇ ਨਾਲ ਨਾਲ ਨਿੱਖਰਦਾ ਗਿਆ ਅਤੇ ਉਨ੍ਹਾਂ ਨੂੰ ਕਵਿਤਾ ਅਤੇ ਸੰਗੀਤ ਵਿਚ ਬਹੁਤ ਮੁਹਾਰਤ ਹਾਸਲ ਹੋ ਗਈ। ਬਹੁਤ ਜਲਦੀ ਉਹ ਕਵੀ ਦੇ ਤੌਰ 'ਤੇ ਸਥਾਪਤ ਹੋ ਗਏ ਅਤੇ ਪ੍ਰਸਿੱਧੀ ਪ੍ਰਾਪਤ ਕਰ ਲਈ। ਉਹ ਬੜੇ ਡੂੰਘੇ ਜਜ਼ਬੇ ਨਾਲ ਰੱਬੀ ਪ੍ਰੇਮ ਦੇ ਗੀਤ ਗਾਉਂਦੇ। ਕਿਹਾ ਜਾਂਦਾ ਹੈ ਕਿ ਉਸ ਸਮੇਂ ਦੇ ਬਾਦਸ਼ਾਹ ਅਕਬਰ ਦਾ ਧਿਆਨ ਉਨ੍ਹਾਂ



ਡਾ. ਗੁਰਨਾਮ ਕੌਰ, ਕੈਨੇਡਾ

ਵੱਲ ਖਿੱਚਿਆ ਗਿਆ ਅਤੇ ਬਾਦਸ਼ਾਹ ਨੇ ਭਗਤ ਜੀ ਨੂੰ ਅਵਧ ਦੇ ਸੰਦੀਲਾ ਪਰਗਣੇ ਦਾ ਗਵਰਨਰ ਲਾ ਦਿੱਤਾ। ਪ੍ਰੰਤੂ ਸੂਰਦਾਸ ਦੀ ਦਿਲਚਸਪੀ ਅਜਿਹੇ ਸੰਸਾਰਕ ਅਹੁਦਿਆਂ ਵੱਲ ਨਹੀਂ ਸੀ ਕਿਉਂਕਿ ਉਨ੍ਹਾਂ ਦਾ ਦਿਲ ਤਾਂ ਕਿਧਰੇ ਹੋਰ ਖੁਭਿਆ ਹੋਇਆ ਸੀ। ਉਨ੍ਹਾਂ ਨੇ ਸੰਸਾਰਕ ਕੰਮਾਂ ਦਾ ਤਿਆਗ ਕਰ ਦਿੱਤਾ ਅਤੇ ਸੰਤਾਂ ਦੀ ਸੰਗਤਿ ਵਿਚ ਸ਼ਾਮਲ ਹੋ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਲਾ ਲਿਆ। ਉਨ੍ਹਾਂ ਦਾ ਅਕਾਲ ਚਲਾਣਾ ਬਨਾਰਸ ਵਿਖੇ ਹੋਇਆ ਜਿੱਥੇ ਸ਼ਹਿਰ ਵਿਚ ਹੁਣ ਵੀ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੂਰਦਾਸ ਦਾ ਇੱਕ ਸ਼ਬਦ 'ਰਾਗ ਸਾਰੰਗ' ਵਿਚ ਰਚਿਆ ਹੋਇਆ ਸ਼ਾਮਲ ਹੈ। ਅਸਲ ਵਿਚ ਭਗਤ ਜੀ ਦਾ ਇਹ ਸ਼ਬਦ ਵੀ ਪੂਰਾ ਨਹੀਂ ਹੈ ਕੇਵਲ ਇੱਕ ਪੰਗਤੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੂਰਾ ਸ਼ਬਦ ਇਸ ਲਈ ਨਹੀਂ ਦਿੱਤਾ ਗਿਆ ਕਿਉਂਕਿ ਇਸ ਵਿਚ ਜੋ ਮਨੁੱਖ ਪਰਮਾਤਮਾ ਤੋਂ ਬੇਮੁੱਖ ਹੋ ਜਾਂਦਾ ਹੈ ਉਸ ਨੂੰ 'ਅਸਾਧ ਪਾਪੀ' ਕਿਹਾ ਹੈ ਜਿਸ ਦੇ ਪਾਰਉਤਾਰੇ ਦੀ ਕੋਈ ਆਸ ਨਹੀਂ ਬਚੀ। ਗੁਰੂ ਅਰਜਨ ਦੇਵ ਜੀ ਨੇ ਬਾਕੀ ਦਾ ਸ਼ਬਦ ਛੱਡ ਦਿੱਤਾ ਜਾਪਦਾ ਹੈ ਜੋ ਗੁਰਮਤਿ ਆਸ਼ੇ ਦੇ ਉਲਟ ਹੈ ਕਿਉਂਕਿ ਗੁਰਮਤਿ ਅਨੁਸਾਰ ਪਰਮਾਤਮਾ ਦੀ ਮਿਹਰ ਦੀ ਨਜ਼ਰ ਘੋਰ ਤੋਂ ਘੋਰ ਪਾਪੀ 'ਤੇ ਵੀ ਪੈ ਸਕਦੀ ਹੈ। ਇਸ ਲਈ ਪੰਚਮ ਪਾਤਿਸ਼ਾਹ ਨੇ ਇਸ ਪੰਕਤੀ ਨੂੰ ਪੂਰਾ ਕਰਨ ਲਈ ਨਾਲ ਆਪਣੀ ਪੰਕਤੀ ਸ਼ਾਮਲ ਕੀਤੀ। ਅਸੀਂ ਕਹਿ ਸਕਦੇ ਹਾਂ ਕਿ ਗੁਰੂ ਪਾਤਿਸ਼ਾਹ ਨੇ ਇੱਕ ਤਰ੍ਹਾਂ ਦਾ ਇਹ ਭਗਤ ਸੂਰਦਾਸ ਨਾਲ ਸੰਵਾਦ ਰਚਾਇਆ ਹੈ ਜਿਸ ਤਰ੍ਹਾਂ ਦਾ ਸੰਵਾਦ ਬਾਬਾ ਫਰੀਦ ਨਾਲ ਗੁਰੂ ਅਮਰ ਦਾਸ ਅਤੇ ਗੁਰੂ ਅਰਜਨ ਸਾਹਿਬ ਨੇ ਉਨ੍ਹਾਂ ਦੇ ਸਲੋਕਾਂ ਵਿਚ ਰਚਾਇਆ ਹੈ।

ਭਗਤ ਸੂਰਦਾਸ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਉਸ ਨੇਤਰਹੀਣ ਕਵੀ ਸੂਰਦਾਸ ਤੋਂ ਵੱਖਰਾ ਹੈ, ਜਿਸ ਨੇ "ਸੂਰ ਸਾਗਰ" ਦੀ ਰਚਨਾ ਕੀਤੀ।

ਭਗਤ ਸੂਰਦਾਸ ਜੀ ਦੀ ਪੰਕਤੀ ਹੈ:

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥
(ਪੰ.1253)

ਇਸ ਤੁਕ ਵਿਚ ਭਗਤ ਸੂਰਦਾਸ ਆਪਣੇ ਮਨ ਜਾਂ ਆਪੇ ਨੂੰ ਪਰਮਾਤਮਾ ਤੋਂ ਮੁੱਖ ਮੋੜਨ ਵਾਲੇ ਲੋਕਾਂ ਦਾ ਸਾਥ ਤਿਆਗ ਦੇਣ ਦਾ ਉਪਦੇਸ਼ ਦਿੰਦੇ ਹਨ ਕਿ ਜੋ ਲੋਕ ਪਰਮਾਤਮਾ ਵੱਲ ਧਿਆਨ ਨਹੀਂ ਲਾਉਂਦੇ ਜਾਂ ਉਸ ਤੋਂ ਮੂੰਹ ਦੂਜੇ ਪਾਸੇ ਕਰ ਕੇ ਚੱਲਦੇ ਹਨ, ਉਨ੍ਹਾਂ ਦੀ ਸੰਗਤਿ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਅਰਥਾਤ ਪਰਮਾਤਮਾ ਦੇ ਭਗਤਾਂ ਦੀ ਹੀ ਸੰਗਤਿ ਕਰਨੀ ਚਾਹੀਦੀ ਹੈ।

ਪ੍ਰੋਫੈਸਰ ਸਾਹਿਬ ਸਿੰਘ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ" ਵਿਚ ਨੋਟ ਦਿੱਤਾ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਭੀ ਭਗਤ ਦੀ ਬਾਣੀ ਦਰਜ ਹੋਈ ਹੈ, ਆਮ ਤੌਰ 'ਤੇ ਉਸ ਦਾ ਨਾਮ ਉਸ ਦੀ ਬਾਣੀ ਲਿਖਣ ਤੋਂ ਪਹਿਲਾਂ ਲਿਖ ਦਿੱਤਾ ਗਿਆ ਹੈ। ਪਰ ਇਹ ਕਿਸੇ ਸ਼ਬਦ ਦੀ ਇੱਕੋ ਹੀ ਤੁਕ ਹੈ, ਇਸ ਦੇ ਸ਼ੁਰੂ ਵਿਚ ਇਸ ਦੇ ਉਚਾਰਨ ਵਾਲੇ ਭਗਤ ਦਾ ਨਾਮ ਭੀ ਨਹੀਂ ਦਿੱਤਾ ਗਿਆ, ਤੇ ਨਾਹ ਹੀ ਸਾਰਾ ਸ਼ਬਦ ਹੈ ਜਿੱਥੋਂ ਉਸ ਦਾ ਨਾਮ ਪਤਾ ਲੱਗ ਸਕੇ। ਜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੋਂ ਹੋਰ ਕੋਈ ਗਵਾਹੀ ਨਾ ਲਈ ਜਾਏ ਤਾਂ ਇਹ ਕਿਸ ਦੀ ਉਚਾਰੀ ਹੋਈ ਤੁਕ ਸਮਝੀ ਜਾਏ?

ਇਸ ਦਾ ਉੱਤਰ ਅਗਲੇ ਸ਼ਬਦ ਦੇ ਸ਼ੁਰੂ ਵਿਚ ਲਿਖੇ ਸਿਰ-ਲੇਖ ਤੋਂ ਮਿਲਦਾ ਹੈ, ਭਾਵ, ਇਹ ਇੱਕ ਤੁਕ 'ਸੂਰਦਾਸ' ਜੀ ਦੀ ਹੈ। ਪਰ ਇਹ ਅਗਲਾ ਸਿਰ-ਲੇਖ ਭੀ ਰਤਾ ਗਹੁ ਨਾਲ ਵੇਖਣ ਵਾਲਾ ਹੈ; ਸਿਰ-ਲੇਖ ਇਉਂ ਹੈ:-

'ਸਾਰੰਗ ਮਹਲਾ 5 ਸੂਰਦਾਸ'

ਜੇ ਅਗਲਾ ਸ਼ਬਦ ਭਗਤ ਸੂਰਦਾਸ ਜੀ ਦਾ ਹੁੰਦਾ, ਤਾਂ ਲਫ਼ਜ਼ 'ਮਹਲਾ 5' ਇਸ ਸਿਰ-ਲੇਖ ਦੇ ਨਾਲ ਨਾਹ ਹੁੰਦੇ। ਲਫ਼ਜ਼ 'ਮਹਲਾ 5' ਦੱਸਦੇ ਹਨ ਕਿ ਇਹ ਅਗਲਾ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਿਆ ਹੋਇਆ ਹੈ।"

ਪ੍ਰੋਫੈਸਰ ਸਾਹਿਬ ਸਿੰਘ ਨੇ ਅੱਗੇ ਪ੍ਰਸ਼ਨ ਕੀਤਾ ਹੈ ਕਿ "ਇਥੇ ਕਿਸ ਸਬੰਧ ਵਿਚ ਇਸ ਸ਼ਬਦ ਦੀ ਲੋੜ ਪਈ?" ਅਤੇ ਇਸ ਦਾ ਉੱਤਰ ਦਿੱਤਾ ਹੈ ਕਿ "ਉਪਰ-ਦਿੱਤੀ ਹੋਈ ਇੱਕ ਤੁਕ ਦੀ ਵਿਆਖਿਆ ਕਰਨ ਲਈ, ਕਿ ਹਰੀ ਤੋਂ ਬੇ-ਮੁਖਾਂ ਦਾ ਸੰਗ ਕਿਵੇਂ ਛੱਡਣਾ ਹੈ। ਸੋ, ਇਸ ਸਿਰ-ਲੇਖ ਵਿਚ ਸੂਦਾਸ ਜੀ ਨੂੰ ਸੰਬੋਧਿਨ ਕਰ ਕੇ ਗੁਰੂ ਅਰਜਨ ਦੇਵ ਜੀ ਅਗਲਾ ਸ਼ਬਦ ਉੱਚਾਰ ਕੇ ਫੁਰਮਾਂਦੇ ਹਨ ਕਿ ਜਿਉਂ ਜਿਉਂ 'ਹਰਿ ਕੇ ਸੰਗ ਬਸੇ ਹਰਿ ਲੋਕ' ਤਿਉਂ ਤਿਉਂ 'ਆਨ ਬਸਤੁ ਸਿਉ ਕਾਜੁ ਨ ਕਛੂਐ'; ਇਸ ਤਰ੍ਹਾਂ ਸੁਤੇ ਹੀ ਹਰੀ ਤੋਂ ਬੇਮੁਖਾਂ ਨਾਲੋਂ ਸਾਥ ਛੁੱਟ ਜਾਂਦਾ ਹੈ, ਕਿਸੇ ਤੋਂ ਨਫ਼ਰਤਿ ਕਰਨ ਦੀ ਲੋੜ ਨਹੀਂ ਪੈਂਦੀ।"

'ਸ਼ਬਦਾਰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ "ਭਾਈ ਬੰਨੋ ਦੀ ਬੀੜ ਵਿਚ ਇਹ ਸ਼ਬਦ ਸਾਰੇ ਦਾ ਸਾਰਾ ਦਿੱਤਾ ਹੈ। ਪਰ ਸ੍ਰੀ ਕਰਤਾਰ ਪੁਰ ਵਾਲੀ ਬੀੜ ਵਿਚ ਪਹਿਲੀ ਤੁਕ ਹੀ ਦਿੱਤੀ ਹੈ। ਬਾਕੀਆਂ ਵਿਚ ਬੇਮੁਖ ਨੂੰ ਸੱਪ, ਹਾਥੀ, ਕਾਂ, ਗਧੇ, ਪੱਥਰ, ਕਾਲੀ ਕਮਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੰਗ ਸਾਬਤ ਕੀਤਾ ਹੋਇਆ ਹੈ ਅਤੇ ਸੁਧਾਰ ਦੀ ਕੋਈ ਆਸ ਨਹੀਂ ਦੱਸੀ ਹੋਈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛੱਡ ਦਿੱਤੀਆਂ ਮਾਲੂਮ ਹੁੰਦੀਆਂ ਹਨ।" ਇਸ ਦੇ ਨਾਲ ਹੀ ਸ਼ਬਦਾਰਥ ਵਿਚ ਇਹ ਵੀ ਨੋਟ ਦਿੱਤਾ ਹੈ ਕਿ "(ਇਹ ਉਹ ਮਸ਼ਹੂਰ ਨੇਤ੍ਰਹੀਣ ਸੂਰਦਾਸ ਨਹੀਂ ਜੋ ਵੈਸ਼ਨਵਾਂ ਦਾ ਮਹਾਤਮਾ ਭਗਤ ਹੋਇਆ ਹੈ।) ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ ਹੋਇਆ ਹੈ ਜੋ ਸੰਮਤ 1586 ਵਿਚ ਪੈਦਾ ਹੋਇਆ। ਇਹ ਸੰਸਕ੍ਰਿਤ, ਹਿੰਦੀ, ਫ਼ਾਰਸੀ ਦਾ ਪੂਰਨ ਵਿਦਵਾਨ ਅਤੇ ਅਕਬਰ ਦੇ ਵੇਲੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ ਪਰ ਪਿਛੋਂ ਵੈਰਾਗਵਾਨ ਹੋ ਕੇ ਤਿਆਗੀ ਹੋ ਗਿਆ। ਇਸ ਦੀ ਸਮਾਧ ਕਾਂਸੀ ਵਿਚ ਹੈ।"

ਭਗਤ ਸੂਰਦਾਸ ਜੀ ਦੀ ਪੰਕਤੀ ਤੋਂ ਬਾਅਦ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ "ਸਾਰੰਗ ਮਹਲਾ 5 ਸੂਰਦਾਸ॥" ਸਿਰਲੇਖ ਹੇਠ ਸੰਵਾਦ ਰਚਾਉਂਦਿਆਂ ਇਸ ਨੂੰ ਸੰਪੂਰਨਤਾ ਬਖਸ਼ਿਸ਼ ਕੀਤੀ ਹੈ:

ਹਰਿ ਕੇ ਸੰਗ ਬਸੇ ਹਰਿ ਲੋਕ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥1॥ ਰਹਾਉ॥
ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ॥
ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ॥1॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ॥2॥1॥8॥
(ਪੰ.1253)

ਸ਼ਬਦ ਦਾ ਭਾਵ ਹੈ ਕਿ ਪਰਮਾਤਮਾ ਦੀ ਬੰਦਗੀ ਕਰਨ ਵਾਲੇ ਭਗਤ ਪਰਮਾਤਮਾ ਦੇ ਸੰਗਿ ਅਰਥਾਤ ਉਸ ਦੇ ਸਾਥ ਵਿਚ ਵਸਦੇ ਹਨ ਅਤੇ ਕੁਦਰਤੀ ਹੈ ਕਿ ਜੋ ਪਰਮਾਤਮਾ ਦੀ ਭਗਤੀ ਵਿਚ ਲੱਗੇ ਹੁੰਦੇ ਹਨ, ਪਰਮਾਤਮਾ ਦੀ ਭਗਤੀ ਦਾ ਸਾਥ ਮਾਣਦੇ ਹਨ ਉਨ੍ਹਾਂ ਦਾ ਸਾਥ ਬੇਮੁਖਾਂ ਨਾਲੋਂ ਆਪਣੇ ਆਪ ਛੁੱਟ ਜਾਂਦਾ ਹੈ। ਇਸ ਲਈ ਪਰਮਾਤਮਾ ਦੀ ਭਗਤੀ ਕਰਨ ਵਾਲੇ ਲੋਕ ਰੱਬ ਤੋਂ ਬੇਮੁਖ ਹੋ ਗਏ ਬੰਦਿਆਂ ਦੀ ਸੰਗਤਿ ਛੱਡ ਕੇ ਆਪਣਾ ਤਨ, ਮਨ ਅਤੇ ਸਾਰਾ ਧਨ-ਪਦਾਰਥ ਉਸ ਪ੍ਰਭੂ ਦੇ ਹਵਾਲੇ ਕਰ ਦਿੰਦੇ ਹਨ ਅਰਥਾਤ ਤਨ, ਮਨ ਅਤੇ ਧਨ ਦੇ ਪੂਰਨ ਸਮਰਪਣ ਨਾਲ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸੁਖ ਉਸੇ ਦੇ ਦਰਸ਼ਨਾਂ ਵਿਚੋਂ ਲੱਭਦਾ ਹੈ, ਉਹ ਉਸ ਪਰਮਾਤਮ-ਅਨੁਭਵ ਵਿਚੋਂ ਪੂਰਨ ਅਨੰਦ ਮਾਣਦੇ ਹਨ। ਇਸ ਤਰ੍ਹਾਂ ਹਰ ਰੋਜ਼ ਪੂਰਨ ਅਨੰਦ ਦੀ ਧੁਨੀ ਉਠਦੀ ਹੈ, ਉਨ੍ਹਾਂ ਦਾ ਮਨ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ (ਮਨ ਦੇ ਪੂਰਨ ਟਿਕਾਉ ਕਰ ਕੇ ਜਦ ਅਨੰਦ ਦੀ ਸ਼ਕਲ ਸੰਗੀਤਕ ਹੋ ਜਾਏ, ਉਹ ਸਹਿਜ-ਧੁਨੀ ਕਹੀ ਜਾਂਦੀ ਹੈ) ਅਤੇ ਅਨੰਦ ਦਾ ਹੁਲਾਰਾ ਆਉਂਦਾ ਹੈ। ਉਸ ਅਕਾਲ



ਪੁਰਖ ਪਰਵਰਦਗਾਰ ਦੇ ਦਰਸ਼ਨ ਦੇਖ ਕੇ ਮਨ ਹਰ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਹਰ ਤਰ੍ਹਾਂ ਦਾ ਸੁਖਾਂ ਦਾ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ। ਉਸ ਪ੍ਰਭੂ ਦਾ ਸੁੰਦਰ ਮੁਖ ਦੇਖ ਕੇ ਹੋਰ ਕਿਸੇ ਵਸਤੂ ਜਾਂ ਕੰਮ ਨਾਲ ਵਾਸਤਾ ਨਹੀਂ ਰਹਿੰਦਾ ਅਰਥਾਤ ਪਰਮਾਤਮਾ ਦੇ ਦਰਸ਼ਨ ਕਰ ਕੇ ਅਜਿਹੇ ਮਨੁੱਖ ਹੋਰ ਹਰ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਤੋਂ ਬਚ ਜਾਂਦੇ ਹਨ। ਜਿਹੜੇ ਮਨੁੱਖ ਉਸ ਸੁਹਣੇ, ਸੁੰਦਰ, ਸੱਜਣ ਪਰਮਾਤਮਾ ਨੂੰ ਤਿਆਗ ਕੇ ਹੋਰ ਚੀਜ਼ਾਂ ਦੀ ਇੱਛਾ ਪਾਲਦੇ ਹਨ ਭਾਵ ਦੁਨਿਆਵੀ ਵਿਸ਼ੇ-ਵਿਕਾਰਾਂ ਵਿਚ ਗਲਤਾਨ ਹੋ ਜਾਂਦੇ ਹਨ, ਉਹ ਹੋਰ ਕੰਮਾਂ ਵਿਚ ਉਸੇ ਤਰ੍ਹਾਂ ਮੁੱਕ ਜਾਂਦੇ ਹਨ ਜਿਵੇਂ ਕੁਸ਼ਟੀ ਦੇ ਤਨ ਨੂੰ ਲੱਗੀ ਹੋਈ ਜੋਕ ਉਸ ਦਾ ਗੰਦਾ ਖੂਨ ਪੀ ਕੇ ਉਥੇ ਹੀ ਮਰ ਜਾਂਦੀ ਹੈ। ਪਰ ਹੇ ਸੂਰਦਾਸ! ਜਿਨ੍ਹਾਂ ਨੇ ਆਪਣਾ ਆਪਾ ਪਰਮਾਤਮਾ ਦੇ ਸਪੁਰਦ ਕਰ ਦਿੱਤਾ ਹੈ, ਜਿਨ੍ਹਾਂ ਦਾ ਮਨ ਪ੍ਰਭੂ ਨੇ ਆਪਣੇ ਹੱਥ ਵਿਚ ਲੈ ਲਿਆ ਹੈ, ਉਨ੍ਹਾਂ ਨੂੰ ਉਸ ਨੇ ਇਹ ਲੋਕ ਅਤੇ ਪਰਲੋਕ ਦੋਵੇਂ ਬਖ਼ਸ਼ੇ ਹਨ।

ਪ੍ਰੋਫੈਸਰ ਸਾਹਿਬ ਸਿੰਘ ਅੱਗੇ ਨੋਟ ਲਿਖਦੇ ਹਨ ਕਿ "ਭਾਵੇਂ ਭਗਤ ਸੂਰਦਾਸ ਜੀ ਦੀ ਇੱਕੋ ਹੀ ਤੁਕ ਦਰਜ ਕੀਤੀ ਹੈ, ਪਰ ਗਿਣਤੀ ਵਿਚ ਉਸ ਨੂੰ ਸਾਰੇ ਸ਼ਬਦ ਵਾਂਗ ਗਿਣਿਆ ਗਿਆ ਹੈ; ਤਾਹੀਏਂ ਹੁਣ ਤਕ ਦੀ ਗਿਣਤੀ 8 ਬਣਦੀ ਹੈ।" ਪ੍ਰੋਫੈਸਰ ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੇ ਵਿਰੋਧੀ ਸੱਜਣਾਂ ਦੇ ਨੁਕਤੇ ਸਾਂਝੇ ਕਰਦੇ ਹਨ; ਵਿਰੋਧੀਆਂ ਦਾ ਮੰਨਣਾ ਹੈ ਕਿ "ਆਪ ਜੀ ਦੇ ਦੋ ਸ਼ਬਦ ਰਾਗ ਸਾਰੰਗ ਭਗਤ ਬਾਣੀ ਸੰਗ੍ਰਹਿ ਵਿਚ ਅਏ ਹਨ। ਇਕ ਸ਼ਬਦ ਤਾਂ ਪੂਰਾ ਹੈ, ਅਤੇ ਦੂਜੇ ਦੀ ਕੇਵਲ ਇਕੋ ਪੰਗਤੀ ਲਿਖੀ ਹੈ। ਪ੍ਰੰਤੂ ਬੰਨੋ ਵਾਲੀ ਬੀੜ ਵਿਚ ਸੰਪੂਰਨ ਹੈ। ਕਰਤਾਰ ਪੁਰ ਵਾਲੀ ਬੀੜ ਵਿਚ ਸਾਰਾ ਸ਼ਬਦ ਲਿਖ ਕੇ ਉਪਰ ਦੋਬਾਰਾ ਹੜਤਾਲ ਫੇਰੀ ਹੈ। ਪਰ ਉਕਤ ਤੁਕ ਉਤੇ ਹੜਤਾਲ ਫਿਰਨੋਂ ਸੁਤੇ ਹੀ ਰਹਿ ਗਈ ਹੈ, ਜਿਸ ਕਰਕੇ ਪੰਗਤੀ ਉਸ ਦੀ ਨਕਲ ਅਨੁਸਾਰ ਲਿਖੀ ਹੋਈ ਮਿਲਦੀ ਹੈ। ਭਗਤ ਜੀ ਦੇ ਸਿਧਾਂਤ ਹੇਠ ਦਰਜ ਕੀਤੇ ਜਾਂਦੇ ਹਨ:

ਸਿਆਮ ਸੁੰਦਰ ਤਜਿ ਆਨ ਜੁ ਚਾਹਤ, ਜਿਉ ਕੁਸਟੀ ਤਨਿ ਜੋਕ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹ ਪ੍ਰਲੋਕ॥
(ਸਾਰੰਗ ਸੂਰਦਾਸ)"

'ਉਕਤ ਸ਼ਬਦ ਤੋਂ ਸਿਵਾਇ ਕ੍ਰਿਸ਼ਨ-ਭਗਤੀ ਤੋਂ ਹੋਰ ਕੁਝ ਭੀ ਸਾਬਤ ਨਹੀਂ ਹੁੰਦਾ। ਦੂਜੇ ਸ਼ਬਦ ਦੀ ਇਕੋ ਪੰਗਤੀ ਹੈ, ਉਹ ਇਉਂ ਹੈ- 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਇਸ ਸ਼ਬਦ ਤੋਂ ਭੀ ਇਹ ਸਿੱਧ ਹੁੰਦਾ ਹੈ ਕਿ ਕ੍ਰਿਸ਼ਨ ਜੀ ਦੀ ਭਗਤੀ ਤੋਂ ਵਾਂਝਿਆਂ ਨੂੰ ਭਗਤ ਜੀ ਬੇ-ਮੁਖ ਕਰ ਕੇ ਪੁਕਾਰਦੇ ਹਨ, ਹੋਰਨਾਂ ਦੇ ਸੰਗ ਤੋਂ ਹਟਾਉਂਦੇ ਹਨ। ਸੋ, ਸਿੱਟਾ ਇਹ ਨਿਕਲਿਆ ਕਿ ਭਗਤ ਸੂਰਦਾਸ ਜੀ ਗੁਰਮਤਿ ਦੇ ਕਿਸੇ ਸਿਧਾਂਤ ਦੀ ਭੀ ਪਰੋੜਤਾ ਨਹੀਂ ਕਰਦੇ, ਸਗੋਂ ਖੰਡਨ ਕਰਦੇ ਹਨ।'

ਪ੍ਰੋਫੈਸਰ ਸਾਹਿਬ ਸਿੰਘ ਨੇ ਉਪਰੋਕਤ ਵਿਚਾਰ ਦੀ ਅਲੋਚਨਾ ਸਬੰਧੀ ਤਰਕ ਸਿਰਜਦਿਆਂ ਲਿਖਿਆ ਹੈ ਕਿ "ਵਿਰੋਧੀ ਸੱਜਣ ਜੀ ਨੇ ਭਗਤ ਜੀ ਦੇ ਸ਼ਬਦ ਦੇਣ ਲੱਗਿਆਂ ਪਹਿਲਾਂ ਦੂਜਾ ਸ਼ਬਦ ਦਿੱਤਾ ਹੈ। ਇਹ ਇਕ ਡੂੰਘੀ ਭੇਤ ਵਾਲੀ ਗੱਲ ਹੈ। ਬਹਿਸ ਵਿਚ ਵਧੀਆ ਹਥਿਆਰ ਉਹੀ ਜੇ ਵੇਲੇ-ਸਿਰ ਕੰਮ ਦੇ ਜਾਏ। ਜੇ ਪਹਿਲੀ ਤੁਕ ਉਤੇ ਪਹਿਲਾਂ ਵਿਚਾਰ ਕਰਦੇ, ਤਾਂ ਇਸ ਵਿਚੋਂ ਕ੍ਰਿਸ਼ਨ ਜੀ ਦੀ ਭਗਤੀ ਸਿੱਧ ਨਹੀਂ ਹੋ ਸਕਦੀ ਸੀ। ਸੋ, ਉਹਨਾਂ ਦੂਜੇ ਸ਼ਬਦ ਵਿਚੋਂ "ਸਿਆਮ ਸੁੰਦਰ" ਪੇਸ਼ ਕਰਕੇ ਅੰਞਾਣ ਪਾਠਕ ਨੂੰ ਟਪਲਾ ਲਾਣ ਦੀ ਕੋਸ਼ਿਸ਼ ਕੀਤੀ ਹੈ। ਇਹ ਤਰੀਕਾ ਈਮਾਨਦਾਰੀ ਦੀ ਵਿਚਾਰ ਵਾਲਾ ਨਹੀਂ ਹੈ। ਜੇਕਰ ਸ਼ਰਧਾ ਡੋਲ ਹੀ ਗਈ ਹੈ, ਤਾਂ ਭੀ ਸੱਚਾਈ ਲੱਭਣ ਵਾਸਤੇ ਅਸਾਂ ਕਿਸੇ ਵਿੰਗ-ਟੇਢ ਦਾ ਆਸਰਾ ਨਹੀਂ ਲੈਣਾ। ਪਹਿਲੀ ਤੁਕ ਹੈ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥" ਇਥੇ ਜੇ ਲਫ਼ਜ਼ 'ਹਰਿ' ਦਾ ਅਰਥ 'ਕ੍ਰਿਸ਼ਨ' ਕਰਨਾ ਹੈ, ਤਾਂ ਫਿਰ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਪੰਨੇ ਉਤੇ ਇਹ ਲਫ਼ਜ਼ ਖ਼ਬਰੇ ਵੀਹ ਵੀਹ ਵਾਰੀ ਆ ਚੁੱਕਾ ਹੈ। ਕਿਸੇ ਭੀ ਖਿੱਚ-ਘਸੀਟ ਨਾਲ ਲਫ਼ਜ਼ 'ਹਰਿ' ਦਾ ਅਰਥ 'ਕ੍ਰਿਸ਼ਨ' ਨਹੀਂ ਕੀਤਾ ਜਾ ਸਕਦਾ।"

ਪ੍ਰੋਫੈਸਰ ਸਾਹਿਬ ਸਿੰਘ ਨੇ ਦੂਸਰੇ ਸ਼ਬਦ ਬਾਰੇ ਲਿਖਿਆ ਹੈ ਕਿ "ਲਫ਼ਜ਼ 'ਸਿਆਮ ਸੁੰਦਰ' ਵੇਖ ਕੇ ਵਿਰੋਧੀ ਵੀਰ ਨੂੰ ਇਥੇ ਭੀ ਕ੍ਰਿਸ਼ਨ-ਭਗਤੀ ਤੋਂ ਸਿਵਾਇ ਹੋਰ ਕੁੱਝ ਨਹੀਂ ਲੱਭਾ।" ਅਤੇ "ਇਸ ਸ਼ਬਦ ਦਾ ਸਿਰਲੇਖ ਹੈ "ਸਾਰੰਗ ਮਹਲਾ 5 ਸੂਰਦਾਸ।" ਇਹ ਸ਼ਬਦ "ਮਹਲਾ 5" ਦਾ ਹੈ, ਗੁਰੂ ਅਰਜਨ ਸਾਹਿਬ ਦਾ ਹੈ। ਗੁਰੂ ਅਰਜਨ ਸਾਹਿਬ ਨੇ ਤਾਂ ਹੋਰ ਥਾਂ ਭੀ ਲਫ਼ਜ਼ 'ਸਿਆਮ ਸੁੰਦਰ' ਸਾਫ਼ ਵਰਤਿਆ ਹੈ:

ਦਰਸਨੁ ਕਉ ਲੋਚੈ ਸਭੁ ਕੋਈ॥
ਪੂਰੇ ਭਾਗਿ ਪਰਾਪਤਿ ਹੋਈ॥1॥ ਰਹਾਉ॥
ਸਿਆਮ ਸੁੰਦਰ ਤਜਿ ਨੀਦ ਕਿਉ ਆਈ॥
ਮਹਾ ਮੋਹਨੀ ਦੂਤਾ ਲਾਈ॥1॥ .......
ਸੁਣਿ ਸਾਜਨ ਸੰਤ ਜਨ ਭਾਈ॥
ਚਰਣ ਸਰਣ ਨਾਨਕ ਗਤਿ ਪਾਈ॥5॥34॥40॥
(ਪੰਨਾ 745,ਸੂਹੀ ਮਹਲਾ 5)

ਪ੍ਰੋਫੈਸਰ ਸਾਹਿਬ ਸਿੰਘ ਨੇ ਅੱਗੇ ਦੱਸਿਆ ਹੈ ਕਿ ਜਦੋਂ ਪ੍ਰਿੰਸੀਪਲ ਭਾਈ ਜੋਧ ਸਿੰਘ ਜੀ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰਨ ਗਏ ਸੀ ਤਾਂ ਖ਼ਾਲਸਾ ਕਾਲਜ ਵਿਚੋਂ ਮਾਸਟਰ ਕੇਹਰ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਭੀ ਨਾਲ ਗਏ ਸੀ ਅਤੇ ਉਨ੍ਹਾਂ ਨੇ ਤਤਕਰੇ ਸਮੇਤ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਹਰ ਪੰਨੇ ਨੂੰ ਚੰਗੀ ਤਰ੍ਹਾਂ ਘੋਖਿਆ ਸੀ ਅਤੇ "ਉਥੇ ਬੀੜ ਵਿਚ ਸਿਰਫ਼ ਇਕੋ ਤੁਕ ਦਰਜ ਹੈ, ਤੇ, ਹੜਤਾਲ ਦਾ ਕਿਤੇ ਨਾਮ-ਨਿਸ਼ਾਨ ਭੀ ਨਹੀਂ।" ਗੁਰੂ ਅਰਜਨ ਸਾਹਿਬ ਵੱਲੋਂ 'ਸਾਰੰਗ ਮਹਲਾ 5 ਸੂਰਦਾਸ' ਸਬੰਧੀ ਪ੍ਰੋਫੈਸਰ ਸਾਹਿਬ ਸਿੰਘ ਨੇ ਵੀ ਦਲੀਲ ਦਿੱਤੀ ਹੈ ਕਿ "ਫਰੀਦ ਜੀ ਦੇ ਸ਼ਲੋਕਾਂ ਵਿਚ ਕਈ ਸ਼ਲੋਕ ਐਸੇ ਹਨ ਜੋ ਗੁਰੂ ਅਮਰ ਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦੇ ਉਚਾਰੇ ਹੋਏ ਹਨ, ਪਰ ਉਥੇ ਲਫ਼ਜ਼ 'ਨਾਨਕ' ਦੇ ਥਾਂ 'ਫ਼ਰੀਦ' ਵਰਤਿਆ ਹੈ। ਸਤਿਗੁਰੂ ਜੀ ਨੇ ਫ਼ਰੀਦ ਜੀ ਦੇ ਦਿੱਤੇ ਖ਼ਿਆਲ ਦੀ ਵਧੀਕ ਵਿਆਖਿਆ ਕਰਨੀ ਮੁਨਾਸਿਬ ਸਮਝੀ, ਇਸ ਵਾਸਤੇ ਆਪਣੇ ਉਚਾਰੇ ਸ਼ਲੋਕ ਵਿਚ ਭੀ ਲਫ਼ਜ਼ 'ਫ਼ਰੀਦ' ਵਰਤਿਆ, ਕਿਉਂਕਿ ਉਹ ਸ਼ਲੋਕ ਫ਼ਰੀਦ ਜੀ ਦੇ ਸਬੰਧ ਵਿਚ ਸਨ। ਅਸੀਂ ਇਥੇ ਕਹਿ ਸਕਦੇ ਹਾਂ ਕਿ ਭਗਤ ਸੂਰਦਾਸ ਦੇ ਖ਼ਿਆਲ ਨੂੰ ਵਿਸਥਾਰ ਦੇਣ ਲਈ ਪੰਚਮ ਪਾਤਿਸ਼ਾਹ ਹਜ਼ੂਰ ਨੇ ਭਗਤ ਜੀ ਦੀ ਇਕ ਪੰਗਤੀ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੇ ਨਾਲ ਆਪਣਾ ਸ਼ਬਦ "ਸਾਰੰਗ ਮਹਲਾ 5 ਸੂਰਦਾਸ" ਦੇ ਸਿਰਲੇਖ ਹੇਠ ਦਿਤਾ ਹੈ। ਇਥੇ ਕਿੰਤੂ-ਪ੍ਰੰਤੂ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ।

## ਮਿੰਨੀ ਕਹਾਣੀ

## ਰੋਟੀ ਦੀ ਕੀਮਤ

ਨਵਨੀਤ ਸਿੰਘ
ਫੋਨ: 96468-65500

ਅੱਜ ਸਿਮਰਨ ਨੇ ਪਹਿਲਾਂ ਵਾਂਗ ਰੋਟੀ ਦੀ ਥਾਲੀ ਵਗਾ ਕਿ ਨਹੀਂ ਮਾਰੀ ਸੀ ਨਹੀਂ ਤਾਂ ਰੋਜ਼ਾਨਾ ਘਰ ਅੰਦਰ ਕਲੇਸ਼ ਹੋਣਾ ਰੋਟੀ ਖਾਣ ਵੇਲੇ! ਕਦੇ 'ਆਹ ਕੀ ਬਣਾਇਆ ਮੈਨੂੰ ਨਹੀਂ ਪਸੰਦ', ਕਦੇ 'ਆਹ ਕੀ ਬਣਾਇਆ ਫਲਾਣਾ ਢਿਮਕਾ'। ਮਾਂ ਨੇ ਬਥੇਰਾ ਸਮਝਾਉਣਾ ਅਸੀਂ ਆਮ ਲੋਕ ਹਾਂ ਜੋ ਕਮਾਉਣਾ ਓਹੀ ਖਾਣਾ। ਪਰ ਸਿਮਰਨ ਨੂੰ ਇਹ ਗੱਲਾਂ ਸਮਝ ਨਹੀਂ ਸੀ ਆਉਂਦੀਆਂ।

ਇਕ ਦਿਨ ਸਿਮਰਨ ਸਕੂਲ ਤੋਂ ਵਾਪਸ ਆ ਰਹੀ ਸੀ ਭਰ ਗਰਮੀ ਨਾਲ ਪਸੀਨੋ ਪਸੀਨੀ ਹੋਈ ਤਾਂ ਸਾਹ ਲੈਣ ਲਈ ਇਕ ਬਿਲਡਿੰਗ ਹੇਠਾਂ ਛਾਵੇਂ ਰੁਕ ਗਈ। ਬਿਲਡਿੰਗ ਦਾ ਮਾਲਕ ਉਚੀ ਉਚੀ ਬੋਲ ਰਿਹਾ ਸੀ, 'ਤੂੰ ਅੰਨ੍ਹਾ ਹੋਇਆ ਤੈਨੂੰ ਦਿਖਦਾ ਨਹੀਂ ਆਹ ਨੁਕਸਾਨ ਤੇਰਾ ਪਿਓ ਭਰੇਗਾ। ਚੱਲ ਦਫ਼ਾ ਹੋ, ਆਹ ਸਰੀਆ ਤੇ ਇੱਟਾਂ ਚੁੱਕ ਓਥੇ ਸਾਹਮਣੇ ਰੱਖ ਹੁਣ! ਆ ਜਾਂਦੇ ਕੰਮ ਚੋਰ!

ਇਹ ਆਵਾਜ਼ ਸਿਮਰਨ ਦੇ ਕੰਨੀਂ ਵੀ ਪਈ ਕਿ ਕੌਣ ਹੈ ਏਨੀ ਬਦਤਮੀਜ਼ੀ ਨਾਲ ਪੇਸ਼ ਆ ਰਿਹਾ ਇਕ ਮਜ਼ਦੂਰ ਨਾਲ।

ਸਿਮਰਨ ਘਰ ਆਈ! ਰੋਜ਼ਾਨਾ ਰਾਤ ਦੀ ਰੋਟੀ ਖਾਣ ਲੱਗੀ ਤਾਂ ਅੱਜ ਚੁੱਪ ਚਾਪ ਬੜੇ ਆਨੰਦ ਨਾਲ ਰੋਟੀ ਖਾਧੀ। ਕਦੇ ਇਕ ਬੁਰਕੀ ਆਪਣੀ ਮਾਂ ਦੇ ਮੂੰਹ ਪਾਉਂਦੀ ਕਦੇ ਆਪਣੇ ਪਿਤਾ ਦੇ ਮੂੰਹ ਚ। ਮਾਂ ਪਿਓ ਹੈਰਾਨ ਰਹਿ ਗਏ ਕਿ ਅੱਜ ਸਾਡੀ ਸਿਮਰਨ ਬਹੁਤ ਖੁਸ਼ ਆ।

'ਮਾਂ ਮੈਨੂੰ ਸਵੇਰੇ ਸਕੂਲ ਜਾਣ ਵੇਲੇ ਇਹੋ ਸਬਜ਼ੀ ਬੰਨ੍ਹ ਦਿਓ'। ਮਾਂ ਨੇ ਪੁੱਛਿਆ, 'ਬੇਟਾ ਕੱਲ੍ਹ ਤਕ ਤੂੰ ਆਹ ਦਾਲ ਸਬਜ਼ੀਆਂ ਪਸੰਦ ਨਹੀਂ ਸੀ ਕਰਦੀ ਰੋਟੀ ਵਗ੍ਹਾ ਮਾਰਦੀ ਸੀ ਅੱਜ ਏਨੀ ਛੇਤੀ ਬਦਲਾਅ ਕਿਵੇਂ'?

ਮਾਂ ਜਦੋਂ ਮੈਂ ਕੱਲ੍ਹ ਸਕੂਲ ਤੋਂ ਆ ਰਹੀ ਸੀ ਤਾਂ ਮੈਂ ਵੇਖਿਆ ਕਿ ਇਕ ਬਿਲਡਰ ਆਪਣੇ ਮਜ਼ਦੂਰ ਨੂੰ ਗਾਲ੍ਹਾਂ ਕੱਢ ਰਿਹਾ ਸੀ ਝਿੜਕ ਰਿਹਾ ਸੀ, ਬੁਰਾ ਭਲਾ ਕਹਿ ਰਿਹਾ ਸੀ ਤਾਂ ਉਹ ਮਜ਼ਦੂਰ ਬਿਲਡਰ ਦੇ ਸਾਹਮਣੇ ਹੱਥ ਜੋੜੀ ਖੜ੍ਹਾ ਸੀ।

ਮਾਂ ਮੈਨੂੰ ਇਸ ਮਜ਼ਦੂਰ ਵੱਲ ਵੇਖ ਬਹੁਤ ਰੋਣਾ ਆਇਆ।

ਲੈ! ਤੈਨੂੰ ਕੀ ਲੋੜ ਸੀ ਉਸ ਮਜ਼ਦੂਰ ਵੱਲ ਵੇਖ ਕੇ ਰੋਣ ਦੀ?

ਸਿਮਰਨ ਉਚੀ ਉਚੀ ਰੋਣ ਲੱਗੀ, 'ਮਾਂ ਇਹ ਮਜ਼ਦੂਰ ਕੋਈ ਹੋਰ ਨਹੀਂ ਮੇਰੇ ਪਾਪਾ ਸੀ। ਮੈਨੂੰ ਓਸੇ ਵੇਲੇ ਸਮਝ ਲੱਗ ਗਈ ਜਿਸ ਰੋਟੀ ਨੂੰ ਮੈਂ ਵਗਾ ਮਾਰਦੀ ਰਹੀ, ਸੁੱਟਦੀ ਰਹੀ, ਉਹ ਇਕ ਮਜ਼ਦੂਰ ਬਾਪ ਵਲੋਂ ਮਿਹਨਤ ਦੀ ਕਮਾਈ ਨਾਲ ਬਣਦੀ ਰੋਟੀ ਸੀ।'

'ਮੈਨੂੰ ਮੁਆਫ ਕਰ ਦਿਓ ਮਾਂ ਮੈਨੂੰ ਮੁਆਫ ਕਰ ਦਿਓ'।

ਸਿਮਰਨ ਦੀ ਮਾਂ ਸਿਮਰਨ ਨੇ ਉਸ ਦਾ ਮੱਥਾ ਚੁੰਮਿਆ, ਗਲ ਨਾਲ ਲਗਾਉਂਦਿਆਂ ਅਹਿਸਾਸ ਹੋਇਆ ਜਿਵੇਂ ਸਿਮਰਨ ਨੂੰ ਮਿਹਨਤ ਨਾਲ ਕਮਾਈ ਰੋਟੀ ਦੀ ਕੀਮਤ ਦਾ ਪਤਾ ਲੱਗ ਗਿਆ ਸੀ।

# ਜ਼ਿੰਦਗੀ ਦਾ ਗੀਤ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਜ਼ਿੰਦਗੀ ਦੇ ਗੀਤ ਦੀ ਗੱਲ ਕੀਤੀ ਹੈ, ਜਿਸ ਨੂੰ ਹਮੇਸ਼ਾ ਗਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਜ਼ਿੰਦਗੀ ਦਾ ਗੀਤ ਜ਼ਿੰਦਗੀ ਦੇ ਜਸ਼ਨਾਂ ਦਾ ਗੀਤ ਹੈ। ਜ਼ਿੰਦਗੀ ਦੇ ਜਸ਼ਨ ਮਨਾਉਂਦਿਆਂ ਹੀ ਇਸ ਤੋਂ ਰੁਖ਼ਸਤ ਹੋਣਾ, ਜ਼ਿੰਦਗੀ ਦਾ ਸੁੱਚਮ ਹੁੰਦਾ ਹੈ।*

ਜ਼ਿੰਦਗੀ ਦਾ ਗੀਤ, ਜੀਵਨ ਦਾ ਸਿਰਲੇਖ ਹੁੰਦਾ, ਮਸਤਕ 'ਤੇ ਉਕਰੇ ਲੇਖ ਹੁੰਦਾ, ਅੰਤਰੀਵ ਵਿਚ ਰਚਿਆ ਮਨੁੱਖ ਦਾ ਅਸਲੀ ਭੇਖ ਹੁੰਦਾ, ਬਾਹਰੀ ਪੀੜਾ ਦੀ ਹਿੱਕ ਵਿਚ ਖੁੱਭੀ ਮੇਖ ਹੁੰਦਾ ਏ ਅਤੇ ਖੁਸ਼ੀ ਵਿਚ ਮਾਰੀ ਹੇਕ ਹੁੰਦਾ।

ਜ਼ਿੰਦਗੀ ਦਾ ਗੀਤ, ਸਫ਼ਰਾਂ ਦਾ ਮੇਲ ਹੁੰਦਾ, ਹਮਸਫ਼ਰਾਂ ਦੇ ਕਦਮਾਂ ਵਿਚ ਉਗਿਆ ਸੁਮੇਲ ਹੁੰਦਾ, ਅੰਬਰ ਵਿਚ ਉਗੀ ਦੁਮੇਲ ਹੁੰਦਾ, ਦੋ ਰੂਹਾਂ ਦਾ ਸੰਯੋਗੀ ਤੇ ਸੰਦਲੀ ਮੇਲ ਹੁੰਦਾ, ਜੀਵਨ-ਭਾਵਾਂ 'ਤੇ ਪਈ ਤ੍ਰੇਲ ਹੁੰਦਾ ਅਤੇ ਇਸ ਵਿਚੋਂ ਉਗਿਆ ਰੰਗਾਂ ਦਾ ਸੁੰਦਰ ਖੇਲ ਹੁੰਦਾ।

ਜ਼ਿੰਦਗੀ ਦਾ ਗੀਤ, ਜਿਊਣ-ਜੋਗੀਆਂ ਰੂਹਾਂ ਗਾਉਂਦੀਆਂ, ਆਪਣੇ ਪੈਰਾਂ ਵਿਚ ਸਫ਼ਰ ਉਗਾਉਂਦੀਆਂ ਅਤੇ ਮੰਜ਼ਲਾਂ ਦੇ ਸਿਰਨਾਵਿਆਂ ਨੂੰ ਅੰਬਰ ਦੀ ਹਿੱਕ 'ਤੇ ਉਕਰਾਉਂਦੀਆਂ। ਜ਼ਿੰਦਗੀ ਦਾ ਗੀਤ, ਸਿਰਫ਼ ਜਿਊਣ-ਜੋਗੇ ਹੀ ਗਾ ਸਕਦੇ ਕਿਉਂਕਿ ਜਿਊਣ-ਜੋਗੇ ਹੀ ਜ਼ਿੰਦਗੀ ਦੀ ਸਾਰਥਿਕਤਾ, ਸੁੰਦਰਤਾ, ਸਾਦਗੀ, ਸਹਿਜਤਾ ਅਤੇ ਸੁਹਜਤਾ ਦੀ ਗਵਾਹੀ ਭਰਦੇ। ਇਹ ਜ਼ਿੰਦਗੀ ਨੂੰ ਦੁੱਖ, ਦਰਦ, ਗ਼ਮ ਅਤੇ ਹਉਕੇ ਨਹੀਂ ਪਰੋਸਦੇ ਸਗੋਂ ਜੀਵਨ ਦੀ ਝੋਲੀ ਵਿਚ ਸੁਖਨ, ਸਕੂਨ, ਸੰਵੇਦਨਾ ਅਤੇ ਸੰਤੁਸ਼ਟੀ ਦਾ ਵਰਦਾਨ ਪਾਉਂਦੇ।

ਜ਼ਿੰਦਗੀ ਦਾ ਗੀਤ, ਚਿੰਤਨ, ਚੇਤਨਾ ਅਤੇ ਚਿੰਤਨਸ਼ੀਲਤਾ ਦੀ ਗਵਾਹੀ ਹੁੰਦਾ ਕਿਉਂਕਿ ਜਦ ਜ਼ਿੰਦਗੀ ਦਾ ਗੀਤ ਚਿੰਤਾ, ਚਾਹਨਾ, ਚੋਟ, ਚੀਸ 'ਤੇ ਚੰਗਿਆੜੀ ਲਾਉਂਦਾ ਤਾਂ ਉਸ ਵਿਚ ਅਦ੍ਰਿਸ਼ਟ ਸੁਖਨ ਦੇ ਨਜ਼ਾਰੇ ਨਜ਼ਰ ਆਉਂਦੇ।

ਜ਼ਿੰਦਗੀ ਦੇ ਗੀਤ ਦੀਆਂ ਬਹੁਤ ਸਾਰੀਆਂ ਪਰਤਾਂ ਹੁੰਦੀਆਂ। ਇਹ ਕਦੇ ਲੋਕ ਗੀਤ ਬਣਦਾ, ਕਦੇ ਕਵਿਤਾ ਬਣਦਾ, ਕਦੇ ਲੋਕ ਬੋਲੀਆਂ, ਕਦੇ ਰੁਬਾਈ, ਕਦੇ ਚੌਵਰਗਾ ਅਤੇ ਕਦੇ ਕਦੇ ਵਕਤ 'ਤੇ ਲਿਖੀ ਖੁਦ ਦੀ ਇਬਾਰਤ ਵੀ ਹੁੰਦਾ।

ਜ਼ਿੰਦਗੀ ਦਾ ਗੀਤ, ਸਿਰਫ਼ ਕਲਮ ਨਾਲ ਹੀ ਕਾਗਜ਼ 'ਤੇ ਨਹੀਂ ਲਿਖਿਆ ਜਾਂਦਾ। ਸਿਰਫ਼ ਸ਼ਬਦਾਂ ਦੇ ਹਵਾਲੇ ਕਰ ਕੇ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ। ਅਰਥਾਂ ਦੇ ਸੂਰਜ ਉਗਾ ਕੇ ਤੁਸੀਂ ਮੁਨਸਫ਼ ਨਹੀਂ ਬਣ ਸਕਦੇ। ਜ਼ਿੰਦਗੀ ਦੇ ਗੀਤ ਲਈ ਜ਼ਰੂਰੀ ਹੁੰਦਾ ਕਿ ਇਸਨੂੰ ਆਪਣੇ ਹੱਥਾਂ ਦੀਆਂ ਤਲੀਆਂ 'ਤੇ ਉਕਰਾਵੋ ਕਿਉਂਕਿ ਇਨ੍ਹਾਂ ਤਲੀਆਂ 'ਤੇ ਉਗੀ ਹੋਈ ਮਿਹਨਤਕਸ਼ਤਾ ਹੀ ਜ਼ਿੰਦਗੀ ਲਈ ਜਿਊਣ ਦਾ ਆਧਾਰ ਹੁੰਦੀ।

ਜ਼ਿੰਦਗੀ ਦੇ ਗੀਤ ਨੂੰ ਪੈਰਾਂ ਦੇ ਸਫ਼ਰ ਰਾਹੀਂ ਲਿਖਣ ਵਾਲੇ ਉਦਾਸੀਆਂ ਦਾ ਨਾਮਕਰਣ ਹੁੰਦੇ ਜਿਹੜੀਆਂ ਅਜੇਹਾ ਕੀਰਤੀਮਾਨ ਸਿਰਜਦੀਆਂ ਨੇ ਜੋ ਸਿਰਫ਼ ਕੁਝ ਕੁ ਵਿਰਲਿਆਂ ਦਾ ਹੀ ਨਸੀਬ ਹੁੰਦਾ। ਇਹ ਪੈੜਾਂ ਉਨ੍ਹਾਂ ਮੰਜ਼ਲਾਂ ਦੀਆਂ ਥਹੁ ਲੈਂਦੀਆਂ ਜਿਹੜੀਆਂ ਆਮ ਲੋਕਾਂ ਦੀ ਨਜ਼ਰ ਤੋਂ ਓਹਲੇ ਹੁੰਦੀਆਂ। ਅਜੇਹਾ ਜ਼ਿੰਦਗੀ ਦਾ ਗੀਤ ਉਸ ਦਿਸਹੱਦੇ ਨੂੰ ਮੁਖਾਤਬ ਹੁੰਦਾ ਜਿਹੜਾ ਸਾਡੀ ਸੋਚ, ਸੰਵੇਦਨਾ ਅਤੇ ਸਮਝ ਵਿਚ ਅਹੁੜਦਾ, ਸਾਨੂੰ ਵਾਰ ਵਾਰ ਪ੍ਰਾਪਤੀ ਲਈ ਉਤੇਜਿਤ ਕਰਦਾ ਹੈ।

ਜ਼ਿੰਦਗੀ ਦਾ ਗੀਤ ਸਾਨੂੰ ਆਪਣੀਆਂ ਸੋਚਾਂ ਵਿਚ ਜ਼ਰੂਰ ਪੁੰਗਾਰਨਾ ਚਾਹੀਦਾ ਕਿਉਂਕਿ ਸੋਚਾਂ ਵਿਚ ਪਨਪਿਆ ਜ਼ਿੰਦਗੀ ਦਾ ਗੀਤ ਹੀ ਫਿਰ ਹੌਲੀ-ਹੌਲੀ ਬੀਜ ਵਾਂਗ ਫੁੱਟਦਾ ਹੈ, ਮੌਲਦਾ ਹੈ ਅਤੇ ਇਹ ਫੁੱਲ ਅਤੇ ਫ਼ਲ ਅਰਪਿਤ ਕਰ, ਸਾਡੇ ਜੀਵਨ ਦਾ ਸੁਖਨਵਰ ਸਿਰਨਾਵਾਂ ਬਣਦਾ ਹੈ।

ਪਰ ਸਭ ਤੋਂ ਅਹਿਮ ਹੁੰਦਾ ਏ ਜ਼ਿੰਦਗੀ ਦੇ ਗੀਤ ਨੂੰ ਆਪਣੇ ਅੰਤਰੀਵ 'ਚ ਲਿਖਣਾ। ਇਸ ਰਾਹੀਂ ਅੰਤਰੀਵ ਨੂੰ ਮੁਖ਼ਾਤਬ ਹੋਣਾ, ਅੰਤਰੀਵ ਦੀ ਕਾਲਖ਼ ਨੂੰ ਪੂੰਝਣ ਲਈ ਚਾਨਣ ਦਾ ਜਾਗ ਲਾਉਣਾ। ਇਸ ਵਿਚੋਂ ਜ਼ਿੰਦਗੀ ਦੇ ਗੀਤ ਦੀ ਅਜੇਹੀ ਸੁਚੇਤਨਾ ਪ੍ਰਗਟ ਹੋਵੇਗੀ ਕਿ ਇਹ ਜ਼ਿੰਦਗੀ ਦਾ ਗੀਤ ਨਿੱਜ ਤੋਂ ਉਪਰ ਉਠ ਕੇ ਸਮੂਹਿਕ ਬਣ ਕੇ ਸਰਬੱਤ ਦੇ ਭਲੇ ਦੀ ਕਾਮਨਾ ਬਣੇਗਾ।

ਜ਼ਿੰਦਗੀ ਦਾ ਗੀਤ ਸਿਰਫ਼ ਕੁਝ ਕੁ ਲੋਕ ਹੀ ਨਹੀਂ ਗਾਉਂਦੇ ਸਗੋਂ ਜ਼ਿੰਦਗੀ ਦਾ ਗੀਤ ਹਰ ਕੋਈ ਗਾਉਂਦਾ ਏ, ਆਪਣੀ ਸਮਝ, ਸੰਵੇਦਨਾ, ਸਮਰੱਥਾ ਅਤੇ ਸਿਰਜਣਾਤਮਿਕਤਾ ਨਾਲ। ਕੁਝ ਲੋਕ ਜ਼ਿੰਦਗੀ ਦੇ ਗੀਤ ਨੂੰ ਢਲਦੀਆਂ ਤ੍ਰਿਕਾਲਾਂ, ਲੰਮੇ ਹੋ ਰਹੇ ਪ੍ਰਛਾਵੇਂ ਅਤੇ ਟੁੱਟ ਰਹੇ ਸਾਹਾਂ ਦੀ ਆਉਧ ਵੇਲੇ ਉਕਰਦੇ। ਇਸ ਗੀਤ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਪ੍ਰਮਾਣ ਹੁੰਦਾ, ਮਾਣੇ ਹੋਏ ਪਲਾਂ ਦਾ ਵਿਸਥਾਰ ਹੁੰਦਾ, ਮਿਲੇ ਹੋਏ ਸੁਗਮ ਸਾਥਾਂ ਦੀ ਗੱਲ ਹੁੰਦੀ ਅਤੇ ਮਿਲੀ ਹੋਈ ਰਹਿਨੁਮਾਈ ਦਾ ਰਾਗਨਾਮਾ ਤੇ ਪ੍ਰਾਪਤ ਨਿਆਮਤਾਂ ਦਾ ਵਰਣਨ ਵੀ ਹੁੰਦਾ। ਪਰ ਕਦੇ ਕਦੇ ਇਨ੍ਹਾਂ ਗੀਤਾਂ ਵਿਚ ਅਸਫ਼ਲਤਾਵਾਂ ਦਾ ਹੇਰਵਾ ਹੁੰਦਾ, ਵਿੱਛੜ ਗਏ ਦੋਸਤਾਂ ਅਤੇ ਪਿਆਰਿਆਂ ਦਾ ਗ਼ਮ ਹੁੰਦਾ, ਹੰਝੂ, ਹਾਵੇ ਤੇ ਹਿਚਕੀਆਂ ਦੀ ਸਿੱਲੀ ਸਿੱਲੀ ਵਾ ਵੀ ਵਗਦੀ ਏ ਕਿਉਂਕਿ ਸਾਹਾਂ ਦੀ ਤਿੜਕ ਰਹੀ ਡੋਰ ਵਿਚ ਅਸੀਂ ਅਤ੍ਰਿਪਤ ਭਾਵਨਾਵਾਂ, ਅਪੂਰਨ ਆਸਾਂ ਅਤੇ ਅਧੂਰੇ ਸੁਪਨਿਆਂ ਦੀ ਉਸ ਚੀਸ ਨੂੰ ਪਲ-ਪਲ ਹੰਢਾਉਂਦੇ ਹਾਂ ਜਿਸ ਚੀਸ ਵਿਚੋਂ ਲੰਘ ਕੇ ਸਦਾ ਲਈ ਤੁਰ ਜਾਣਾ ਬਹੁਤ ਔਖਾ ਹੁੰਦਾ। ਪਰ ਇਹੀ ਤਾਂ ਸਦੀਵੀ ਸੱਚ ਹੁੰਦਾ ਕਿਉਂਕਿ ਕਿਸੇ ਨੂੰ ਪੂਰਨ ਜਹਾਨ ਨਹੀਂ ਮਿਲਦਾ। ਕੁਝ ਕੁ ਵਿਰਲਾਂ ਅਤੇ ਵਿੱਥਾਂ ਸਭ ਦੀ ਜ਼ਿੰਦਗੀ ਵਿਚ ਰਹਿ ਹੀ ਜਾਂਦੀਆਂ।

ਜ਼ਿੰਦਗੀ ਦੇ ਕੁਝ ਗੀਤ ਸਰਘੀ ਵਰਗੇ ਹੁੰਦੇ ਜਿਨ੍ਹਾਂ ਵਿਚੋਂ ਫੁੱਟਦੀ ਹੈ ਨਿੰਮੀ ਨਿੰਮੀ ਲੋਅ, ਝਰਦਾ ਹੈ ਚਾਨਣ ਦਾ ਜਲੌਅ ਅਤੇ ਰੰਗਾਂ ਦੀ ਇਸ ਆਬਸ਼ਾਰ ਵਿਚ ਫੁੱਲਾਂ 'ਤੇ ਪਈ ਤ੍ਰੇਲ ਮੋਤੀਆਂ ਵਾਂਗ ਡਲਕਦੀ, ਮੰਦ ਮੰਦ ਮੁਸਕਰਾਹਟ ਚਮਨ ਦੇ ਨਾਮ ਕਰ ਜਾਂਦੀ। ਇਸ ਗੀਤ ਵਿਚ ਆਲ੍ਹਣਿਆਂ ਤੋਂ ਉਡ ਰਹੇ ਪੰਛੀਆਂ ਦੀ ਪ੍ਰਵਾਜ਼ ਹੁੰਦੀ, ਸਵੇਰ ਨੂੰ ਖੁਸ਼ਆਮਦੀਦ ਕਹਿਣ ਦਾ ਅੰਦਾਜ਼ ਹੁੰਦਾ ਏ ਅਤੇ ਨਵੇਂ ਦਿਨ ਦਾ ਮੋਹਵੰਤਾ ਆਗਾਜ਼ ਵੀ ਹੁੰਦਾ, ਜਿਸ ਰਾਹੀਂ ਸਾਹ-ਸੁਰੰਗੀ ਨੇ ਜੀਵਨ ਨੂੰ ਨਿਰੰਤਰਤਾ ਬਖਸ਼ਣੀ ਹੁੰਦੀ। ਇਸ ਗੀਤ ਵਿਚ ਸੁਪਨੇ ਅੰਗੜਾਈਆਂ ਭਰਦੇ, ਕਦਮਾਂ ਵਿਚ ਸਫ਼ਰ ਮੌਲਦਾ ਅਤੇ ਅਸੀਂ ਅੰਬਰਾਂ ਨੂੰ ਛੂਹਣ ਅਤੇ ਇਸਨੂੰ ਕਲਾਵੇ ਵਿਚ ਲੈਣ ਲਈ ਹੰਭਲਾ ਮਾਰਦੇ ਹਾਂ। ਇਹ ਹੰਭਲਾ ਹੀ ਸਾਡੀ ਜ਼ਿੰਦਗੀ ਦਾ ਹੌਸਲਾ ਤੇ ਹੱਠ ਭਰਪੂਰ ਆਰੰਭਕ ਪੜਾਅ ਹੁੰਦਾ ਜਿਸਨੇ ਸਾਨੂੰ ਨਵੀਆਂ ਰਹਿਮਤਾਂ ਨਾਲ ਨਿਵਾਜਣਾ ਹੁੰਦਾ।

ਜ਼ਿੰਦਗੀ ਦਾ ਗੀਤ ਅਸੀਂ ਤਿੱਖੜ ਦੁਪਹਿਰਾਂ ਨੂੰ ਵੀ ਗਾਉਂਦੇ ਜਦੋਂ ਸੂਰਜ ਸਿਰ 'ਤੇ ਹੁੰਦਾ ਹੈ, ਧੁੱਪ ਤਿਖੇਰੀ ਹੁੰਦੀ ਹੈ ਜੋ ਅੰਦਰਲੇ ਸੇਕ ਨਾਲ ਰਲ ਕੇ ਤੁਹਾਨੂੰ ਪਿਘਲਾਉਂਦੀ ਅਤੇ ਸਾਡੀਆਂ ਭਾਵਨਾਵਾਂ ਨੂੰ ਉਤੇਜਿਤ ਕਰਦੀ ਹੈ। ਅਸੀਂ ਆਪਣੇ ਮਨਾਂ ਵਿਚ ਉਠੀਆਂ ਚਾਅ-ਤਰੰਗਾਂ ਨੂੰ ਹਮਜੋਲੀਆਂ ਨਾਲ ਸਾਂਝਾ ਕਰਦੇ ਹਾਂ। ਜੀਵਨ ਦੀ ਖੁਸ਼ਗਵਾਰਤਾ ਦੌਰਾਨ ਸੁਗੰਧਤ ਸਾਹਾਂ ਅਤੇ ਸੰਦਲੀ ਰਾਹਾਂ ਦਾ ਸੰਗ ਮਾਣਦੇ ਹਾਂ। ਅਜਿਹੇ ਗੀਤ ਵਿਚ ਘੁਲ-ਮਿਲ ਜਾਂਦੇ ਨੇ ਇਕ ਦੂਜੇ ਦੇ ਰਾਹ, ਸਾਹ, ਉਮਾਹ ਤੇ ਉਤਸ਼ਾਹ, ਇਕ ਦੂਜੇ ਦੇ ਰੰਗ, ਢੰਗ ਅਤੇ ਉਮੰਗ। ਇਕ ਦੂਜੇ ਵਿਚ ਸਮਾਏ ਹੀ ਜੀਵਨ ਦੇ ਇਲਾਹੀ ਵਿਸਮਾਦ ਅਤੇ ਅਨਾਦ ਅਨੰਨਤਾ ਦੇ ਆਲਮ ਵਿਚ ਵਿਚਰਦੇ ਹਾਂ। ਜ਼ਿੰਦਗੀ ਬਹੁਤ ਪਿਆਰੀ ਅਤੇ ਨਿਆਰੀ ਲੱਗਦੀ ਹੈ। ਤਿੱਖੜ ਦੁਪਹਿਰਾਂ ਵਰਗੇ ਇਹ ਪਲ ਹਰੇਕ ਦੇ ਜੀਵਨ ਦਾ ਹਿੱਸਾ ਹੁੰਦੇ। ਹਰ ਕੋਈ ਚਾਹੁੰਦਾ ਕਿ ਅਜੇਹੇ ਪਲ ਵਾਰ-ਵਾਰ ਆਪਣੇ ਪਿਆਰਿਆਂ ਦੀ ਸੰਗਤਾ ਵਿਚ ਮਾਣੇ ਜਾਣ। ਇਕ ਦੂਜੇ ਨੂੰ ਸੋਚਾਂ, ਸਾਹਾਂ ਅਤੇ ਸੰਵੇਦਨਾ ਵਿਚ ਵਸਾਈਏ। ਜ਼ਿੰਦਗੀ ਦਾ ਅਜੇਹਾ ਗੀਤ ਬੁੱਲਾਂ 'ਚ ਗੁਣਗੁਣਾਈਏ ਕਿ ਜ਼ਿੰਦਗੀ ਦੇ ਗੀਤ ਨੂੰ ਆਪਣੀ ਹੋਂਦ, ਹਸਤੀ ਅਤੇ ਹਾਸਲਤਾ 'ਤੇ ਨਾਜ਼ ਹੋਵੇ। ਇਹ ਗੀਤ ਭਾਵੇਂ ਹਰ ਕੋਈ ਗਾਉਣਾ ਲੋਚਦਾ ਪਰ ਬਹੁਤ ਵਿਰਲੇ ਹੁੰਦੇ ਜਿਨ੍ਹਾਂ ਨੂੰ ਅਜਿਹੇ ਗੀਤ ਗਾਉਣ ਦਾ ਮੌਕਾ ਮਿਲਦਾ ਹੈ। ਇਸ ਨਾਲ ਉਨ੍ਹਾਂ ਦਾ ਜੀਵਨ-ਸਫ਼ਰ ਬਹੁਤ ਹੀ ਸੁਖਾਵਾਂ, ਸੁਖਨਵਰ, ਸੰਤੁਸ਼ਟ ਤੇ ਸੰਤੋਖੀ ਹੁੰਦਾ। ਇਸ ਨਾਲ ਜੀਵਨ ਨੂੰ ਮਿਲਦਾ ਹੈ ਨਵੀਆਂ ਸੰਭਾਵਨਾਵਾਂ, ਸੁਪਨਿਆਂ ਅਤੇ ਸਾਂਝਾਂ ਦਾ ਸੰਗਮ ਜਿਸਦੀ ਚਾਹਨਾ ਹਰ ਮਨੁੱਖ ਕਰਦਾ ਹੈ।

ਜ਼ਿੰਦਗੀ ਦਾ ਗੀਤ ਗਾਉਣ ਲਈ ਜ਼ਰੂਰੀ ਹੁੰਦਾ ਹੈ ਕਿ ਅਸੀਂ ਜ਼ਿੰਦਗੀਆਂ ਦੀਆਂ ਬਹੁਪਰਤਾਂ ਨੂੰ ਸਮਝੀਏ ਅਤੇ ਸਲਾਹੀਏ। ਰੌਸ਼ਨ ਪਰਤਾਂ ਦੀ ਕਸਮ ਖਾ ਕੇ, ਇਨ੍ਹਾਂ ਦੀ ਨਿਰੰਤਰਤਾ, ਨੇਕਨੀਤੀ ਅਤੇ ਨਿਰਮਲਤਾ ਦਾ ਸਿਰਲੇਖ ਬਣੀਏ।

ਜ਼ਿੰਦਗੀ ਦਾ ਗੀਤ ਸਿਰਫ਼ ਤੇ ਸਿਰਫ਼ ਅਸੀਂ ਹੀ ਨਹੀਂ ਗਾਉਂਦੇ। ਜ਼ਿੰਦਗੀ ਦਾ ਗੀਤ ਤਾਂ ਬਿਰਖ਼ ਵੀ ਗਾਉਂਦੇ ਜਦ ਰੁਮਕਦੀ ਹੋਈ ਪੌਣ ਪੱਤਿਆਂ ਵਿਚੋਂ ਸਰੋਦੀ ਧੁਨਾਂ ਪੈਦਾ ਕਰ ਫ਼ਿਜ਼ਾ ਨੂੰ ਰੁਮਕਣ ਲਾਉਂਦੀ। ਜਦ ਹਿਲੋਰੇ ਲੈਂਦੇ ਰੁੱਖ ਇਕ ਦੂਜੇ ਨਾਲ ਗਲਵਕੜੀ ਪਾਉਂਦੇ, ਇਕ ਬਿਰਖ ਦੇ ਫੁੱਲਾਂ ਤੋਂ ਉਡ ਕੇ ਭੌਰੇ ਤੇ ਤਿਤਲੀਆਂ ਦੂਸਰੇ ਬਿਰਖ 'ਤੇ ਜਾ ਕੇ ਰਾਗ ਛੋਂਹਦੇ ਨੇ ਅਤੇ ਉਸਨੂੰ ਪਹਿਲੇ ਬਿਰਖ਼ ਦਾ ਸੁਨੇਹੇ ਪਹੁੰਚਾਉਂਦੇ। ਇਹੀ ਸੁਨੇਹਾ ਮੁਹੱਬਤ ਦਾ ਪੈਗ਼ਾਮ ਬਣ ਕੇ ਜ਼ਿੰਦਗੀ ਦਾ ਮਾਰਗ-ਦਰਸ਼ਨ ਕਰਦਾ ਹੈ।



ਜ਼ਿੰਦਗੀ ਦਾ ਗੀਤ ਤਾਂ ਦਰਿਆ ਵੀ ਗਾਉਂਦੇ। ਇਹ ਵਗਦੇ ਪਾਣੀ, ਇਨ੍ਹਾਂ 'ਚੋਂ ਉਠੀਆਂ ਲਹਿਰਾਂ ਹੀ ਜ਼ਿੰਦਗੀ ਦੇ ਸਾਹਾਂ ਦੀ ਤਰਜ਼ਮਾਨੀ ਕਰਦੀਆਂ। ਇਨ੍ਹਾਂ ਦਰਿਆਵਾਂ ਤੋਂ ਬਗੈਰ ਕੁਦਰਤ ਨੂੰ ਕਿਹੜਾ ਸਰੂਪ ਦੇਵੋਗੇ? ਮਨੁੱਖ ਕਿਵੇਂ ਜੀਵੰਤ ਰਹਿ ਸਕਦਾ ਹੈ? ਜੀਵ-ਸੰਸਾਰ ਆਪਣੀ ਜੀਵਨ-ਲੀਲਾ ਨੂੰ ਕਿਵੇਂ ਸੰਤੁਲਿਤ ਰੱਖ ਸਕਦਾ ਹੈ? ਦਰਿਆ ਜਿਉਂਦੇ ਨੇ ਤਾਂ ਮਨੁੱਖ ਜਿਉਂਦਾ ਹੈ, ਕੁਦਰਤ ਜਿਊਂਦੀ ਹੈ ਅਤੇ ਕੁਦਰਤ ਦੇ ਨਾਲ ਹੀ ਜਿਊਂਦਾ ਹੈ ਸਾਡੇ ਆਲੇ-ਦੁਆਲੇ ਦਾ ਅਨੰਤ ਪਸਾਰਾ। ਪਰ ਕਦੇ ਕਦੇ ਦਰਿਆ ਦੇ ਗੀਤਾਂ ਵਿਚ ਪੀੜਾ ਦਾ ਪਹਿਰਾ ਵੀ ਹੁੰਦਾ ਜਦ ਦਰਿਆ ਦੀ ਹਿੱਕ ਵਿਚ ਬਰੇਤੇ ਉਗਦੇ ਜਾਂ ਇਸਦੇ ਪੁਨੀਤ ਪਾਣੀਆਂ ਨੂੰ ਪਾਲੀਤੀ ਹੰਢਾਉਣੀ ਪੈਂਦੀ ਹੈ।

ਜ਼ਿੰਦਗੀ ਦਾ ਗੀਤ 'ਵਾ ਵੀ ਗਾਉਂਦੀ ਹੈ। ਇਹ 'ਵਾ ਕਦੇ ਰੁਮਕਦੀ ਹੈ, ਕਦੇ ਵਾ-ਵਰੋਲੇ ਬਣਦੀ, ਕਦੇ ਪੱਛੋਂ ਦੀਆਂ ਕਣੀਆਂ ਦਾ ਰੂਪ ਧਾਰਦੀ ਅਤੇ ਕਦੇ ਪੂਰੇ ਦੀ ਪੌਣ ਬਣ ਕੇ ਬਰਸਾਤਾਂ ਦਾ ਅਲਹਾਮ ਹੁੰਦੀ ਹੈ। ਕਦੇ ਕਦੇ ਝੱਖੜ ਬਣ ਕੇ ਸਾਡੀਆਂ ਕੁਤਾਹੀਆਂ ਅਤੇ ਕਮੀਨਗੀਆਂ ਨੂੰ ਉਖਾੜ ਵੀ ਦਿੰਦੀ ਹੈ। ਇਹ 'ਵਾ ਹੀ ਹੈ ਜਿਸ ਸਦਕਾ ਧੜਕਦਾ ਹੈ ਸਾਹਾਂ ਦਾ ਸਾਜ਼ ਜੋ ਬੁੱਤ ਨੂੰ ਧੜਕਣ ਦਾ ਨਾਮ ਦੇ ਕੇ, ਉਸਨੂੰ ਜ਼ਿੰਦਗੀ ਦਾ ਨਾਮ ਦਿੰਦਾ ਹੈ।

ਜ਼ਿੰਦਗੀ ਦਾ ਗੀਤ ਸਭ ਤੋਂ ਪਿਆਰਾ ਉਹ ਹੁੰਦਾ ਜਦ ਅਸੀਂ ਮੂਕ ਹੁੰਦਿਆਂ ਵੀ ਇਕ ਦੂਜੇ ਨੂੰ ਦੀਦਿਆਂ ਰਾਹੀਂ ਪੜ੍ਹਦੇ ਹਾਂ। ਇਕ ਦੂਜੇ ਲਈ ਸੁਪਨਿਆਂ ਦੀ ਸਿਰਜਣਾ ਕਰਦੇ ਹਾਂ ਅਤੇ ਇਸਦੀ ਤਾਮੀਰਦਾਰੀ ਨੂੰ ਪਹਿਲ ਬਣਾਉਂਦੇ ਹਾਂ। ਇਕ ਦੂਜੇ ਲਈ ਧੁੱਪ ਵੀ ਬਣਦੇ ਹਾਂ ਅਤੇ ਛਾਂ ਵੀ। ਕਦੇ ਇਕ ਦੂਜੇ ਲਈ ਅੰਬਰ ਵੀ ਬਣਦੇ ਹਾਂ ਅਤੇ ਧਰਤ ਵੀ।

ਇਹ ਜ਼ਿੰਦਗੀ ਦਾ ਗੀਤ ਹੀ ਹੁੰਦਾ ਹੈ ਜੋ ਜ਼ਿੰਦਗੀ ਨੂੰ ਨਵਾਂ ਮੁਹਾਂਦਰਾ ਅਤੇ ਨਵੀਨ ਮੌਲਕਤਾ ਰਾਹੀਂ ਸਾਨੂੰ ਮੁਖਾਤਬ ਹੁੰਦਾ ਅਤੇ ਫਿਰ ਇਹ ਬਣ ਜਾਂਦਾ ਸੰਸਾਰਕ ਵਿਸਥਾਰ ਦਾ ਇਕ ਰੂਪ।

ਕਦੇ ਪਸ਼ੂਆਂ ਤੇ ਪਰਿੰਦਿਆਂ ਨੂੰ ਜ਼ਿੰਦਗੀ ਦੇ ਗੀਤ ਗਾਉਂਦੇ ਸੁਣਨਾ। ਤੁਹਾਨੂੰ ਪਤਾ ਲਗੇਗਾ ਕਿ ਹਰੇਕ ਧੜਕਣ ਵਿਚ ਹੀ ਜ਼ਿੰਦਗੀ ਦਾ ਗੀਤ ਹੁੰਦਾ ਹੈ। ਆਲ੍ਹਣਿਆਂ ਵਿਚਲੇ ਬੋਟਾਂ ਦਾ ਚੁਲਬੁਲਾਪਣ ਵੀ ਤਾਂ ਜ਼ਿੰਦਗੀ ਦਾ ਗੀਤ ਹੀ ਹੈ। ਇਨ੍ਹਾਂ ਬੋਟਾਂ ਦੀਆਂ ਨਿੱਕੀਆਂ ਨਿੱਕੀਆਂ ਉਡਾਰੀਆਂ ਹੀ ਬਿਰਖ਼ਾਂ ਨੂੰ ਜਿਊਣ-ਜੋਗਾ ਕਰ ਦਿੰਦੀਆਂ ਨੇ।

ਜ਼ਿੰਦਗੀ ਦਾ ਗੀਤ ਤਾਂ ਸੁੰਨ-ਸਮਾਧੀ ਵਿਚ ਲੀਨ ਹੋਏ ਜੋਗੀਆਂ ਵਰਗੇ ਪਹਾੜ ਵੀ ਗਾਉਂਦੇ ਨੇ। ਫੱਕਰਾਂ ਜੇਹੇ ਪਹਾੜ ਆਪਣੀ ਪਾਕੀਜ਼ਗੀ, ਪੈਗੰਬਰੀ ਅਤੇ ਪਹਿਰੇਦਾਰੀ ਦਾ ਹੋਕਰਾ ਦਿੰਦੇ। ਇਹ ਚਾਹੁੰਦੇ ਕਿ ਮਨੁੱਖ ਇਸਦੀ ਆਬੋ ਹਵਾ ਨੂੰ ਮਾਣੇ। ਇਸਦੀ ਕੀਰਤੀ ਨੂੰ ਆਪਣਾ ਜੀਵਨ-ਕਰਮ ਬਣਾਵੇ ਅਤੇ ਮੇਰੇ ਕੋਲ ਆ ਕੇ, ਮਨੁੱਖ ਦੁਨਿਆਵੀ ਭਟਕਣ ਤੋਂ ਦੂਰ ਜਾ ਕੇ ਆਪਣੇ ਅੰਦਰ ਨੂੰ ਪੜ੍ਹੇ।

ਦੂਰ-ਦੂਰ ਤੀਕ ਫੈਲੇ ਹੋਏ ਜੰਗਲ ਵੀ ਤਾਂ ਜ਼ਿੰਦਗੀ ਦਾ ਸੁੱਚਾ ਗੀਤ ਨੇ। ਧਰਤ ਨੂੰ ਹਰਿਆ-ਭਰਿਆ ਕਰ ਧਰਤ ਨੂੰ ਭਾਗ ਲਾਉਂਦੇ ਅਤੇ ਮਨੁੱਖ ਦੀ ਸਦੀਵਤਾ ਨੂੰ ਆਪਣੀ ਕਰਮ-ਚੇਤਨਾ ਬਣਾਉਂਦੇ ਨੇ। ਜ਼ਿੰਦਗੀ ਦਾ ਗੀਤ ਤਾਂ ਕਦੇ ਕਦੇ ਮਾਰੂਥਲ ਦੇ ਪਿੰਡੇ 'ਤੇ ਪਈਆਂ ਰੇਤ ਦੀਆਂ ਲਹਿਰਾਂ 'ਤੇ ਵੀ ਉਕਰਿਆ ਹੁੰਦਾ ਜੋ ਜੀਵਨ ਲਈ ਅਰਦਾਸ ਕਰਦਾ ਹੈ। ਤਾਂ ਹੀ ਕਦੇ ਕਦਾਈਂ ਜਦ ਅਰਦਾਸ ਕਬੂਲ ਹੁੰਦੀ ਤਾਂ ਥੋਹਰ 'ਤੇ ਵੀ ਫੁੱਲ ਖਿੜਦੇ ਨੇ।

ਦਰਅਸਲ
ਜ਼ਿੰਦਗੀ ਦਾ ਗੀਤ
ਪਾਵੇ ਝੋਲੀ ਵਿਚ ਦਾਤਾਂ
ਸੁੱਚੇ ਸਾਹ ਦੀਆਂ ਸੁਗਾਤਾਂ
ਤੇ ਰੁਸ਼ਨਾਵੇ ਕਾਲੀਆਂ ਰਾਤਾਂ
ਜ਼ਿੰਦਗੀ ਦਾ ਗੀਤ
ਖ਼ੈਰ ਪਾਵੇ ਸਾਨੂੰ ਆਸ
ਫੈਲੇ ਮੁੱਖ 'ਤੇ ਹੁਲਾਸ
ਤੇ ਬਣੇ ਜਿਊਣ ਅਰਦਾਸ
ਜ਼ਿੰਦਗੀ ਦਾ ਗੀਤ
ਹੋਵੇ ਸਰਘੀ ਦੀ ਲੋਅ
ਦੱਸੇ ਤਾਰਿਆਂ ਦੀ ਸੋਅ
ਮਨ ਵਿਚ ਮਿਲਣੇ ਦੀ ਖ਼ੋਅ
ਜ਼ਿੰਦਗੀ ਦਾ ਗੀਤ
ਦੇਵੇ ਸੁਪਨਿਆਂ ਨੂੰ ਪਰਵਾਜ਼
ਬਖ਼ਸ਼ੇ ਜਿਉਣ ਦਾ ਅੰਦਾਜ਼
ਜਿਸ 'ਤੇ ਬੰਦਾ ਕਰੇ ਨਾਜ਼
ਜ਼ਿੰਦਗੀ ਦਾ ਗੀਤ
ਮੌਲੀ ਫਸਲ ਦੀ ਹੇਕ
ਹੁੰਦਾ ਧੁੱਪ ਵਿਚਲਾ ਸੇਕ
ਮਾਣੇ ਜਿਸਨੂੰ ਹਰੇਕ
ਜ਼ਿੰਦਗੀ ਦਾ ਗੀਤ
ਸਦਾ ਬੋਲਾਂ 'ਚ ਰਮਾਵੇ
ਜੂਨੇ ਸ਼ਬਦਾਂ ਦੀ ਆਵੇ
ਤੇ ਦੀਵੇ ਅਰਥੀਂ ਜਗਾਵੇ
ਜ਼ਿੰਦਗੀ ਦਾ ਗੀਤ
ਸਦਾ ਯੁੱਗਾਂ ਦੀ ਕਹਾਣੀ
ਅਸਾਂ ਸੁਣੀ ਤੇ ਸੁਣਾਣੀ
ਜਿਹੜੀ ਸਭ ਨੇ ਹੈ ਮਾਣੀ
ਜ਼ਿੰਦਗੀ ਦਾ ਗੀਤ
ਬੀਬਾ ਰੂਹ ਨਾਲ ਗਾਵੋ
ਰੁੱਸੇ ਆਪੇ ਨੂੰ ਮਨਾਵੋ
ਤੇ ਨਿੱਤ ਮਹਿਫ਼ਲਾਂ ਸਜਾਵੋ
ਜ਼ਿੰਦਗੀ ਦਾ ਗੀਤ
ਰਿਹਾ ਔਕੜਾਂ ਦਾ ਹੱਲ
ਸਾਡਾ ਅੱਜ ਅਤੇ ਕੱਲ੍ਹ
ਯੁੱਗ ਜਿਊਣ ਦੀ ਏ ਗੱਲ।

ਕਦੇ ਖੇਤਾਂ ਵਿਚ ਹਲ ਵਾਹੁੰਦਿਆਂ, ਖੂਹ 'ਤੇ ਖ਼ਰਾਸ ਤੇ ਜੋਗ ਨੂੰ ਹੱਕਦਿਆਂ ਜਾਂ ਫ਼ਲੇ ਵਾਹੁੰਦਿਆਂ, ਬਜ਼ੁਰਗਾਂ ਨੂੰ ਜ਼ਿੰਦਗੀ ਦੇ ਗੀਤ ਗਾਉਂਦਿਆਂ ਨੂੰ ਯਾਦ ਕਰਨਾ। ਤੁਹਾਨੂੰ ਪਤਾ ਲੱਗੇਗਾ ਕਿ ਜ਼ਿੰਦਗੀ ਦਾ ਸੁੱਚਮ ਕੀ ਹੁੰਦਾ? ਕਿਸ ਤਰ੍ਹਾਂ ਮਿਹਨਤ ਅਤੇ ਮੁਸ਼ੱਕਤ ਦੇ ਮੁੜਕੇ ਵਿਚ ਜੀਵਨ ਦੀਆਂ ਅਸੀਮ ਖੁਸ਼ੀਆਂ ਅਤੇ ਕੁਦਰਤ ਦੀਆਂ ਅਨਾਇਤਾਂ ਨੂੰ ਮਾਣਿਆ ਜਾ ਸਕਦਾ ਹੈ? ਜ਼ਿੰਦਗੀ ਨੂੰ ਆਪਣੇ ਹੀ ਰੰਗ-ਢੰਗ ਵਿਚ ਜੀਵਿਆ ਜਾ ਸਕਦਾ ਅਤੇ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਖੁਦ ਹੀ ਜਿਊਣ ਜੋਗੀ ਕੀਤਾ ਜਾ ਸਕਦਾ।

ਸਾਡੀ ਪੀੜ੍ਹੀ ਨੂੰ ਤਾਂ ਯਾਦ ਹੀ ਹੋਵੇਗਾ ਜਦੋਂ ਅੰਮ੍ਰਿਤ ਵੇਲੇ ਗਲੀਆਂ ਵਿਚ ਸੁੱਤੀ ਲੋਕਾਈ ਨੂੰ ਜਗਾਉਂਦੀਆਂ ਸਨ ਗਲੀਆਂ ਵਿਚ ਫਿਰਦੇ ਫਕੀਰਾਂ ਦੀਆਂ ਅਨਹੱਦੀ ਹੇਕਾਂ। ਘਰ ਦਾ ਹਰ ਜੀਅ ਰੱਬ ਦੀ ਸ਼ੁਕਰਗੁਜ਼ਾਰੀ ਵਿਚ ਰਾਤ ਬੀਤਣ ਅਤੇ ਦਿਨ ਨੂੰ ਖੁਸ਼ਆਮਦੀਦ ਕਹਿੰਦਿਆਂ, ਕੁਦਰਤ ਦੀਆਂ ਰਹਿਮਤਾਂ ਅਤੇ ਬਰਕਤਾਂ ਵਿਚੋਂ ਹੀ ਆਪਣੀ ਜੀਵਨ-ਜਾਚ ਨੂੰ ਕਿਆਸਦੇ ਸਨ।

ਜ਼ਿੰਦਗੀ ਦੇ ਗੀਤ ਤਾਂ ਧਾਰਮਿਕ ਗ੍ਰੰਥਾਂ, ਪੁਰਾਤਨ ਇਤਿਹਾਸ, ਅਮੀਰ ਵਿਰਾਸਤ ਅਤੇ ਸਾਂਭਣਯੋਗ ਕਿਰਤਾਂ ਵਿਚ ਗੁਣਗੁਣਾਉਂਦੇ ਹਨ ਅਤੇ ਸਾਨੂੰ ਸੈਨਤਾਂ ਨਾਲ ਬੁਲਾਉਂਦੇ ਹਨ। ਪਰ ਅਸੀਂ ਹੀ ਇਨ੍ਹਾਂ ਨੂੰ ਸੁਣਨ ਤੋਂ ਆਕੀ ਹਾਂ। ਇਹ ਅਣਭੋਲ ਨਾਬਰਤਾ ਹੀ ਸਾਡੇ ਲਈ ਅਲਾਮਤਾਂ ਦਾ ਸਬੱਬ ਬਣਦੀ ਹੈ। ਲੋੜ ਹੈ ਕਿ ਅਸੀਂ ਇਸ ਗੀਤ ਨੂੰ ਸੁਣ ਕੇ ਇਸਦੇ ਰੌਸ਼ਨ ਪੱਖਾਂ ਰਾਹੀਂ ਜ਼ਿੰਦਗੀ ਨੂੰ ਹੋਰ ਉਜਵਲ ਕਰੀਏ। ਇਹ ਸਾਡੇ ਪਿੱਤਰਾਂ ਦੀਆਂ ਸੁਮੱਤਾਂ ਅਤੇ ਸਿਆਣਪਾਂ ਨਾਲ ਭਰੇ ਹੋਏ ਨੇ ਜੋ ਸਿਰਫ਼ ਸਾਡੇ ਲਈ ਹੀ ਇਹ ਅਨਮੋਲ ਖ਼ਜਾਨਾ ਛੱਡ ਗਏ ਨੇ।

ਜ਼ਿੰਦਗੀ ਦਾ ਗੀਤ ਹੀ ਜ਼ਿੰਦਗੀ ਦੀ ਗਵਾਹੀ ਹੁੰਦਾ ਅਤੇ ਅਸੀਂ ਖੁਦ-ਬ-ਖੁਦ ਇਸ ਗਵਾਹੀ ਦੇ ਚਸ਼ਮਦੀਦ ਹੁੰਦੇ ਹਾਂ। ਜ਼ਿੰਦਗੀ ਦਾ ਗੀਤ ਜੀਅ ਭਰ ਕੇ ਗਾਵੋ ਪਰ ਇਹ ਸਦਾ ਗੀਤ ਹੀ ਹੋਣਾ ਚਾਹੀਦਾ ਹੈ। ਇਸ ਨੂੰ ਕਦੇ ਵੀ ਅਲਾਹੁਣੀਆਂ, ਵਿਰਲਾਪਾਂ ਜਾਂ ਵੈਣਾਂ ਦਾ ਰੂਪ ਨਾ ਦਿਓ। ਜ਼ਿੰਦਗੀ ਦਾ ਗੀਤ ਤਾਂ ਤੁਹਾਡੇ ਲਈ ਅਤੇ ਤੁਹਾਡੇ ਆਪਣਿਆਂ ਲਈ ਵਰਦਾਨ ਦਾ ਨਗ਼ਮਾ ਹੈ। ਜ਼ਿੰਦਗੀ ਦਾ ਗੀਤ ਤਾਂ ਜ਼ਿੰਦਗੀ ਦੇ ਜਸ਼ਨਾਂ ਦਾ ਗੀਤ ਹੈ। ਜ਼ਿੰਦਗੀ ਦੇ ਜਸ਼ਨ ਮਨਾਉਂਦਿਆਂ ਹੀ ਇਸ ਤੋਂ ਰੁਖ਼ਸਤ ਹੋਣਾ, ਜ਼ਿੰਦਗੀ ਦਾ ਸੁੱਚਮ ਹੁੰਦਾ ਹੈ। ਇਸ ਲਈ ਜ਼ਿੰਦਗੀ ਦਾ ਗੀਤ ਸਦਾ ਗਾਉਂਦੇ ਰਹੋ।

# ਜੰਗਲਾਂ ਦੀ ਤਬਾਹੀ ਮਨੁੱਖ ਲਈ ਬਹੁਤ ਮਹਿੰਗੀ ਪਵੇਗੀ

***ਮਨੁੱਖ ਹਰ ਹਰਬਾ ਵਰਤ ਕੇ ਦੌਲਤ ਲਈ ਹਾਬੜਿਆ ਹੋਇਆ ਹੈ। ਦੁਨਿਆਵੀ ਪਦਾਰਥ ਇਕੱਠੇ ਕਰਨ ਦੀ ਹਵਸ ਕਾਰਨ ਮਨੁੱਖ ਆਪਣੇ ਕੁਦਰਤੀ ਵਸੀਲੇ ਲਗਾਤਾਰ ਨਸ਼ਟ ਕਰ ਰਿਹਾ ਹੈ। ਮੋਟਰ-ਗੱਡੀਆਂ, ਹਵਾਈ ਜਹਾਜ਼ਾਂ, ਰਾਕਟਾਂ, ਮਿਜ਼ਾਈਲਾਂ, ਕਾਰਖਾਨਿਆਂ, ਫੈਕਟਰੀਆਂ ਤੋਂ ਇਲਾਵਾ ਖੇਤੀ ਦੀ ਰਹਿੰਦ-ਖੂੰਹਦ ਸਾੜਨ ਤੋਂ ਪੈਦਾ ਹੋਏ ਜ਼ਹਿਰੀਲੇ ਧੂੰਏ ਨੇ ਵਾਤਾਵਰਨ ਪਲੀਤ ਕਰ ਦਿੱਤਾ ਹੈ। ਖਪਤ ਵਧਣ ਨਾਲ ਫੈਕਟਰੀਆਂ ਕਾਰਖਾਨੇ ਵਧ ਰਹੇ ਹਨ। ਦਰਿਆਵਾਂ, ਨਦੀਆਂ ਦੇ ਪਾਣੀਆਂ ਦੀ ਨਿਰਮਲਤਾ ਖਤਮ ਹੋ ਗਈ ਹੈ।...***

ਰੁੱਖ ਨਾਲ ਮਨੁੱਖ ਦੀ ਸਾਂਝ ਸਦੀਆਂ ਪੁਰਾਣੀ ਹੈ। ਸਾਡੇ ਵਡ-ਵਡੇਰੇ ਜੋ ਝੁੰਡਾਂ ਦੀ ਸ਼ਕਲ ਵਿਚ ਧਰਤੀ 'ਤੇ ਵਿਚਰਦੇ ਸਨ, ਨੂੰ ਸਭ ਤੋਂ ਵੱਡਾ ਆਸਰਾ ਰੁੱਖਾਂ ਨੇ ਦਿੱਤਾ। ਰੁੱਖਾਂ ਬਗੈਰ ਮਨੁੱਖੀ ਵਿਕਾਸ ਸੰਭਵ ਨਹੀਂ ਸੀ। ਰੁੱਖਾਂ ਨਾਲ ਧਰਤੀ 'ਤੇ ਹਰਿਆਲੀ ਹੈ, ਖੁਸ਼ਹਾਲੀ ਹੈ। ਆਦਿ ਕਾਲ ਦਾ ਮਨੁੱਖ ਜਦੋਂ ਕਿਸੇ ਜੰਗਲੀ ਜਾਨਵਰ ਤੋਂ ਬਚਾ ਲਈ ਦੌੜਦਾ ਸੀ ਤਾਂ ਉਸ ਦਾ ਸਭ ਤੋਂ ਵੱਡਾ ਆਸਰਾ ਕੋਈ ਉੱਚਾ ਵਿਸ਼ਾਲ ਰੁੱਖ ਹੁੰਦਾ ਸੀ। ਪੰਜਾਬ ਵਿਚ ਪੰਜ ਦਹਾਕੇ ਪਹਿਲਾਂ ਜੇ ਘਰ ਵਿਚ ਕੋਈ ਕਾਰਜ ਹੁੰਦਾ ਸੀ ਜਾਂ ਕੋਈ ਨਵੀਂ ਛਤੌਤ ਕਰਨੀ ਹੁੰਦੀ ਸੀ ਤਾਂ ਰੁੱਖਾਂ ਦਾ ਆਸਰਾ ਲੱਭਿਆ ਜਾਂਦਾ ਸੀ ਪਰ ਹੁਣ ਅਸੀਂ ਸਮਝ ਲਿਆ ਹੈ ਕਿ ਰੁੱਖਾਂ ਨਾਲ ਸਾਡੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ; ਇਸ ਲਈ ਸੜਕਾਂ, ਰਾਹਾਂ, ਵੱਟਾਂ, ਬੰਨਿਆਂ, ਬੰਬੀਆਂ ਤੋਂ ਰੁੱਖਾਂ ਦਾ ਵਢਾਂਗਾ ਕਰ ਦਿੱਤਾ ਜਦਕਿ ਇਸ ਤੋਂ ਉਲਟ ਫਸਲਾਂ ਦੀ ਸਹੀ ਪੈਦਾਵਾਰ ਅਤੇ ਗੁਣਵਤਾ ਲਈ ਰੁੱਖ ਜ਼ਰੂਰੀ ਹਨ। ਰੁੱਖਾਂ 'ਤੇ ਪਰਿੰਦੇ ਰਹਿੰਦੇ ਹਨ, ਆਲ੍ਹਣੇ ਪਾਉਂਦੇ ਹਨ। ਇਹ ਫਸਲਾਂ ਨੂੰ ਕੀਟਾਂ ਤੋਂ



**ਗੁਰਚਰਨ ਸਿੰਘ ਨੂਰਪੁਰ**
ਫੋਨ: +91-98550-51099

ਬਚਾਉਣ ਲਈ ਵੱਡੀ ਭੂਮਿਕਾ ਨਿਭਾਉਂਦੇ ਹਨ। ਇਹੋ ਪੰਛੀ ਰੁੱਖਾਂ ਦੇ ਫਲ ਬੀਜ ਵੀ ਖਾਂਦੇ ਹਨ। ਇੱਕ ਜਗ੍ਹਾ ਤੋਂ ਦੂਜੇ ਜਗ੍ਹਾ ਬੀਜ ਲਿਜਾਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਨਵੀਆਂ ਥਾਵਾਂ ਉੱਤੇ ਹੋਰ ਰੁੱਖ ਪੈਦਾ ਕਰਨ ਲਈ ਕੁਦਰਤ ਪ੍ਰਤੀ ਆਪਣਾ ਬਣਦਾ ਫਰਜ਼ ਅਦਾ ਕਰਦੇ ਹਨ। ਦੂਜੇ ਪਾਸੇ ਮਨੁੱਖਾਂ ਦੇ ਸੁਭਾਅ ਵਿਚੋਂ ਕੁਦਰਤ ਮਨਫੀ ਹੋ ਗਈ ਹੈ। ਸਾਡੇ ਮਨਾਂ ਨੂੰ ਬਾਜ਼ਾਰ ਨੇ ਵਰਗਲਾ ਲਿਆ ਹੈ। ਬਾਜ਼ਾਰ ਨੇ ਖੇਤਾਂ ਦੀਆਂ ਸਮੱਸਿਆਵਾਂ ਲਈ ਸਾਨੂੰ ਜ਼ਹਿਰਾਂ ਵੇਚੀਆਂ, ਜ਼ਹਿਰਾਂ ਨਾਲ ਵਾਤਾਵਰਨ ਜ਼ਹਿਰੀਲਾ ਹੋਇਆ। ਬਹੁਤ ਸਾਰੇ ਪੰਛੀ ਸਾਥੋਂ ਰੁੱਸ ਕੇ ਦੂਰ ਤੁਰ ਗਏ। ਇਸ ਲਈ ਜ਼ਹਿਰਾਂ ਘਟਾਉਣ ਅਤੇ ਆਪਣੀ ਔਲਾਦ ਨੂੰ ਬਿਮਾਰੀਆਂ ਦੁਸ਼ਵਾਰੀਆਂ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਰੁੱਖਾਂ ਦੇ ਗਲ ਲੱਗਿਆ ਜਾਵੇ, ਰੁੱਖਾਂ ਨੂੰ ਗਲ ਲਾਇਆ ਜਾਵੇ।

ਵਿਗਿਆਨਕ ਤੱਥ ਇਹ ਹੈ ਮਨੁੱਖ ਅਤੇ ਜੀਵ ਜੰਤੂਆਂ ਦੇ ਰਹਿਣ ਲਈ ਧਰਤੀ ਦੇ 33% ਰਕਬੇ 'ਤੇ ਜੰਗਲ ਹੋਣੇ ਜ਼ਰੂਰੀ ਹਨ ਪਰ ਅਸੀਂ ਰੁੱਖਾਂ ਦਾ ਵਢਾਂਗਾ ਇੰਨੀ ਵੱਡੀ ਪੱਧਰ 'ਤੇ ਕੀਤਾ ਹੈ ਕਿ ਜੰਗਲ ਇਸ ਸਮੇਂ ਸਾਡੇ ਕੋਲ ਸਿਰਫ਼ 3.67% ਹਿੱਸੇ ਵਿਚ ਹੀ ਬਚੇ ਹਨ। ਜੰਗਲ ਜਿੱਥੇ ਮਨੁੱਖ ਦੀ ਹੋਂਦ ਲਈ ਜ਼ਰੂਰੀ ਹਨ, ਉੱਥੇ ਇਹ ਪੰਛੀਆਂ ਦਾ ਹੀ ਨਹੀਂ, ਜੰਗਲੀ ਪਸ਼ੂਆਂ ਦਾ ਵੀ ਰੈਣ ਬਸੇਰਾ ਹੁੰਦੇ ਹਨ। ਜੰਗਲਾਂ ਦੇ ਸਫਾਏ ਦਾ ਅਰਥ ਹੈ ਜੰਗਲੀ ਪਸ਼ੂ, ਪਰਿੰਦੇ ਅਤੇ ਕੁਦਰਤੀ ਵੰਨ-ਸਵੰਨਤਾ ਦਾ ਕਤਲ। ਇਹ ਕਤਲ ਕਿਸੇ ਵੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ। ਅਸੀਂ ਹੀ ਨਹੀਂ, ਸਾਡੀਆਂ ਔਲਾਦਾਂ ਨੇ ਵੀ ਇਸੇ ਧਰਤੀ 'ਤੇ ਵਿਚਰਨਾ ਹੈ। ਜੇ ਅਸੀਂ ਇਸ ਧਰਤੀ ਦੇ ਕੁਦਰਤ ਪੱਖੀ ਨਿਜ਼ਾਮ ਨੂੰ ਚੰਗਾ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਨਹੀਂ ਪਾ ਸਕਦੇ ਤਾਂ ਸਾਨੂੰ ਇਹ



ਵੀ ਹੱਕ ਨਹੀਂ ਕਿ ਅਸੀਂ ਇਸ ਦੀ ਤਬਾਹੀ ਦੇ ਰਾਹ ਤੁਰ ਪਈਏ। ਅਸੀਂ ਕੁਦਰਤੀ ਬਨਸਪਤੀ ਅਤੇ ਜੰਗਲ ਸਾਫ ਕਰਕੇ ਧਰਤੀ ਨੂੰ ਜਾਂ ਤਾਂ ਪਲਾਟਾਂ ਦਾ ਰੂਪ ਦੇ ਦਿੱਤਾ, ਜਾਂ ਫਿਰ ਉਸ ਥਾਂ ਕੰਕਰੀਟ ਦੇ ਜੰਗਲ ਉਸਾਰ ਲਏ। ਸਾਡੇ ਵਡ-ਵਡੇਰਿਆਂ ਵੱਲੋਂ ਖੂਹਾਂ 'ਤੇ ਲਗਾਏ ਰੁੱਖਾਂ ਦੇ ਝੁੰਡ ਫਰਨੀਚਰ ਦੇ ਰੂਪ ਵਿਚ ਸਾਡੇ ਘਰਾਂ ਦਾ ਸ਼ਿੰਗਾਰ ਬਣ ਗਏ। ਸੀਮੈਂਟ ਦੀਆਂ ਛੱਤਾਂ ਅਤੇ ਸ਼ੀਸ਼ੇ ਦੀਆਂ ਬਾਰੀਆਂ ਵਾਲੇ ਘਰ ਉਸਾਰ ਕੇ ਅਸੀਂ ਉਨ੍ਹਾਂ ਪੰਛੀਆਂ ਤੋਂ ਸਦਾ ਲਈ ਵਿਛੜ ਗਏ ਜੋ ਸਾਡੇ ਘਰਾਂ ਵਿਚ ਪ੍ਰਾਹੁਣੇ ਬਣ ਕੇ ਸਾਡੇ ਨਾਲ ਰਹਿੰਦੇ ਸਨ। ਵਿਕਾਸ ਦੀ ਹਨੇਰੀ ਸਾਡਾ ਬੜਾ ਕੁਝ ਉਡਾ ਕੇ ਲੈ ਗਈ। ਕੱਚੀਆਂ ਕੰਧਾਂ, ਪੁਰਾਣੇ ਰੁੱਖ, ਖੁੱਡਾਂ ਖੋਲੇ ਹੁਣ ਕਿਤੇ ਨਹੀਂ ਬਚੇ। ਸਾਡੇ ਉਹ ਪੰਛੀ, ਚਿੜੀਆਂ, ਤੋਤੇ, ਗਟਾਰਾਂ ਜੋ ਅਜਿਹੀਆਂ ਥਾਵਾਂ 'ਤੇ ਆਲ੍ਹਣੇ ਪਾਉਂਦੇ ਸਨ, ਉਹ ਹੁਣ ਆਲ੍ਹਣੇ ਪਾਉਣ ਤਾਂ ਕਿੱਥੇ ਪਾਉਣ ਕਿੱਥੇ?

ਸਾਡੇ ਪਿੰਡਾਂ ਵਿਚ ਹੁਣ ਉੱਚੀਆਂ ਕੋਠੀਆਂ ਉਸਰ ਗਈਆਂ ਹਨ। ਪਿੰਡ ਬਦਲ ਗਏ ਹਨ। ਕੁਝ ਦਹਾਕੇ ਪਹਿਲਾਂ ਦੇ ਪਿੰਡਾਂ ਵਿਚ ਕੁਝ ਸਾਂਝੀਆਂ ਥਾਵਾਂ ਹੁੰਦੀਆਂ ਸਨ ਜਿੱਥੇ ਇਕ ਦੋ ਪਿੱਪਲ ਜਾਂ ਬੋਹੜ ਹੁੰਦੇ ਸਨ। ਉੱਚਾ ਉਡਣ ਵਾਲੇ ਕੁਝ ਪੰਛੀ ਇਨ੍ਹਾਂ ਰੁੱਖਾਂ 'ਤੇ ਆਲ੍ਹਣੇ ਬਣਾਉਂਦੇ ਅਤੇ ਆਂਡੇ ਦਿੰਦੇ ਸਨ। ਇਸੇ ਤਰ੍ਹਾਂ ਹਰ ਪਿੰਡ ਵਿਚ ਛੱਪੜ ਹੁੰਦਾ ਸੀ ਜੋ ਪਸ਼ੂਆਂ ਨੂੰ ਪਾਣੀ ਪਿਆਉਣ, ਨਹਾਉਣ ਲਈ ਵਰਤਿਆ ਜਾਂਦਾ ਸੀ। ਇੱਥੋਂ ਹੀ ਸਿਆਲ ਆਉਣ ਤੋਂ ਪਹਿਲਾਂ ਲੋਕ ਆਪਣੇ ਘਰਾਂ ਦੇ ਕੰਧਾਂ ਕੋਲੇ ਲਿੱਪਣ ਲਈ ਗਿੱਲੀ ਮਿੱਟੀ ਲੈ ਕੇ ਜਾਂਦੇ ਸਨ। ਪੰਜਾਬ ਦੇ ਪਿੰਡਾਂ ਦੇ ਇਨ੍ਹਾਂ ਛੱਪੜਾਂ ਵਿਚ ਡੱਡੂ, ਮੱਛੀਆਂ, ਬਗਲੇ, ਕੱਛੂ, ਗਡੋਏ ਆਦਿ ਆਮ ਦੇਖੇ ਜਾ ਸਕਦੇ ਸਨ। ਚਿੜੀਆਂ, ਤੋਤੇ, ਲਾਲੀਆਂ, ਕਾਂ, ਕਬੂਤਰ ਆਦਿ ਘਰਾਂ ਦੀਆਂ ਕੰਧਾਂ, ਖੁੱਡਾਂ ਖੋਲਿਆਂ ਵਿਚ ਆਲ੍ਹਣੇ ਪਾਉਂਦੇ ਹਨ। ਆਲ੍ਹਣੇ ਬਣਾਉਣ ਲਈ ਇਹ ਜਾਨਵਰ ਵੱਖ ਵੱਖ ਤਰ੍ਹਾਂ ਦੇ ਕੱਖ ਵਰਤਦੇ ਹਨ। ਕੁਝ ਪੰਛੀ ਅਜਿਹੇ ਵੀ ਹਨ ਜਿਨ੍ਹਾਂ ਵਾਸਤੇ ਘਰ ਬਣਾਉਣ ਦਾ ਸਮਾਨ ਹੀ ਨਹੀਂ ਬਚਿਆ। ਇਹ ਸਭ ਕੁਝ ਸਾਡੀ ਮੁਨਾਫਾ ਬਟੋਰੂ ਬਾਜ਼ਾਰੂ ਸੋਚ ਦੀ ਭੇਂਟ ਚੜ੍ਹ ਗਿਆ ਹੈ।

ਬੜਾ ਪਿਆਰਾ ਪੰਛੀ ਹੈ ਬਿਜੜਾ ਜੋ ਸਰਕੜਾ ਚੀਰ ਚੀਰ ਕੇ ਆਪਣਾ ਘਰ ਬਣਾਉਂਦਾ ਹੈ। ਇਸ ਦਾ ਆਲ੍ਹਣਾ ਕਿੱਕਰਾਂ ਦੀਆਂ ਟਾਹਣੀਆਂ ਨਾਲ ਲਟਕਵੇਂ ਰੂਪ ਵਿਚ ਹੁੰਦਾ ਹੈ। ਦਹਾਕਾ ਕੁ ਪਹਿਲਾਂ ਬਿਜੜੇ ਦੇ ਆਲ੍ਹਣੇ ਕਿੱਕਰਾਂ ਨਾਲ ਲਟਕਦੇ ਆਮ ਨਜ਼ਰ ਆਉਂਦੇ ਸਨ ਪਰ ਹੁਣ ਇਹ ਲੋਪ ਹੋ ਰਹੇ ਹਨ। ਅੱਜ ਸਰਕੜਾ ਕਿਤੇ ਨਹੀਂ ਰਿਹਾ ਅਤੇ ਕਿੱਕਰਾਂ ਵੀ ਸੁੱਕ ਗਈਆਂ ਹਨ। ਹੁਣ ਬਿਜੜਾ ਵਿਚਾਰਾ ਆਲ੍ਹਣਾ ਕਿੱਥੇ ਪਾਵੇ?

ਕੁਦਰਤੀ ਜੰਗਲਾਂ ਅਤੇ ਰੁੱਖਾਂ ਹੇਠਲਾ ਰਕਬਾ ਦਿਨੋ-ਦਿਨ ਘਟ ਰਿਹਾ ਹੈ। ਚੀਤੇ, ਸ਼ੇਰ, ਹਿਰਨ ਆਦਿ ਬੜੀ ਘੱਟ ਗਿਣਤੀ ਵਿਚ ਬਚੇ ਹਨ। ਜੰਗਲ ਸਾਫ ਕਰਕੇ ਮਨੁੱਖ ਨੇ ਧਰਤੀ ਨੂੰ ਜਾਂ ਤਾਂ ਵਾਹੀਯੋਗ ਬਣਾ ਲਿਆ ਜਾਂ ਇਨ੍ਹਾਂ ਜੰਗਲਾਂ ਦੀ ਥਾਂ ਇਮਾਰਤਾਂ ਦੇ ਜੰਗਲ ਉਸਾਰਨੇ ਸ਼ੁਰੂ ਕਰ ਦਿੱਤੇ। ਬਹੁਤ ਸਾਰਾ ਰਕਬਾ ਅਜਿਹਾ ਹੈ ਜਿੱਥੇ ਜਾਂ ਤਾਂ ਵੱਡੇ ਵੱਡੇ ਡੇਰੇ ਉਸਾਰ ਲਏ ਗਏ ਜਾਂ ਭੂ ਮਾਫੀਆ ਕਾਬਜ਼ ਹੋ ਗਿਆ। ਇਨ੍ਹਾਂ ਥਾਵਾਂ 'ਤੇ ਰੁੱਖ ਜਾਂ ਫਸਲਾਂ ਕੁਝ ਵੀ ਪੈਦਾ ਨਹੀਂ ਹੋ ਰਿਹਾ।

ਧਰਤੀ 'ਤੇ ਪੰਛੀਆਂ ਦੀ ਚਹਿਚਹਾਟ ਖਤਮ ਕਰਨ ਲਈ ਸਿੱਧੇ ਤੌਰ 'ਤੇ ਮਨੁੱਖ ਜ਼ਿੰਮੇਵਾਰ ਹੈ। ਕੁਝ ਸਾਲਾਂ ਤਕ ਅਸੀਂ ਆਪਣੇ ਬੱਚਿਆਂ ਨੂੰ ਬੱਤਖਾਂ, ਮੋਰ, ਬੁਲਬੁਲਾਂ ਦੀਆਂ ਤਸਵੀਰਾਂ ਕਿਤਾਬਾਂ ਵਿਚ ਹੀ ਦਿਖਾ ਸਕਾਂਗੇ। ਅੱਜ ਮਨੁੱਖ ਇਸ ਧਰਤੀ 'ਤੇ ਦੂਜੇ ਸਭ ਜੀਵਾਂ ਵਾਸਤੇ ਬਹੁਤ ਭਿਆਨਕ ਸਾਬਤ ਹੋ ਰਿਹਾ ਹੈ। ਇਸ ਧਰਤੀ 'ਤੇ ਰਹਿਣ ਦਾ ਬਾਕੀ ਜੀਵਾਂ ਦਾ ਵੀ ਓਨਾ ਹੀ ਅਧਿਕਾਰ ਹੈ, ਜਿੰਨਾ ਮਨੁੱਖ ਦਾ। ਮਨੁੱਖ ਆਪਣੇ ਮੁਨਾਫਾ ਕਮਾਊ ਰਵੱਈਏ ਨੂੰ ਹਰ ਹਾਲਤ ਵਿਚ, ਹਰ ਥਾਂ, ਬਿਨਾ ਕਿਸੇ ਦੀ ਪ੍ਰਵਾਹ ਕੀਤਿਆ ਲਾਗੂ ਕਰ ਰਿਹਾ ਹੈ। ਮਨੁੱਖ ਨੇ ਕੁਦਰਤੀ ਨਿਯਮਾਂ ਤੇ ਵਰਤਾਰਿਆਂ ਵਿਚ ਹੱਦੋਂ ਵੱਧ ਦਖ਼ਲ ਦੇਣਾ ਆਰੰਭ ਕਰ ਦਿੱਤਾ ਹੈ ਜਿਸ ਕਰਕੇ ਪਿਛਲੇ ਕੁਝ ਅਰਸੇ ਤੋਂ ਕੁਝ ਜੀਵਾਂ ਦੀਆਂ ਨਸਲਾਂ ਤੇਜ਼ੀ ਨਾਲ ਖਤਮ ਹੋਣੀਆਂ ਸ਼ੁਰੂ ਹੋ ਗਈਆਂ ਹਨ। ਕੁਝ ਜੀਵ ਜਾਤੀਆਂ ਦਾ ਤਾਂ ਸਫਾਇਆ ਹੀ ਹੋ ਗਿਆ ਹੈ।

ਮਨੁੱਖ ਹਰ ਹਰਬਾ ਵਰਤ ਕੇ ਦੌਲਤ ਲਈ ਹਾਬੜਿਆ ਹੋਇਆ ਹੈ। ਦੁਨਿਆਵੀ ਪਦਾਰਥ ਇਕੱਠੇ ਕਰਨ ਦੀ ਹਵਸ ਕਾਰਨ ਮਨੁੱਖ ਆਪਣੇ ਕੁਦਰਤੀ ਵਸੀਲੇ ਲਗਾਤਾਰ ਨਸ਼ਟ ਕਰ ਰਿਹਾ ਹੈ। ਮੋਟਰ-ਗੱਡੀਆਂ, ਹਵਾਈ ਜਹਾਜ਼ਾਂ, ਰਾਕਟਾਂ, ਮਿਜ਼ਾਈਲਾਂ, ਕਾਰਖਾਨਿਆਂ, ਫੈਕਟਰੀਆਂ ਤੋਂ ਇਲਾਵਾ ਖੇਤੀ ਦੀ ਰਹਿੰਦ-ਖੂੰਹਦ ਸਾੜਨ ਤੋਂ ਪੈਦਾ ਹੋਏ ਜ਼ਹਿਰੀਲੇ ਧੂੰਏ ਨੇ ਵਾਤਾਵਰਨ ਪਲੀਤ ਕਰ ਦਿੱਤਾ ਹੈ। ਖ਼ਪਤ ਵਧਣ ਨਾਲ ਫੈਕਟਰੀਆਂ ਕਾਰਖਾਨੇ ਵਧ ਰਹੇ ਹਨ। ਦਰਿਆਵਾਂ, ਨਦੀਆਂ ਦੇ ਪਾਣੀਆਂ ਦੀ ਨਿਰਮਲਤਾ ਖਤਮ ਹੋ ਗਈ ਹੈ। ਪਰਵਾਸੀ ਪੰਛੀ ਜੋ ਸਰਦ ਰੁੱਤ ਵਿਚ ਪ੍ਰਾਹੁਣੇ ਬਣ ਕੇ ਦਰਿਆਵਾਂ, ਝੀਲਾਂ 'ਤੇ ਆਉਂਦੇ ਸਨ, ਦੀ ਗਿਣਤੀ ਘਟ ਰਹੀ ਹੈ। ਵੱਧ ਝਾੜ ਲੈਣ ਅਤੇ ਮੁਨਾਫੇ ਵਾਲੀਆਂ ਫਸਲਾਂ ਬੀਜਣ ਦੇ ਰੁਝਾਨ ਕਾਰਨ ਜਿੱਥੇ ਜੀਵਾਂ ਅਤੇ ਪੌਦਿਆਂ ਦੀ ਵੰਨ-ਸਵੰਨਤਾ ਘਟੀ ਹੈ, ਉੱਥੇ ਜ਼ਹਿਰਾਂ ਦੇ ਛਿੜਕਾਅ ਨੇ ਕੁਦਰਤੀ ਸੰਤੁਲਨ ਵਿਗਾੜਨਾ ਆਰੰਭ ਕਰ ਦਿੱਤਾ ਹੈ। ਇਸ ਨਾਲ ਆਲਾ-ਦੁਆਲਾ ਪ੍ਰਭਾਵਿਤ ਹੋਇਆ ਹੈ। ਪੰਛੀ ਮਰ ਰਹੇ ਹਨ; ਕੀੜੇ-ਮਕੌੜੇ, ਮੱਛਰ, ਮੱਖੀਆਂ ਵਧ ਰਹੇ ਹਨ ਜਿਸ ਕਰਕੇ ਬਿਮਾਰੀਆਂ ਵਧ ਰਹੀਆਂ ਹਨ। ਮਨੁੱਖ ਦੀਆਂ ਖਾਣ ਪੀਣ ਵਾਲੀਆਂ ਵਸਤਾਂ ਵੀ ਦੂਸ਼ਿਤ ਹੋਣ ਲੱਗ ਪਈਆਂ ਹਨ।

ਹਰ ਮਨੁੱਖ ਰੁੱਖ ਲਾਉਣ ਵਿਚ ਬਣਦਾ ਯੋਗਦਾਨ ਦੇ ਸਕਦਾ ਹੈ। ਮੌਨਸੂਨ ਦੇ ਇਸ ਮੌਸਮ ਵਿਚ ਰੁੱਖ ਲਾਓ। ਰੁੱਖਾਂ ਦਾ ਵਢਾਂਗਾ ਰੋਕਣ ਲਈ ਯਤਨਸ਼ੀਲ ਹੋਵੋ। ਕਿਤੇ ਇਹ ਨਾ ਹੋਵੇ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਸਾਡੇ 'ਕੀਤਿਆਂ' ਤੇ ਖੂਨ ਦੇ ਅੱਥਰੂ ਵਹਾਉਣੇ ਪੈਣ।

# ਫਲਦਾਰ ਬੂਟਿਆਂ ਦੀ ਬਰਕਤ

ਕੁਦਰਤ ਦੇ ਬਖਸ਼ੇ ਫਲ ਸਾਡੇ ਸੰਤੁਲਿਤ ਭੋਜਨ ਲਈ ਵਰਦਾਨ ਹਨ। ਜੇ ਭੋਜਨ ਨਾਲ ਇਨ੍ਹਾਂ ਦੀ ਰੋਜ਼ਾਨਾ ਵਰਤੋਂ ਕੀਤੀ ਜਾਵੇ ਤਾਂ ਮਨੁੱਖੀ ਸਰੀਰ ਬਹੁਤ ਸਾਰੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ। ਫਲਾਂ ਵਿਚ ਮਨੁੱਖੀ ਸਰੀਰ ਲਈ ਲੋੜੀਂਦੇ ਵਿਟਾਮਨ ਅਤੇ ਧਾਤਾਂ ਹੁੰਦੀਆਂ ਹਨ। ਫਲਾਂ ਦੇ ਪੂਰੇ ਖੁਰਾਕੀ ਤੱਤ ਤਾਜ਼ੇ ਫਲਾਂ ਤੋਂ ਹੀ

**ਡਾ. ਰਣਜੀਤ ਸਿੰਘ**
ਫੋਨ: +91-94170-87328

ਪ੍ਰਾਪਤ ਹੁੰਦੇ ਹਨ। ਆਮ ਲੋਕ ਫਲਾਂ ਦੀ ਵਰਤੋਂ ਘੱਟ ਕਰਦੇ ਹਨ। ਫਲਾਂ ਦੀ ਕਾਸ਼ਤ ਵੱਡੇ ਪੱਧਰ 'ਤੇ ਨਾ ਹੋਣ ਕਾਰਨ ਅਕਸਰ ਇਨ੍ਹਾਂ ਦੀਆਂ ਕੀਮਤਾਂ ਜ਼ਿਆਦਾ ਹੁੰਦੀਆਂ ਹਨ। ਬਾਜ਼ਾਰ ਵਿਚ ਮਿਲਣ ਵਾਲੇ ਫਲ ਕਈ ਵਾਰ ਰਸਾਇਣਾਂ ਨਾਲ ਪਕਾਏ ਹੁੰਦੇ ਹਨ। ਉਂਝ ਵੀ ਰੇੜ੍ਹੀਆਂ ਉੱਤੇ ਰੱਖੇ ਫਲਾਂ ਉੱਤੇ ਮਿੱਟੀ ਅਤੇ ਹੋਰ ਕੀਟਾਣੂ ਆ ਜਾਂਦੇ ਹਨ।

ਅੱਧੀ ਸਦੀ ਪਹਿਲਾਂ ਪੰਜਾਬ ਵਿਚ ਫਲਾਂ ਦੇ ਰੁੱਖ ਚੋਖੀ ਗਿਣਤੀ ਵਿਚ ਹੁੰਦੇ ਸਨ। ਆਮ ਕਰ ਕੇ ਖੂਹਾਂ ਲਾਗੇ ਇਕ ਦੋ ਫਲਦਾਰ ਬੂਟੇ ਕਿਸਾਨ ਲਗਾ ਹੀ ਲੈਂਦੇ ਸਨ। ਦੁਆਬੇ ਵਿਚ ਅੰਬਾਂ ਦੇ ਬਗੀਚੇ ਹਨ। ਅਮਰੂਦ, ਬੇਰੀਆਂ ਤੇ ਜਾਮਣ ਦੇ ਰੁੱਖ ਵੀ ਆਮ ਹੀ ਹੁੰਦੇ ਹਨ। ਇਹ ਸਾਰੇ ਖੁਰਾਕੀ ਤੱਤਾਂ ਨਾਲ ਭਰਪੂਰ ਫਲ ਹਨ। ਪੰਜਾਬ ਵਿਚ ਮੁਰੱਬਾਬੰਦੀ ਦੇ ਜਿੱਥੇ ਲਾਭ ਹੋਏ ਪਰ ਰੁੱਖਾਂ ਦੀ ਕਟਾਈ ਵੀ ਹੋਈ। ਇਸ ਸਮੇਂ ਪੰਜਾਬ ਵਿਚ ਮਸਾਂ 94,000 ਹੈਕਟੇਅਰ ਰਕਬਾ ਹੀ ਫਲਾਂ ਹੇਠ ਹੈ। ਇਸ ਵਿਚੋਂ ਅੱਧਾ ਰਕਬਾ ਕੇਵਲ ਕਿੰਨੂ ਹੇਠ ਹੈ। ਦੂਜੇ ਨੰਬਰ ਉੱਤੇ ਅਮਰੂਦ ਹੈ ਜਿਸ ਹੇਠ ਕਰੀਬ 10,000 ਹੈਕਟੇਅਰ ਰਕਬਾ ਹੈ। ਅੰਬਾਂ ਹੇਠ ਹੁਣ ਕੇਵਲ 8000 ਹੈਕਟੇਅਰ ਕਰਬਾ ਹੀ ਰਹਿ ਗਿਆ ਹੈ। ਬਾਗ਼ ਲਗਾਉਣ ਤੋਂ ਆਮ ਲੋਕ ਘਬਰਾਉਂਦੇ ਹਨ ਕਿਉਂਕਿ ਬੂਟਿਆਂ ਦੀ ਵਿਸ਼ੇਸ਼ ਸਾਂਭ-ਸੰਭਾਲ ਕਰਨੀ ਪੈਂਦੀ ਹੈ ਪਰ ਘਰ ਦੀ ਵਰਤੋਂ ਲਈ ਬੰਬੀ ਲਾਗੇ ਦੋ ਤਿੰਨ ਫਲਦਾਰ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਆਪਣੇ ਖੇਤਾਂ ਦੇ ਤਾਜ਼ੇ ਅਤੇ ਜ਼ਹਿਰ ਰਹਿਤ ਫਲਾਂ ਨੂੰ ਖਾਣ ਦਾ ਅਨੰਦ ਮਾਣਿਆ ਜਾ ਸਕੇ। ਇਨ੍ਹਾਂ ਫਲਾਂ ਦਾ ਸਭ ਤੋਂ ਵੱਡਾ ਲਾਭ ਇਹ ਵੀ ਹੈ ਕਿ ਇਨ੍ਹਾਂ ਦੀ ਵਰਤੋਂ ਤੁਰੰਤ ਕੀਤੀ ਜਾ ਸਕਦੀ ਹੈ। ਇਸ ਲਈ ਇਹ ਬਾਜ਼ਾਰ ਵਿਚੋਂ ਮਿਲਣ ਵਾਲੇ ਕਈ ਦਿਨ ਪੁਰਾਣੇ ਫਲਾਂ ਨਾਲੋਂ ਲਾਭਦਾਇਕ ਹੁੰਦੇ ਹਨ। ਇਸ ਦੇ ਨਾਲ ਹੀ ਇਹ ਫਲ ਦਰੱਖਤਾਂ 'ਤੇ ਹੀ ਪੱਕਦੇ ਹਨ, ਇਸ ਲਈ ਕਿਸੇ ਰਸਾਇਣ ਦੀ ਵਰਤੋਂ ਨਹੀਂ ਕੀਤੀ ਹੁੰਦੀ। ਅਗਸਤ-ਸਤੰਬਰ ਸਦਾਬਹਾਰ ਨਵੇਂ ਬੂਟੇ ਲਗਾਉਣ ਲਈ ਢੁਕਵਾਂ ਸਮਾਂ ਹੈ। ਆਪਣੇ ਖੇਤ ਵਿਚ ਅੰਬ, ਅਮਰੂਦ, ਬੇਰੀ, ਅੰਗੂਰ, ਨਿੰਬੂ, ਜਾਮਣ ਆਦਿ ਦੇ ਬੂਟੇ ਲਗਾ ਲੈਣੇ ਚਾਹੀਦੇ ਹਨ।

ਕਿੰਨੂ ਦੇ ਬਹੁਤ ਬਗੀਚੇ ਮਾਲਵਾ ਅਤੇ ਹੁਸ਼ਿਆਰਪੁਰ ਵਿਚ ਹਨ ਪਰ ਬੰਬੀ ਲਾਗੇ ਇੱਕ ਬੂਟਾ ਤਾਂ ਲਗਾਇਆ ਹੀ ਜਾ ਸਕਦਾ ਹੈ। ਪੀਏਯੂ-ਕਿੰਨੂ-1 ਕਿਸਮ ਦਾ ਬੂਟਾ ਲਗਾਓ ਕਿਉਂਕਿ ਇਸ ਵਿਚ ਬੀਜ ਬਹੁਤ ਘੱਟ ਹੁੰਦੇ ਹਨ। ਨਿੰਬੂ ਦੀ ਵਰਤੋਂ ਤਾਂ ਸਾਰਾ ਸਾਲ ਘਰ ਵਿਚ ਹੁੰਦੀ ਹੈ। ਇਸ ਵਾਰ ਬਾਜ਼ਾਰ ਵਿਚ ਇਹ ਸਾਰੇ ਫਲਾਂ ਨਾਲੋਂ ਮਹਿੰਗੇ ਵਿਕੇ ਹਨ। ਨਿੰਬੂ ਦਾ ਇੱਕ ਬੂਟਾ ਤਾਂ ਘਰ ਦੇ ਵਿਹੜੇ ਵਿਚ ਵੀ ਲਗਾਇਆ ਜਾ ਸਕਦਾ ਹੈ। ਪੰਜਾਬ ਬਾਰਾਮਾਸੀ ਨਿੰਬੂ, ਪੀਏਯੂ ਬਾਰਾਮਾਸੀ ਨਿੰਬੂ-1, ਤੇ ਕਾਗਜ਼ੀ ਇਸ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਅਮਰੂਦ ਹਰ ਥਾਂ ਹੋ ਜਾਂਦਾ ਹੈ। ਇਸ ਕਰ ਕੇ ਇਸ ਦਾ ਇੱਕ ਬੂਟਾ ਜ਼ਰੂਰ ਲਗਾਓ। ਇਹ ਵਿਟਾਮਿਨ ਸੀ ਅਤੇ ਐਂਟੀ-ਔਕਸੀਡੈਂਟ ਦਾ ਵਧੀਆ ਸੋਮਾ ਹੈ। ਘੱਟ ਬੀਜ ਲਈ ਸ਼ਵੇਤਾ ਅਤੇ ਲਾਲ ਗੁੱਦੇ ਲਈ ਪੰਜਾਬ ਪਿੰਕ ਕਿਸਮਾਂ ਦੇ ਬੂਟੇ ਲਗਾਓ। ਇੱਕ ਬੂਟੇ ਤੋਂ ਇੱਕ ਕੁਇੰਟਲ ਤੋਂ ਵੱਧ ਫਲ ਪ੍ਰਾਪਤ ਹੋ ਜਾਂਦਾ ਹੈ। ਅੰਬ ਨੂੰ ਫਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਕਦੇ ਦੁਆਬੇ ਨੂੰ ਚੂਪਣ ਵਾਲੇ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ। ਇਸੇ ਕਰ ਕੇ ਆਖਿਆ ਜਾਂਦਾ ਸੀ- 'ਅੰਬੀਆਂ ਨੂੰ ਤਰਸੇਂਗੀ, ਜਦੋਂ ਛੱਡਿਆ ਦੇਸ਼ ਦੁਆਬਾ।' ਹੁਣ ਤਾਂ ਬਹੁਤੇ ਰੁੱਖ ਕੱਟੇ ਗਏ ਹਨ। ਪੰਜਾਬ ਵਿਚ ਕਾਸ਼ਤ ਲਈ ਕਲਮੀ ਅੰਬਾਂ ਦੀਆਂ ਅਲਫੈਂਜੋ, ਦਸਹਿਰੀ ਤੇ ਲੰਗੜਾ ਕਿਸਮ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਚੂਪਣ ਵਾਲੇ ਅੰਬਾਂ ਵਿਚ ਗੰਗੀਆਂ ਸੰਧੂਰੀ ਕਿਸਮ ਨੂੰ ਵਧੀਆ ਮੰਨਿਆ ਜਾਂਦਾ ਹੈ। ਇਸ ਤੋਂ ਬਗੈਰ ਜੀ ਐਨ-1 ਤੋਂ ਜੀ ਐਨ-7 ਤਕ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਬੇਰਾਂ ਨੂੰ ਗ਼ਰੀਬਾਂ ਦਾ ਫਲ ਆਖਿਆ ਜਾਂਦਾ ਸੀ ਪਰ ਹੁਣ ਤਾਂ ਇਸ ਦੀ ਕੀਮਤ ਵਿਚ ਵੀ ਚੋਖਾ ਵਾਧਾ ਹੋਇਆ ਹੈ। ਬੇਰ ਵਿਚ ਵਿਟਾਮਿਨ ਸੀ, ਪ੍ਰੋਟੀਨ, ਕੈਲਸ਼ੀਅਮ, ਲੋਹਾ ਅਤੇ ਫਾਸਫੋਰਸ ਹੁੰਦੇ ਹਨ। ਉਮਰਾਨ ਕਿਸਮ ਦਾ ਸਭ ਤੋਂ ਵਧ ਝਾੜ ਹੈ। ਵਲੈਤੀ ਅਤੇ ਸਨੌਰ-2 ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਉਮਰਾਨ ਦੇ ਇੱਕ ਬੂਟੇ ਤੋਂ ਦੋ ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ।

ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿਚ ਲੀਚੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ। ਦੇਹਰਾਦੂਨ, ਕਲਕੱਤੀਆ ਅਤੇ ਸੀਡਲੈੱਸ ਲੇਟ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਵਿਚ ਔਲੇ ਦਾ ਆਚਾਰ ਅਤੇ ਮੁਰੱਬਾ ਬਹੁਤ ਪਸੰਦ ਕੀਤਾ ਜਾਂਦਾ ਹੈ। ਉਹ ਵਿਟਾਮਿਨ ਸੀ ਅਤੇ ਖਣਿਜ ਪਦਾਰਥਾਂ ਦਾ ਮੁੱਖ ਸੋਮਾ ਹੈ। ਬਲਵੰਤ, ਨੀਲਮ ਅਤੇ ਕੰਚਨ ਸਿਫਾਰਸ਼ ਕੀਤੀਆਂ ਕਿਸਮਾਂ ਹਨ।

ਨੀਮ ਪਹਾੜੀ ਇਲਾਕਿਆਂ ਵਿਚ ਚੀਕੂ ਦੇ ਬੂਟੇ ਵੀ ਸਫਲਤਾਪੂਰਵਕ ਉਗਾਏ ਜਾ ਸਕਦੇ ਹਨ। ਚੀਕੂ ਕਾਰਬੋਹਾਈਡਰੇਟ, ਚਰਬੀ, ਕੈਲਸ਼ੀਅਮ, ਫਾਸਫੋਰਸ, ਲੋਹਾ ਅਤੇ ਰੇਸ਼ੇ ਦਾ ਵਧੀਆ ਸੋਮਾ ਹੈ। ਕਾਲੀ ਪੱਤੀ ਅਤੇ ਕ੍ਰਿਕਟ ਬਾਲ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਹ ਵੱਡੇ ਰੁੱਖ ਬਣ ਜਾਂਦੇ ਹਨ ਤੇ ਇੱਕ ਬੂਟੇ ਤੋਂ 1.5 ਕੁਇੰਟਲ ਤੋਂ ਵੱਧ ਫਲ ਪ੍ਰਾਪਤ ਹੋ ਜਾਂਦਾ ਹੈ। ਬਰਸਾਤ ਵਿਚ ਲੁਕਾਠ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਇਹ ਅਪਰੈਲ ਵਿਚ ਪੱਕ ਜਾਂਦਾ ਹੈ ਜਦੋਂ ਬਾਜ਼ਾਰ ਵਿਚ ਹੋਰ ਫਲ ਨਹੀਂ ਹੁੰਦੇ। ਕੈਲੀਫੋਰਨੀਆ ਐਡਵਾਂਸ, ਗੋਲਡਨ ਯੈਲੋ, ਪੇਲਯੈਲੋ ਉੱਨਤ ਕਿਸਮਾਂ ਹਨ। ਖੁਸ਼ਕ ਇਲਾਕਿਆਂ ਵਿਚ ਖਜੂਰ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਹਲਾਵੀ ਅਤੇ ਬਰੀ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਹਨ।

ਬਿੱਲ ਅਜਿਹਾ ਫਲ ਹੈ ਜਿਸ ਦੀ ਬਹੁਤ ਘੱਟ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਰਾਈਬੋਫਲੇਵਿਨ, ਵਿਟਾਮਿਨ-ਏ ਅਤੇ ਕਾਰਬੋਹਾਈਡਰੇਟ ਹੁੰਦੇ ਹਨ। ਇਸ ਦੇ ਫਲਾਂ ਦਾ ਗੁੱਦਾ ਸ਼ਰਬਤ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਸਖਤ ਕਿਸਮ ਦਾ ਰੁੱਖ ਹੈ ਤੇ ਹਰ ਥਾਂ ਹੋ ਜਾਂਦਾ ਹੈ। ਕਾਗਜ਼ੀ ਇਸ ਦੀ ਸਿਫਾਰਸ਼ ਕੀਤੀ ਕਿਸਮ ਹੈ। ਇਸ ਵਾਰ ਘਰ ਦੇ ਵਿਹੜੇ ਜਾਂ ਬੰਬੀ ਲਾਗੇ ਘੱਟੋ-ਘੱਟ ਦੋ ਫਲਦਾਰ ਰੁੱਖ ਲਗਾਓ, ਤਾਜ਼ੇ ਫਲ ਖਾਓ ਤੇ ਬਿਮਾਰੀਆਂ ਨੂੰ ਦੂਰ ਭਜਾਓ। ਬੂਟੇ ਹਮੇਸ਼ਾ ਸਿਹਤਮੰਦ, ਸਹੀ ਉਮਰ, ਸਹੀ ਕਿਸਮ ਦੇ ਪੀਏਯੂ, ਸਰਕਾਰੀ ਜਾਂ ਸਰਕਾਰ ਦੀ ਮਨਜ਼ੂਰਸ਼ੁਦਾ ਨਰਸਰੀ ਤੋਂ ਖਰੀਦੋ।

# ਕਸ਼ਮੀਰ ਵਿਚ ਹੁਣ ਪੱਤਰਕਾਰੀ ’ਤੇ ਸ਼ਿਕੰਜਾ

***ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਇਸ ਦਾ ਕਾਰਨ ਉਸ ਵੱਲੋਂ ‘ਕਾਰਵਾਂ’ ਮੈਗਜ਼ੀਨ ਲਈ ਤਿਆਰ ਕੀਤੀਆਂ ਰਿਪੋਰਟਾਂ ਹਨ। ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਕੀਤੀ ਜਾ ਰਹੀ ਜ਼ਬਾਨਬੰਦੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

15 ਜਨਵਰੀ ਨੂੰ ਦੁਪਹਿਰ ਪੌਣੇ ਦੋ ਵਜੇ ਬਖਤਰਬੰਦ ਗੱਡੀਆਂ ਦਾ ਦਨ-ਦਨਾਉਂਦਾ ਕਾਫਲਾ ਸ੍ਰੀਨਗਰ ਦੇ ਲਾਲ ਚੌਕ ਨਾਲ ਲੱਗਦੇ ਪੋਲੋ ਵਿਊ ਵਿਚ ਕਸ਼ਮੀਰ ਪ੍ਰੈੱਸ ਕਲੱਬ ਭਵਨ ‘ਚ ਜਾ ਵੜਿਆ ਜੋ ਕਸ਼ਮੀਰ ਦੇ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਮੁੱਖ ਸੰਸਥਾ ਹੈ। ਇਕ ਦਿਨ ਪਹਿਲਾਂ ਹੀ ਕਲੱਬ ਵਿਚ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਸੀ, ਬਾਹਰ ਸੜਕ ਉੱਪਰ ਗਸ਼ਤ ਜਾਰੀ ਸੀ। ਕਾਫਲਾ ਆਉਣ ਤੋਂ ਪਹਿਲਾਂ ਇਕ ਪੁਲਿਸ ਅਫਸਰ ਨੇ ਪੱਤਰਕਾਰਾਂ ਨੂੰ ਕਿਹਾ, “ਜਦੋਂ ਸਾਹਿਬ ਨੇ ਆ ਕੇ ਚਾਰਜ ਸੰਭਾਲ ਲਿਆ ਤਾਂ ਅਸੀਂ ਚਲੇ ਜਾਵਾਂਗੇ।” ਫਿਰ ਨੀਮ-ਫੌਜੀ ਦਸਤਿਆਂ ਅਤੇ ਜੰਮੂ ਕਸ਼ਮੀਰ ਪੁਲਿਸ ਦੇ ਜਵਾਨਾਂ ‘ਚ ਘਿਰਿਆ, ਟਾਈਮਜ ਆਫ ਇੰਡੀਆ ਦਾ ਸਹਾਇਕ ਸੰਪਾਦਕ ਸਲੀਮ ਪੰਡਿਤ ਕਾਫਲੇ ਦੀ ਮੋਹਰਲੀ



**ਸ਼ਾਹਿਦ ਤਾਂਤਰੇ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅੰਬੈਸਡਰ ਕਾਰ ‘ਚੋਂ ਨਿਕਲਿਆ ਅਤੇ ਤੇਜ਼ੀ ਨਾਲ ਪਹਿਲੀ ਮੰਜ਼ਿਲ ਉੱਪਰ ਕਾਨਫਰੰਸ ਰੂਮ ‘ਚ ਚਲਾ ਗਿਆ।

11 ਹੋਰ ਪੱਤਰਕਾਰ ਜਿਨ੍ਹਾਂ ਵਿਚੋਂ ਬਹੁਤ ਸਾਰੇ ਜੰਮੂ ਕਸ਼ਮੀਰ ਦੇ ਮੌਜੂਦਾ ਕਰਤਿਆਂ-ਧਰਤਿਆਂ ਦੇ ਕਰੀਬੀ ਮੰਨੇ ਜਾਂਦੇ ਹਨ, ਕਾਨਫਰੰਸ ਰੂਮ ਵਿਚ ਵੜੇ ਅਤੇ ਬੂਹਾ ਭੇੜ ਲਿਆ। ਬੂਹੇ ਦੇ ਬਾਹਰ ਅਸਾਲਟ ਰਾਈਫਲਾਂ ਨਾਲ ਲੈਸ ਤਿੰਨ ਪੁਲਿਸ ਮੁਲਾਜ਼ਮ ਫਿਕਰਾਂ ‘ਚ ਡੁੱਬੇ ਸਟਾਫ ਅਤੇ ਕਲੱਬ ਮੈਂਬਰਾਂ ਨੂੰ ਘੂਰ ਰਹੇ ਸਨ। ਸੀ.ਆਈ.ਡੀ. ਵਾਲੇ ਵੀ ਗਲਿਆਰਿਆਂ ਵਿਚ ਘੁੰਮਦੇ ਦਿਸੇ ਜੋ ਹੁਣ ਬੇਬਾਕ ਕਸ਼ਮੀਰੀ ਪੱਤਰਕਾਰਾਂ ਵਿਰੁੱਧ ਪ੍ਰਸ਼ਾਸਨ ਦਾ ਸਭ ਤੋਂ ਕਾਰਗਰ ਹਥਿਆਰ ਹਨ। ਘੰਟੇ ਬਾਅਦ 12 ਪੱਤਰਕਾਰ ਕਮਰੇ ਵਿਚੋਂ ਬਾਹਰ ਆਏ ਅਤੇ ਐਲਾਨ ਕੀਤਾ ਕਿ ਉਹ ਪ੍ਰੈੱਸ ਕਲੱਬ ਨੂੰ ‘ਹੱਥ ਵਿਚ’ ਲੈ ਰਹੇ ਹਨ।

ਕੋਵਿਡ-19 ਲੌਕਡਾਊਨ ਦੇ ਬਾਵਜੂਦ, ਬਾਹਰ ਕਲੱਬ ਦੇ ਮੈਂਬਰਾਂ ਦੀ ਭੀੜ ਜੁੜ ਗਈ ਸੀ। ਤੁਰੰਤ ਹੀ, ਸਾਡੇ ਸਾਰਿਆਂ ਦੇ ਫੋਨਾਂ ਉੱਪਰ ਮੈਸੇਜ ਟੋਨ ਵੱਜੀ। ਸਾਰਿਆਂ ਨੂੰ ਵ੍ਹੱਟਸਐਪ ਮੈਸੇਜ ਆਇਆ ਜਿਸ ਵਿਚ ਪੰਡਿਤ ਅਤੇ ਦੋ ਹੋਰ ਲੋਕਾਂ ਦੇ ਦਸਤਖਤਾਂ ਵਾਲਾ ਬਿਆਨ ਭੇਜਿਆ ਗਿਆ ਸੀ। ਲਿਖਿਆ ਸੀ: “ਚੁਣੀ ਹੋਈ ਕਮੇਟੀ ਨੇ ਦੋ ਸਾਲ ਦੇ ਅਰਸੇ ਦਾ ਆਪਣਾ ਕਾਰਜ ਕਾਲ 14 ਜੁਲਾਈ 2021 ਨੂੰ ਪੂਰਾ ਕਰ ਲਿਆ ਹੈ। ਪਿਛਲੀ ਕਮੇਟੀ ਵੱਲੋਂ ਨਾਮਾਲੂਮ ਕਾਰਨਾਂ ਕਰਕੇ ਚੋਣਾਂ ‘ਚ ਦੇਰੀ ਕੀਤੇ ਜਾਣ ਕਾਰਨ ਕਲੱਬ ਲੱਗਭੱਗ ਛੇ ਮਹੀਨੇ ਤੋਂ ਅਗਵਾਈ-ਹੀਣ ਸੀ ਅਤੇ ਮੀਡੀਆ ਭਾਈਚਾਰੇ ਨੂੰ ਅਣਚਾਹੀ ਮੁਸ਼ਕਿਲ ‘ਚ ਸੁੱਟ ਦਿੱਤਾ ਗਿਆ, ਇਸੇ ਲਈ ਹੁਣ 15 ਜਨਵਰੀ 2022 ਨੂੰ ਕਸ਼ਮੀਰ ਘਾਟੀ ਦੀਆਂ ਵੱਖ-ਵੱਖ ਪੱਤਰਕਾਰ ਜਥੇਬੰਦੀਆਂ ਨੇ ਸੁਤੰਤਰ ਅਤੇ ਨਿਰਪੱਖ ਚੋਣਾਂ ਹੋਣ ਤੱਕ ਸਰਬਸੰਮਤੀ ਨਾਲ ਤਿੰਨ ਮੈਂਬਰੀ ਅੰਤ੍ਰਿਮ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਐੱਮ. ਸਲੀਮ ਪੰਡਿਤ ਕਲੱਬ ਦੇ ਪ੍ਰਧਾਨ, ਡੈਕਨ ਹੇਰਾਲਡ ਦੇ ਬਿਊਰੋ ਚੀਫ ਜ਼ੁਲਫਕਾਰ ਮਜੀਦ ਸਕੱਤਰ ਅਤੇ ਡੇਲੀ ਗਾਦਿਆਲ ਦੇ ਸੰਪਾਦਕ ਅਰਸ਼ੀਦ ਰਸੂਲ ਖਜ਼ਾਨਚੀ ਹੋਣਗੇ।”

ਬਿਆਨ ‘ਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਦੋ ਦਿਨ ਪਹਿਲਾਂ ਹੀ ਨਵੀਆਂ ਚੋਣਾਂ ਦਾ ਐਲਾਨ ਕੀਤਾ ਜਾ ਚੁੱਕਾ ਸੀ ਅਤੇ 29 ਦਸੰਬਰ 2021 ਤੱਕ ਸਰਕਾਰ ਵੱਲੋਂ ਕਲੱਬ ਨੂੰ ਮੁੜ ਰਜਿਟਰਡ ਕਰਨ ਤੋਂ ਇਨਕਾਰ ਕੀਤੇ ਜਾਣ ਕਾਰਨ ਹੀ ਇਹ ਦੇਰੀ ਹੋਈ ਸੀ। ਇਹ ਵੀ ਸਪਸ਼ਟ ਨਹੀਂ ਸੀ ਕਿ ਇਹ ‘ਵੱਖ-ਵੱਖ ਪੱਤਰਕਾਰ ਜਥੇਬੰਦੀਆਂ’ ਕਿਹੜੀਆਂ ਸਨ, ਜਾਂ ਕਿੱਥੇ ਤੇ ਕਿਵੇਂ ਉਨ੍ਹਾਂ ਨੇ ਅੰਤ੍ਰਿਮ ਕਮੇਟੀ ਬਣਾਉਣ ਲਈ ‘ਸਰਬਸੰਮਤੀ ਨਾਲ ਸਹਿਮਤੀ’ ਦਿੱਤੀ ਸੀ। ‘ਕਾਰਵਾਂ’ ਵੱਲੋਂ ਪੰਡਿਤ ਨੂੰ ਈਮੇਲ ਰਾਹੀਂ ਭੇਜੇ ਸਵਾਲਾਂ ਦੇ ਇਕ ਪੰਨੇ ਦੇ ਜਵਾਬ ‘ਚ ਵੀ ਇਹ ਨਹੀਂ ਦੱਸਿਆ ਗਿਆ। ਕਸ਼ਮੀਰ ਪ੍ਰੈੱਸ ਕਲੱਬ ਨਾਲ ਰਜਿਸਟਰਡ 13 ਪੱਤਰਕਾਰ ਜਥੇਬੰਦੀਆਂ ‘ਚੋਂ 10 ਨੇ 20 ਜਨਵਰੀ ਨੂੰ ਮੀਟਿੰਗ ਕਰਕੇ ਇਸ ਨੂੰ ‘ਜਬਰੀ ਕਬਜ਼ਾ’ ਕਰਾਰ ਦਿੱਤਾ ਅਤੇ ‘ਫਿਰ ਜੰਮੂ ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰ ਪ੍ਰੈੱਸ ਕਲੱਬ ਨੂੰ ਬੰਦ ਕੀਤੇ ਜਾਣ’ ਦੀ ਨਿੰਦਾ ਕੀਤੀ। ਪ੍ਰੈੱਸ ਕਲੱਬ ਆਫ ਇੰਡੀਆ, ਐਡੀਟਰਜ਼ ਆਫ ਗਿਲਡ ਆਫ ਇੰਡੀਆ, ਪੱਤਰਕਾਰਾਂ ਦੀ ਰੱਖਿਆ ਲਈ ਕਮੇਟੀ ਅਤੇ ਕਈ ਹੋਰ ਕੌਮੀ ਤੇ ਕੌਮਾਂਤਰੀ ਪ੍ਰੈੱਸ ਸਭਾਵਾਂ ਨੇ ਵੀ ਕਬਜ਼ੇ ਦੀ ਨਿੰਦਾ ਕੀਤੀ ਹੈ। ਕਸ਼ਮੀਰ ਦੇ ਸਿਆਸਤਦਾਨਾਂ ਨੇ ਵੀ ਇਸ ਕਦਮ ਦੀ ਆਲੋਚਨਾ ਕੀਤੀ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਟਵੀਟ ਕੀਤਾ, “ਕੇ.ਪੀ.ਸੀ. ‘ਚ ਅੱਜ ਕੀਤਾ ਤਖਤਾ ਪਲਟਾ ਸਭ ਤੋਂ ਭੈੜੇ ਤਾਨਾਸ਼ਾਹਾਂ ਨੂੰ ਵੀ ਸ਼ਰਮਿੰਦਾ ਕਰਨ ਵਾਲਾ ਹੈ। ਇੱਥੇ ਸਟੇਟ ਦੀਆਂ ਏਜੰਸੀਆਂ ਆਪਣੇ ਅਸਲ ਫਰਜ਼ ਨਿਭਾਉਣ ਦੀ ਬਜਾਇ ਚੁਣੇ ਹੋਏ ਅਦਾਰਿਆਂ ਨੂੰ ਉਲਟਾਉਣ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਬਰਖਾਸਤ ਕਰਨ ‘ਚ ਲੱਗੀਆਂ ਹੋਈਆਂ ਹਨ। ਆਪਣੇ ਹੀ ਭਾਈਚਾਰੇ ਦੇ ਖਿਲਾਫ ਇਸ ਤਖਤਾ ਪਲਟ ਦੀ ਮਦਦ ਕਰਨ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ।”




ਕਸ਼ਮੀਰ ਪ੍ਰੈੱਸ ਕਲੱਬ ਦੀ ਝਲਕ।

***ਕਸ਼ਮੀਰ ਪ੍ਰੈੱਸ ਕਲੱਬ ‘ਤੇ ਕਬਜ਼ੇ ਤੋਂ ਬਾਅਦ ਵਾਲੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਇਸ ਪਿੱਛੇ ਪ੍ਰਸ਼ਾਸਨ ਦਾ ਹੱਥ ਸੀ। 17 ਜਨਵਰੀ ਨੂੰ ਸਰਕਾਰ ਨੇ ਕਲੱਬ ਬੰਦ ਕਰਨ ਦੇ ਨਾਲ-ਨਾਲ ਕਲੱਬ ਨੂੰ ਦਿੱਤੀ ਇਮਾਰਤ ਨੂੰ ਵੀ ਕਬਜ਼ੇ ‘ਚ ਲੈਣ ਦਾ ਫੈਸਲਾ ਕੀਤਾ। ਰਜਿਸਟ੍ਰੇਸ਼ਨ ਹੋਣ ‘ਤੇ ਪੋਲੋ ਵਿਊ ਭਵਨ ਜੁਲਾਈ 2018 ‘ਚ ਮੁਫਤੀ ਨੇ ਮੁਹੱਈਆ ਕਰਵਾਇਆ ਸੀ। ਉਸ ਨੇ ਪੱਤਰਕਾਰਾਂ ਦੀ ਉਨ੍ਹਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਲਈ ਚੁਣੀ ਹੋਈ, ਸਰਕਾਰ ਵੱਲੋਂ ਰਜਿਟਰਡ ਸੰਸਥਾ ਦੀ ਦਹਾਕਿਆਂ ਪੁਰਾਣੀ ਮੰਗ ਮੰਨ ਲਈ ਸੀ।***

ਮੈਂ ਜਿਨ੍ਹਾਂ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ ‘ਚ ਇਸ ਨੂੰ ਲੈ ਕੇ ਆਮ ਸਹਿਮਤੀ ਸੀ ਕਿ ਕਬਜ਼ੇ ਦਾ ਮਾਸਟਰ ਮਾਈਂਡ ਜੰਮੂ ਕਸ਼ਮੀਰ ਪ੍ਰਸ਼ਾਸਨ ਸੀ। ਪੰਡਿਤ ਨੇ ਭਾਵੇਂ ਇਸ ਤੋਂ ਇਨਕਾਰ ਕੀਤਾ ਕਿ ਪ੍ਰਸ਼ਾਸਨ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ, ਫਿਰ ਵੀ ਕਈ ਚੀਜ਼ਾਂ ਹਨ ਜੋ ਇਸ ਪਾਸੇ ਇਸ਼ਾਰਾ ਕਰਦੀਆਂ ਹਨ; ਜਿਵੇਂ ਪੰਡਿਤ ਅਤੇ ਹੋਰ ਜਿਨ੍ਹਾਂ ਨੇ ਕਬਜ਼ੇ ਦੀ ਹਮਾਇਤ ਕੀਤੀ, ਉਨ੍ਹਾਂ ਦੇ ਆਲੇ-ਦੁਆਲੇ ਪੁਲਿਸ ਅਤੇ ਨੀਮ-ਫੌਜੀ ਬੰਦੋਬਸਤ ਸ਼ੱਕੀ ਹੈ। ਪੰਡਿਤ ਸਰਕਾਰਾਂ ਦਾ ਕਰੀਬੀ ਮੰਨਿਆ ਜਾਂਦਾ ਹੈ।

ਧਾਰਾ 370 ਖਾਤਮ ਕਰਕੇ ਜੰਮੂ ਕਸ਼ਮੀਰ ਦੀ ਸੀਮਤ ਖੁਦਮੁਖਤਾਰੀ ਦਾ ਭੋਗ ਪਾਉਣ ਅਤੇ ਕਸ਼ਮੀਰ ਘਾਟੀ ਉੱਪਰ ਕਰੂਰ ਲੌਕਡਾਊਨ ਥੋਪਣ ਤੋਂ ਬਾਅਦ ਨਵੰਬਰ 2019 ‘ਚ ਪੰਡਿਤ ਨੇ ਕਿਹਾ ਸੀ ਕਿ ਅੰਗਰੇਜ਼ੀ ਦੇ ਇਕ ਪ੍ਰਮੁੱਖ ਰੋਜ਼ਾਨਾ ਅਖਬਾਰ ਦੇ ਸੰਪਾਦਕ ਦੇ “ਦਹਿਸ਼ਤਵਾਦੀ ਜਥੇਬੰਦੀ ਲਸ਼ਕਰ-ਏ-ਤਾਇਬਾ ਨਾਲ ਗੂੜ੍ਹੇ ਸਬੰਧ ਹਨ ਅਤੇ ਉਸ ਨੇ ਆਪਣੇ ਅਖਬਾਰ ‘ਚ ਲਿਖਣ ਲਈ ਜਾਣੇ-ਪਛਾਣੇ ‘ਜਹਾਦੀ ਪੱਤਰਕਾਰਾਂ’ ਨੂੰ ਕੰਮ ‘ਤੇ ਰੱਖਿਆ ਹੋਇਆ ਹੈ।” ਇਹ ਕੇਂਦਰ ਸਰਕਾਰ ਵੱਲੋਂ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਰਾਸ਼ਟਰ ਵਿਰੋਧੀ ਅਤੇ ਇਸਲਾਮਵਾਦੀ ਦੱਸੇ ਜਾਣ ਨਾਲ ਮਿਲਦਾ-ਜੁਲਦਾ ਬਿਆਨ ਹੈ। ਕਲੱਬ ਦਾ ‘ਅਪਮਾਨ’ ਕਰਨ ਕਰਕੇ ਪੰਡਿਤ ਦੀ ਕਸ਼ਮੀਰ ਪ੍ਰੈੱਸ ਕਲੱਬ ਦੀ ਮੈਂਬਰੀ ਤੁਰੰਤ ਰੱਦ ਕਰ ਦਿੱਤੀ ਗਈ ਸੀ ਅਤੇ ਉਦੋਂ ਤੋਂ ਉਹ ਕਲੱਬ ਦਾ ਮੈਂਬਰ ਨਹੀਂ ਰਿਹਾ ਸੀ।

ਜਨਵਰੀ 2020 ਵਿਚ ਜਦੋਂ ਭਾਰਤ ਸਰਕਾਰ ਨੇ 16 ਵਿਦੇਸ਼ੀ ਰਾਜਦੂਤਾਂ ਨੂੰ ਕਸ਼ਮੀਰ ਘਾਟੀ ਦੇ ਦੌਰੇ ‘ਤੇ ਸੱਦਿਆ ਅਤੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਹਾਲਾਤ ਆਮ ਹਨ ਤਾਂ ਪੰਡਿਤ ਉਨ੍ਹਾਂ ਚੁਣਵੇਂ ਮੀਡੀਆ ਕਾਰਿੰਦਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਉਨ੍ਹਾਂ ਨੁਮਾਇੰਦਿਆਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ ਸੀ। ਪ੍ਰੈੱਸ ਕਲੱਬ ਉੱਪਰ ਕਬਜ਼ੇ ਤੋਂ ਬਾਅਦ ਪੰਡਿਤ ਦਾ ਨਾਮ ਲਏ ਬਿਨਾ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਟਵੀਟ ਕੀਤਾ, “ਕੋਈ ਵੀ ਸਰਕਾਰ ਐਸੀ ਨਹੀਂ ਹੈ ਜਿਸ ਨੂੰ ਇਸ ‘ਪੱਤਰਕਾਰ’ ਨੇ ਚੋਇਆ ਨਾ ਹੋਵੇ ਅਤੇ ਕੋਈ ਐਸੀ ਸਰਕਾਰ ਨਹੀਂ ਹੈ ਜਿਸ ਦੀ ਤਰਫੋਂ ਇਸ ਨੇ ਝੂਠ ਨਾ ਬੋਲਿਆ ਹੋਵੇ। ਮੈਨੂੰ ਇਸ ਕਰਕੇ ਪਤਾ ਹੈ ਕਿ ਮੈਂ ਦੋਨਾਂ ਪੱਖਾਂ ਨੂੰ ਬਹੁਤ ਨੇੜਿਓਂ ਦੇਖਿਆ ਹੈ। ਹੁਣ ਉਸ ਨੇ ਰਾਜ ਦੀ ਪੁਸ਼ਤਪਨਾਹੀ ਵਾਲੇ ਤਖਤਾ ਪਲਟ ਦਾ ਲਾਭ ਉਠਾਇਆ ਹੈ।”

‘ਕਾਰਵਾਂ’ ਦੇ ਸਵਾਲਾਂ ਦੇ ਆਪਣੇ ਈ-ਮੇਲ ਜਵਾਬ ‘ਚ ਪੰਡਿਤ ਨੇ ਦਾਅਵਾ ਕੀਤਾ ਕਿ ਉਹ ਪ੍ਰੈੱਸ ਕਲੱਬ ਦੇ ਬਾਨੀ ਹਨ ਅਤੇ ਕਲੱਬ ਦੀ ਚੁਣੀ ਹੋਈ ਸੰਸਥਾ ਨੇ “ਕਲੱਬ ‘ਚ ਮੌਜੂਦ ਪਾਕਿਸਤਾਨੀ ਅਨਸਰਾਂ ਦੇ ਇਸ਼ਾਰੇ ‘ਤੇ ਸਰਕਾਰ ਨਾਲ ਟਕਰਾਉਣ ਦਾ ਰਾਹ ਚੁਣਿਆ।” ਉਸ ਨੇ ਦਾਅਵਾ ਕੀਤਾ ਕਿ ਕਲੱਬ ਦੀਆਂ ਪਿਛਲੀਆਂ ਚੋਣਾਂ ਸੁਤੰਤਰ ਅਤੇ ਨਿਰਪੱਖ ਨਹੀਂ ਸਨ, ਇਹ ਝੂਠ ਸੀ ਕਿ ਨਵੀਂ ਚੋਣ ਦਾ ਐਲਾਨ ਪਹਿਲਾਂ ਨਹੀਂ ਕੀਤਾ ਗਿਆ ਸੀ। ਉਸ ਨੇ ਇਹ ਵੀ ਕਿਹਾ ਕਿ ਕਲੱਬ ਦੀ ਲੀਡਰਸ਼ਿਪ ਮੁਫਤੀ ਅਤੇ ਅਬਦੁੱਲਾ ਦੇ ਆਦੇਸ਼ਾਂ ‘ਤੇ ਕੰਮ ਕਰ ਰਹੀ ਸੀ। ਪੰਡਿਤ ਨੇ ਕਿਹਾ, “ਕੀ ਕੋਈ ਇਸ ਸਵਾਲ ਦਾ ਜਵਾਬ ਦੇ ਸਕਦਾ ਹੈ ਕਿ ਕਸ਼ਮੀਰ ਦੇ ਪੱਤਰਕਾਰਾਂ ਦਰਮਿਆਨ ਅੰਦਰੂਨੀ ਸਬੰਧਾਂ ਦੇ ਕਾਰਨ ਪਾਕਿਸਤਾਨੀ ਸਟੇਟ ਅਤੇ ਦਹਿਸ਼ਤਗਰਦ ਕਿਉਂ ਭੜਕ ਗਏ? ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੂੰ ਕਸ਼ਮੀਰ ਵਿਚ ਪੱਤਰਕਾਰਾਂ ਦੇ ਅੰਦਰੂਨੀ ਮਾਮਲਿਆਂ ‘ਚ ਦਖਲ ਕਿਉਂ ਦੇਣਾ ਪਿਆ? ਉਸ ਨੇ ਇਹ ਇਲਜ਼ਾਮ ਵੀ ਲਗਾਇਆ ਕਿ ਕਲੱਬ ‘ਚ ਭਾਰੀ ਸੁਰੱਖਿਆ ਦੀ ਮੌਜੂਦਗੀ ਦੀ ਫੁਟੇਜ ਫੋਟੋਸ਼ਾਪ ਕੀਤੀ ਹੋਈ ਸੀ। ਹਾਲਾਂਕਿ ਮੈਂ ਵੀ ਉੱਥੇ ਸੀ ਅਤੇ ਉੱਥੇ ਸਥਿਤੀ ਇਸ ਤੋਂ ਉਲਟ ਸੀ।

ਕਬਜ਼ੇ ਤੋਂ ਬਾਅਦ ਦੇ ਦਿਨਾਂ ਦੀਆਂ ਘਟਨਾਵਾਂ ਇਹ ਵੀ ਦਰਸਾਉਂਦੀਆਂ ਹਨ ਕਿ ਇਸ ਦੇ ਪਿੱਛੇ ਪ੍ਰਸ਼ਾਸਨ ਦਾ ਹੱਥ ਸੀ। 17 ਜਨਵਰੀ ਨੂੰ ਸਰਕਾਰ ਨੇ ਕਲੱਬ ਨੂੰ ਬੰਦ ਕਰਨ ਦੇ ਨਾਲ-ਨਾਲ ਕਲੱਬ ਨੂੰ ਦਿੱਤੀ ਗਈ ਇਮਾਰਤ ਨੂੰ ਵੀ ਕਬਜੇ ‘ਚ ਲੈਣ ਦਾ ਫੈਸਲਾ ਕੀਤਾ। ਰਜਿਸਟ੍ਰੇਸ਼ਨ ਹੋਣ ‘ਤੇ ਪੋਲੋ ਵਿਊ ਭਵਨ ਜੁਲਾਈ 2018 ‘ਚ ਮੁਫਤੀ ਵੱਲੋਂ ਮੁਹੱਈਆ ਕਰਵਾਇਆ ਗਿਆ ਸੀ। ਉਸ ਨੇ ਪੱਤਰਕਾਰਾਂ ਦੀ ਉਨ੍ਹਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਲਈ ਚੁਣੀ ਹੋਈ, ਸਰਕਾਰ ਵੱਲੋਂ ਰਜਿਟਰਡ ਸੰਸਥਾ ਦੀ ਦਹਾਕਿਆਂ ਪੁਰਾਣੀ ਮੰਗ ਮੰਨ ਲਈ ਸੀ। ਚਾਰ ਸਾਲ ਬਾਅਦ ਹੀ “ਕਸ਼ਮੀਰ ਪ੍ਰੈੱਸ ਕਲੱਬ ‘ਚ ਦੋ ਸ਼ਰੀਕ ਗੁੱਟਾਂ ਦੇ ਝਗੜੇ ਕਾਰਨ ਵਾਪਰੀਆਂ ਮਾੜੀਆਂ ਘਟਨਾਵਾਂ ਨਾਲ ਬਣੀ ਹਾਲਤ” ਉੱਪਰ ਫਿਕਰਮੰਦੀ ਦਾ ਹਵਾਲਾ ਦਿੰਦੇ ਹੋਏ ਪ੍ਰੈੱਸ ਕਲੱਬ ਦੀ ਰਜਿਸਟ੍ਰੇਸ਼ਨ ਖਤਮ ਕਰ ਦਿੱਤੀ ਗਈ ਅਤੇ ਇਸ ਦੇ ਦਫਤਰ ਬੰਦ ਕਰ ਦਿੱਤੇ ਗਏ। ਕਸ਼ਮੀਰ ਪ੍ਰੈੱਸ ਕਲੱਬ ਦੇ ਪਹਿਲੇ ਸਕੱਤਰ ਇਸ਼ਫਾਕ ਤਾਂਤਰੇ ਆਪਣੇ ਇਕ ਲੇਖ ‘ਚ ਲਿਖਦੇ ਹਨ ਕਿ ਕਬਜ਼ੇ ਨਾਲ ਸਰਕਾਰ ਅਤੇ ਇਸ ‘ਅੰਤ੍ਰਿਮ ਸੰਸਥਾ’ ਦੋਨਾਂ ਦੀ ਬਦਨਾਮੀ ਹੋਈ ਹੈ। ਕਸ਼ਮੀਰ ਪ੍ਰੈੱਸ ਕਲੱਬ ਨੂੰ ਬੰਦ ਕਰਨ ਦੀ ਨਵੀਂ ਯੋਜਨਾ ਸਰਕਾਰ ਦੀ ਹੈ।

ਆਪਣੇ ਚਾਰ ਸਾਲ ਦੇ ਛੋਟੇ ਕਾਰਜ ਕਾਲ ‘ਚ ਹੀ ਕਸ਼ਮੀਰ ਪ੍ਰੈੱਸ ਕਲੱਬ ਪੱਤਰਕਾਰਾਂ ਲਈ ਲਾਹੇਵੰਦ ਸਹੂਲਤਾਂ ਵਾਲੀ ਸ਼ਾਂਤ ਜਗ੍ਹਾ ਸੀ। ਭਾਰਤ ਦੇ ਹੋਰ ਪ੍ਰੈੱਸ ਕਲੱਬਾਂ ਤੋਂ ਉਲਟ ਇੱਥੇ ਪੱਤਰਕਾਰਾਂ ਨੂੰ ਸਸਤੇ ਭੋਜਨ ਅਤੇ ਸ਼ਰਾਬ ਦਾ ਲਾਭ ਸੀ। ਦਰਜਨਾਂ ਸੁਤੰਤਰ ਪੱਤਰਕਾਰਾਂ ਜਿਨ੍ਹਾਂ ਕੋਲ ਆਪਣਾ ਕੋਈ ਦਫਤਰ ਨਹੀਂ ਹੈ, ਲਈ ਕਸ਼ਮੀਰ ਪ੍ਰੈੱਸ ਕਲੱਬ ਐਸੀ ਜਗ੍ਹਾ ਸੀ ਜਿੱਥੇ ਬੈਠ ਕੇ ਉਹ ਕੰਮ ਕਰ ਸਕਦੇ ਸਨ। ਧਾਰਾ 370 ਖਤਮ ਕੀਤੇ ਜਾਣ ਅਤੇ ਫੌਜ ਵੱਲੋਂ ਲਾਗੂ ਕੀਤੇ ਲੌਕਡਾਊਨ ਅਤੇ ਫਿਰ ਮੀਡੀਆ ਬਲੈਕਆਊਟ ਤੋਂ ਬਾਅਦ ਇਸ ਦੀ ਵਰਤੋਂ ਹੋਰ ਵੀ ਵਧ ਗਈ।

ਜਦੋਂ 2019 ਵਿਚ ਕਈ ਮਹੀਨੇ ਸੰਚਾਰ ਠੱਪ ਰਿਹਾ ਤਾਂ ਕੇ.ਪੀ.ਸੀ. ਸੂਚਨਾ ਸਾਂਝੀ ਕਰਨ ਦਾ ਕੇਂਦਰ ਬਣ ਗਿਆ ਜਿੱਥੇ ਕਸ਼ਮੀਰ ਦੇ ਵੱਖ-ਵੱਖ ਖੇਤਰਾਂ ਦੇ ਪੱਤਰਕਾਰ ਖਬਰਾਂ ਸਾਂਝੀਆਂ ਕਰਦੇ ਸਨ। ਸ੍ਰੀਨਗਰ ਦੇ ਪੱਤਰਕਾਰ ਆਕਿਬ ਜਾਵੀਦ ਨੇ ਦੱਸਿਆ, “ਉਸ ਸਮੇਂ ਦੌਰਾਨ ਸਾਡੇ ਕੋਲ ਰਿਪੋਰਟ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਸੀ” ਪਰ ਕਲੱਬ ਸਰਕਾਰੀ ਦਖਲ ਤੋਂ ਪੂਰੀ ਤਰ੍ਹਾਂ ਮੁਕਤ ਵੀ ਨਹੀਂ ਸੀ। ਵੀਹ ਸਾਲ ਦੇ ਇਕ ਵੀਡੀਓ ਪੱਤਰਕਾਰ ਅਨੁਸਾਰ, ਇਸ ਦੀ ਸਥਾਪਨਾ ਹੋਣ ਦੇ ਸਮੇਂ ਤੋਂ ਸਿਵਲ ਵਰਦੀ ‘ਚ ਸੀ.ਆਈ.ਡੀ. ਦੇ ਅਫਸਰ ਪੱਤਰਕਾਰਾਂ ਤੋਂ ਸੂਹ ਲੈਣ ਲਈ ਕਲੱਬ ‘ਚ ਬਾਕਾਇਦਗੀ ਨਾਲ ਆਉਂਦੇ ਰਹਿੰਦੇ ਸਨ: “ਅਸੀਂ ਆਮ ਤੌਰ ‘ਤੇ ਮਜ਼ਾਕ ਕਰਦੇ ਕਿ ਉਹ ਕੋਠੀ ਬਾਗ ਟਾਈਮਜ਼ ਦੇ ਪੱਤਰਕਾਰ ਹਨ!” ਉਸ ਨੇ ਬਦਨਾਮ ਕੋਠੀ ਬਾਗ ਥਾਣੇ ਦਾ ਜ਼ਿਕਰ ਕੀਤਾ ਜਿੱਥੇ ਕੁਝ ਪੱਤਰਕਾਰਾਂ ਨੂੰ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ।

ਲੇਖਕ ਅਤੇ ਪੱਤਰਕਾਰ ਗੌਹਰ ਗਿਲਾਨੀ ਨੇ ਕਿਹਾ ਕਿ ਸੀ.ਆਈ.ਡੀ. ਦੀ ਹਮੇਸ਼ਾ ਮੌਜੂਦਗੀ ਦੇ ਬਾਵਜੂਦ ਪ੍ਰੈੱਸ ਕਲੱਬ ਸੰਘਰਸ਼ ਅਤੇ ਪੁਲਿਸ ਹਿੰਸਾ ਦਰਮਿਆਨ ਪਿਸ ਰਹੇ ਕਸ਼ਮੀਰੀ ਪੱਤਰਕਾਰਾਂ ਲਈ ਬਹੁਤ ਮਹੱਤਵਪੂਰਨ ਜਗ੍ਹਾ ਸੀ ਅਤੇ ਕਸ਼ਮੀਰ ਦੇ ਨਾਗਰਿਕ ਸਮਾਜ ਉੱਪਰ ਨਰਿੰਦਰ ਮੋਦੀ ਸਰਕਾਰ ਉੱਪਰ ਬੰਦਿਸ਼ਾਂ ਲਗਾਏ ਜਾਣ ਤੋਂ ਬਾਅਦ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਸੀ। ਗੌਹਰ ਨੇ ਕਿਹਾ, “ਦਿਨ-ਦਿਹਾੜੇ ਕਲੱਬ ਉੱਪਰ ਕਬਜ਼ਾ ਕਸ਼ਮੀਰ ਵਿਚ ਮੀਡੀਆ ਦੀ ਆਜ਼ਾਦੀ ਅਤੇ ਨਾਗਰਿਕਾਂ ਦੇ ਇਕੱਠੇ ਹੋਣ ਦੇ ਅਧਿਕਾਰ ਉੱਪਰ ਵੱਡਾ ਹਮਲਾ ਹੈ। ਨਾਲ ਹੀ, ਇਸ ਸੰਸਥਾਈ ਕਬਜ਼ੇ ਦਾ ਉਦੇਸ਼ ਕਸ਼ਮੀਰ ਦੀ ਕਹਾਣੀ ਨੂੰ ਦਬੂ ਕਲਰਕਾਂ ਅਤੇ ਦਰਬਾਰੀ ਲੇਖਕਾਂ ਜ਼ਰੀਏ ਆਪਣੀ ਮਨ ਮਰਜ਼ੀ ਨਾਲ ਘੜਨਾ ਹੈ। ਇਹ ਤਿੰਨ ਸੌ ਤੋਂ ਵਧੇਰੇ ਸਰਗਰਮ ਪੱਤਰਕਾਰਾਂ ਨੂੰ ਬੇਘਰ ਕਰਨ ਦੇ ਬਰਾਬਰ ਹੈ।”

ਕਸ਼ਮੀਰ ਪ੍ਰੈੱਸ ਕਲੱਬ ਉੱਪਰ ਕਬਜ਼ਾ ਅਤੇ ਇਸ ਨੂੰ ਬੰਦ ਕਰਨਾ ਜੰਮੂ ਕਸ਼ਮੀਰ ਪ੍ਰਸ਼ਾਸਨ ਦੁਆਰਾ ਪ੍ਰੈੱਸ ਦੀ ਆਜ਼ਾਦੀ ਉੱਪਰ ਬੇਕਿਰਕ ਹਮਲਾ ਹੈ। ਧਾਰਾ 370 ਦਾ ਖਾਤਮਾ ਕਰਨ ਤੋਂ ਬਾਅਦ, ਖੇਤਰ ਦੀ ਪੁਲਿਸ ਨੇ ਪੱਤਰਕਾਰਾਂ ਵਿਰੁੱਧ ਸਖਤ ਕਾਰਵਾਈ ਵਿੱਢ ਦਿੱਤੀ ਹੈ। ਘੱਟੋ-ਘੱਟ 12 ਪੱਤਰਕਾਰਾਂ ਵਿਰੁੱਧ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚ ਜਾਬਰ ਦਹਿਸ਼ਤਵਾਦ ਵਿਰੋਧੀ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਕੇਸ ਵੀ ਹਨ। ਸੀ.ਆਈ.ਡੀ. ਅਤੇ ਪੁਲਿਸ ਨੇ 180 ਤੋਂ ਵੱਧ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ। ਸਰਕਾਰ ਦੇ ਦਬਾਅ ਹੇਠ ਸਮਾਚਾਰ ਸੰਸਥਾਵਾਂ ਨੇ ਕਈ ਐਸੇ ਪੱਤਰਕਾਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ ਜੋ ਸੱਤਾਧਾਰੀ ਸ਼ਾਸਨ ਬਾਰੇ ਆਲੋਚਨਾਤਮਕ ਰਿਪੋਰਟਿੰਗ ਕਰਨੋਂ ਨਹੀਂ ਹਟੇ। ਚਿੰਤਾ ਇਸ ਗੱਲ ਦੀ ਹੈ ਕਿ ਸਮਾਚਾਰ ਸੰਸਥਾਵਾਂ ਨੇ ਆਪਣੇ ਆਰਕਾਈਵਾਂ ਤੋਂ ਐਸੀਆਂ ਰਿਪੋਰਟਾਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਜੋ ਸਰਕਾਰ ਦਾ ਗੁੱਸਾ ਸਹੇੜ ਸਕਦੀਆਂ ਹਨ। ਆਪਣੀ ਰਿਪੋਰਟਿੰਗ ਦੌਰਾਨ ਮੈਂ ਘਾਟੀ ਦੇ 25 ਤੋਂ ਵੱਧ ਪੱਤਰਕਾਰਾਂ ਅਤੇ ਇਕ ਦਰਜਨ ਤੋਂ ਵੱਧ ਪੁਲਿਸ ਅਫਸਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪ੍ਰੈੱਸ ਦੀ ਚਿੰਤਾਜਨਕ ਤਸਵੀਰ ਪੇਸ਼ ਕੀਤੀ ਜਿਸ ਨੂੰ ਹੁਣ ਇੱਥੇ ਲੱਗਭੱਗ ਮੁਕੰਮਲ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨੂੰ ਅਕਸਰ ‘ਦੁਨੀਆ ਦੀ ਸਭ ਤੋਂ ਸੁੰਦਰ ਜੇਲ੍ਹ’ ਕਿਹਾ ਜਾਂਦਾ ਹੈ। **(ਚੱਲਦਾ)**




ਮੁਹੰਮਦ ਸਲੀਮ ਪੰਡਿਤ ਜਿਸ ਨੂੰ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰ ਪ੍ਰੈੱਸ ਕਲੱਬ ਦਾ ਪ੍ਰਧਾਨ ਥਾਪ ਦਿੱਤਾ।

***ਕਸ਼ਮੀਰ ਪ੍ਰੈੱਸ ਕਲੱਬ ਉੱਪਰ ਕਬਜ਼ਾ ਅਤੇ ਇਸ ਨੂੰ ਬੰਦ ਕਰਨਾ ਜੰਮੂ ਕਸ਼ਮੀਰ ਪ੍ਰਸ਼ਾਸਨ ਦੁਆਰਾ ਪ੍ਰੈੱਸ ਦੀ ਆਜ਼ਾਦੀ ਉੱਪਰ ਬੇਕਿਰਕ ਹਮਲਾ ਹੈ। ਘੱਟੋ-ਘੱਟ 12 ਪੱਤਰਕਾਰਾਂ ਵਿਰੁੱਧ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚ ਦਹਿਸ਼ਤਵਾਦ ਵਿਰੋਧੀ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਕੇਸ ਵੀ ਹਨ। ਸੀ.ਆਈ.ਡੀ. ਅਤੇ ਪੁਲਿਸ ਨੇ 180 ਤੋਂ ਵੱਧ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ। ਸਰਕਾਰ ਦੇ ਦਬਾਅ ਹੇਠ ਸਮਾਚਾਰ ਸੰਸਥਾਵਾਂ ਨੇ ਕਈ ਐਸੇ ਪੱਤਰਕਾਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ ਜੋ ਸੱਤਾਧਾਰੀ ਸ਼ਾਸਨ ਬਾਰੇ ਆਲੋਚਨਾਤਮਕ ਰਿਪੋਰਟਿੰਗ ਕਰਨੋਂ ਨਹੀਂ ਹਟੇ। ਚਿੰਤਾ ਇਸ ਗੱਲ ਦੀ ਹੈ ਕਿ ਸਮਾਚਾਰ ਸੰਸਥਾਵਾਂ ਨੇ ਆਪਣੇ ਆਰਕਾਈਵਾਂ ਤੋਂ ਐਸੀਆਂ ਰਿਪੋਰਟਾਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਜੋ ਸਰਕਾਰ ਦਾ ਗੁੱਸਾ ਸਹੇੜ ਸਕਦੀਆਂ ਹਨ। ਆਪਣੀ ਰਿਪੋਰਟਿੰਗ ਦੌਰਾਨ ਘਾਟੀ ਦੇ 25 ਤੋਂ ਵੱਧ ਪੱਤਰਕਾਰਾਂ ਅਤੇ ਇਕ ਦਰਜਨ ਤੋਂ ਵੱਧ ਪੁਲਿਸ ਅਫਸਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪ੍ਰੈੱਸ ਦੀ ਚਿੰਤਾਜਨਕ ਤਸਵੀਰ ਪੇਸ਼ ਕੀਤੀ ਜਿਸ ਨੂੰ ਹੁਣ ਇੱਥੇ ਲੱਗਭੱਗ ਮੁਕੰਮਲ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪੈ ਰਿਹਾ ਹੈ।***

# ਨਵੀਂ ਖੇਤੀ ਕਮੇਟੀ ਅਤੇ ਪੁਰਾਣੇ ਖੇਤੀ ਕਾਨੂੰਨ

ਖੇਤੀ ਸੁਧਾਰਾਂ ਦੇ ਨਾਂ ਥੱਲੇ ਲਿਆਂਦੇ ਤਿੰਨ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਦੀ ਸਫਲਤਾ ਤੋਂ 8 ਮਹੀਨੇ ਬਾਅਦ ਕੇਂਦਰ ਸਰਕਾਰ ਨੇ 29 ਮੈਂਬਰੀ ਬਣਾਈ ਹੈ ਜਿਸ ਦਾ ਦੱਸਿਆ ਗਿਆ ਮਨੋਰਥ ਮੁਲਕ ਵਿਚ ਜ਼ੀਰੋ ਬਜਟ ਕੁਦਰਤੀ ਖੇਤੀ ਨੂੰ ਹੁਲਾਰਾ ਦੇਣਾ, ਫਸਲੀ ਵੰਨ-ਸਵੰਨਤਾ ਲਿਆਉਣਾ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਹੋਰ ਪ੍ਰਭਾਵੀ ਤੇ ਪਾਰਦਰਸ਼ੀ ਬਣਾਉਣਾ ਹੈ। ਇਸ ਫੈਸਲੇ ਨੂੰ ਜਨਤਕ ਕਰਨ ਦੇ ਨਾਲ ਹੀ ਪੰਜਾਬ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਮੁੱਖ ਤੌਰ 'ਤੇ ਕਮੇਟੀ ਦਾ ਦੋ ਮੁੱਦਿਆਂ ਉਪਰ ਵਿਰੋਧ ਕੀਤਾ ਜਾ ਰਿਹਾ ਹੈ। ਪਹਿਲਾ, ਕਮੇਟੀ ਦੀ ਬਣਤਰ ਤੇ ਸਰੂਪ ਅਤੇ



**ਡਾ. ਸੁਖਪਾਲ ਸਿੰਘ**
ਫੋਨ: +91-98760-63523

ਦੂਸਰਾ, ਕਮੇਟੀ ਦਾ ਮੰਤਵ ਜਾਂ ਉਦੇਸ਼। ਜਿੱਥੋਂ ਤਕ ਕਮੇਟੀ ਦੀ ਬਣਤਰ ਦਾ ਸਵਾਲ ਹੈ, ਇਸ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ ਸੈਕਟਰੀ ਤੋਂ ਇਲਾਵਾ ਇਸ ਦੇ 27 ਹੋਰ ਮੈਂਬਰ ਹਨ ਜਿਨ੍ਹਾਂ ਵਿਚ 3 ਅਰਥਸ਼ਾਸਤਰੀ, 9 ਕਿਸਾਨ (6 ਸਰਕਾਰ ਵੱਲੋਂ ਅਤੇ 3 ਸੰਯੁਕਤ ਕਿਸਾਨ ਮੋਰਚੇ ਨੂੰ ਨੁਮਾਇੰਦੇ ਦੇਣ ਲਈ ਕਿਹਾ ਗਿਆ), 2 ਸਹਿਕਾਰਤਾ/ਗਰੁੱਪ ਤੋਂ ਅਤੇ ਇਕ ਖੇਤੀਬਾੜੀ ਲਾਗਤ ਤੇ ਕੀਮਤ ਕਮਿਸ਼ਨ ਤੋਂ ਲਏ ਗਏ ਹਨ। ਇਨ੍ਹਾਂ ਤੋਂ ਇਲਾਵਾ 3 ਮੈਂਬਰ ਖੇਤੀ ਯੂਨੀਵਰਸਿਟੀਆਂ/ਸੰਸਥਾਵਾਂ- ਹੈਦਰਾਬਾਦ, ਜੰਮੂ ਤੇ ਜਬਲਪੁਰ ਤੋਂ ਲਏ ਹਨ। ਇਸੇ ਤਰ੍ਹਾਂ ਭਾਰਤ ਸਰਕਾਰ ਦੇ ਖੇਤੀ ਨਾਲ ਸਬੰਧਤ ਵਿਭਾਗਾਂ ਦੇ 5 ਸੈਕਟਰੀ ਅਤੇ 4 ਰਾਜ ਸਰਕਾਰਾਂ- ਕਰਨਾਟਕਾ, ਆਂਧਰਾ ਪ੍ਰਦੇਸ਼, ਸਿੱਕਮ ਤੇ ਉੜੀਸਾ ਦੇ ਨੁਮਾਇੰਦੇ ਲਏ ਹਨ।

ਇਸ ਕਮੇਟੀ ਦੇ ਸਰੂਪ 'ਤੇ ਸਵਾਲ ਇਸ ਕਰਕੇ ਵਾਜਿਬ ਹੈ ਕਿਉਂਕਿ ਇਹ ਕਮੇਟੀ ਸੰਯੁਕਤ ਕਿਸਾਨ ਮੋਰਚੇ ਦੇ ਸਫਲ ਅੰਦੋਲਨ ਦੇ ਪ੍ਰਸੰਗ ਵਿਚ ਹੀ ਬਣਾਉਣੀ ਸੀ ਲੇਕਿਨ ਸਰਕਾਰ ਨੇ ਇੰਨੀ ਵੱਡੀ ਗਿਣਤੀ ਸਰਕਾਰੀ ਪ੍ਰਤੀਨਿਧਾਂ ਨੂੰ ਤਾਂ ਮੈਂਬਰ ਬਣਾਇਆ ਹੀ, ਨਾਲ 6 ਕਿਸਾਨ ਮੈਂਬਰ ਵੀ ਨਾਮਜ਼ਦ ਕਰ ਦਿੱਤੇ। ਇਸ ਸੂਰਤ ਵਿਚ ਸੰਯੁਕਤ ਕਿਸਾਨ ਮੋਰਚੇ ਦੇ 3 ਮੈਂਬਰਾਂ ਦੀ ਇਸ ਕਮੇਟੀ ਵਿਚ ਵੁੱਕਤ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਕਿਸਾਨ ਕਹਿ ਰਹੇ ਹਨ ਕਿ ਇਸ ਕਮੇਟੀ ਵਿਚ ਸ਼ਾਮਲ ਤਕਰੀਬਨ ਸਾਰੇ ਮੈਂਬਰ ਸਿੱਧੇ ਤੌਰ 'ਤੇ ਨਵੀਆਂ ਆਰਥਿਕ ਨੀਤੀਆਂ ਜਾਂ ਤਿੰਨੇ ਖੇਤੀ ਕਾਨੂੰਨਾਂ ਦੇ ਹੱਕ ਵਾਲੇ ਹਨ। ਕਮੇਟੀ ਦੇ ਚੇਅਰਮੈਨ ਸੰਜੇ ਅਗਰਵਾਲ ਮਨਸੂਖ ਤਿੰਨ ਖੇਤੀ ਕਾਨੂੰਨਾਂ ਦੀ ਵਕਾਲਤ ਕਰਦੇ ਰਹੇ ਹਨ ਅਤੇ ਬਾਕੀ ਤਕਰੀਬਨ ਸਾਰੇ ਮੈਂਬਰ ਹੀ ਇਨ੍ਹਾਂ ਦੀ ਪ੍ਰੋੜਤਾ ਕਰਦੇ ਰਹੇ ਹਨ। ਕੁਝ ਮੈਂਬਰ ਚੱਲ ਰਹੀ ਐਮ.ਐਸ.ਪੀ. ਪ੍ਰਣਾਲੀ ਦਾ ਵੀ ਵਿਰੋਧ ਕਰਦੇ ਸਨ। ਇਸੇ ਤਰ੍ਹਾਂ ਕੁਝ ਮੈਂਬਰ ਠੇਕਾ ਖੇਤੀ ਅਤੇ ਐਫ.ਪੀ.ਓ. ਨੂੰ ਫਾਇਦੇਮੰਦ ਦੱਸਣ ਦੇ ਨਾਲ ਨਾਲ ਈ.ਪੀ.ਐੱਮ.ਸੀ. ਮੰਡੀਆਂ ਤੋੜਨ ਦੇ ਵੀ ਹੱਕ ਵਿਚ ਸਨ। ਇਹ ਸਭ ਕੁਝ ਖੇਤੀ ਕਾਨੂੰਨਾਂ ਦੇ ਪੱਖ ਵਿਚ ਹੀ ਜਾਂਦਾ ਹੈ। ਇਸ ਕਰਕੇ ਕਿਸਾਨਾਂ ਨੇ ਇਸ ਕਮੇਟੀ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਤੋਂ ਮੁਨਕਰ ਹੋਣ ਵਾਲੀ ਅਤੇ ਇੱਥੇ ਵੱਡੀ ਗਿਣਤੀ ਸਰਕਾਰੀ ਮੈਂਬਰਾਂ ਦੀ ਸ਼ਮੂਲੀਅਤ ਹੋਣ ਕਰਕੇ ਇਸ ਕਮੇਟੀ ਵਿਚ ਆਪਣੇ ਮੈਂਬਰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਕਮੇਟੀ ਵਿਚ ਪੰਜਾਬ, ਹਰਿਆਣਾ ਅਤੇ ਮੰਡੀ ਲਈ ਖੇਤੀ ਪੈਦਾਵਾਰ ਕਰਨ ਵਾਲੇ ਸੂਬਿਆਂ ਦੀ ਸ਼ਮੂਲੀਅਤ ਨੂੰ ਅਣਗੌਲਿਆਂ ਕੀਤਾ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੀ ਗੱਲ ਤਾਂ ਇਕ ਪਾਸੇ ਛੱਡੋ, ਪਹਿਲਾਂ ਚੱਲਦੀ ਐਮ.ਐਸ.ਪੀ. ਉਪਰ ਕਨਕ-ਝੋਨੇ ਦੀ 'ਸਮੁੱਚੀ ਖਰੀਦ ਪ੍ਰਣਾਲੀ' ਦੀ ਥਾਂ 'ਨਿਸ਼ਚਤ ਕੋਟਾ ਖਰੀਦ ਪ੍ਰਣਾਲੀ' ਸ਼ੁਰੂ ਹੋ ਸਕਦੀ ਹੈ। ਇਸੇ ਤਰ੍ਹਾਂ ਕੁਦਰਤੀ ਖੇਤੀ ਨੂੰ ਉਤਸ਼ਾਹਤ ਕਰਨ ਦੇ ਨਾਂ 'ਤੇ ਸਮੁੱਚੀਆਂ ਸਬਸਿਡੀਆਂ ਅਤੇ ਰਸਾਇਣਕ ਖਾਦਾਂ ਦੀ ਸਬਸਿਡੀ ਨੂੰ ਸਿੱਧੇ ਲਾਭ ਪਹੁੰਚ ਪ੍ਰਣਾਲੀ (ਡੀ.ਬੀ.ਟੀ.) ਰਾਹੀਂ ਘਟਾਇਆ ਜਾ ਸਕਦਾ ਹੈ। ਇਨ੍ਹਾਂ ਗੱਲਾਂ ਦਾ ਪੰਜਾਬ ਅਤੇ ਹੋਰ ਖੇਤੀ ਪ੍ਰਧਾਨ ਸੂਬਿਆਂ ਨੂੰ ਬਹੁਤ ਨੁਕਸਾਨ ਹੋਵੇਗਾ। ਕੇਂਦਰ ਸਰਕਾਰ ਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਇਨ੍ਹਾਂ ਰਾਜਾਂ ਵਿਚੋਂ ਲਏ ਨੁਮਾਇੰਦੇ ਅਜਿਹੇ ਕਦਮ ਚੁੱਕਣ ਵਿਚ ਰੋਕ ਖੜ੍ਹੀ ਕਰਨਗੇ। ਇਸ ਕਰਕੇ ਇਨ੍ਹਾਂ ਰਾਜਾਂ ਨੂੰ ਇਸ ਕਮੇਟੀ ਤੋਂ ਬਾਹਰ ਰੱਖਣਾ ਹੀ ਠੀਕ ਹੋਵੇਗਾ ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਮੌਜੂਦਾ ਖੇਤੀ ਉਤਪਾਦਨ ਅਤੇ ਮੰਡੀ ਸਿਸਟਮ ਟੁੱਟ ਗਿਆ ਤਾਂ ਇਨ੍ਹਾਂ ਰਾਜਾਂ ਦੀ ਅਰਥ ਵਿਵਸਥਾ ਤਹਿਸ-ਨਹਿਸ ਹੋ ਜਾਵੇਗੀ। ਪੰਜਾਬ ਸਰਕਾਰ ਦਾ ਇਸ ਕਮੇਟੀ ਨੂੰ ਮੁੜ-ਗਠਨ ਕਰਾਉਣ ਉਪਰ ਜ਼ੋਰ ਪਾਉਣ ਵਾਲੀ ਮੰਗ ਦਾ ਸਵਾਗਤ ਕਰਨਾ ਬਣਦਾ ਹੈ।



ਹੁਣ ਅਸੀਂ ਪਿਛਲੀਆਂ ਖੇਤੀ ਸਬੰਧੀ ਕਮੇਟੀਆਂ ਦੀਆਂ ਰਿਪੋਰਟਾਂ ਦੀ ਸਾਰਥਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕੌਮੀ ਕਿਸਾਨ ਕਮਿਸ਼ਨ ਦੀ 2005 ਵਿਚ ਜਾਰੀ ਸਵਾਮੀਨਾਥਨ ਰਿਪੋਰਟ ਨੂੰ ਕਿਸਾਨਾਂ ਵੱਲੋਂ ਵੱਡੀ ਮੰਗ ਦੇ ਤੌਰ 'ਤੇ ਉਭਾਰਨ ਦੇ ਬਾਵਜੂਦ ਲਾਗੂ ਨਹੀਂ ਕੀਤਾ ਗਿਆ। ਰਮੇਸ਼ ਚੰਦ ਕਮੇਟੀ (2013) ਦੀਆਂ ਫਸਲੀ ਲਾਗਤਾਂ ਸਬੰਧੀ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਵੀ ਸਰਕਾਰ ਨੇ ਅਣਗੌਲਿਆ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਵਿਚ ਮੁੱਖ ਤੌਰ 'ਤੇ ਫਸਲਾਂ ਦੀ ਵੰਨ-ਸਵੰਨਤਾ ਸਬੰਧੀ ਦੋ ਰਿਪੋਰਟਾਂ ਡਾ. ਐਸ.ਐਸ. ਜੌਹਲ ਦੀ ਪ੍ਰਧਾਨਗੀ ਹੇਠ ਪੇਸ਼ ਕੀਤੀਆਂ ਗਈਆਂ ਪਰ ਸਰਕਾਰਾਂ ਨੇ ਇਨ੍ਹਾਂ ਰਿਪੋਰਟਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸ ਤੋਂ ਬਾਅਦ ਪੰਜਾਬ ਰਾਜ ਕਿਸਾਨ ਕਮਿਸ਼ਨ ਨੇ ਮੁੱਖ ਰੂਪ ਵਿਚ ਦੋ ਖੇਤੀ ਨੀਤੀਆਂ ਤਿਆਰ ਕੀਤੀਆਂ ਜੋ ਅਜੇ ਵੀ ਖਰੜੇ ਦੇ ਰੂਪ ਵਿਚ ਹੀ ਪਈਆਂ ਹਨ। ਇਸ ਦੇ ਉਲਟ ਨਵੇਂ ਤਿੰਨ ਖੇਤੀ ਕਾਨੂੰਨ ਲਿਆਉਣ ਸਮੇਂ ਕੋਈ ਵੀ ਕਮੇਟੀ ਨਹੀਂ ਬਣਾਈ ਗਈ। ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੀ ਰਿਪੋਰਟ ਅਧਿਕਾਰਤ ਤੌਰ 'ਤੇ ਅਜੇ ਵੀ ਜਨਤਕ ਨਹੀਂ ਹੋਈ। ਸੋ ਕਮੇਟੀਆਂ ਦੀਆਂ ਰਿਪੋਰਟਾਂ ਉਦੋਂ ਹੀ ਸਾਰਥਕ ਬਣਦੀਆਂ ਹਨ ਜਦੋਂ ਸਰਕਾਰ ਦੀ ਮਨਸ਼ਾ ਹੋਵੇ। ਮੌਜੂਦਾ ਕਮੇਟੀ ਦੇ ਸਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਸੰਜੇ ਅਗਰਵਾਲ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਕਮੇਟੀ ਦਾ ਉਦੇਸ਼ ਇਹ ਤੈਅ ਕਰਨਾ ਹੋਵੇਗਾ ਕਿ ਕਿਸਾਨਾਂ ਨੂੰ ਐਮ.ਐਸ.ਪੀ. ਯਕੀਨੀ ਬਣਾਈ ਜਾਵੇ, ਫਿਰ ਵੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਸਪਸ਼ਟ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਮੁਹੱਈਆ ਕਰਾਉਣ ਲਈ ਕਮੇਟੀ ਬਣਾਉਣ ਕਿਸਾਨਾਂ ਨੂੰ ਕੋਈ ਭਰੋਸਾ ਨਹੀਂ ਦਿੱਤਾ। ਜ਼ਾਹਿਰ ਹੈ ਕਿ ਮੌਜੂਦਾ ਕਮੇਟੀ ਤੋਂ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ।

ਹੁਣ ਸਵਾਲ ਹੈ ਕਿ ਕੋਈ ਪਾਏਦਾਰ ਖੇਤੀ ਨੀਤੀ ਕਿਉਂ ਨਹੀਂ ਬਣਾਈ ਜਾਂਦੀ? ਅਸਲ ਵਿਚ ਸੰਸਾਰ ਅਰਥਚਾਰਾ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਕਾਰਪੋਰੇਟ ਜਗਤ ਖੇਤੀ ਦੇ ਉਤਪਾਦਨ ਅਤੇ ਮੰਡੀਕਰਨ ਵਿਚ ਨਿਵੇਸ਼ ਦੀਆਂ ਅਥਾਹ ਸੰਭਾਵਨਾਵਾਂ ਦੇਖ ਰਿਹਾ ਹੈ। ਕਾਰਪੋਰੇਟ ਦੇ ਵਧੇਰੇ ਦਬਾਅ ਕਰਕੇ ਸਾਡੀਆਂ ਸਰਕਾਰਾਂ ਖੇਤੀ ਨੂੰ ਕੰਪਨੀਆਂ ਦੇ ਸਪੁਰਦ ਕਰਨ ਲਈ ਮਜਬੂਰ ਹਨ। ਸਾਡੀ ਖੇਤੀ ਨੂੰ ਸੰਸਾਰ ਵਪਾਰ ਸੰਸਥਾ, ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀਆਂ ਨੀਤੀਆਂ ਬਹੁਤ ਪ੍ਰਭਾਵਤ ਕਰਦੀਆਂ ਹਨ। ਸੰਸਾਰ ਵਪਾਰ ਸੰਸਥਾ ਦਾ ਖੇਤੀ ਉਪਰ ਇਕਰਾਰਨਾਮਾ ਖੇਤੀ ਨੂੰ ਸਬਸਿਡੀ ਦੇਣ ਤੋਂ ਵਰਜਦਾ ਹੈ। ਇਸੇ ਪ੍ਰਸੰਗ 'ਚ ਕੇਂਦਰ ਸਰਕਾਰ ਨੇ ਆਪਣੇ ਬਜਟ ਵਿਚ ਖੇਤੀ ਵਿਚ ਕੁੱਲ ਬਜਟ ਦੀ ਫੀਸਦ ਰਾਸ਼ੀ ਅਤੇ ਫਸਲਾਂ ਦੀ ਖਰੀਦ ਲਈ ਰਾਸ਼ੀ ਘਟਾਈ ਹੈ। ਸਪਸ਼ਟ ਹੈ ਕਿ ਫਸਲਾਂ ਦੀ ਖਰੀਦ ਤੋਂ ਭੱਜਿਆ ਜਾ ਰਿਹਾ ਹੈ।

ਭਾਰਤ ਦੇ ਲੋਕਾਂ ਦੀ ਉਪਜੀਵਕਾ ਅਤੇ ਰੁਜ਼ਗਾਰ ਦਾ ਮੁੱਖ ਸਾਧਨ ਖੇਤੀ ਹੈ। ਇਸ ਵੇਲੇ ਦੁਨੀਆ ਵਿਚ ਖਾਧ ਪਦਾਰਥਾਂ ਦੀ ਵੱਡੀ ਥੁੜ ਹੈ। ਸਾਡਾ ਬਫਰ ਸਟਾਕ ਲਗਾਤਾਰ ਘਟ ਰਿਹਾ ਹੈ। ਸਾਨੂੰ ਹੋਰ ਉਤਪਾਦਨ ਦੀ ਜ਼ਰੂਰਤ ਹੈ। ਇਸ ਨਾਜ਼ੁਕ ਮੋੜ 'ਤੇ ਸਰਕਾਰ ਨੂੰ ਖੇਤੀ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਅਜਿਹੀ ਹਾਲਤ ਵਿਚ ਸਰਕਾਰ ਨੂੰ 23 ਫਸਲਾਂ ਦੀ ਖਰੀਦ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਫਸਲਾਂ ਦੀ ਐਮ.ਐਸ.ਪੀ. ਤੈਅ ਕਰਨ ਦਾ ਕੰਮ ਪਿਛਲੇ ਪੰਜ ਦਹਾਕਿਆਂ ਤੋਂ ਹੋ ਰਿਹਾ। ਹੁਣ ਲੋੜ ਹੈ ਕਿ ਮੁਲਕ ਵਿਚੋਂ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਾਰੰਟੀ ਨੂੰ ਲਾਜ਼ਮੀ ਬਣਾਇਆ ਜਾਵੇ। ਪਹਿਲੇ ਦੌਰ ਵਿਚ ਹਰ ਇੱਕ ਸੂਬੇ ਵਿਚੋਂ ਇੱਕ ਜਾਂ ਦੋ ਫਸਲਾਂ ਹਾੜ੍ਹੀ ਅਤੇ ਸਾਉਣੀ ਦੇ ਸੀਜ਼ਨ ਵਿਚ ਖਰੀਦੀਆਂ ਜਾ ਸਕਦੀਆਂ ਹਨ। ਬਾਅਦ ਵਿਚ ਸਟੋਰੇਜ, ਫਸਲੀ ਵੰਨ-ਸਵੰਨਤਾ ਅਤੇ ਮੁਲਕ ਦੀ ਲੋੜ ਨੂੰ ਧਿਆਨ ਵਿਚ ਰੱਖ ਕੇ ਖਰੀਦੀਆਂ ਜਾਣ ਵਾਲੀਆਂ ਫਸਲਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਅਸਲ ਵਿਚ ਮੌਜੂਦਾ ਕਮੇਟੀ ਬਣਾਉਣ ਦਾ ਮੰਤਵ ਸਿਰਫ ਫਸਲਾਂ ਦੀ ਐਮ.ਐਸ.ਪੀ. ਉਪਰ ਖਰੀਦ ਦੀ ਕਾਨੂੰਨੀ ਗਾਰੰਟੀ ਹੋਣਾ ਚਾਹੀਦਾ ਸੀ ਲੇਕਿਨ ਇਸ ਕਮੇਟੀ ਵਿਚ ਜ਼ੀਰੋ ਬਜਟ ਕੁਦਰਤੀ ਖੇਤੀ ਅਤੇ ਫਸਲੀ ਵੰਨ-ਸਵੰਨਤਾ ਉਪਰ ਜ਼ੋਰ ਦਿੱਤਾ ਗਿਆ ਹੈ। ਸਰਕਾਰ ਜ਼ੀਰੋ ਬਜਟ ਖੇਤੀ ਅਤੇ ਫਸਲੀ ਵੰਨ-ਸਵੰਨਤਾ ਰਾਹੀਂ ਮਨਸੂਖ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਹੀ ਅਸਿੱਧੇ ਢੰਗ ਨਾਲ ਲਾਗੂ ਕਰਨਾ ਚਾਹੁੰਦੀ ਹੈ। ਅਸੀਂ ਜਾਣਦੇ ਹਾਂ ਕਿ ਕੁਦਰਤੀ ਖੇਤੀ ਦਾ ਉਤਪਾਦਨ ਸਿਰਫ ਐਗਰੀ-ਬਿਜ਼ਨਸ ਕੰਪਨੀਆਂ ਲਈ ਹੀ ਢੁੱਕਵਾਂ ਹੁੰਦਾ ਹੈ ਕਿਉਂਕਿ ਉਹ ਇਸ ਉਤਪਾਦਨ ਨੂੰ ਅਮੀਰ ਵਰਗ ਕੋਲ ਵੇਚ ਕੇ ਵੱਡੇ ਮੁਨਾਫੇ ਕਮਾਉਂਦੀਆਂ ਹਨ ਪਰ ਉਤਪਾਦਕਤਾ ਘਟਣ ਕਰਕੇ ਗਰੀਬਾਂ ਨੂੰ ਇਸ ਦਾ ਨੁਕਸਾਨ ਹੁੰਦਾ ਹੈ। ਸ੍ਰੀਲੰਕਾ ਦਾ ਸੰਕਟ ਕਿਸੇ ਤੋਂ ਛੁਪਿਆ ਨਹੀਂ।

ਇਸ ਤੋਂ ਇਲਾਵਾ ਮੌਜੂਦਾ ਕਮੇਟੀ ਨੂੰ ਸਮਾਂਬੱਧ ਨਾ ਕਰਨਾ ਅਤੇ ਪਸ਼ੂ-ਧਨ ਦੇ ਨੁਮਾਇੰਦਿਆਂ ਦੀ ਇਸ ਵਿਚ ਸ਼ਮੂਲੀਅਤ ਨਾ ਕਰਨਾ ਵੀ ਇਸ ਦੀਆਂ ਖਾਮੀਆਂ ਹੀ ਹਨ। ਅੱਜ ਅਹਿਮ ਲੋੜ ਹੈ ਕਿ ਡੁੱਬਦੇ ਖੇਤੀ ਅਰਥਚਾਰੇ ਨੂੰ ਕਾਰਪੋਰੇਟ ਜਗਤ ਦੇ ਹਵਾਲੇ ਕਰਨ ਦੀ ਥਾਂ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਾਰੰਟੀ ਦੇਣ ਦੇ ਨਾਲ ਨਾਲ ਵੱਡੇ ਸਰਕਾਰੀ ਨਿਵੇਸ਼ ਨਾਲ ਖੇਤੀ ਸੈਕਟਰ ਨੂੰ ਵਿਕਸਤ ਕੀਤਾ ਜਾਵੇ; ਲੇਕਿਨ ਨਵੀਂ ਕਮੇਟੀ ਬਣਤਰ, ਸਰੂਪ ਅਤੇ ਉਦੇਸ਼ ਪੱਖੋਂ ਇਨ੍ਹਾਂ ਮੁੱਦਿਆਂ ਤੇ ਸਾਰਥਕ ਨਜ਼ਰ ਨਹੀਂ ਆਉਂਦੀ।

# ਭਾਜਪਾ ਦੀ ਸਿਆਸਤ ਅਤੇ ਦਲਿਤ

ਅੱਜ ਕੱਲ੍ਹ ਉੱਤਰ ਪ੍ਰਦੇਸ਼ ਦੀ ਆਦਿੱਤਿਆਨਾਥ ਸਰਕਾਰ ਅੰਦਰ ਜੋ ਵਾਪਰ ਰਿਹਾ ਹੈ, ਉਸ ਦਾ ਅਰਥ ਦੋ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸਰਕਾਰ ਨੂੰ ਸੱਤਾ 'ਚ ਅਜੇ ਸਿਰਫ ਸੌ ਦਿਨ ਹੀ ਹੋਏ ਹਨ ਪਰ ਉਸ ਦੇ ਅੰਤਰ-ਵਿਰੋਧਾਂ ਅਤੇ ਮਤਭੇਦਾਂ ਨਾਲ ਹਿੰਦੂ ਰਾਜਨੀਤਕ ਏਕਤਾ ਦੀਆਂ ਅੰਦਰੂਨੀ ਸਮੱਸਿਆਵਾਂ ਅਤੇ ਸੀਮਾਵਾਂ ਉਜਾਗਰ ਹੋਣ ਲੱਗੀਆਂ ਹਨ। ਦੂਜਾ, ਇਸ ਸਰਕਾਰ ਦੇ ਮੰਤਰੀਆਂ ਅਤੇ ਅਫਸਰਸ਼ਾਹੀ ਵਿਚਾਲੇ ਖਿੱਚੋਤਾਣ ਨਾਲ ਭਾਰਤੀ ਲੋਕਤੰਤਰ ਦੀ

**ਅਭੈ ਕੁਮਾਰ ਦੂਬੇ**

ਇਹ ਸਮੱਸਿਆ ਸਾਹਮਣੇ ਆ ਗਈ ਹੈ ਜਿਸ ਨੂੰ ਬਿਨਾ ਕਿਸੇ ਰੋਕ-ਟੋਕ ਕੇਂਦਰ ਸਮੇਤ ਹਰ ਸੂਬੇ 'ਚ ਅਤੇ ਹਰ ਪਾਰਟੀ ਦੀ ਸਰਕਾਰ ਨੇ ਵਧਾਇਆ ਹੈ। ਇਹ ਸਮੱਸਿਆ ਜਨਤਾ ਨੂੰ ਕੁਸ਼ਲ ਸ਼ਾਸਨ ਦੇਣ 'ਚ ਅਸਫਲਤਾ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਲਈ ਨੌਕਰਸ਼ਾਹੀ ਦੇ ਨਾਲ ਜੁੜੀ ਹੋਈ ਹੈ।

ਪਹਿਲਾ ਚਿੱਤਰ- ਪਿਛਲੇ ਹਫਤੇ ਆਦਿੱਤਿਆਨਾਥ ਸਰਕਾਰ 'ਚ ਰਾਜ ਮੰਤਰੀ ਦਿਨੇਸ਼ ਖਟੀਕ ਨੇ ਅਚਾਨਕ ਆਪਣਾ ਅਸਤੀਫਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਭੇਜ ਦਿੱਤਾ। ਜ਼ਾਹਿਰ ਹੈ ਕਿ ਉਹ ਮੰਤਰੀ ਅਹੁਦਾ ਨਹੀਂ ਛੱਡਣਾ ਚਾਹੁੰਦੇ ਸਨ, ਨਹੀਂ ਤਾਂ ਉਹ ਇਹੀ ਅਸਤੀਫਾ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਭੇਜਦੇ। ਉਨ੍ਹਾਂ ਦਾ ਮਕਸਦ ਸ਼ਿਕਾਇਤ ਕਰਨਾ ਸੀ ਕਿਉਂਕਿ ਉੱਤਰ ਪ੍ਰਦੇਸ਼ 'ਚ ਸਰਕਾਰ ਅਤੇ ਪਾਰਟੀ ਦੇ ਸੰਚਾਲਕ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਸਨ। ਦਿਨੇਸ਼ ਖਟੀਕ ਦੇ ਕਈ ਦੋਸ਼ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਲ ਸ਼ਕਤੀ ਮੰਤਰਾਲੇ ਦੇ ਅਫਸਰ ਉਨ੍ਹਾਂ ਦੀ ਗੱਲ ਨਹੀਂ ਸੁਣਦੇ। ਉਨ੍ਹਾਂ ਦੇ ਕੈਬਨਿਟ ਮੰਤਰੀ ਸੁਤੰਤਰ ਦੇਵ ਸਿੰਘ ਉਨ੍ਹਾਂ ਨੂੰ ਕੋਈ ਕੰਮ ਨਹੀਂ ਦਿੰਦੇ। ਉਹ ਦਲਿਤ ਪਰਿਵਾਰ ਤੋਂ ਹਨ, ਇਸ ਲਈ ਉਨ੍ਹਾਂ ਨੂੰ ਅਣਗੌਲਿਆ ਜਾਂਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਦਿੱਤਿਆਨਾਥ ਸਰਕਾਰ 'ਚ ਦਲਿਤਾਂ ਦਾ ਸਨਮਾਨ ਨਹੀਂ। ਖਾਸ ਗੱਲ ਇਹ ਹੈ ਕਿ ਦਿਨੇਸ਼ ਖਟੀਕ ਨੇ ਨਾ ਸਿਰਫ ਆਪਣਾ ਅਸਤੀਫਾ ਅਮਿਤ ਸ਼ਾਹ ਨੂੰ ਭੇਜਿਆ ਸਗੋਂ ਉਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਕਰਵਾ ਦਿੱਤਾ ਤਾਂ ਕਿ ਸਾਰੇ ਲੋਕ ਉਨ੍ਹਾਂ ਦੀਆਂ ਸ਼ਿਕਾਇਤਾਂ ਬਾਰੇ ਜਾਣ ਸਕਣ। ਦਿਨੇਸ਼ ਖਟੀਕ ਦੀ ਇਹ ਰਣਨੀਤੀ ਕੰਮ ਵੀ ਆਈ। ਕੇਂਦਰੀ ਲੀਡਰਸ਼ਿਪ ਨੇ ਤੁਰੰਤ ਦਖਲ ਦਿੱਤਾ ਅਤੇ ਮੁੱਖ ਮੰਤਰੀ ਨੇ ਉਨ੍ਹਾਂ ਦੀ ਅਤੇ ਸੁਤੰਤਰ ਦੇਵ ਸਿੰਘ ਦੀ ਬੈਠਕ ਕਰਵਾਈ ਤਾਂ ਕਿ ਵਿਵਾਦ ਸ਼ਾਂਤੀ ਨਾਲ ਖਤਮ ਹੋ ਸਕੇ।

ਪੁੱਛਿਆ ਜਾ ਸਕਦਾ ਹੈ ਕਿ ਇਹ ਦਿਨੇਸ਼ ਖਟੀਕ ਕੌਣ ਹਨ? ਇਹ ਕਿਸੇ ਗ਼ੈਰ-ਸੰਘੀ ਪਿਛੋਕੜ ਦੇ ਜਾਂ ਕਿਸੇ ਦੂਜੀ ਪਾਰਟੀ ਤੋਂ ਦਲ-ਬਦਲੀ ਕਰਕੇ ਆਉਣ ਵਾਲੇ ਦਲਿਤ ਨੇਤਾ ਨਹੀਂ। ਇਨ੍ਹਾਂ ਦੇ ਪਿਤਾ ਵੀ ਰਾਸ਼ਟਰੀ ਸਵੈਮਸੇਵਕ ਸੰਘ ਦੇ ਕਾਰਕੁਨ ਸਨ। ਦੂਜੀ ਪੀੜ੍ਹੀ ਦੇ ਸੰਘ ਕਾਰਕੁਨ ਦੇ ਰੂਪ 'ਚ ਦਿਨੇਸ਼ ਖਟੀਕ ਨੇ ਆਪਣੇ ਚੋਣ ਹਲਕੇ ਦੀ ਜਨਤਾ 'ਚ ਆਪਣੀਆਂ ਲੋਕ ਸੰਪਰਕ ਸਰਗਰਮੀਆਂ ਤੇ ਮੁਹਿੰਮਾਂ ਨਾਲ ਨਾਂ ਕਮਾਇਆ ਸੀ। ਇਸੇ ਕਰਕੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਆਦਿੱਤਿਆਨਾਥ ਸਰਕਾਰ 'ਚ ਮੰਤਰੀ ਬਣਨ ਦਾ ਮੌਕਾ ਮਿਲਿਆ ਸੀ। ਦੂਜਾ, ਉਹ ਜਿਸ ਖਟੀਕ ਬਰਾਦਰੀ ਦੇ ਪੁੱਤਰ ਹਨ, ਉਹ ਦਲਿਤਾਂ 'ਚ ਸੰਭਾਵੀ ਪਹਿਲੀ ਬਰਾਦਰੀ ਹੈ ਜਿਸ ਨੇ ਅੰਬੇਡਕਰਵਾਦ ਦਾ ਪੱਲਾ ਨਾ ਫੜ ਕੇ ਹਿੰਦੂਤਵਵਾਦੀ ਵਿਚਾਰਧਾਰਾ ਦਾ ਪੱਲਾ ਸ਼ੁਰੂ ਤੋਂ ਹੀ ਫੜੀ ਰੱਖਿਆ ਹੈ। ਤੁਲਨਾਤਮਿਕ ਤੌਰ 'ਤੇ ਖੁਸ਼ਹਾਲ ਦਲਿਤ ਭਾਈਚਾਰੇ ਦੇ ਰੂਪ 'ਚ ਖਟੀਕ ਜਾਂ ਸੋਨਕਰ ਲੋਕ ਉੱਤਰ ਪ੍ਰਦੇਸ਼ 'ਚ ਭਾਰਤੀ ਜਨਤਾ ਪਾਰਟੀ ਦੇ ਪੱਕੇ ਵੋਟਰ ਰਹੇ ਹਨ। ਮਾਇਆਵਤੀ ਦੀ ਜਾਟਵ-ਪ੍ਰਧਾਨ ਰਾਜਨੀਤੀ 'ਚ ਸੋਨਕਰਾਂ ਨੇ ਕਦੇ ਦਿਲਚਸਪੀ ਨਹੀਂ ਦਿਖਾਈ। ਸੋਚਣ ਵਾਲੀ ਗੱਲ ਹੈ ਕਿ ਅਜਿਹੇ ਭਾਈਚਾਰੇ ਦਾ ਹਰਮਨ ਪਿਆਰਾ ਦਲਿਤ ਨੇਤਾ ਭਾਜਪਾ ਸਰਕਾਰ 'ਚ ਦਲਿਤ ਹੋਣ ਦੇ ਨਾਤੇ ਨਾ ਸਿਰਫ ਸਾਥੀ ਮੰਤਰੀਆਂ (ਸੁਤੰਤਰ ਦੇਵ ਸਿੰਘ ਜੋ ਓ.ਬੀ.ਸੀ. ਬਰਾਦਰੀ ਤੋਂ ਹਨ) ਵਲੋਂ ਅਣਗੌਲਿਆ ਮਹਿਸੂਸ ਕਰ ਰਿਹਾ ਹੈ ਸਗੋਂ ਅਫਸਰ ਵੀ ਉਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਹੋਰ ਤਾਂ ਹੋਰ, ਜਦੋਂ ਉਨ੍ਹਾਂ ਦੇ ਆਪਣੇ ਚੋਣ ਹਲਕੇ 'ਚ ਉਨ੍ਹਾਂ ਦੇ ਵਰਕਰਾਂ 'ਤੇ ਕੋਈ ਅੱਤਿਆਚਾਰ ਹੁੰਦਾ ਹੈ ਤਾਂ ਪੁਲਿਸ ਉਨ੍ਹਾਂ ਦੇ ਕਹਿਣ 'ਤੇ ਵੀ ਰਿਪੋਰਟ ਨਹੀਂ ਲਿਖਦੀ। ਇਸ ਹਾਲਾਤ 'ਚ ਦਿਨੇਸ਼ ਖਟੀਕ ਨੂੰ ਰਾਤੋ-ਰਾਤ ਆਪਣੀ ਸੁਰੱਖਿਆ ਅਤੇ ਅਮਲੇ ਨੂੰ ਛੱਡ ਕੇ ਲਖਨਊ ਤੋਂ ਹਸਤਿਨਾਪੁਰ ਜਾਣਾ ਪੈਂਦਾ ਹੈ ਅਤੇ ਥਾਣੇ 'ਚ ਜਾ ਕੇ ਰਿਪੋਰਟ ਨਾ ਲਿਖੇ ਜਾਣ ਦੀ ਸੂਰਤ 'ਚ ਧਰਨਾ ਦੇਣ ਦੀ ਧਮਕੀ ਦੇਣੀ ਪੈਂਦੀ ਹੈ। ਇਹ ਪੂਰਾ ਘਟਨਾਕ੍ਰਮ ਦੱਸਦਾ ਹੈ ਕਿ ਸੰਘ ਅਤੇ ਭਾਜਪਾ ਨੇ ਹਿੰਦੂ ਰਾਜਨੀਤਕ ਏਕਤਾ ਦੀ ਸੰਰਚਨਾ 'ਚ ਸਮਾਜ ਦੀਆਂ ਸਭ ਤੋਂ ਵੱਧ ਕਮਜ਼ੋਰ ਬਰਾਦਰੀਆਂ ਨੂੰ ਸ਼ਾਮਿਲ ਤਾਂ ਕਰ ਲਿਆ ਪਰ ਇਨ੍ਹਾਂ ਭਾਈਚਾਰਿਆਂ ਨੂੰ ਹਿੰਦੂਤਵ ਦੀ ਰਾਜਨੀਤੀ 'ਚ ਵਿਹਾਰਕ ਤੌਰ 'ਤੇ ਸਮਾਨਤਾ ਦਾ ਪੱਧਰ ਨਸੀਬ ਨਹੀਂ ਹੋਇਆ।

ਦੂਜਾ ਚਿੱਤਰ- ਆਦਿੱਤਿਆਨਾਥ ਸਰਕਾਰ ਦੇ ਅੰਦਰ ਚੱਲ ਰਹੇ ਹੰਗਾਮੇ ਦਾ ਦੂਜਾ ਪਹਿਲੂ 'ਮੰਤਰੀਆਂ ਅਤੇ ਨੌਕਰਸ਼ਾਹੀ ਦਾ ਸਬੰਧ' ਹੈ। ਇਸ ਸਰਕਾਰ ਦੇ ਉਪ ਮੁੱਖ ਮੰਤਰੀ ਅਤੇ ਸਿਹਤ ਵਿਭਾਗ ਦੇ ਇੰਚਾਰਜ ਬ੍ਰਿਜੇਸ਼ ਪਾਠਕ ਨੇ ਆਪਣੇ ਹੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਧਿਕਾਰੀਆਂ ਦੇ ਤਬਾਦਲਿਆਂ 'ਚ ਹੋਈਆਂ ਗੜਬੜੀਆਂ ਦਾ ਸਵਾਲ ਚੁੱਕਿਆ ਹੈ। ਇਸੇ ਤਰ੍ਹਾਂ ਸੈਕੰਡਰੀ ਸਿੱਖਿਆ ਮੰਤਰੀ ਗੁਲਾਬੋ ਦੇਵੀ ਦਾ ਟਕਰਾਅ ਵਧੀਕ ਮੁੱਖ ਸਕੱਤਰ ਅਰਾਧਨਾ ਸ਼ੁਕਲਾ ਨਾਲ ਚੱਲ ਰਿਹਾ ਹੈ। ਇਨ੍ਹਾਂ ਦੋਵਾਂ ਮੰਤਰੀਆਂ ਦੀ ਸ਼ਿਕਾਇਤ ਦੂਰ ਕਰਨ ਲਈ ਮੁੱਖ ਮੰਤਰੀ ਨੇ ਦੋ ਬੈਠਕਾਂ ਕਰਵਾਈਆਂ ਅਤੇ ਤਬਾਦਲਿਆਂ ਦੀ ਸਮੱਸਿਆ ਹੱਲ ਕਰਨ ਲਈ ਤਿੰਨ ਮੈਂਬਰੀ ਕਮੇਟੀ ਵੀ ਬਣਾ ਦਿੱਤੀ ਸੀ। ਪੀ.ਡਬਲਿਊ.ਡੀ. ਮੰਤਰੀ ਜਿਤਿਨ ਪ੍ਰਸਾਦ ਵਲੋਂ ਨਿਯੁਕਤ ਕੀਤੇ ਗਏ ਓ.ਐਸ.ਡੀ. (ਜੋ ਲੰਬੇ ਅਰਸੇ ਤੋਂ ਉਨ੍ਹਾਂ ਦੇ ਨਾਲ ਜੁੜੇ ਰਹੇ ਹਨ) ਨੂੰ ਤਾਂ ਤਬਾਦਲਿਆਂ 'ਚ ਗੜਬੜੀ ਕਰਕੇ ਮੁਅੱਤਲ ਹੀ ਕਰ ਦਿੱਤਾ ਗਿਆ, ਉਨ੍ਹਾਂ ਦੇ ਨਾਲ ਛੇ ਹੋਰ ਅਫਸਰ ਵੀ ਮੁਅੱਤਲ ਕੀਤੇ ਗਏ ਹਨ। ਇਕ ਹੋਰ ਮੰਤਰੀ ਨੰਦਗੋਪਾਲ ਨੰਦੀ ਨੇ ਵੀ ਨੋਇਡਾ 'ਚ ਹੋਏ ਤਬਾਦਲਿਆਂ 'ਤੇ ਇਤਰਾਜ਼ ਜਤਾਇਆ ਹੈ। ਵਰਣਨਯੋਗ ਹੈ ਕਿ ਦਿਨੇਸ਼ ਖਟੀਕ ਸਮੇਤ ਇਹ ਸਾਰੇ ਮੰਤਰੀ ਅਮਿਤ ਸ਼ਾਹ ਦੇ ਕਹਿਣ 'ਤੇ ਕੈਬਨਿਟ 'ਚ ਲਏ ਗਏ ਹਨ ਅਤੇ ਜਿਤਿਨ ਪ੍ਰਸਾਦ ਨੂੰ ਛੱਡ ਕੇ ਸਾਰਿਆਂ ਨੇ ਆਪਣੇ ਇਤਰਾਜ਼ ਵਾਇਰਲ ਕਰ ਦਿੱਤੇ ਹਨ।

ਪਹਿਲੀ ਨਜ਼ਰ 'ਚ ਇਹ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਮੰਤਰੀਆਂ ਦੀ ਅਸੰਤੁਸ਼ਟੀ ਦਾ ਕਾਰਨ ਕੀ ਹੈ? ਕੀ ਇਹ ਆਪਣੇ ਮਨ ਨਾਲ ਤਬਾਦਲੇ ਨਹੀਂ ਕਰ ਪਾ ਰਹੇ? ਜਿਤਿਨ ਪ੍ਰਸਾਦ ਦਾ ਮਾਮਲਾ ਤਾਂ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸ਼ਾਇਦ ਤਬਾਦਲੇ ਉਨ੍ਹਾਂ ਦੇ ਕਹਿਣ 'ਤੇ ਹੀ ਹੋ ਰਹੇ ਸਨ ਅਤੇ ਉਸ ਪ੍ਰਕਿਰਿਆ 'ਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਕਰਕੇ ਉਨ੍ਹਾਂ ਦੇ ਚਹੇਤੇ ਅਫਸਰਾਂ ਦੀ ਮੁਅੱਤਲੀ ਹੋਈ ਹੈ।

ਵਿਰੋਧੀ ਧਿਰ ਵੀ ਇਸ ਸਵਾਲ 'ਤੇ ਆਮ ਤੌਰ 'ਤੇ ਚੁੱਪ ਹੀ ਰਹਿੰਦੀ ਹੈ। ਕਾਰਨ ਇਹ ਹੈ ਕਿ ਜਦੋਂ ਉਸ ਦੀ ਸਰਕਾਰ ਬਣਦੀ ਹੈ ਤਾਂ ਉਹ ਵੀ ਇਹੀ ਕਰਦੀ ਹੈ। ਇਸ ਸਰਕਾਰ 'ਚ ਜੋ ਕੀਤਾ ਜਾ ਰਿਹਾ ਹੈ, ਉਹ ਪਿਛਲੀ ਸਰਕਾਰ 'ਚ ਵੀ ਕੀਤਾ ਜਾਂਦਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਉੱਤਰ ਪ੍ਰਦੇਸ਼ 'ਚ ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੇ ਕਦੇ ਤਬਾਦਲਿਆਂ ਅਤੇ ਤਾਇਨਾਤੀਆਂ 'ਚ ਹੋਣ ਵਾਲੇ ਭ੍ਰਿਸ਼ਟਾਚਾਰ ਦਾ ਮਾਮਲਾ ਨਹੀਂ ਚੁੱਕਿਆ, ਕਿਉਂਕਿ ਉਨ੍ਹਾਂ ਦੀਆਂ ਸਰਕਾਰਾਂ 'ਚ ਵੀ ਇਹੀ ਹੁੰਦਾ ਸੀ। ਜੇ ਕੋਈ ਚਮਤਕਾਰ ਨਾ ਹੋਇਆ ਤਾਂ ਅਗਲੀਆਂ ਸਰਕਾਰਾਂ 'ਚ ਵੀ ਇਹੀ ਹੁੰਦਾ ਰਹੇਗਾ।

ਆਦਿੱਤਿਆਨਾਥ ਬਾਰੇ 'ਚ ਕਿਹਾ ਜਾਂਦਾ ਹੈ ਕਿ ਉਹ ਇਮਾਨਦਾਰ ਹਨ ਅਤੇ ਨਿੱਜੀ ਤੌਰ 'ਤੇ ਨਹੀਂ ਖਾਂਦੇ। ਜਦੋਂ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਬਾਰੇ ਪਤਾ ਲਗਦਾ ਹੈ ਤਾਂ ਉਹ ਸਜ਼ਾ ਵੀ ਦਿੰਦੇ ਹਨ ਪਰ ਇਹ ਕੋਈ ਨਹੀਂ ਕਹਿ ਸਕਦਾ ਕਿ ਉਹ ਭ੍ਰਿਸ਼ਟਾਚਾਰ ਰੋਕਣ 'ਚ ਕਾਮਯਾਬ ਰਹੇ ਹਨ। ਉਨ੍ਹਾਂ ਦੇ ਕੁਝ ਮੰਤਰੀਆਂ ਨੂੰ ਲਗਦਾ ਹੈ ਕਿ ਤਬਾਦਲੇ ਉਨ੍ਹਾਂ ਦੀ ਮਰਜ਼ੀ ਨਾਲ ਹੀ ਹੋਣੇ ਚਾਹੀਦੇ ਹਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਉਹ ਅਸੰਤੁਸ਼ਟੀ ਦਿਖਾਉਂਦੇ ਹਨ।

ਲੋਕਤੰਤਰੀ ਸ਼ਾਸਨ-ਪ੍ਰਸ਼ਾਸਨ ਦੀ ਇਸ ਬਿਮਾਰੀ 'ਚ ਉੱਤਰ ਪ੍ਰਦੇਸ਼ ਇਕੱਲਾ ਨਹੀਂ ਹੈ, ਹਰ ਸੂਬੇ 'ਚ ਇਹੀ ਹੁੰਦਾ ਹੈ।


ਕਹਾਣੀ

# ਗਰਮ ਗੁਲਾਬੀ ਕੋਟ

"ਜੇ ਰੋਟੀ ਛੱਡਿਆਂ ਹਰਮਨ ਵਾਪਸ ਆਉਂਦਾ ਹੋਵੇ ਤਾਂ ਅਸੀਂ ਸਾਰੇ ਹੀ ਛੱਡ ਕੇ ਬੈਠ ਜਾਈਏ ਭਾਬੀ, ਖਾ ਲੈ ਭੈਣ ਬਣ ਕੇ ਦੋ ਕੁ ਬੁਰਕੀਆਂ... ਪੂਰਾ ਦਿਨ ਤੇ ਰਾਤ ਲੰਘ ਗਏ ਨੇ, ਤੈਂ ਤਾਂ ਚਾਹ ਦੀ ਘੁੱਟ ਵੀ ਨਹੀਂ ਪੀਤੀ।"

ਹਰਮਨ ਦੇ ਸਸਕਾਰ ਤੋਂ ਬਾਅਦ ਬਾਹਰੋਂ ਆਏ ਰਿਸ਼ਤੇਦਾਰਾਂ ਨੂੰ ਰੋਟੀ ਵਰਤਾਈ ਜਾ ਰਹੀ ਹੈ। ਮੇਰੀ ਸੰਦੋਹੇ ਵਿਆਹੀ ਵੱਡੀ ਨਨਾਣ ਰਣਦੀਪ ਨੇ ਰੋਟੀ ਦੀ ਥਾਲੀ ਮੇਰੇ ਸਾਹਮਣੇ ਵੀ ਲਿਆ ਰੱਖੀ ਹੈ।

ਰੋਟੀ ਖਾਣ ਦਾ ਮੇਰਾ ਉਕਾ ਮਨ ਨਹੀਂ ਕਰ ਰਿਹਾ। ਸ਼ਾਇਦ ਕੋਈ ਹੀ ਅਜਿਹਾ ਦਿਨ ਹੋਵੇ ਜਦੋਂ ਰਾਤ ਦੀ ਰੋਟੀ ਮੈਂ ਤੇ ਹਰਮਨ ਨੇ ਇਕੱਠਿਆਂ ਬੈਠ ਕੇ ਨਾ ਖਾਧੀ ਹੋਵੇ। ਨਨਾਣ ਦੇ ਵਾਰ-ਵਾਰ ਜ਼ੋਰ ਪਾਉਣ 'ਤੇ ਮੈਂ ਛੋਟੀ ਜਿਹੀ ਬੁਰਕੀ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕਰਦੀ ਹਾਂ ਪਰ ਹਰਮਨ ਨਾਲ ਬੈਠ ਕੇ ਆਖਰੀ ਵਾਰ ਖਾਧੀ ਰੋਟੀ ਦਾ



**ਨਿਰੰਜਣ ਬੋਹਾ**
**ਫੋਨ: 89682-82700**

ਚੇਤਾ ਆਉਣ 'ਤੇ ਉਹ ਬੁਰਕੀ ਮੇਰੇ ਸੰਘ ਵਿਚ ਅੜ ਗਈ ਹੈ ਤੇ ਉੱਥੂ ਆਉਣ ਵਾਲਾ ਹੋ ਗਿਆ ਹੈ। ਮੈਂ ਥਾਲੀ ਥੋੜਾ ਜਿਹਾ ਅੱਗੇ ਸਰਕਾ ਦਿੱਤੀ ਹੈ ਤੇ ਨਨਾਣ ਨੂੰ ਮਿੰਨਤ ਜਿਹੀ ਕਰਦਿਆਂ ਕਿਹਾ ਹੈ, "ਭੈਣ ਜੀ ਇਸ ਵੇਲੇ ਮੇਰੇ ਅੰਦਰ ਨਹੀਂ ਲੰਘਦਾ ਕੁਝ, ਖਾ ਲਵਾਂਗੀ ਜਦੋਂ ਭੁੱਖ ਲੱਗੀ।"

"ਮਰਿਆਂ ਨਾਲ ਮਰਿਆ ਨਹੀਂ ਜਾਂਦਾ ਭਾਬੀ... ਮੇਰਾ ਵੀ ਮਾਂ ਜਾਇਆ ਛੋਟਾ ਭਰਾ ਸੀ... ਮੇਰੇ ਵੱਲ ਵੇਖ ਮੈਂ ਵੀ ਖਾ ਪੀ ਰਹੀ ਹਾਂ... ਨਾਲੇ ਤੇਰੇ ਭੁੱਖੇ ਰਹਿਣ ਦੀ ਸਜ਼ਾ ਬੇਚਾਰੀ ਜੱਸੀ ਨੂੰ ਵੀ ਮਿਲ ਰਹੀ ਹੈ। ਜੇ ਅੰਨ ਦਾ ਦਾਣਾ ਤੇਰੇ ਅੰਦਰ ਜਾਊ ਤਾਂ ਹੀ ਦੁੱਧ ਉਤਰੂ...ਵੇਖ ਬੇਚਾਰੀ ਕਿਵੇਂ ਰਾਤ ਦੀ ਵਿਲਕੀ ਜਾਂਦੀ ਹੈ। ਨਨਾਣ ਨੇ ਮੇਰਾ ਧਿਆਨ ਆਪਣੇ ਚਾਚੇ ਦੀ ਗੋਦ ਵਿਚੋਂ ਮਚਲ-ਮਚਲ ਕੇ ਬਾਹਰ ਆਉਣ ਦੀ ਕੋਸ਼ਿਸ਼ ਕਰ ਰਹੀ ਜੱਸੀ ਵੱਲ ਦੁਆਇਆ ਹੈ ਤਾਂ ਮੈਂ ਦਿਲਬਾਗ ਨੂੰ ਇਸ਼ਾਰਾ ਕੀਤਾ ਹੈ ਕਿ ਉਹ ਉਸ ਨੂੰ ਮੇਰੇ ਕੋਲ ਲੈ ਆਵੇ। ਕੱਲ੍ਹ ਦਾ ਮੇਰਾ ਤਾਂ ਜੱਸੀ ਵੱਲ ਧਿਆਨ ਹੀ ਨਹੀਂ ਸੀ ਗਿਆ। ਉਹ ਹੁਣ ਮੇਰੇ ਸੀਨੇ ਨਾਲ ਲੱਗ ਬੁਸਕ ਬੁਸਕ ਕਰ ਰਹੀ ਹੈ। ਭਾਵੇਂ ਮੈਨੂੰ ਪਤਾ ਹੈ ਕਿ ਮੇਰੀਆਂ ਦੋਹਾਂ ਨਨਾਣਾਂ ਨੇ ਉਸਨੂੰ ਜ਼ਰੂਰ ਗਾਂ ਦਾ ਦੁੱਧ ਸ਼ੀਸ਼ੀ ਰਾਹੀਂ ਪਿਆਇਆ ਹੋਵੇਗਾ ਪਰ ਮਾਂ ਦੇ ਦੁੱਧ ਬਿਨਾਂ ਏਨੇ ਛੋਟੇ ਬੱਚੇ ਨੂੰ ਰੱਜ ਕਿੱਥੇ ਆਉਂਦਾ ਹੈ। ਮੈਂ ਆਪਣੇ ਜੈਂਪਰ ਦੀ ਕੰਨ੍ਹੀਂ ਚੁੱਕ ਕੇ ਉਸਨੂੰ ਆਪਣਾ ਦੁੱਧ ਪਿਆਉਣਾ ਸ਼ੁਰੂ ਕੀਤਾ ਹੈ। ਮੇਰਾ ਦੁੱਧ ਪੀਂਦਿਆਂ ਵੀ ਉਹ ਰੁਕ ਰੁਕ ਕੇ ਨਿੱਕੇ-ਨਿੱਕੇ ਹਟਕੋਰੇ ਭਰ ਰਹੀ ਹੈ।

ਮੈਨੂੰ ਜੱਸੀ 'ਤੇ ਤਰਸ ਆ ਰਿਹਾ ਹੈ, ਬੇਚਾਰੀ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਉਸ ਨਾਲ ਕੀ ਬੀਤੀ ਹੈ ਤੇ ਉਸਨੂੰ ਲਾਡ ਲਡਾਉਣ ਵਾਲਾ ਉਸਦਾ ਪਾਪਾ ਕਿਹੜੀ ਦੁਨੀਆਂ 'ਚ ਚਲਾ ਗਿਆ ਹੈ। ਤਰਸ ਤਾਂ ਮੈਨੂੰ ਆਪਣੇ ਆਪ 'ਤੇ ਵੀ ਆ ਰਿਹਾ ਹੈ। ਦੋ ਦਿਨ ਪਹਿਲਾਂ ਤਾਂ ਮੈਂ ਹਰਮਨ ਨਾਲ ਮੰਡੀ ਜਾ ਕੇ ਸਾਰੇ ਪਰਿਵਾਰ ਲਈ ਸਰਦੀ ਦੇ ਗਰਮ ਕੱਪੜੇ ਖਰੀਦਣ ਦਾ ਪ੍ਰੋਗਰਾਮ ਉਲੀਕਿਆ ਸੀ ਪਰ ਮੈਨੂੰ ਕੀ ਪਤਾ ਸੀ ਕਿ ਰੰਗੀਨ ਸਵੈਟਰ ਜਰਸੀਆਂ ਦੀ ਬਜਾਇ ਮੇਰੇ ਪੇਕੇ ਪਰਿਵਾਰ ਨੂੰ ਉਸ ਲਈ ਹੀ ਚਿੱਟੇ ਰੰਗ ਦਾ ਕਫ਼ਨ ਖਰੀਦਣਾ ਪਵੇਗਾ। ਖੁਸ਼ੀਆਂ ਦੇ ਦਿਨ ਤਾਂ ਇਕ ਇਕ ਘੜੀ ਉਡੀਕ ਕੇ ਮਸਾਂ ਆਉਂਦੇ ਨੇ ਪਰ ਮੁਸੀਬਤ ਤਾਂ ਬਿਨਾਂ ਦੱਸੇ ਇਕ ਦਮ ਪਹਾੜ ਵਾਂਗ ਬੰਦੇ 'ਤੇ ਡਿੱਗ ਪੈਂਦੀ ਹੈ। ਬੇਬੇ ਦੀ ਛਾਤੀ ਠੰਡ ਨਾਲ ਜਕੜੀ ਜਿਹੀ ਪਈ ਸੀ। ਘਰੋਂ ਤਾਂ ਹਰਮਨ 'ਹੁਣੇ ਆਇਆ ਕਹਿ' ਕੇ ਬੇਬੇ ਲਈ ਖੰਘ ਦੀ ਦਵਾਈ ਲੈਣ ਨਿਕਲਿਆ ਸੀ ਪਰ ਉਹ ਆਪ ਵਾਪਸ ਨਹੀਂ ਸੀ ਆਇਆ ਸਗੋਂ ਉਸ ਦੀ ਮੌਤ ਦਾ ਨਹਿਸ਼ ਸੁਨੇਹਾ ਹੀ ਘਰ ਆਇਆ ਸੀ। ਘਰ ਤੋਂ ਗਿਆਂ ਉਸ ਅਜੇ ਲਾਲ ਬੱਤੀਆਂ ਵਾਲਾ ਚੌਕ ਹੀ ਪਾਰ ਕੀਤਾ ਸੀ ਕਿ ਪਤਾ ਨਹੀਂ ਕਿਹੜੇ ਪਾਸਿਉਂ ਇਕ ਅਵਾਰਾ ਢੱਠਾ ਉਸਦੀ ਐਕਟਿਵਾ ਅੱਗੇ ਆ ਗਿਆ। ਉਸ ਆਪਣੇ ਆਪ ਨੂੰ ਢੱਠੇ ਤੋਂ ਬਚਾਉਣ ਲਈ ਇਕ ਦਮ ਮੋੜ ਕੱਟਿਆ ਤਾਂ ਸਾਹਮਣੇ ਪਾਸਿਉਂ ਆ ਰਿਹਾ ਟਰੱਕ ਉਸਨੂੰ ਦਰੜ ਕੇ ਭੱਜ ਗਿਆ। ਭਾਵੇਂ ਉੱਥੇ ਮੌਜੂਦ ਜਾਣ-ਪਛਾਣ ਦੇ ਬੰਦੇ ਉਸ ਨੂੰ ਚੁੱਕ ਕੇ ਮਿੰਟਾਂ ਸਕਿੰਟਾਂ ਵਿਚ ਨੇੜਲੇ ਹਸਪਤਾਲ ਲੈ ਗਏ ਸਨ ਪਰ ਉਸਦਾ ਸਿਰ ਸਿੱਧਾ ਸੜਕ 'ਤੇ ਵੱਜਣ ਕਾਰਨ ਉਹ ਥਾਏਂ ਹੀ ਮੁੱਕ ਗਿਆ ਸੀ ਤੇ ਡਾਕਟਰਾਂ ਨੇ ਐਂਬੂਲੈਂਸ ਵਿਚੋਂ ਉਤਾਰਨ ਤੋਂ ਪਹਿਲਾਂ ਹੀ ਉਸਨੂੰ ਮੁਰਦਾ ਕਰਾਰ ਦੇ ਦਿੱਤਾ ਸੀ।

ਉਸਦੀ ਮੌਤ ਦੀ ਖਬਰ ਸਾਰੇ ਪਰਿਵਾਰ 'ਤੇ ਇਕਦਮ ਬਿਜਲੀ ਬਣ ਕੇ ਡਿੱਗੀ ਸੀ। ਬੇਚਾਰੀ ਜੱਸੀ ਨੂੰ ਤਾਂ ਕੀ ਪਤਾ ਹੈ ਪਰ ਮੇਰੇ ਭਾਅ ਦਾ ਤਾਂ ਸਾਰਾ ਜਹਾਨ ਹੀ ਉਜੜ ਗਿਆ ਸੀ। ਬੇਬੇ, ਬਾਪੂ, ਮੇਰਾ ਦਿਓਰ ਦਿਲਬਾਗ ਤੇ ਮੇਰੀਆਂ ਨਨਾਣਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ ਸੀ। ਜਵਾਨ ਪੁੱਤ ਦੀ ਮੌਤ ਕੀ ਹੁੰਦੀ ਹੈ ਇਹ ਤਾਂ ਉਹੀ ਜਾਣਦਾ ਹੈ ਜਿਸਨੂੰ ਆਪ ਆਪਣੇ ਪੁੱਤ ਦੀ ਅਰਥੀ ਨੂੰ ਮੋਢਾ ਦੇਣਾ ਪਿਆ ਹੋਵੇ। ਮੈਂ ਅੱਜ ਤਕ ਕਿਸੇ ਦੀ ਮੌਤ 'ਤੇ ਵੈਣ ਨਹੀਂ ਸਨ ਪਾਏ ਪਰ ਹਰਮਨ ਦੀ ਮੌਤ 'ਤੇ ਪਤਾ ਨਹੀਂ ਮੈਨੂੰ ਇਹ ਦੁੱਖਾਂ ਭਰੇ ਕੀਰਨੇ ਪਾਉਣੇ ਕਿਵੇਂ ਆ ਗਏ ਸਨ। ਮੈਨੂੰ ਤਾਂ ਇਹ ਵੀ ਪਤਾ ਨਹੀਂ ਸੀ ਲੱਗਿਆ ਕਿ ਪੇਕਿਆਂ ਦੇ ਗਲ ਲੱਗ ਕੇ ਰੋਂਦਿਆਂ ਮੇਰੇ ਮੂੰਹ ਵਿਚੋਂ ਨਿਕਲ ਕੀ ਰਿਹਾ ਹੈ। ਆਖਿਰ ਕਿੰਨਾ ਚਿਰ ਰੋਂਦੀ। ਆਪਣੇ ਲਈ ਨਾ ਸਹੀ ਜੱਸੀ ਲਈ ਸਹੀ, ਮੈਨੂੰ ਚੁੱਪ ਵੀ ਕਰਨਾ ਪਿਆ, ਜਿਊਣਾ ਵੀ ਪਿਆ ਤੇ ਜਿਊਂਦੇ ਰਹਿਣ ਲਈ ਰੋਟੀ ਵੀ ਖਾਣੀ ਪਈ।

ਹਰਮਨ ਨੂੰ ਗਿਆਂ ਅੱਜ ਛੇਵਾਂ ਦਿਨ ਹੈ। ਉਸਦੇ ਸਸਕਾਰ ਤੋਂ ਬਾਅਦ ਮੇਰੇ ਪੇਕੇ ਪਰਿਵਾਰ ਦੇ ਬਾਕੀ ਮੈਂਬਰ ਤਾਂ ਵਾਪਸ ਚਲੇ ਗਏ ਸਨ ਪਰ ਮੇਰੀ ਮਾਂ ਤੇ ਛੋਟੀ ਭਰਜਾਈ ਪੰਜ ਸੱਤ ਦਿਨ ਲਈ ਉੱਥੇ ਹੀ ਰਹਿ ਗਈਆਂ ਸਨ। ਲਗਭਗ ਹਮ-ਉਮਰ ਹੋਣ ਕਾਰਨ ਭਰਜਾਈ ਮੈਨੂੰ ਮੋਹ ਵੀ ਬਹੁਤ ਕਰਦੀ ਹੈ। ਭਾਵੇਂ ਨਨਾਣਾਂ-ਭਰਜਾਈਆਂ ਦੇ ਰਿਸ਼ਤੇ ਨੂੰ ਸਮਾਜ ਵਿਚ ਉਹ ਦਰਜਾ ਹਾਸਿਲ ਨਹੀਂ ਹੈ ਜੋ ਦੋ ਭੈਣਾਂ ਦੇ ਰਿਸ਼ਤੇ ਨੂੰ ਹਾਸਲ ਹੁੰਦਾ ਹੈ ਪਰ ਅਸੀਂ ਸੱਚ ਮੁੱਚ ਭੈਣਾਂ ਵਾਂਗ ਹੀ ਵਿਚਰਦੀਆਂ ਆਈਆਂ ਸਾਂ। ਰਾਤ ਸਮੇਂ ਉਹ ਮੇਰੇ ਨਾਲ ਮੇਰੇ ਬੈਡ 'ਤੇ ਹੀ ਪੈ ਗਈ ਹੈ। ਕਮਰੇ ਵਿਚ ਮੈਂ, ਬੇਬੇ ਤੇ ਭਰਜਾਈ ਹੀ ਸਾਂ ਤਾਂ ਉਸ ਉਹ ਗੱਲ ਛੇੜ ਲਈ ਜਿਸ ਦਾ ਅਜੇ ਮੈਂ ਕਿਆਸ ਹੀ ਨਹੀਂ ਸੀ ਕੀਤਾ।

"ਅੱਗੇ ਲਈ ਕੀ ਸੋਚਿਐ ਪਰਮ... ਅਜੇ ਤੇਰੀ ਲੰਮੀ ਜ਼ਿੰਦਗੀ ਪਈ ਹੈ?"

"ਸੋਚਣਾ ਕੀ ਹੈ ਭਾਬੀ... ਮੇਰੇ ਸੋਚਿਆਂ ਕੀ ਬਣਦੈ... ਜਿਹੜੇ ਭੋਗ ਕਿਸਮਤ ਭਗਾਊ ਭੋਗੀ ਜਾਵਾਂਗੇ।" ਮੇਰੇ ਅੰਦਰੋਂ ਮੈਂ ਨਹੀਂ ਸਗੋਂ ਮੇਰੀ ਉਦਾਸੀ ਬੋਲੀ ਹੈ।

"ਇਹ ਤਾਂ ਤੇਰੀ ਗੱਲ ਠੀਕ ਹੈ... ਕਿਸਮਤ ਅੱਗੇ ਬੰਦੇ ਦਾ ਜ਼ੋਰ ਨਹੀਂ ਚਲਦਾ... ਪਰ ਫਿਰ ਵੀ ਬੰਦਾ ਜਿਊਂਦੇ ਰਹਿਣ ਲਈ ਹੱਥ ਪੈਰ ਤਾਂ ਮਾਰਦਾ ਹੀ ਨਾ।" ਭਰਜਾਈ ਨੇ ਫਿਰ ਮੈਨੂੰ ਠੋਹਕਰਿਆ ਹੈ।

'ਮੇਰੇ ਸਹੁਰੇ ਘਰ ਦੇ ਸਾਰੇ ਜੀਅ ਜੱਸੀ 'ਤੇ ਜਾਨ ਵਾਰਦੇ ਨੇ... ਰੋਟੀ ਕੱਪੜੇ ਕੰਨੀਓਂ ਤਾਂ ਮਰਨ ਨਹੀਂ ਦੇਂਦੇ ਉਹ ਸਾਨੂੰ।" ਮੈਂ ਇਸ ਵੇਲੇ ਕੇਵਲ ਏਨਾ ਹੀ ਕਹਿ ਸਕੀ ਹਾਂ।

"ਜਵਾਨ ਉਮਰ ਵਿਚ ਔਰਤ ਦੀ ਭੁੱਖ ਕੇਵਲ ਰੋਟੀ ਨਾਲ ਨਹੀਂ ਮਿਟਦੀ... ਉਸ ਦੀਆਂ ਹੋਰ ਵੀ ਕਈ ਮਾਨਸਿਕ ਲੋੜਾਂ ਹੁੰਦੀਆਂ ਨੇ ਮੇਰੀਏ ਭੋਲੀਏ ਭੈਣੇ।" ਭਰਜਾਈ ਜਿਵੇਂ ਮੇਰੇ ਮੂਹੋਂ ਕੁਝ ਕਹਾਉਣ ਲਈ ਬਜ਼ਿੱਦ ਹੋ ਗਈ ਹੈ।

'ਜਦੋਂ ਕਿਸਮਤ ਨੂੰ ਹੀ ਇਹ ਮਨਜ਼ੂਰ ਹੈ ਤਾਂ ਆਪਾਂ ਕੀ ਕਰ ਸਕਦੇ ਹਾਂ।' ਮੈਂ ਆਪਣੇ ਸਾਰੇ ਹਥਿਆਰ ਸੁੱਟ ਦਿੱਤੇ ਹਨ।

'ਤੇਰਾ ਆਪਣੇ ਦਿਉਰ ਦਿਲਬਾਗ ਬਾਰੇ ਕੀ ਖਿਆਲ ਹੈ?" ਉਸ ਮੈਨੂੰ ਸਿੱਧਾ ਸਵਾਲ ਕੀਤਾ ਹੈ।

ਭਰਜਾਈ ਦੀ ਗੱਲ ਸੁਣ ਕੇ ਮੇਰੇ ਸਾਰੇ ਸਰੀਰ ਵਿਚੋਂ ਸੀਤ ਜਿਹਾ ਨਿਕਲ ਗਿਆ ਸੀ। ਹਰਮਨ ਦੀ ਮੌਤ ਤੋਂ ਬਾਅਦ ਦੇ ਛੇਆਂ ਦਿਨ ਵਿਚ ਨਾ ਤਾਂ ਮੇਰਾ ਇਸ ਪਾਸੇ ਧਿਆਨ ਗਿਆ ਸੀ ਤੇ ਨਾ ਹੀ ਮੈਂ ਇਸ ਬਾਰੇ ਸੋਚਣਾ ਚਾਹੁੰਦੀ ਸਾਂ। ਭਰਜਾਈ ਨੇ ਆਹ ਨਵਾਂ ਹੀ ਸੱਪ ਕਿੱਥੋਂ ਕੱਢ ਮਾਰਿਆ ਹੈ।

"ਪਲੀਜ਼! ਭਾਬੀ ਇਹ ਗੱਲ ਨਾ ਕਰੋ ਮੇਰੇ ਨਾਲ... ਉਸਦੀ ਨਿੱਜੀ ਜ਼ਿੰਦਗੀ ਹੈ, ਮੈਂ ਆਪਣੇ ਸਵਾਰਥ ਲਈ ਉਸ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਕਰਨਾ ਚਾਹੁੰਦੀ।' ਮੈਂ ਚਾਹੁੰਦੀ ਸਾਂ ਕਿ ਭਰਜਾਈ ਇਹ ਗੱਲ ਇੱਥੇ ਹੀ ਬੰਦ ਕਰ ਦੇਵੇ।

"ਅਜਿਹੇ ਫੈਸਲੇ ਟੱਟ-ਫਟ ਤੇ ਭਾਵੁਕ ਹੋ ਕੇ ਨਹੀਂ ਲਏ ਜਾਂਦੇ ਭੈਣੇ... ਗੰਭੀਰਤਾ ਨਾਲ ਆਪਣੇ ਤੇ ਜੱਸੀ ਦੇ ਭਵਿੱਖ ਬਾਰੇ ਸੋਚੇਗੀ ਤਾਂ ਮੇਰੀ ਗੱਲ ਤੈਨੂੰ ਠੀਕ ਲੱਗੇਗੀ।"

"ਭਾਬੀ ਅਜੇ ਤਾਂ ਹਰਮਨ ਦਾ ਭੋਗ ਵੀ ਨਹੀ ਪਿਆ, ਤੁਸੀਂ ਕੀ ਗੱਲ ਲੈ ਕੇ ਬਹਿ ਗਏ ਹੋ...ਪਲੀਜ਼ ਇਸ ਵੇਲੇ ਇਹ ਗੱਲ ਨਾ ਕਰੋ।' ਮੈਂ ਭਾਬੀ ਨੂੰ ਫਿਰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਬੀ ਨੂੰ ਮੇਰੇ ਦਿਲ ਅੰਦਰਲੀ ਘੁੰਡੀ ਦਾ ਨਹੀਂ ਪਤਾ ਇਸ ਲਈ ਉਸ ਆਪਣੀ ਗੱਲ 'ਤੇ ਜ਼ੋਰ ਦੇਂਦਿਆਂ ਕਿਹਾ ਹੈ।

'ਪਰ ਇਹ ਗੱਲ ਹਰਮਨ ਦੇ ਭੋਗ ਤੋਂ ਪਹਿਲਾਂ ਤੇਰੇ ਕੰਨੀਂ ਕੱਢਣੀ ਜ਼ਰੂਰੀ ਹੈ। ਉਦੋਂ ਸਾਰੇ ਰਿਸ਼ਤੇਦਾਰ ਇਕੱਠੇ ਹੋਣਗੇ। ਬਾਪੂ ਦੋ ਟੁਕ ਗੱਲ ਕਰਨਾ ਚਾਹੁੰਦਾ ਹੈ ਕਿ ਜਾਂ ਤਾਂ ਦਿਲਬਾਗ ਹਰਮਨ ਦੀ ਥਾਂ ਉਨ੍ਹਾਂ ਤੋਂ ਪੱਗ ਲੈ ਲਵੇ, ਨਹੀਂ ਉਹ ਜੱਸੀ ਨੂੰ ਸਾਂਭਣ ਤੇ ਅਸੀਂ ਕੁੜੀ ਲਈ ਕੋਈ ਹੋਰ ਮੁੰਡਾ ਲੱਭੀਏ।' ਭਰਜਾਈ ਵਲੋਂ ਕੀਤੇ ਨਵੇਂ ਖੁਲਾਸੇ ਨੇ ਮੈਨੂੰ ਧੁਰ ਅੰਦਰ ਤਕ ਹਿਲਾ ਦਿੱਤਾ ਹੈ। ਕੁਝ ਪਲ ਲਈ ਮੇਰੀ ਜ਼ੁਬਾਨ ਠਾਕੀ ਗਈ ਹੈ। ਮਸਾਂ ਹੀ ਆਪਣੇ ਅੰਦਰ ਬੋਲਣ ਦੀ ਤਾਕਤ ਪੈਦਾ ਕਰ ਕੇ ਮੈਂ ਕਿਹਾ ਹੈ, "ਭਰਜਾਈ ਇਸ ਵੇਲੇ ਮੇਰਾ ਮਨ ਠੀਕ ਨਹੀਂ ਸਵੇਰੇ ਗੱਲ ਕਰਾਂਗੀਆਂ ਆਪਾਂ।"

ਮੈਂ ਭਰਜਾਈ ਨੂੰ ਤਾਂ ਚੁੱਪ ਕਰਾ ਦਿੱਤਾ ਹੈ ਪਰ ਸਮਝ ਨਹੀਂ ਆ ਰਹੀ ਕਿ ਆਪਣੇ ਅੰਦਰ ਪੈ ਰਹੇ ਸ਼ੋਰ ਨੂੰ ਕਿਵੇਂ ਠੱਲ੍ਹ ਪਾਵਾਂ। ਭਰਜਾਈ ਦੇ ਭਾਅ ਦੀ ਤਾਂ ਮੈਂ ਭਾਵੁਕਤਾ ਵਸ ਦਿਲਬਾਗ ਨਾਲ ਨਵਾਂ ਰਿਸ਼ਤਾ ਜੋੜਨ ਤੋਂ ਇਨਕਾਰ ਕਰ ਰਹੀ ਹਾਂ ਪਰ ਇਹ ਤਾਂ ਮੈਨੂੰ ਪਤਾ ਹੈ ਕਿ ਮੈਂ ਕਿਹੜੇ ਵਚਨ ਵਿਚ ਬੱਝੀ ਹੋਈ ਹਾਂ। ਜਿਸ ਦਿਲਬਾਗ ਤੇ ਆਪਣੇ ਬਚਪਨ ਦੀ ਸਹੇਲੀ ਜਸ਼ਨਪ੍ਰੀਤ ਨੂੰ ਨੇੜੇ ਲਿਆਉਣ ਦੀਆਂ ਕੋਸ਼ਿਸ਼ਾਂ ਵਿਚ ਮੈਂ ਆਪ ਸ਼ਾਮਿਲ ਰਹੀ ਹਾਂ ਤੇ ਜਿਹੜੇ ਹੁਣ ਇਕ ਦੂਜੇ ਨਾਲ ਸਾਰੀ ਉਮਰ ਤੋੜ ਨਿਭਣ ਦੀਆਂ ਕਸਮਾਂ ਖਾਈ ਬੈਠੇ ਹਨ ਹੁਣ ਉਨ੍ਹਾਂ ਨੂੰ ਆਪਣੇ ਸਵਾਰਥ ਲਈ ਇਕ ਦੂਜੇ ਤੋਂ ਵੱਖ ਕਿਵੇਂ ਕਰਾਂ, ਇਹ ਮੇਰੇ ਤੋਂ ਨਹੀਂ ਹੋ ਸਕੇਗਾ। ਆਮ ਹਲਾਤ ਵਿਚ ਜੇ ਹਰਮਨ ਨੂੰ ਪੱਗ ਦੇਣ ਦੀ ਗੱਲ ਚਲਦੀ ਤਾਂ ਮੈਂ ਬਾਪੂ ਨਾਲੋਂ ਵੀ ਪਹਿਲਾਂ ਹਾਂ ਭਰ ਦੇਣੀ ਸੀ ਪਰ ਹੁਣ ਤਾਂ ਮੈਂ ਆਪਣੇ ਤੇ ਜੱਸੀ ਦੇ ਭਵਿੱਖ ਦਾ ਦਰਵਾਜ਼ਾ ਆਪਣੇ ਹੱਥੀਂ ਬੰਦ ਕਰ ਬੈਠੀ ਹਾਂ। ਹੁਣ ਭਲਾ ਮੈਂ ਆਪਣੇ ਹੱਥੀਂ ਲਾਈ ਫੁਲਵਾੜੀ ਨੂੰ ਆਪਣੇ ਸਵਾਰਥ ਲਈ ਆਪ ਕਿਵੇਂ ਉਜਾੜਾਂ?



ਆਪਣੇ ਭਰਾ ਦਾ ਸਰਬਾਲਾ ਬਣੇ ਦਿਲਬਾਗ ਨੂੰ ਮੇਰੇ ਬਚਪਨ ਦੀ ਸਹੇਲੀ ਰੀਬਨ ਕਟਾਈ ਦੀ ਰਸਮ ਵੇਲੇ ਹੀ ਭਾਅ ਗਈ ਸੀ। ਵਿਆਹ ਤੋਂ ਮਹੀਨਾ ਕੁ ਬਾਅਦ ਮੈਂ ਪੇਕੇ ਗਈ ਹੋਈ ਸਾਂ ਤਾ ਦਿਲਬਾਗ ਵੀ ਬਹਾਨੇ ਜਿਹੇ ਨਾਲ ਉੱਥੇ ਆ ਗਿਆ ਸੀ। "ਭਾਬੀ... ਤੇਰੀ ਸਹੇਲੀ ਨੂੰ ਤਾਂ ਮਿਲਾ ਦੇਹ...।' ਉਸ ਹੱਸਦਿਆਂ ਮਜ਼ਾਕ ਜਿਹੇ ਵਿਚ ਮੈਨੂੰ ਕਿਹਾ ਸੀ। ਮੈਂ ਝੱਟ ਜਸ਼ਨਪ੍ਰੀਤ ਵੱਲ ਫੋਨ ਕਰ ਦਿੱਤਾ ਸੀ ਤੇ ਉਹ ਪੰਦਰਾਂ ਮਿੰਟਾਂ ਵਿਚ ਆ ਵੀ ਗਈ ਸੀ। ਉਸੇ ਵੇਲੇ ਹੀ ਮੈਂ ਸੋਚ ਲਿਆ ਸੀ ਕਿ ਜਸ਼ਨਪ੍ਰੀਤ ਨੂੰ ਆਪਣੀ ਦਰਾਣੀ ਬਣਾ ਕੇ ਆਪਣੇ ਘਰ ਲੈ ਜਾਵਾਂਗੀ। ਇਹ ਕੰਮ ਮੇਰੇ ਲਈ ਔਖਾ ਵੀ ਨਹੀਂ ਸੀ। ਨਾ ਤਾਂ ਕੋਈ ਜਾਤ-ਪਾਤ ਦਾ ਅੜਿੱਕਾ ਸੀ ਤੇ ਨਾ ਅਮੀਰੀ-ਗਰੀਬੀ ਦਾ। ਹੁਣ ਤਾਂ ਦੋਵੇਂ ਇਕ ਦੂਜੇ ਨੂੰ ਪਸੰਦ ਵੀ ਕਰਦੇ ਸਨ। ਮੈਂ ਆਪਣੀ ਸੋਚ ਦੋਹਾਂ ਦੇ ਕੰਨਾਂ ਵਿਚ ਪਾ ਦਿੱਤੀ ਸੀ। ਇਸ ਲਈ ਉਨ੍ਹਾਂ ਇਕ ਦੂਜੇ ਦੇ ਫੋਨ ਨੰਬਰ ਵੀ ਲੈ ਲਏ ਸਨ ਤੇ ਪਤਾ ਨਹੀਂ ਘੰਟਿਆਂਬੱਧੀ ਆਪਸ ਵਿਚ ਗੱਲਾਂ ਵੀ ਕਰਦੇ ਰਹਿੰਦੇ ਸਨ।

ਮੈਨੂੰ ਭੈਣਾਂ ਤੋਂ ਵੀ ਵੱਧ ਮੋਹ ਕਰਨ ਵਾਲੀ ਤੇ ਪਹਿਲੀ ਜਮਾਤ ਤੋਂ ਬੀ. ਏ. ਤਕ ਮੇਰੇ ਨਾਲ ਹੀ ਪੜ੍ਹੀ ਸਹੇਲੀ ਨੂੰ ਆਪਣੇ ਘਰ ਲਿਆ ਕੇ ਮੈਂ ਘਰ ਵਿਚ ਆਪਣੀ ਧਿਰ ਵੀ ਮਜ਼ਬੂਤ ਕਰਨਾ ਚਾਹੁੰਦੀ ਸਾਂ। ਉਸ ਵੇਲੇ ਮੈਂ ਸੋਚਦੀ ਸਾਂ ਕਿ ਜੇ ਦਿਲਬਾਗ ਦਾ ਹੋਰ ਥਾਈਂ ਵਿਆਹ ਹੁੰਦਾ ਹੈ ਤਾਂ ਪਤਾ ਨਹੀਂ ਮੇਰੀ ਦੇਵਰਾਣੀ ਕਿਹੋ ਜਿਹੇ ਸੁਭਾਅ ਦੀ ਆਵੇਗੀ। ਪਰ ਜਸ਼ਨਪ੍ਰੀਤ ਦੇ ਸੁਭਾਅ ਨੂੰ ਤਾਂ ਮੈਂ ਬਚਪਨ ਤੋਂ ਹੀ ਜਾਣਦੀ ਸਾਂ। ਉਹ ਤਾਂ ਮੇਰੇ ਸਾਹਾਂ ਵਿਚ ਸਾਹ ਲੈਂਦੀ ਸੀ। ਮੇਰਾ ਜ਼ਰਾ ਜਿੰਨਾ ਵੀ ਦੁਖ ਨਹੀਂ ਸੀ ਸਹਾਰ ਸਕਦੀ। ਕਾਲਜ ਦੇ ਇਕ ਫੁਕਰੇ ਜਿਹੇ ਮੁੰਡੇ ਨੇ ਭੱਦਾ ਫਿਕਰਾ ਮੇਰੇ 'ਤੇ ਕੱਸਿਆ ਸੀ ਪਰ ਉਸਦੇ ਤਾੜ ਕਰਦਾ ਥੱਪੜ ਜਸ਼ਨਪ੍ਰੀਤ ਨੇ ਕੱਢ ਮਾਰਿਆ ਸੀ। ਸਾਡੀ ਦੋਹਾਂ ਦੀ ਜੋੜੀ ਸਾਰੇ ਕਾਲਜ ਵਿਚ ਮਸ਼ਹੂਰ ਸੀ। ਇਕੋ ਜਿਹੇ ਕੱਪੜੇ, ਇਕੋ ਖਾਣ ਪੀਣ ਤੇ ਜਿੱਥੇ ਜਾਣਾ ਇਕੱਠੇ ਜਾਣਾ। ਸਾਡੀ ਸਾਂਝੀ ਸਹੇਲੀ ਰੁਮਨ ਤਾਂ ਸਾਨੂੰ ਛੇੜਦਿਆਂ ਇਥੋਂ ਤਕ ਕਹਿ ਦੇਂਦੀ ਸੀ 'ਹੁਣ ਤਾਂ ਹੋਮੋਸੈਕਸ ਵਿਆਹ ਵੀ ਹੋਣ ਲੱਗ ਪਏ ਨੇ ਲੱਗਦੇ ਹੱਥ ਤੁਸੀਂ ਦੋਵੇਂ ਵੀ ਇਸਦਾ ਲਾਹਾ ਲੈ ਲਵੋ।"

ਮੈਂ ਭਲਾ ਉਸ ਸਹੇਲੀ ਦੇ ਅਹਿਸਾਨ ਕਿਵੇਂ ਭੁੱਲ ਜਾਵਾਂ ਜਿਹੜੀ ਆਪਣੇ ਲਈ ਕੋਈ ਸੂਟ ਖਰੀਦਣ ਵੇਲੇ ਮੇਰਾ ਸੂਟ ਵੀ ਨਾਲ ਹੀ ਖਰੀਦਦੀ ਰਹੀ ਸੀ। ਸ਼ਿਮਲੇ ਵਲ ਆਪਣੇ ਮਾਪਿਆਂ ਨਾਲ ਘੁੰਮਣ ਗਈ ਤਾਂ ਉੱਥੋਂ ਫਰ ਵਾਲੇ ਇਕੋ ਜਿਹੇ ਦੋ ਗਰਮ ਗੁਲਾਬੀ ਕੋਟ ਖਰੀਦ ਲਿਆਈ। ਦੋ-ਚਾਰ ਸੌ ਦੀ ਗੱਲ ਹੋਰ ਹੁੰਦੀ ਹੈ ਪਰ ਇਨ੍ਹਾਂ ਦੀ ਕੀਮਤ ਤਾਂ ਹਜ਼ਾਰਾਂ ਵਿਚ ਸੀ। ਕੋਟ ਕਾਫੀ ਮਹਿੰਗਾ ਹੋਣ ਕਾਰਨ ਮੈਂ ਉਸਨੂੰ ਉਸਦੀ ਕੀਮਤ ਦੇਣੀ ਚਾਹੀ ਸੀ ਤਾਂ ਉਹ ਪੂਰੇ ਦੋ ਦਿਨ ਮੇਰੇ ਨਾਲ ਨਹੀਂ ਸੀ ਬੋਲੀ ਤੇ ਆਖਿਰ ਇਹ ਗਰਮ ਕੋਟ ਮੈਨੂੰ ਲੈਣਾ ਹੀ ਪਿਆ ਸੀ।

ਭਾਬੀ ਤਾਂ ਮੇਰੇ ਚੁੱਪ ਕਰਾਉਣ 'ਤੇ ਸੌਂ ਗਈ ਹੈ ਪਰ ਮੇਰੀਆਂ ਅੱਖਾਂ ਵਿਚ ਤਾਂ ਨੀਂਦ ਨੇੜੇ ਤੇੜੇ ਵੀ ਨਹੀਂ ਹੈ। ਕਦੇ ਏਧਰ ਤੇ ਕਦੇ ਉੱਧਰ ਉਸਲਵੱਟੇ ਜਿਹੇ ਲੈ ਰਹੀ ਹਾਂ। ਇਸ ਵੇਲੇ ਮੇਰਾ ਦਿਲ ਪੂਰੀ ਤਰ੍ਹਾਂ ਹਿੱਸਿਆਂ ਵਿਚ ਵੰਡਿਆ ਹੋਇਆ ਹੈ।

'ਜਸ਼ਨਪ੍ਰੀਤ ਨੂੰ ਹੋਰ ਮੁੰਡਿਆਂ ਦਾ ਘਾਟਾ ਨਹੀਂ... ਆਪੇ ਚਾਰ ਦਿਨਾਂ ਵਿਚ ਦਿਲਬਾਗ ਨੂੰ ਭੁੱਲ ਜਾਊ ਪਰ ਜੱਸੀ ਨੂੰ ਦਿਲਬਾਗ ਤੋਂ ਬਗੈਰ ਹੋਰ ਕਿਸੇ ਬਾਪ ਦਾ ਪਿਆਰ ਨਹੀਂ ਦੇ ਸਕਣਾ... ਐਵੇਂ ਭਾਵੁਕ ਨਾ ਹੋ... ਠੰਡੇ ਦਿਮਾਗ ਨਾਲ ਪੇਕੇ ਘਰ ਦੀ ਤਜਵੀਜ਼ 'ਤੇ ਵਿਚਾਰ ਕਰ।' ਮੇਰੇ ਦਿਲ ਦੇ ਇਕ ਕੋਨੇ ਵਿਚੋਂ ਅਵਾਜ਼ ਉੱਠੀ ਹੈ।

'ਜਿਨ੍ਹਾਂ ਦੇ ਜੁਆਨ ਪਤੀ ਮਰ ਜਾਂਦੇ ਨੇ ਤੇ ਕੋਈ ਕੁਆਰਾ ਦਿਉਰ ਵੀ ਨਹੀਂ ਹੁੰਦਾ... ਉਹ ਵੀ ਤਾਂ ਜੱਗ 'ਤੇ ਜਿਊਂਦੀਆਂ ਹੀ ਨੇ।' ਮਨ ਦੇ ਕੋਨੇ ਵਿਚੋਂ ਉੱਠੀ ਦੂਸਰੀ ਆਵਾਜ਼ ਨੇ ਆਪਣਾ ਤਰਕ ਦੇ ਕੇ ਪਹਿਲੀ ਅਵਾਜ਼ ਨੂੰ ਦਬਾਉਣ ਦਾ ਯਤਨ ਕੀਤਾ ਹੈ।

ਇਹ ਵੀ ਸੋਚ ਰਹੀ ਹਾਂ ਕਿ ਦਿਲਬਾਗ ਦੇ ਮਨ ਵਿਚ ਮੇਰੇ ਬਾਰੇ ਪਤਾ ਨਹੀਂ ਕੀ ਸੋਚ ਹੋਵੇਗੀ। ਮੇਰੇ ਪੇਕੇ ਘਰ ਵਿਚ ਚੱਲ ਰਹੀ ਘੁਸਰ-ਮੁਸਰ ਦਾ ਪਤਾ ਤਾਂ ਉਸ ਨੂੰ ਵੀ ਹੋਵੇਗਾ ਤੇ ਸ਼ਾਇਦ ਉਸਦੇ ਆਪਣੇ ਪਰਿਵਾਰ ਵਿਚ ਵੀ ਇਹ ਗੱਲ ਚੱਲ ਰਹੀ ਹੋਵੇ। ਜੱਸੀ ਤਾਂ ਸਾਰੇ ਪਰਿਵਾਰ ਦੀ ਜਿੰਦ ਜਾਨ ਸੀ ਤੇ ਉਹ ਤਾਂ ਸਾਰਾ ਦਿਨ ਰਹਿੰਦੀ ਵੀ ਚਾਚੂ ਦੀ ਗੋਦ ਵਿਚ ਹੀ ਸੀ। ਚਾਰ ਵੱਜ ਗਏ ਹਨ ਤੇ ਗੁਰਦੁਆਰੇ ਵਾਲਾ ਭਾਈ ਜੀ ਬੋਲ ਪਿਆ ਹੈ। ਮੇਰੀਆਂ ਸੋਚਾਂ ਕਿਸੇ ਤਣ ਪੱਤਣ ਨਹੀਂ ਲੱਗ ਰਹੀਆਂ। ਆਖਿਰ ਬੁਝੇ ਜਿਹੇ ਮਨ ਨਾਲ ਫੈਸਲਾ ਲੈ ਲੈਂਦੀ ਹਾਂ ਕਿ ਆਪਣੇ ਆਪ ਨੂੰ ਕਿਸਮਤ ਦੇ ਹਵਾਲੇ ਹੀ ਛੱਡਾਂਗੀ। ਜੇ ਜਸ਼ਨਪ੍ਰੀਤ ਮੇਰੀ ਦਰਾਣੀ ਬਣ ਕੇ ਇਸ ਘਰ ਵਿਚ ਆ ਜਾਂਦੀ ਹੈ ਤਾਂ ਮੇਰੀ ਜ਼ਿੰਦਗੀ ਦੇ ਚਾਰ ਦਿਹਾੜੇ ਸੌਖੇ ਨਿਕਲ ਜਾਣਗੇ।

"ਦੋ ਦਿਨ ਰਹਿ ਗਏ ਹਨ ਅੱਜ ਹਰਮਨ ਦੇ ਭੋਗ ਨੂੰ। ਅੱਜ ਮੇਤਵੀਂ ਮਕਾਣ ਜਾਣਾ ਹੈ ਮੇਰੇ ਪੇਕੇ ਪਿੰਡ। ਮੇਰੇ ਸਹੁਰੇ ਪਰਿਵਾਰ ਦੀ ਤਾਂ ਸਲਾਹ ਸੀ ਕਿ ਭੋਗ ਵਾਲੇ ਦਿਨ ਧਰਮਸ਼ਾਲਾ ਵਿਚ ਹੀ ਮੇਤਵੀਂ ਮਕਾਣ ਦੀ ਰਸਮ ਕਰ ਲਈ ਜਾਵੇ... ਐਵੇਂ ਕਾਹਨੂੰ ਕਿਸੇ ਨੂੰ ਵਾਧੂ ਦੀ ਖੇਚਲ ਦੇਣੀ ਹੈ। ਪਰ ਮੇਰੇ ਬੇਬੇ ਬਾਪੂ ਨੇ ਕਹਾ ਭੇਜਿਆ ਸੀ ਕਿ ਤੁਸੀਂ ਇਸ ਰਸਮ ਲਈ ਸਾਡੇ ਪਿੰਡ ਹੀ ਆਉ। ਸ਼ਾਇਦ ਉਹ ਉੱਥੇ ਮੇਰੇ ਸਹੁਰੇ ਪਰਿਵਾਰ ਨਾਲ ਮੇਰੇ ਭਵਿੱਖ ਦੀ ਗੱਲ ਮੁਕਾਉਣਾ ਚਾਹੁੰਦੇ ਸੀ। ਮੇਰਾ ਵੀ ਮਨ ਪੇਕੇ ਘਰ ਜਾਣ ਦਾ ਸੀ। ਮੈਂ ਜਸ਼ਨਪ੍ਰੀਤ ਨੂੰ ਮਿਲ ਕੇ ਕਹਿਣਾ ਚਾਹੁੰਦੀ ਸਾਂ ਕਿ ਮੇਰੇ ਬਾਰੇ ਕੋਈ ਗਲਤ ਖਿਆਲ ਆਪਣੇ ਮਨ ਵਿਚ ਨਾ ਰੱਖੇ। ਬਚਪਨ ਤੋਂ ਇਕੱਠੀਆਂ ਰਹੀਆਂ ਹਾਂ... ਹੁਣ ਵੀ ਇਕੱਠੀਆਂ ਹੀ ਰਹਾਂਗੀਆਂ, ਮੈਂ ਉਸਦੇ ਹੱਕਾਂ 'ਤੇ ਡਾਕਾ ਨਹੀਂ ਮਾਰਾਂਗੀ।

ਪੇਕੇ ਘਰ ਪਹੁੰਚਣ 'ਤੇ ਜਸ਼ਨਪ੍ਰੀਤ ਮੈਨੂੰ ਧਾਹ ਕੇ ਮਿਲੀ ਹੈ ਤੇ ਅਸੀਂ ਕਿੰਨਾ ਹੀ ਚਿਰ ਇਜ ਦੂਜੇ ਦੇ ਗਲ ਲੱਗ ਕੇ ਰੋਂਦੀਆਂ ਰਹੀਆਂ ਹਾਂ। ਮੇਰੀ ਭਰਜਾਈ ਨੇ ਸਾਨੂੰ ਚੁੱਪ ਕਰਾਇਆ ਹੈ। ਔਰਤਾਂ ਦਾ ਰੋਣਾ-ਧੋਣਾ ਬੰਦ ਹੋਣ 'ਤੇ ਮੇਰਾ ਸਹੁਰਾ, ਬਾਪੂ ਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਅੰਦਰਲੇ ਕਮਰੇ ਵਿਚ ਚਲੇ ਗਏ ਹਨ। ਮੈਨੂੰ ਪਤਾ ਹੈ ਕਿ ਉਹ ਜ਼ਰੂਰ ਹੀ ਮੇਰੇ ਤੇ ਜੱਸੀ ਦੇ ਭਵਿੱਖ ਬਾਰੇ ਕੋਈ ਮਤਾ ਪਕਾ ਰਹੇ ਹੋਣਗੇ। ਪਰ ਮੈਨੂੰ ਤਾਂ ਅਜੇ ਕਿਸੇ ਨੂੰ ਕੁਝ ਪੁੱਛਿਆ ਹੀ ਨਹੀਂ ਸੀ, ਇਸ ਲਈ ਮੈਂ ਆਪਣੇ ਦਿਲ ਦੀ ਗੱਲ ਕਿਸੇ ਨੂੰ ਕੀ ਦੱਸਾਂ। ਵੈਸੇ ਮੈਂ ਆਪਣੀ ਭਰਜਾਈ ਨੂੰ ਆਪਣੇ ਆਪ ਨਾਲ ਕੀਤੇ ਫੈਸਲੇ ਬਾਰੇ ਦੱਸ ਦਿੱਤਾ ਸੀ

*(ਬਾਕੀ ਅਗਲੇ ਸਫੇ 'ਤੇ)*

# ਪੁਸਤਕ 'ਵਿਵੇਕਸ਼ੀਲ ਦ੍ਰਿਸ਼ਟੀ ਦਾ ਹਸਤਾਖ਼ਰ ਡਾ. ਬਰਜਿੰਦਰ ਸਿੰਘ ਹਮਦਰਦ' ਪੜ੍ਹਦਿਆਂ

ਚਿੰਤਨ ਦੀ ਦੁਨੀਆ ਵਿਚ ਨਵੇਂ ਦਿਸਹੱਦੇ ਸਿਰਜਣ ਵਾਲੇ ਲੇਖਕ, ਪੱਤਰਕਾਰ, ਬੁੱਧੀਜੀਵੀ ਡਾ. ਬਰਜਿੰਦਰ ਸਿੰਘ ਦੀ ਪੁਸਤਕ 'ਵਿਵੇਕਸ਼ੀਲ ਦ੍ਰਿਸ਼ਟੀ ਦਾ ਹਸਤਾਖ਼ਰ ਡਾ. ਬਰਜਿੰਦਰ ਸਿੰਘ ਹਮਦਰਦ' ਦੀ ਸਮੀਖਿਆ/ਚਰਚਾ ਉਦੋਂ ਤਕ ਪੂਰੀ ਨਹੀਂ ਗਿਣੀ ਜਾਏਗੀ, ਜਦੋਂ ਤਕ ਸਮਕਾਲੀ ਲੇਖਕਾਂ, ਚਿੰਤਕਾਂ ਦੇ ਡਾ. ਬਰਜਿੰਦਰ ਸਿੰਘ ਬਾਰੇ ਲਿਖੇ ਵਿਚਾਰ ਅਸੀਂ ਨਹੀਂ ਪੜ੍ਹਦੇ।

'ਬਰਜਿੰਦਰ ਸਿੰਘ ਇਕ ਅਜਿਹਾ ਪੱਤਰਕਾਰ ਹੈ, ਜਿਸ ਨੇ ਸ਼ੀਸ਼ੇ ਨੂੰ ਦਬਾਅ ਥੱਲੇ ਜਾਂ ਲਾਲਚ ਵਿਚ ਟੇਡਾ ਨਹੀਂ ਹੋਣ ਦਿੱਤਾ'



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

(ਐਸ.ਐਸ.ਜੌਹਲ (ਡਾ.)।

'ਚੁੱਪ, ਸਾਊ ਤੇ ਮਿਹਨਤੀ ਬਰਜਿੰਦਰ ਸਿੰਘ ਨੇ ਆਪਣੀ ਚਾਲ ਨਹੀਂ ਬਦਲੀ ਤੇ ਨਾ ਹੀ ਸ਼ਖ਼ਸੀਅਤ' (ਮਰਹੂਮ ਵਿਸ਼ਵਨਾਥ ਤਿਵਾੜੀ)।

'ਸੁਹਿਰਦ ਪੱਤਰਕਾਰ ਹੋਣ ਦੇ ਨਾਲ-ਨਾਲ ਬਰਜਿੰਦਰ ਸਿੰਘ ਨਾਵਲਕਾਰ ਵੀ ਹੈ ਅਤੇ ਨਿਬੰਧਕਾਰ ਵੀ। ਸਮਝੌਤਾ ਨਹੀਂ ਕਿਤੇ ਵੀ-ਨਾ ਆਪਣੇ-ਆਪ ਨਾਲ, ਨਾ ਹਾਲਾਤ ਨਾਲ' (ਮਰਹੂਮ ਨਰਿੰਜਨ ਤਸਨੀਮ (ਪ੍ਰੋ.) ਨਾਵਲਕਾਰ)।

'ਬਰਜਿੰਦਰ ਸਿੰਘ ਉਮਰ ਵਿਚ ਮੇਰੇ ਨਾਲੋਂ ਛੋਟਾ ਹੈ ਅਤੇ ਅਕਲ ਵਿਚ ਵੱਡਾ। ਪ੍ਰਾਪਤੀਆਂ ਵਿਚ ਉਸ ਤੋਂ ਵੀ ਵੱਡਾ' (ਗੁਲਜ਼ਾਰ ਸਿੰਘ ਸੰਧੂ)।

'ਉਨ੍ਹਾਂ ਦੀਆਂ ਲਿਖਤਾਂ ਅਤੇ ਦ੍ਰਿੜਤਾ ਨਾਲ ਸਥਾਪਤੀ ਦੀ ਨੀਂਦ ਹਰਾਮ ਹੋ ਜਾਂਦੀ ਹੈ। 'ਅਜੀਤ' ਨੇ ਪੰਜਾਬ ਦੇ ਸੰਕਟ ਵੇਲੇ ਸਭ ਤੋਂ ਵੱਡੀ ਸਥਾਪਤੀ, ਸਰਕਾਰ ਦੀਆਂ ਅੱਖਾਂ ਵਿਚ ਰੜਕ ਪੈਦਾ ਕਰ ਦਿੱਤੀ। ਇਸ ਲਈ 'ਅਜੀਤ' ਤੇ ਸ. ਬਰਜਿੰਦਰ ਸਿੰਘ ਹਮਦਰਦ ਨੂੰ ਵਧਾਈ ਦੇਣੀ ਚਾਹੀਦੀ ਹੈ'(ਡਾ. ਮਹੀਪ ਸਿੰਘ (ਸਵਰਗਵਾਸੀ)।

'ਲਿਖਤਾਂ ਤੋਂ ਸਪਸ਼ਟ ਹੈ ਕਿ ਬਰਜਿੰਦਰ ਸਿੰਘ ਦੇ ਮੱਥੇ 'ਤੇ ਕੋਈ ਵੱਟ ਨਹੀਂ ਹੈ, ਸੀਨਾ ਸਾਫ਼ ਹੈ' (ਗੁਰਪੁਰਵਾਸੀ ਗਿਆਨੀ ਲਾਲ ਸਿੰਘ)।

'ਬਰਜਿੰਦਰ ਸਿੰਘ ਦਾ ਅਧਿਐਨ ਖੇਤਰ ਬੜਾ ਸੰਤੁਲਿਤ ਹੈ' (ਡਾ: ਅਤਰ ਸਿੰਘ ਸਵਰਗਵਾਸੀ)।


'ਮੈਨੂੰ ਕੋਈ ਅਜਿਹੀ ਘਟਨਾ ਯਾਦ ਨਹੀਂ, ਜਦੋਂ ਉਹਨੇ ਆਪਣੇ ਕਿਸੇ ਸਕੇ (ਸਿਆਸਤਦਾਨ) ਦੀ ਵੀ ਗਲਤ ਗੱਲ ਨੂੰ ਪ੍ਰਵਾਨ ਕੀਤਾ ਹੋਵੇ' (ਗੁਰਦਿਆਲ ਸਿੰਘ ਨਾਵਲਕਾਰ (ਸਵਰਗਵਾਸੀ)।

'ਸਮਾਜਿਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਪਹਿਚਾਣਦਾ ਹੋਇਆ ਬਰਜਿੰਦਰ ਸਿੰਘ ਹਲੀਮੀ ਦਾ ਧਾਰਨੀ ਹੈ ਪਰ ਪੱਤਰਕਾਰੀ ਅਤੇ ਰਾਜਨੀਤੀ ਦੇ ਖੇਤਰ ਵਿਚ ਕਠੋਰ ਜੀਵਨ ਦਾ ਮਾਲਕ ਹੈ'(ਡਾ. ਸ.ਪ. ਸਿੰਘ)।

'ਉਸਦੀ ਚੁੱਪ ਵੀ ਬੋਲਦੀ ਹੈ ਅਤੇ ਹਾਸਾ ਵੀ ਦੂਜੇ ਨੂੰ ਡੂੰਘੀ ਰਮਜ਼ ਸਮਝਾ ਦਿੰਦਾ ਹੈ। (ਡਾ. ਅਮਰਜੀਤ ਸਿੰਘ ਕਾਂਗ (ਸਵਰਗਵਾਸੀ)।

ਡੂੰਘੀਆਂ ਰਮਜ਼ਾਂ ਦੇ ਮਾਲਕ ਡਾ. ਬਰਜਿੰਦਰ ਸਿੰਘ ਦੀਆਂ ਲਿਖਤਾਂ ਨੂੰ ਪਾਠਕਾਂ ਸਾਹਮਣੇ ਲਿਆਉਂਦਿਆਂ ਡਾ. ਬਰਜਿੰਦਰ ਸਿੰਘ ਬਾਰੇ ਲਿਖੀ ਪੁਸਤਕ 'ਚ ਉਸ ਵਲੋਂ ਲਿਖੇ ਨਾਵਲ 'ਕੁਝ ਪੱਤਰੇ' ਦੀ ਲੇਖਕ ਸਭ ਤੋਂ ਪਹਿਲਾਂ ਚਰਚਾ ਕਰਦਾ ਹੈ, 'ਕਦੇ ਕੋਈ ਪੁਰਾਣਾ ਜ਼ਿਕਰ ਛਿੜ ਜਾਣ 'ਤੇ ਉਹ ਆਪਣੀ ਚੀਸ ਭੁਲਾਉਣ ਲਈ ਉੱਚੀ-ਉੱਚੀ ਠਹਾਕੇ ਵੀ ਲਾਉਂਦਾ ਰਹਿੰਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਸ਼ਾਇਦ ਜਿਉਣ ਵਾਸਤੇ ਵਧੇਰੇ ਆਕਸੀਜਨ ਮਿਲ ਜਾਵੇਗੀ ਜਾਂ ਕੁਝ ਹੋਰ'। ਉਪਰੰਤ ਆਪਣੇ ਲੇਖਾਂ ਵਿਚ ਡਾ. ਬਰਜਿੰਦਰ ਸਿੰਘ ਦੇ ਜੀਵਨ ਫਲਸਫੇ ਦੇ ਦਰਸ਼ਨ ਕਰਾਉਂਦਾ ਹੈ।

ਡਾ. ਬ੍ਰਹਮਜਗਦੀਸ਼ ਸਿੰਘ ਡਾ. ਪੁਸਤਕ ਨੂੰ 14 ਭਾਗਾਂ ਵਿਚ ਵੰਡਦਾ ਹੈ, ਜਿਸ ਵਿਚ ਛੋਟੇ-ਛੋਟੇ ਦਾਇਰੇ: ਸਭਿਆਚਾਰਕ-ਇਤਿਹਾਸਕ ਦਸਤਾਵੇਜ਼, ਧਰਤੀਆਂ ਦੇ ਗੀਤ: ਸਫ਼ਰਨਾਮੇ, ਜੋਤ ਜਗਦੀ ਰਹੇਗੀ: ਵਚਨਬੱਧਤਾ ਦਾ ਸੰਕਲਪ, ਵਿਰਸੇ ਦਾ ਗੌਰਵ: ਸਭਿਆਚਾਰਕ ਪਰਿਪੇਖ, ਪੈਂਡਾ ਬਾਕੀ ਹੈ: ਮੰਜ਼ਿਲ ਵੱਲ ਵਧਦੇ ਕਦਮ, ਮੋਮਬੱਤੀਆਂ ਦੀ ਲੋਅ: ਅਮਨ ਅਤੇ ਸਦਭਾਵਨਾ ਦੇ ਸੁਨੇਹੇ, ਦੋਸਤੀ ਦਾ ਗੀਤ: ਵਿਸ਼ਵ ਮੈਤਰੀ ਦੀ ਕਾਮਨਾ, ਮਿੱਟੀ ਦਾ ਮੋਹ:




ਵਤਨਪ੍ਰਸਤੀ ਦਾ ਅਹਿਦ, ਤਰਕਸ਼ੀਲਤਾ ਦਾ ਚਾਨਣ: ਵਿਗਿਆਨਕ ਸੈਕੂਲਰ ਸੋਚ, ਪਲੀਤ ਹੋਇਆ ਗੰਦਲਾ ਚੌਗਿਰਦਾ: ਵਾਤਾਵਰਨਿਕ ਚੇਤਨਾ, ਪੰਜਾਬ ਅਤੇ ਪੰਜਾਬੀਅਤ: ਪੰਜਾਬੀਆਂ ਦਾ ਗੌਰਵ, ਸਭਿਆਚਾਰਕ ਰੂਪਾਂਤਰਨ ਵਿਚ ਸਮੁੱਚਾ ਯੋਗਦਾਨ, ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਸਮੁੱਚੇ ਵਿਸ਼ਿਆਂ ਸਬੰਧੀ ਲਿਖਤਾਂ 'ਚ ਬਰਜਿੰਦਰ ਸਿੰਘ ਵਲੋਂ ਪ੍ਰਗਟ ਕੀਤੇ ਵਿਚਾਰਾਂ ਨੂੰ ਡਾ. ਬ੍ਰਹਮਜਗਦੀਸ਼ ਸਿੰਘ ਬਾਖ਼ੂਬੀ ਪ੍ਰਗਟ ਕਰਦਾ ਹੈ। ਆਪਣੇ ਵਲੋਂ ਲਿਖੀ ਪੁਸਤਕ ਦੀ ਭੂਮਿਕਾ 'ਚ ਉਹ ਲਿਖਦਾ ਹੈ, 'ਸ. ਬਰਜਿੰਦਰ ਸਿੰਘ ਹਮਦਰਦ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਇਕ ਨਵੇਂ ਯੁੱਗ ਦੀ ਦਸਤਕ ਅਤੇ ਪਰਿਵਰਤਨ ਦਾ ਸੰਦੇਸ਼ ਲੈ ਕੇ ਉਪਸਥਿਤ ਹੋਇਆ ਹੈ। ਇਸ ਪੁਸਤਕ ਵਿਚ ਡਾ. ਬਰਜਿੰਦਰ ਸਿੰਘ ਹਮਦਰਦ ਦੀਆਂ ਸਮੁੱਚੀਆਂ ਲਿਖਤਾਂ (ਸੰਪਾਦਕੀਆਂ, ਲੇਖਾਂ, ਸਫ਼ਰਨਾਮਿਆਂ ਅਤੇ ਨਾਵਲ) ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਗਿਆ ਹੈ। ਪੁਸਤਕ ਵਿਚ ਜਿੱਥੇ ਡਾ. ਬਰਜਿੰਦਰ ਸਿੰਘ ਦੇ ਜੀਵਨ ਵੇਰਵੇ ਦਰਜ ਕੀਤੇ ਗਏ, ਉਥੇ ਉਨ੍ਹਾਂ ਵਲੋਂ ਛਾਪੀਆਂ 14 ਪੁਸਤਕਾਂ, 18 ਸੰਗੀਤ ਐਲਬਮਾਂ, ਪ੍ਰਾਪਤ ਸਨਮਾਨਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਹੋਰ ਪ੍ਰਾਪਤੀਆਂ ਦਾ ਵੀ।

ਸਾਹਿਤ ਅਤੇ ਸਾਹਿਤਕਾਰ ਦਾ ਧਰਮ ਸਮਾਜਿਕ, ਆਰਥਿਕ ਬੇਇਨਸਾਫੀ ਵਾਸਤੇ ਆਵਾਜ਼ ਬੁਲੰਦ ਕਰਨਾ ਹੈ। ਉਨ੍ਹਾਂ ਦੀਆਂ ਲਿਖਤਾਂ ਦੀ ਮਾਨਵੀ ਪਹੁੰਚ, ਮੌਜੂਦਾ ਦੌਰ 'ਚ ਲਹੂ-ਲੁਹਾਣ ਹੋਈ ਮਾਨਵਤਾ ਦੇ ਜ਼ਖ਼ਮਾਂ ਉਤੇ ਮਲ੍ਹਮ ਲਾਉਣ ਜਿਹੀ ਹੈ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸੁਹਿਰਦ ਪਹਿਰੇਦਾਰ ਹੈ। ਉਹ ਰਸੂਲ ਹਮਜ਼ਾਤੋਵ ਦੇ ਕਥਨ ਨੂੰ ਆਪਣੀਆਂ ਲਿਖਤਾਂ ਵਿਚ ਸੱਚ ਕਰ ਵਿਖਾਉਂਦਾ ਦਿਸਦਾ ਹੈ, 'ਜੋ ਕੁਝ ਲੇਖਕ ਨੇ ਦੇਖਿਆ, ਸੁਣਿਆ ਜਾਂ ਪੜ੍ਹਿਆ ਉਸ ਵਿਚ ਸੱਚ-ਝੂਠ, ਸੋਨਾ-ਤਾਂਬਾ, ਕਣਕ-ਤੂੜੀ ਨੂੰ ਵੱਖ-ਵੱਖ ਕਰਨ ਦੇ ਯੋਗ ਹੋਣ ਲਈ ਬੁੱਧੀ ਅਤੇ ਗਿਆਨ ਦੀ ਲੋੜ ਹੁੰਦੀ ਹੈ'। ਡਾ: ਬਰਜਿੰਦਰ ਸਿੰਘ ਕੋਲ ਬੁੱਧੀ ਹੈ, ਗਿਆਨ ਹੈ, ਸ਼ਬਦਾਂ ਰਾਹੀਂ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੈ।

ਮਹਾਤਮਾ ਬੁੱਧ, ਗੁਰੂ ਗੋਬਿੰਦ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਤੇ ਲਿਊ ਟਾਲਸਟਾਏ ਦੇ ਵਿਚਾਰਾਂ ਤੋਂ ਪ੍ਰਭਾਵਿਤ ਡਾ. ਬਰਜਿੰਦਰ ਸਿੰਘ ਬਾਰੇ ਪੁਸਤਕ ਬਾਰੇ ਲੇਖਕ ਪ੍ਰੋ. ਬ੍ਰਹਮਜਗਦੀਸ਼ ਸਿੰਘ ਦੇ ਸ਼ਬਦ ਮਹੱਤਵਪੂਰਨ ਹਨ, 'ਬਰਜਿੰਦਰ ਸਿੰਘ ਪੰਜਾਬੀ ਪੱਤਰਕਾਰੀ ਦਾ ਇਕ ਨਿਰਵਿਵਾਦ ਹਸਤਾਖ਼ਰ ਦਾ ਰੁਤਬਾ ਪ੍ਰਾਪਤ ਕਰ ਚੁੱਕਾ ਹੈ। ਉਸ ਨੇ ਆਪਣੀ ਪੱਤਰਕਾਰੀ ਨੂੰ ਹੀ ਸਾਹਿਤਕ ਗੁਣਾਂ-ਲੱਛਣਾਂ ਨਾਲ ਭਰਪੂਰ ਕਰੀ ਰੱਖਿਆ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਡਾ. ਬਰਜਿੰਦਰ ਸਿੰਘ ਦੀ ਇਸ ਦੇਣ ਨੂੰ ਸਦਾ ਯਾਦ ਰੱਖਿਆ ਜਾਵੇਗਾ'। ਡਾ. ਬਰਜਿੰਦਰ ਸਿੰਘ ਦੀਆਂ ਲਿਖਤਾਂ ਤੇ ਪ੍ਰਾਪਤੀਆਂ 'ਜੈਕਬ ਕਲਾਟਜ਼ਕਿਨ' ਦੇ ਹੇਠ ਲਿਖੇ ਵਿਚਾਰਾਂ ਦੀ ਤਰਜਮਾਨੀ ਕਰਦੀਆਂ ਹਨ

ਹੇ ਮਨੁੱਖ, ਜ਼ਿੰਦਗੀ ਨਾਲ ਖੇਡ, ਖ਼ਤਰੇ ਲੱਭ,
ਤੇ ਜੇ ਉਹ ਨਾ ਲੱਭਣ,
ਤਾਂ ਆਪ ਖ਼ਤਰੇ ਪੈਦਾ ਕਰ।
ਡੂੰਘਾਣਾਂ ਵਿਚ ਝਾਕ-ਤੇ ਡਰ
ਜੇ ਮਹਾਨ ਭੈ ਤੋਂ ਡਰਿਆ ਨਹੀਂ,
ਉਹ ਮਹਾਨ ਜ਼ਿੰਦਗੀ ਨਹੀਂ ਜੀਵਿਆ।
ਡਰ ਤੇ ਹੱਸ'।

ਪ੍ਰੋ: ਬ੍ਰਹਮਜਗਦੀਸ਼ ਸਿੰਘ ਵਲੋਂ ਲਿਖੀ ਸਾਂਭਣ ਅਤੇ ਪੜ੍ਹਨਯੋਗ ਪੁਸਤਕ ਦੇ ਕੁਲ ਮਿਲਾ ਕੇ 176 ਸਫ਼ੇ ਹਨ। ਇਹ ਪੁਸਤਕ ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ ਵਲੋਂ ਛਾਪੀ ਗਈ ਹੈ। ਪੁਸਤਕ ਦੀ ਕੀਮਤ 350 ਰੁਪਏ ਹੈ।

# ਜੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਗੱਲ ਕਹਿਣ ਤਾਂ ਜ਼ਰੂਰੀ ਨਹੀਂ ਉਹ ਸੱਚੀ ਹੁੰਦੀ ਹੈ

ਜਦੋਂ ਮੈਂ ਸੱਤਵੀਂ ਜਮਾਤ ਵਿਚ ਪੜ੍ਹਦੀ ਸਾਂ ਤਾਂ ਗਰਮੀਆਂ ਦੇ ਦਿਨਾਂ ਵਿਚ ਕੱਚਾ ਕੋਰਾ ਘੜਾ ਪਾਣੀ ਦਾ ਭਰ ਕੇ ਕਲਾਸ ਦੇ ਕਮਰੇ ਵਿਚ ਰੱਖਿਆ ਜਾਂਦਾ ਸੀ, ਤਾਂ ਕਿ ਸਾਰੀ ਕਲਾਸ ਠੰਢਾ ਪਾਣੀ ਪੀ ਸਕੇ। ਪਾਣੀ ਘੜੇ ਵਿਚੋਂ ਭਰ ਕੇ ਪੀਣ ਲਈ ਕੱਚ ਦਾ ਗਿਲਾਸ ਹੁੰਦਾ ਸੀ। ਇਕ ਵਾਰ ਮੈਂ ਵੀ ਪਾਣੀ ਪੀਤਾ, ਗਿਲਾਸ ਘੜੇ ਦੇ ਕੋਲ ਰੱਖ ਮੈਂ ਬਾਹਰ ਵੱਡੇ ਵਿਹੜੇ ਵਿਚ ਕਲਾਸ ਵਿਚ ਬੈਠ ਪੜ੍ਹਨ ਲੱਗੀ। ਥੋੜ੍ਹੀ ਦੇਰ ਬਾਅਦ ਰੌਲਾ ਪੈ ਗਿਆ ਕਿ ਕੱਚ ਦਾ ਗਿਲਾਸ ਟੁੱਟ ਗਿਆ



**ਦੇਵਿੰਦਰ ਕੌਰ ਧਾਲੀਵਾਲ**

ਹੈ, ਜਿਸ ਲਈ ਮੈਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਮੇਰੇ ਤੋਂ ਬਾਅਦ ਕੌਣ ਕਲਾਸ ਦੇ ਕਮਰੇ ਵਿਚ ਗਿਆ? ਕਿਹਨੇ ਪਾਣੀ ਪੀਤਾ? ਕਿਹਨੇ ਗਲਾਸ ਤੋੜਿਆ ਮੈਂ ਖ਼ੁਦ ਹੈਰਾਨ ਸਾਂ, ਪਰ ਮੈਂ ਗਿਲਾਸ ਨਹੀਂ ਤੋੜਿਆ ਸੀ। ਉਨ੍ਹਾਂ ਦਿਨਾਂ ਵਿਚ ਗਿਲਾਸ ਦੀ ਕੀਮਤ ਇਕ ਰੁਪਏ ਤੋਂ ਘੱਟ ਸੀ।

ਮੈਂ ਚੰਗੇ ਖਾਂਦੇ ਪੀਂਦੇ ਘਰੋਂ ਸਾਂ, ਇਹ ਨਹੀਂ ਕਿ ਮੈਂ ਗਿਲਾਸ ਦੀ ਕੀਮਤ ਨਹੀਂ ਅਦਾ ਕਰ ਸਕਦੀ ਸੀ। ਦੁੱਖ ਇਸ ਗੱਲ ਦਾ ਸੀ ਕਿ ਜੋ ਕਸੂਰ ਮੈਂ ਕੀਤਾ ਨਹੀਂ, ਉਸ ਲਈ ਮੈਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਸੀ ਕਿਉਂਕਿ ਮੈਂ ਹੀ ਅਖੀਰ 'ਚ ਗਿਲਾਸ ਨਾਲ ਪਾਣੀ ਪੀਂਦੀ ਵੇਖੀ ਗਈ ਸਾਂ। ਇਸ ਗੱਲ ਦੀ ਸਮਝ ਮੈਨੂੰ ਛੋਟੀ ਉਮਰ ਵਿਚ ਹੀ ਪੈ ਗਈ ਸੀ ਕਿ ਜੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਹੀ ਗੱਲ ਕਹਿਣ ਉਹ ਸੱਚੀ ਲੱਗਣ ਲੱਗਦੀ ਹੈ, ਪਰ ਅਸਲੀਅਤ ਕੁਝ ਹੋਰ ਹੁੰਦੀ ਹੈ। ਜਿਸ 'ਤੇ ਵਾਪਰਦੀ ਹੈ ਸੱਚ ਸਿਰਫ਼ ਉਸਨੂੰ ਹੀ ਪਤਾ ਹੁੰਦਾ ਹੈ। ਅੱਖੀਂ ਦੇਖੇ ਤੋਂ ਬਗੈਰ ਸੁਣੀ ਸੁਣਾਈ ਗੱਲ 'ਤੇ ਯਕੀਨ ਕਰਨਾ ਮੈਨੂੰ ਔਖਾ ਲੱਗਦਾ ਹੈ। ਇਕ ਦਿਨ ਇਕ ਪਤੀ ਨੇ ਫੇਸਬੁੱਕ 'ਤੇ ਮੈਨੂੰ ਲਿਖਿਆ ਦੇਵਿੰਦਰ ਜੀ ਤੁਸੀਂ ਦੁਖੀ ਪਤੀਆਂ ਬਾਰੇ ਵੀ ਲਿਖੋ, ਮੇਰੀ ਪਤਨੀ ਦਾਜ ਦੇ ਝੂਠੇ ਦੋਸ਼ ਲਾ ਕੇ ਮੇਰੇ ਤੋਂ ਧਨ ਹਾਸਲ ਕਰਨ ਲਈ ਮੇਰੀ ਥਾਣੇ ਤੇ ਕਚਹਿਰੀਆਂ ਵਿਚ ਖਿੱਚ ਘੜੀਸ ਕਰ ਰਹੀ ਹੈ ਅਤੇ ਮੈਂ ਬਹੁਤ ਪ੍ਰੇਸ਼ਾਨ ਹਾਂ।

ਮੇਰਾ ਆਪਣਾ ਵਿਚਾਰ ਹੈ ਕਿ ਝੂਠੇ ਕੇਸ ਬਣਾ ਕੇ ਔਰਤ ਦਾ ਮਰਦ ਨੂੰ ਲੁੱਟਣਾ ਜਾਂ ਮਰਦ ਦਾ ਔਰਤ ਨੂੰ ਲੁੱਟਣਾ ਸਰਾਸਰ ਗਲਤ ਹੈ। ਸੱਚਾ ਕੇਸ ਕਰਨ ਤੇ ਜਿੱਤਣ ਲਈ, ਸੱਚੀ ਆਤਮਾ ਦਾ ਹੋਣਾ ਬਹੁਤ ਜ਼ਰੂਰੀ ਹੈ। ਕਈ ਵਾਰ ਬੰਦਾ ਖ਼ੁਸ਼ ਹੁੰਦਾ ਹੈ ਉਹਨੇ ਕਿਸੇ ਨੂੰ ਲੁੱਟ ਲਿਆ, ਦਰਅਸਲ ਉਹ ਬੰਦਾ ਲੋਭ ਵਿਚ ਐਨਾ ਅੰਨਾ ਹੁੰਦਾ ਹੈ ਕਿ ਉਸਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਖ਼ੁਦ ਤੋਂ ਹੀ ਲੁੱਟ ਹੋ ਰਿਹਾ ਹੁੰਦਾ ਹੈ। ਇਨਸਾਨ ਦੇ ਆਪਣੇ ਅੰਦਰ ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਹੀ ਉਸ ਨੂੰ ਲੁੱਟ ਰਹੇ ਹਨ।

ਗੁਰਬਾਣੀ ਵਿਚ ਲਿਖਿਆ ਹੈ:

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥

ਜੇ ਝੂਠ ਬੋਲ ਕੇ ਦੁਨੀਆ ਦੀ ਕਚਹਿਰੀ ਵਿਚ ਕੋਈ ਜਿੱਤ ਵੀ ਜਾਂਦਾ ਹੈ ਤਾਂ ਵੀ ਇਹ ਉਸਦੀ ਆਪਣੀ ਹੀ ਹਾਰ ਹੈ। ਉਪਰ ਮਾਲਕ ਦੀ ਕਚਹਿਰੀ ਵਿਚ ਪੇਸ਼ੀ ਹੋਣੀ ਹੈ, ਫਿਰ ਦੁਨੀਆ ਦਾ ਕੋਈ ਵਕੀਲ ਉਥੇ ਨਹੀਂ ਹੋਣਾ ਜੋ ਉਸਨੂੰ ਛਡਾ ਸਕੇ।

ਜਬ ਲਗੁ ਮੋਹ ਮਗਨ ਸੰਗਿ ਮਾਇ॥
ਤਬ ਲਗੁ ਧਰਮਰਾਇ ਦੇਇ ਸਜਾਇ॥

ਬਾਣੀ ਸਾਨੂੰ ਸਭ ਕੁੱਝ ਸੱਚ ਦੱਸ ਰਹੀ ਹੈ।

ਅਨਿਕ ਭੋਗ ਬਿਖਿਆ ਕੇ ਕਰੈ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ॥

ਇਨਸਾਨ ਦੀ ਆਪਣੇ ਲੋਭ ਦੀ ਪਿਆਸ ਨਹੀਂ ਬੁੱਝਦੀ ਤੇ ਰੋਜ਼ ਖਪ-ਖਪ ਮਰ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

ਸੱਚ ਉੱਚਾ ਹੈ, ਪਰ ਉਸ ਤੋਂ ਵੀ ਉੱਚਾ ਹੈ ਸੱਚਾ ਜੀਉਣਾ।

ਅੱਜ ਜੇਲ੍ਹਾਂ ਵਿਚ ਬਹੁਤ ਸਾਰੇ ਬੇਕਸੂਰ ਲੋਕ ਹੋ ਸਕਦਾ ਹੈ ਝੂਠ ਕਾਰਨ ਬੰਦ ਹੋਣ। ਉਮੀਦ ਕਰਦੀ ਹਾਂ ਕਿ ਉਹ ਆਪਣਾ ਸੱਚ ਕਹਿਣ, ਆਪਣਾ ਹੱਕ ਤੇ ਸਹੀ ਇਨਸਾਫ ਲੈਣ ਵਿਚ ਸਫਲ ਹੋਣ। ਪਿੱਛੇ ਜਿਹੇ ਖਬਰ ਪੜ੍ਹੀ ਸੀ ਕਿ ਇਕ ਐਸੇ ਵਿਅਕਤੀ ਨੂੰ 20 ਸਾਲ ਮਗਰੋਂ ਰਿਹਾਅ ਕੀਤਾ ਜੋ ਦੋਸ਼ੀ ਨਹੀਂ ਸੀ। ਕਿਸੇ ਹੋਰ ਦੀ ਗਲਤੀ ਲਈ ਸੱਚੇ, ਇਮਾਨਦਾਰ, ਨਿਰਦੋਸ਼ ਵਿਅਕਤੀ ਨੂੰ ਉਹ ਦੋਸ਼ ਭੁਗਤਣਾ ਪੈਂਦਾ ਹੈ ਜੋ ਉਸ ਨੇ ਕਦੇ ਕੀਤਾ ਨਹੀਂ ਹੁੰਦਾ। ਰੱਬ ਕਰੇ! ਇਸ ਦੁਨੀਆ ਵਿਚ ਹਰ ਰੂਹ ਨੂੰ ਇਨਸਾਫ ਮਿਲੇ।

ਮੈਂ ਅੰਤ ਵਿਚ, ਫਿਰ ਇਹ ਗੱਲ ਦੁਹਰਾਉਣਾ ਚਾਹੁੰਦੀ ਹਾਂ ਕਿ ਜੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਹੀ ਗੱਲ ਕਹਿਣ ਜ਼ਰੂਰੀ ਨਹੀਂ ਉਹ ਸੱਚੀ ਹੁੰਦੀ ਹੈ, ਅਸਲੀਅਤ ਵਿਚ ਕੁਝ ਹੋਰ ਹੁੰਦਾ ਹੈ। ਜੇ ਅਸੀਂ ਸਾਰੇ ਉਸ ਸੱਚ ਨੂੰ ਜਾਣ ਸਕੀਏ, ਫਿਰ ਦੁਨੀਆ 'ਤੇ ਕਿਸੇ ਨੂੰ ਕਿਸੇ ਕਚਹਿਰੀ ਦੀ ਲੋੜ ਨਾ ਪਵੇ। ਪਿਆਰੇ ਪਾਠਕੋ, ਇਹ ਦਾਸਤਾਂ ਜੋ ਮੈਂ ਤੁਹਾਡੇ ਨਾਲ ਸਾਂਝੀ ਕੀਤੀ ਹੈ ਮੇਰੇ ਖ਼ੁਦ ਨਾਲ ਬੀਤੀ ਹੋਈ ਸੱਚੀ ਘਟਨਾ ਹੈ, ਕੋਈ ਪੜ੍ਹੀ ਸੁਣੀ ਗਾਥਾ ਨਹੀਂ ਹੈ। ਮੈਂ ਇਹ ਵੀ ਨਹੀਂ ਕਹਿੰਦੀ ਕਿ ਲੋਕਾਂ ਦੀ ਕਹੀ ਹਰ ਗੱਲ ਝੂਠ ਹੁੰਦੀ ਹੈ। ਸੱਚ ਦੀ ਤਹਿ ਤਕ ਜਾਣ ਲਈ, ਅੱਖ ਦਾ ਪਾਰਖੂ ਹੋਣਾ ਤੇ ਸੱਚ ਨਾਲ ਦਿਲ ਤੋਂ ਪਿਆਰ ਹੋਣਾ ਜ਼ਰੂਰੀ ਹੈ। ਗੁਰਬਾਣੀ ਵਿਚ ਵੀ ਲਿਖਿਆ ਹੈ:

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥

# ਗਰਮ ਗੁਲਾਬੀ ਕੋਟ

*(ਪਿਛਲੇ ਸਫੇ ਦੀ ਬਾਕੀ)*

ਪਰ ਉਸ 'ਕਮਲ ਨਾ ਮਾਰਿਆ ਕਰ ਸਾਰੀ ਦਿਹਾੜੀ।' ਕਹਿ ਕੇ ਮੈਨੂੰ ਝਿੜਕਣ ਵਾਂਗ ਚੁੱਪ ਕਰਾ ਦਿੱਤਾ ਸੀ।

ਰੋਟੀ ਖਾਣ ਤੋਂ ਬਾਅਦ ਘਰ ਦੇ ਡਰਾਇੰਗ ਰੂਮ ਵੱਲ ਗਈ ਤਾਂ ਸਾਹਮਣੇ ਤੋਂ ਆ ਰਹੀ ਜਸ਼ਨਪ੍ਰੀਤ ਨੇ ਮੈਨੂੰ ਰੋਕ ਲਿਆ ਹੈ।

"ਤੇਰੇ ਨਾਲ ਇਕ ਗੱਲ ਕਰਨੀ ਹੈ ਕਮਲ... ਥੋੜਾ ਬਗੀਚੀ ਵਾਲੇ ਪਾਸੇ ਆਈਂ।'

"ਮੈਨੂੰ ਪਤਾ ਹੈ ਤੂੰ ਮੇਰੇ ਨਾਲ ਕੀ ਗੱਲ ਕਰਨੀ ਹੈ, ਮੇਰੇ ਪੇਕੇ ਘਰ ਵਿਚ ਚੱਲ ਰਹੀ ਕਨਸੋਅ ਤੇਰੇ ਕੋਲ ਪਹੁੰਚ ਗਈ ਹੋਣੀ ਐਂ... ਮੈਂ ਐਡੀ ਮਾੜੀ ਨਹੀਂ ਕਿ ਤੇਰਾ ਹੱਕ ਮਾਰਾਂ।" ਬਰਾਂਡੇ ਵੱਲ ਵਧਦਿਆਂ ਮੈਂ ਮਨ ਹੀ ਮਨ ਸੋਚ ਰਹੀ ਹਾਂ।

"ਅਸੀਂ ਬਗੀਚੀ ਕੋਲ ਪਈਆਂ ਕੁਰਸੀਆਂ 'ਤੇ ਬੈਠ ਗਈਆਂ ਹਾਂ। ਸਾਰਾ ਦਿਨ ਆਪਸ ਵਿਚ ਚਪਰ ਚਪਰ ਗੱਲਾਂ ਕਰਦੀਆਂ ਰਹਿਣ ਵਾਲੀਆਂ ਸਾਨੂੰ ਦੋਹਾਂ ਸਹੇਲੀਆਂ ਨੂੰ ਇਸ ਵੇਲੇ ਇਹ ਨਹੀਂ ਸੁਝ ਰਿਹਾ ਕਿ ਗੱਲ ਸ਼ੁਰੂ ਕਿੱਥੋਂ ਕਰੀਏ। ਛਾਰ-ਪੰਜ ਮਿੰਟ ਤਾਂ ਸਾਡੇ ਵਿਚ ਗਹਿਰੀ ਚੁੱਪ ਛਾਈ ਰਹੀ ਤੇ ਫਿਰ ਬੋਲਣ ਦੀ ਪਹਿਲ ਜਸ਼ਨਪ੍ਰੀਤ ਨੇ ਹੀ ਕੀਤੀ ਹੈ।

'ਮੈਨੂੰ ਮੁਆਫ ਕਰੀਂ ਕਮਲ... ਮੈਂ ਤੈਨੂੰ ਇਕੱਲਿਆਂ ਛੱਡ ਕੇ ਤਿੰਨ ਮਹੀਨਿਆਂ ਬਾਅਦ ਕੈਨੇਡਾ ਜਾ ਰਹੀ ਹਾਂ...। ਮੇਰੇ ਚਾਚਾ ਜੀ ਨੇ ਉਥੇ ਮੁੰਡਾ ਭਾਲਿਆ ਹੈ ਮੇਰੇ ਲਈ।' ਜਸ਼ਨਪ੍ਰੀਤ ਨੇ ਇਕ ਨਵਾਂ ਹੀ ਧਮਾਕਾ ਕੀਤਾ ਹੈ ਤੇ ਮੇਰੇ ਕੰਨ ਸ਼ਾਂਅ ਸ਼ਾਂਅ ਕਰਨ ਲੱਗ ਪਏ ਹਨ। ਉਸਦੇ ਇਨ੍ਹਾਂ ਬੋਲਾਂ ਦੀ ਤਾਂ ਮੈਨੂੰ ਜ਼ਰਾ ਵੀ ਉਮੀਦ ਨਹੀਂ ਸੀ।

"ਪਰ ਤੂੰ ਤਾਂ ਦਿਲਬਾਗ ਨਾਲ ਵਿਆਹ ਕਰਾਉਣ ਦਾ ਪੱਕਾ ਫੈਸਲਾ ਲਿਆ ਹੋਇਆ ਹੈ...।"

'ਕਮਲ ਸਮੇਂ ਨਾਲ ਬੰਦੇ ਨੂੰ ਬਦਲਣਾ ਚਾਹੀਦਾ ਐ... ਆਪਣੇ ਕੁੜੀਆਂ ਮੁੰਡਿਆਂ ਨੂੰ ਕੈਨੇਡਾ ਸੈਟ ਕਰਨ ਲਈ ਲੋਕ ਲੱਖਾਂ ਰੁਪਏ ਚੁੱਕੀ ਫਿਰਦੇ ਨੇ ਤੇ ਉੱਥੇ ਕਾਰੋਬਾਰ ਕਰਦੇ ਪੀ.ਆਰ ਮੁੰਡੇ ਨਾਲ ਮੇਰਾ ਰਿਸ਼ਤਾ ਮੁਫ਼ਤ ਵਿਚ ਸਿਰੇ ਚੜ੍ਹ ਰਿਹੈ। ਦਿਲਬਾਗ ਤੋਂ ਮੇਰੇ ਵਲੋਂ ਮੁਆਫੀ ਮੰਗ ਲਈਂ... ਉਸਨੂੰ ਕਹੀਂ ਮੈਨੂੰ ਭੁੱਲ ਜਾਵੇ।' ਉਹ ਜਾਣ ਲਈ ਉਠ ਖਲੋਤੀ ਹੈ ਪਰ ਮੈਂ ਉਸਦੀ ਬਾਂਹ ਫੜ ਕੇ ਫਿਰ ਆਪਣੇ ਕੋਲ ਬਹਾ ਲਿਆ ਹੈ।

'ਇਹ ਤੂੰ ਕੀ ਕਹਿ ਰਹੀ ਹੈਂ...? ਮੈਨੂੰ ਤੇਰੀਆਂ ਗੱਲਾਂ ਸਮਝ ਨਹੀਂ ਆ ਰਹੀਆਂ। ਅਜਿਹੀਆਂ ਪੜਤੇਬਾਜ਼ੀਆਂ ਮੇਰੀ ਸਹੇਲੀ ਜਸ਼ਨਪ੍ਰੀਤ ਤਾਂ ਨਹੀਂ ਲਾ ਸਕਦੀ...। ਤੂੰ ਆਪਣੇ ਢਿੱਡ ਦੀ ਗੱਲ ਦੱਸ ਮੈਨੂੰ। "ਮੈਂ ਬਦਹਵਾਸ ਜਿਹੀ ਹੋਈ ਨੇ ਕਿਹਾ ਹੈ।

"ਨਾ ਸਮਝ ਆਉਣ ਵਾਲੀ ਇਸ ਵਿਚ ਕਿਹੜੀ ਗੱਲ ਹੈ... ਬੰਦੇ ਨੂੰ ਹਰ ਵੇਲੇ ਦਿਲ ਤੋਂ ਨਹੀਂ ਦਿਮਾਗ ਤੋਂ ਵੀ ਕੰਮ ਲੈਣਾ ਚਾਹੀਦਾ ਹੈ...। ਮੈਂ ਤਾਂ ਤੈਨੂੰ ਵੀ ਕਹਾਂਗੀ ਕਿ ਤੂੰ ਵੀ ਦਿਮਾਗ ਤੋਂ ਹੀ ਕੰਮ ਲਈਂ... ਜੱਸੀ ਨੂੰ ਅਜੇ ਇਸ ਗੱਲ ਦੀ ਸੁਰਤ ਨਹੀਂ ਕਿ ਦਿਲਬਾਗ ਉਸ ਦਾ ਚਾਚਾ ਹੈ ਜਾਂ ਪਾਪਾ... ਤੇਰੇ ਤੇ ਉਸ ਕੋਲ ਆਪਣੇ ਭਵਿੱਖ ਲਈ ਦਿਲਬਾਗ ਤੋਂ ਇਲਾਵਾ ਹੋਰ ਚੰਗਾ ਬਦਲ ਨਹੀਂ ਹੈ। ਦਿਲ 'ਤੇ ਬਹੁਤਾ ਬੋਝ ਨਾ ਪਾਈਂ ਤੇ ਚੁੱਪ ਕਰ ਕੇ ਹਾਂ ਭਰ ਦੇਈਂ... ਆਹ ਪਿਆਰ ਪਿਊਰ ਤਾਂ ਕਾਗਜ਼ੀ ਗੱਲਾਂ ਨੇ...। ਅਸਲ ਗੱਲ ਬੰਦੇ ਦਾ ਭਵਿੱਖ ਹੁੰਦੈ... ਬੰਦੇ ਦਾ ਜੀਵਨ ਪ੍ਰਤੀ ਨਜ਼ਰੀਆ ਭਾਵੁਕ ਨਹੀਂ ਸਗੋਂ ਵਿਹਾਰਕ ਹੋਣਾ ਚਾਹੀਦਾ ਹੈ।" ਉਸ ਲੰਮਾ ਲੈਕਚਰ ਝਾੜ ਦਿੱਤਾ ਹੈ।

"ਮੇਰੀਆਂ ਅੱਖਾਂ ਵਿਚ ਸਿਮ ਆਏ ਹੰਝੂਆਂ ਲਈ ਹੁਣ ਹੇਠਾਂ ਡਿੱਗਣਾ ਜ਼ਰੂਰੀ ਹੋ ਗਿਆ ਹੈ। ਉਹ ਮੈਨੂੰ ਕਲਾਵੇ ਵਿਚ ਲੈ ਕੇ ਚੁੱਪ ਕਰਾਉਣ ਦਾ ਯਤਨ ਕਰ ਰਹੀ ਹੈ। ਮੇਰੇ ਰੋਣ ਦੀ ਆਵਾਜ਼ ਹੋਰ ਉੱਚੀ ਹੋ ਗਈ ਹੈ। ਮੇਰੀ ਮਾਂ ਦੀ ਆਵਾਜ਼ ਪੈਣ 'ਤੇ ਉਹ ਉਠ ਕੇ ਅੰਦਰ ਵੱਲ ਤੁਰ ਪਈ ਹੈ ਪਰ ਜਾਂਦਿਆਂ ਜਾਂਦਿਆਂ ਇਹ ਵੀ ਕਹਿ ਗਈ ਹੈ, 'ਫਿਕਰ ਨਾ ਕਰ, ਮੈਂ ਇਹ ਸਾਰੀਆਂ ਗੱਲਾਂ ਦਿਲਬਾਗ ਨੂੰ ਵੀ ਫੋਨ 'ਤੇ ਕਹਿ ਦਿੱਤੀਆਂ ਨੇ।'

ਮੈਨੂੰ ਲੱਗ ਰਿਹਾ ਹੈ ਕਿ ਉਹ ਇਕ ਵਾਰ ਫਿਰ ਮੇਰੇ ਨਾਂਹ-ਨਾਂਹ ਕਰਦਿਆਂ ਵੀ ਗਰਮ ਗੁਲਾਬੀ ਕੋਟ ਮੇਰੀ ਝੋਲੀ ਵਿਚ ਸੁੱਟ ਦਿੱਤਾ ਹੈ... ਤੇ ਇਸਦੀ ਕੀਮਤ ਉਸ ਇਸ ਵਾਰ ਵੀ ਨਹੀਂ ਲਈ ਹੈ।

# 22ਵੀਆਂ ਕਾਮਨਵੈਲਥ ਗੇਮਜ਼-ਬਰਮਿੰਘਮ ਇੰਗਲੈਂਡ

21ਵੀਂ ਸਦੀ ਦੀਆਂ 22ਵੀਆਂ ਕਾਮਨਵੈਲਥ ਗੇਮਜ਼ (ਰਾਸ਼ਟਰਮੰਡਲ ਖੇਡਾਂ) ਇੰਗਲੈਂਡ ਵਿਚ ਵੈਸਟ ਮਿਡਲੈਂਡ ਇਲਾਕੇ ਦੇ ਨਾਮੀ ਤਜਾਰਤੀ ਸ਼ਹਿਰ ਬਰਮਿੰਘਮ ਵਿਖੇ 28 ਜੁਲਾਈ ਤੋਂ 8 ਅਗਸਤ, 2022 ਨੂੰ ਹੋਣ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਵਿਚ ਸੰਸਾਰ ਭਰ ਦੇ 72 ਕਾਮਨਵੈਲਥ ਮੁਲਕਾਂ ਵਿਚੋਂ ਚੁਣੇ ਹੋਏ ਦਰਸ਼ਨੀ 5 ਹਜ਼ਾਰ ਦੇ ਕਰੀਬ ਖਿਡਾਰੀ, 20 ਖੇਡਾਂ ਦੀਆਂ 280 ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਣਗੇ। ਬ੍ਰਿਟਿਸ਼ ਸਾਮਰਾਜ ਦੀਆਂ ਕਾਮਨਵੈਲਥ ਗੇਮਜ਼, ਜਿਨ੍ਹਾਂ ਨੂੰ ਦੋਸਤੀ ਦੀਆਂ ਖੇਡਾਂ ਨਾਲ ਵੀ ਜਾਣਿਆ ਜਾਂਦਾ ਹੈ।

**ਸੰਤੋਖ ਸਿੰਘ ਮੰਡੇਰ**
**ਫੋਨ: 604-505-7000**

ਯੂ ਕੇ (ਯੂਨਾਈਟਿਡ ਕਿੰਗਡਮ) ਵਿਚ ਇਹ ਖੇਡਾਂ 7ਵੀਂ ਵਾਰ ਹੋਣ ਜਾ ਰਹੀਆਂ ਹਨ ਜਦਕਿ ਯੂ.ਕੇ. ਪਹਿਲਾਂ ਵੀ ਆਪਣੇ ਵੱਖੋ-ਵੱਖ ਸ਼ਹਿਰਾਂ ਲੰਡਨ-1934, ਕਾਰਡਿਫ (ਵੇਲਜ਼)-1958, ਈਡਨਬਰਗ-1970 ਤੇ 1986, ਮਾਨਚੈਸਟਰ-2002, ਗਲਾਸਗੋ-2014 ਵਿਚ 6 ਵਾਰ ਇਹ ਖੇਡਾਂ ਕਰਵਾ ਚੁੱਕਿਆ ਹੈ। ਆਸਟਰੇਲੀਆ 6 ਵਾਰ-1938, 1962, 1982, 2006, 2018 ਤੇ 2026, ਕੈਨੇਡਾ 4 ਵਾਰ, 1930, 1954, 1978 ਤੇ 1994, ਨਿਊਜ਼ੀਲੈਂਡ 3 ਵਾਰ, 1950, 1974, 1990 ਤੇ ਭਾਰਤ ਇਕ ਵਾਰ 2010 ਵਿਚ ਇਹ ਖੇਡਾਂ ਕਰਵਾ ਚੁੱਕੇ ਹਨ। ਦਿੱਲੀ ਦੀਆਂ 19ਵੀਆਂ ਕਾਮਨਵੈਲਥ ਗੇਮਜ਼ 11 ਬਿਲੀਅਨ ਡਾਲਰ ਦੇ ਖਰਚੇ ਨਾਲ ਹੁਣ ਤੱਕ ਦੀਆਂ ਸਭ ਤੋਂ ਮਹਿੰਗੀਆਂ ਖੇਡਾਂ ਸਨ। ਸੰਨ 2010 ਵਿਚ ਇਨ੍ਹਾਂ ਖੇਡਾਂ ਨਾਲ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ, ਸਟੇਡੀਅਮ, ਖੇਡ ਮੈਦਾਨ, ਫਲਾਈਓਵਰ, ਬੱਸ ਅੱਡੇ ਤੇ ਹੋਰ ਬਹੁਤ ਸਾਰੇ ਜਨਤਕ ਸਥਾਨਾਂ ਵਿਚ ਅੰਤਾਂ ਦਾ ਸੁਧਾਰ ਹੋਇਆ ਸੀ।

ਕਾਮਨਵੈਲਥ ਗੇਮਜ਼ ਸ਼ੁਰੂ ਵਿਚ 'ਬ੍ਰਿਟਿਸ਼ ਇੰਪਾਇਰ ਗੇਮਜ਼' ਦੇ ਨਾਮ ਨਾਲ ਜਾਣੀਆਂ ਜਾਂਦੀਆਂ ਸਨ। ਸੰਨ 1911 ਵਿਚ ਅੰਗਰੇਜ਼ ਹਕੂਮਤ ਨੇ ਆਪਣੀ ਸ਼ਾਹੀ ਸ਼ਾਨੋ-ਸ਼ੌਕਤ ਦੀ ਠੁੱਕ ਦਿਖਾਉਣ ਲਈ ਲੰਡਨ ਵਿਖੇ ਵਿਸ਼ਾਲ ਅੰਗਰੇਜ਼ ਸਾਮਰਾਜੀ ਮੁਲਕਾਂ ਦਾ 'ਸਾਮਰਾਜ ਜੁਬਲੀ ਫੈਸਟੀਵਲ' ਮਨਾਉਣ ਵਜੋਂ ਸਾਮਰਾਜ ਵਿਚ ਪ੍ਰਚੱਲਤ ਕੁਝ ਕੁ ਖੇਡਾਂ ਦੇ ਮੁਕਾਬਲੇ ਕਰਵਾਏ ਸਨ। ਸੰਨ 1930 ਵਿਚ ਇਕ ਕੈਨੇਡੀਅਨ ਖੇਡ ਪ੍ਰੇਮੀ ਮੈਲਵਿਲ ਮਾਰਕਸ (ਬੌਬੀ) ਰੌਬਿਨਸੰਨ ਨੇ ਕੈਨੇਡਾ ਦੇ ਸੂਬੇ ਓਂਟਾਰੀਓ ਵਾਲੇ ਸ਼ਹਿਰ ਹੈਮਿਲਟਨ ਵਿਖੇ ਫਿਰ ਇਹ 'ਬ੍ਰਿਟਿਸ਼ ਇੰਪਾਇਰ ਗੇਮਜ਼' ਕਰਵਾਉਣ ਦਾ ਹੌਸਲਾ ਕੀਤਾ, ਜੋ ਬਹੁਤ ਕਾਮਯਾਬ ਰਿਹਾ ਅਤੇ ਇਹ ਖੇਡਾਂ 1950 ਤਕ ਹੁੰਦੀਆਂ ਰਹੀਆਂ। ਸੰਨ 1942 ਤੇ 1946 ਦੀਆਂ ਖੇਡਾਂ ਦੂਜੀ ਸੰਸਾਰ ਜੰਗ ਕਰਕੇ ਸੰਭਵ ਨਾ ਹੋ ਸਕੀਆਂ।

ਅੱਜ ਦੇ ਜ਼ਮਾਨੇ ਵਿਚ ਕਾਮਨਵੈਲਥ ਗੇਮਜ਼, ਓਲੰਪਿਕ ਖੇਡਾਂ ਦੇ ਕੈਲੰਡਰ ਦੀ ਤਰਜ਼ ਅਨੁਸਾਰ ਹਰ ਚਾਰ ਸਾਲ ਬਾਅਦ 54 ਮੈਂਬਰ ਕਾਮਨਵੈਲਥ ਮੁਲਕਾਂ ਦੀ ਖੇਡ ਸੰਸਥਾ 'ਕਾਮਨਵੈਲਥ ਫੈਡਰੇਸ਼ਨ' ਵਲੋਂ ਇਕ ਕਾਮਨਵੈਲਥ ਮੁਲਕ ਦੇ ਪਹਿਲਾਂ ਤੋਂ ਚੁਣੇ ਹੋਏ ਸ਼ਹਿਰ ਵਿਚ ਕਰਵਾਈਆਂ ਜਾਂਦੀਆਂ ਹਨ। ਕਾਮਨਵੈਲਥ ਖੇਡਾਂ ਵਿਚ 72 ਟੀਮਾਂ ਦੇ 5 ਹਜ਼ਾਰ ਦੇ ਕਰੀਬ ਮਰਦ ਤੇ ਔਰਤਾਂ ਐਥਲੀਟ ਵੱਖੋ-ਵੱਖ ਖੇਡਾਂ ਵਿਚ ਭਾਗ ਲੈਂਦੇ ਹਨ। ਸੰਸਾਰ ਪੱਧਰ 'ਤੇ ਕਾਮਨਵੈਲਥ ਦੇ 9 ਮੁਲਕਾਂ ਦੇ 19 ਵੱਖੋ-ਵੱਖ ਨਾਮੀ ਸ਼ਹਿਰਾਂ ਵਿਚ ਕਾਮਨਵੈਲਥ ਖੇਡਾਂ ਹੋ ਚੁੱਕੀਆਂ ਹਨ। ਯੂ ਕੇ ਵਿਚੋਂ ਇੰਗਲੈਂਡ, ਸਕਾਟਲੈਂਡ, ਵੇਲਜ਼ ਤੇ ਉਤਰੀ ਆਇਰਲੈਂਡ ਦੀਆਂ ਵੱਖਰੀਆਂ ਟੀਮਾਂ, ਆਪਣੇ ਝੰਡੇ ਨਾਲ ਕਾਮਨਵੈਲਥ ਖੇਡਾਂ ਵਿਚ ਭਾਗ ਲੈਂਦੀਆਂ ਹਨ। ਕਾਮਨਵੈਲਥ ਖੇਡਾਂ ਵਿਚ ਲਗਭਗ ਸਾਰੀਆਂ ਓਲੰਪਿਕ ਖੇਡਾਂ ਸ਼ਾਮਲ ਹਨ ਪਰ ਕੁੱਝ ਕਾਮਨਵੈਲਥ ਮੁਲਕਾਂ ਦੀਆਂ ਪ੍ਰਚੱਲਤ ਖੇਡਾਂ ਜਿਵੇਂ ਲਾਅਨ ਬਾਲ, ਨੈੱਟਬਾਲ, ਕ੍ਰਿਕਟ ਤੇ ਸੂਕੈਸ਼ ਦੇ ਮੁਕਾਬਲੇ ਵੀ ਹੁੰਦੇ ਹਨ। ਨੰਬਰ 1, 2, 3 ਉਪਰ ਆਉਣ ਵਾਲੀਆਂ ਟੀਮਾਂ ਤੇ ਅਥਲੀਟਾਂ ਨੂੰ ਸੋਨੇ, ਚਾਂਦੀ ਤੇ ਤਾਂਬੇ ਦੇ ਪ੍ਰਭਾਵਸ਼ਾਲੀ ਮੈਡਲ ਦਿੱਤੇ ਜਾਂਦੇ ਹਨ।

ਬਰਮਿੰਘਮ ਵਿਖੇ 22ਵੀਆਂ ਰਾਸ਼ਟਰ ਮੰਡਲ ਖੇਡਾਂ ਦਾ ਉਦਘਾਟਨੀ ਸਮਾਰੋਹ 'ਅਲੈਗਜ਼ੈਂਡਰ ਸਟੇਡੀਅਮ' ਹੋਵੇਗਾ। ਬਰਮਿੰਘਮ ਵਿਚ ਅਲੈਗਜ਼ੈਂਡਰ ਸਟੇਡੀਅਮ ਅੰਤਰਰਾਸ਼ਟਰੀ ਪੱਧਰ ਦਾ ਸ਼ਾਨਦਾਰ ਅਥਲੈਟਿਕ ਸਹੂਲਤਾਂ ਵਾਲਾ ਮੈਦਾਨ ਹੈ, ਜੋ 1976 ਵਿਚ ਬਣਿਆ ਸੀ ਜਿਸ ਵਿਚ 18000 ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੈ। ਬਰਮਿੰਘਮ ਸਿਟੀ ਕੌਂਸਲ ਦੇ ਐਸਟਨ ਕਲੱਬ ਵਿਚ ਮਿਡਲੈਂਡ ਅਥਲੈਟਿਕ ਦੀ ਇਕ ਮਹਾਨ ਹਸਤੀ 'ਵਿਲੀਅਮ ਵ੍ਹਾਈਟਵੇਅ ਅਲੈਗਜ਼ੈਂਡਰ' ਦੇ ਨਾਮ ਉਪਰ ਸਟੇਡੀਅਮ ਨੂੰ ਨਾਂ ਦਿੱਤਾ ਗਿਆ। ਬਰਮਿੰਘਮ ਕਾਮਨਵੈਲਥ ਖੇਡਾਂ ਵਾਲਾ ਅਲੈਗਜ਼ੈਂਡਰ ਸਟੇਡੀਅਮ, ਐਜਬਾਸਟਨ ਵਿਖੇ ਸਥਿਤ ਵਰਲਡ ਕਲਾਸ ਯੂਨੀਵਰਸਿਟੀ 'ਬਰਮਿੰਘਮ ਯੂਨੀਵਰਸਿਟੀ ਤੋਂ 7 ਮੀਲ ਤੇ 51 ਨੰਬਰ ਸਿਟੀ ਲੋਕਲ ਬੱਸ ਰਾਹੀਂ 23 ਮਿੰਟ ਦੀ ਦੂਰੀ ਨਾਲ ਹੈ। ਐਜਬਾਸਟਨ ਬਰਮਿੰਘਮ ਦਾ ਬੜਾ ਪੌਸ਼ ਇਲਾਕਾ ਹੈ, ਜਿੱਥੇ ਪੰਜਾਬੀ ਤੇ ਭਾਰਤੀ ਭਾਈਚਾਰੇ ਦੇ ਅਮੀਰ ਤੇ ਵਪਾਰੀ ਖਾਨਦਾਨੀ ਪਰਿਵਾਰ ਰਹਿੰਦੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਲੱਲੀਆਂ ਦੇ ਮੇਰੇ ਪਰਮ ਮਿੱਤਰ ਸ. ਅਵਤਾਰ ਸਿੰਘ ਕੰਗ ਤੇ ਦਿਲਬਾਗ ਸਿੰਘ ਕੰਗ 'ਸੱਧਰ ਐਂਡ ਕੰਗ' ਕੈਸ਼ ਐਂਡ ਕੈਰੀ ਵੀ ਇਨ੍ਹਾਂ ਮਹਿੰਗੇ ਬੰਗਲਿਆਂ ਦੇ ਮਾਲਕ ਹਨ।

'ਕਾਮਨਵੈਲਥ ਸਪੋਰਟਸ ਕੈਨੇਡਾ' ਸੰਸਥਾ ਨੇ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਸਰਕਾਰੀ ਐਲਾਨ ਕੀਤਾ ਕਿ 280 ਕੈਨੇਡੀਅਨ ਐਥਲੀਟ, 120 ਸਹਾਇਕ ਸਟਾਫ ਜਿਸ ਵਿਚ ਕੋਚ, ਡਾਕਟਰ, ਮਸਾਜਰ ਤੇ ਮਨੋਵਿਗਿਆਨੀ ਆਦਿ ਸ਼ਾਮਲ ਹਨ, 'ਟੀਮ ਕੈਨੇਡਾ' ਦੇ ਝੰਡੇ ਥੱਲੇ, ਚੀਫ-ਡੀ-ਮਿਸ਼ਨ ਕਲਾਏਰੀ ਕਾਰਵਰ ਡਿਆਸ ਤੇ ਸੈਮ ਇਫਾਹ ਨਾਲ 20 ਖੇਡਾਂ ਵਿਚ ਭਾਗ ਲੈ ਰਹੇ ਹਨ। ਕੈਨੇਡਾ ਕਾਮਨਵੈਲਥ ਗੇਮਜ਼ ਵਿਚ 22ਵੀਂ ਵਾਰ ਭਾਗ ਲੈ ਰਿਹਾ ਹੈ ਤੇ ਇਸ ਵਾਰ ਟੀਮ ਕੈਨੇਡਾ ਵਲੋਂ ਬਰਮਿੰਘਮ ਦੇ ਸ਼ਾਨਦਾਰ 'ਅਲੈਗਜ਼ੈਂਡਰ ਸਟੇਡੀਅਮ' ਵਿਚ ਉਦਘਾਟਨੀ ਸਮਾਰੋਹ ਲਈ ਝੰਡਾ ਬਰਦਾਰ ਕੈਨੇਡਾ ਦੇ ਦੋ ਉਲੰਪੀਅਨ, ਕਿਊਬਕ ਵਾਸੀ ਵੇਟ ਲਿਫਟਰ ਮੌਡੀ ਸ਼ੈਰੋਨ ਅਤੇ ਜੌਸ਼ ਕੈਸਾਡੀ ਨੂੰ ਚੁਣਿਆ ਗਿਆ ਹੈ। ਕੈਨੇਡਾ ਨੇ 2018 ਦੀਆਂ ਕਾਮਨਵੈਲਥ ਗੇਮਜ਼ ਜੋ ਆਸਟਰੇਲੀਆ ਵਿਖੇ ਕੁਈਨਜ਼ਲੈਂਡ ਸੂਬੇ ਦੇ ਸਮੁੰਦਰੀ ਤੱਟ ਦੇ ਸ਼ਹਿਰ ਗੋਲਡ ਕੋਸਟ ਵਿਖੇ ਹੋਈਆਂ ਸਨ, ਵਿਚ 82 ਮੈਡਲ ਜਿੱਤ ਕੇ ਚੌਥਾ ਸਥਾਨ ਹਾਸਲ ਕੀਤਾ ਸੀ, ਜਿਸ ਵਿਚ 15 ਸੋਨੇ ਦੇ, 40 ਚਾਂਦੀ ਦੇ ਤੇ 27 ਤਾਂਬੇ ਦੇ ਮੈਡਲ ਸਨ। ਭਾਰਤ ਦਾ 332 ਮੈਂਬਰਾਂ ਦਾ ਦਲ ਰਾਸ਼ਟਰਮੰਡਲ ਵਿਚ ਹਿੱਸਾ ਲੈ ਰਿਹਾ ਹੈ ਜਿਸ ਵਿਚ 215 ਖਿਡਾਰੀ ਤੇ 107 ਖੇਡਾਂ ਨਾਲ ਸਬੰਧਤ ਅਧਿਕਾਰੀ ਸ਼ਾਮਲ ਹਨ।

ਕੈਨੇਡਾ ਦੇ ਪੰਜਾਬੀ ਭਾਈਚਾਰੇ ਦੀਆਂ ਕਾਮਨਵੈਲਥ ਖੇਡਾਂ ਦੇ ਕੁਸ਼ਤੀ, ਵੇਟ ਲਿਫਟਿੰਗ ਤੇ ਫੀਲਡ ਹਾਕੀ ਮੁਕਾਬਲਿਆਂ ਵਿਚ ਖਾਸ ਦਿਲਚਸਪੀ ਹੁੰਦੀ ਹੈ। ਬੀ ਸੀ ਦੇ ਲੋਅਰ ਮੇਨਲੈਂਡ ਇਲਾਕੇ ਤੇ ਟੋਰਾਂਟੋ ਵਿਚ ਕੈਨੇਡੀਅਨ ਪੰਜਾਬੀਆਂ ਦੇ ਕਈ ਪ੍ਰਭਾਵਸ਼ਾਲੀ ਕੁਸ਼ਤੀ ਦੇ ਅਖਾੜੇ ਵੀ ਸਥਾਪਿਤ ਹਨ ਜਿੱਥੇ ਨਾਮੀ ਕੁਸ਼ਤੀ ਦੇ ਖਲੀਫੇ (ਕੋਚ) ਕੈਨੇਡੀਅਨ ਜੰਮਪਲ ਬੱਚੇ-ਬੱਚੀਆਂ ਨੂੰ ਕੁਸ਼ਤੀ ਦੇ ਆਧੁਨਿਕ ਦਾਅ-ਪੇਚ ਸਿਖਾਉਂਦੇ ਹਨ। ਕੈਨੇਡਾ ਵਿਚ ਨੌਜਵਾਨ ਕੈਨੇਡੀਅਨਾਂ ਨੇ ਕੁਸ਼ਤੀ, ਵੇਟਲਿਫਟਿੰਗ, ਫੀਲਡ ਹਾਕੀ ਤੇ ਕੁੜੀਆਂ ਦੀ ਫੁੱਟਬਾਲ ਵਿਚ ਅੰਤਰਰਾਸ਼ਟਰੀ ਪੱਧਰ ਉਪਰ ਮੈਡਲ ਵੀ ਜਿੱਤੇ ਹਨ। ਪਹਿਲਵਾਨ ਹਰਜੀਤ ਸਿੰਘ ਬਿਲਨ ਦੇ ਕੁਸ਼ਤੀ ਅਖਾੜੇ 'ਰੁਸਤਮ ਰੈਸਲਿੰਗ ਕਲੱਬ' ਵਿਚ ਉਸ ਦੀਆਂ ਧੀਆਂ 'ਬਿਲਨ ਸਿਸਟਰਜ਼' ਵੇਟਲਿਫਟਿੰਗ ਵਿਚ ਪੈਨ ਐਮ ਗੇਮਜ਼ ਤੇ ਵਰਲਡ ਕਲਾਸ ਮੁਕਾਬਲਿਆਂ ਵਿਚੋਂ ਗੋਲਡ ਤੇ ਸਿਲਵਰ ਮੈਡਲ ਅਕਸਰ ਹੀ ਕੁੱਟ ਲੈਂਦੀਆਂ ਹਨ। ਵੇਟਲਿਫਟਿੰਗ (ਭਾਰ ਚੁੱਕਣ) ਦੇ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਸਰੀ ਦੇ ਨਾਮੀ ਰਿਐਲਟਰ ਤੇ ਮਾਨਤਾ ਪ੍ਰਾਪਤ ਵੇਟਲਿਫਟਿੰਗ ਕੋਚ ਮੱਖਣ ਸੰਧੂ ਤੇ ਰਘਬੀਰ ਸਹੋਤਾ ਦੀ ਸੇਧ ਤੇ ਸਾਧਨਾ ਨਾਲ ਤਿਆਰ ਪੰਜਾਬੀ ਪਰਿਵਾਰਾਂ ਦੇ ਬੱਚੇ, ਜਿਨ੍ਹਾਂ ਵਿਚ ਪਰਮ ਫੰਗੂੜਾ, ਸੋਨੀਆ ਸੰਧੂ, ਹਰਮਨ ਫੰਗੂੜਾ, ਪ੍ਰਭਦੀਪ ਸੰਘੇੜਾ, ਸਿਨਵਰਦੀਪ ਸੰਘੇੜਾ, ਬਿਲਨ ਸਿਸਟਰਜ਼-ਹਲੀਨਾ ਬਿਲਨ, ਜੀਨਤ ਬਿਲਨ, ਐਜਲ ਬਿਲਨ, ਉਨ੍ਹਾਂ ਦੀ ਮਾਤਾ ਅਤਿੰਦਰ ਬਿਲਨ, ਸਿਮਰਨ ਸੰਧੂ, ਪਰਮਜੀਤ ਗਿੱਲ, ਓਲੰਪੀਅਨ ਜਸਬੀਰ ਬੰਗੜ, ਮਨਰੂਪ ਸਹੋਤਾ, ਹਰਿੰਦਰ ਮਾਹੀ, ਅਮਨਬੀਰ ਸਹੋਤਾ ਦੇ ਨਾਵਾਂ ਦੀ ਬੜੀ ਚਰਚਾ ਹੁੰਦੀ ਹੈ। ਰਿਚਮੰਡ ਵਾਸੀ ਪਹਿਲਵਾਨ ਅਰਜੁਨ ਭੁੱਲਰ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਵਿਚ ਕੁਸ਼ਤੀ ਦਾ ਗੋਲਡ ਮੈਡਲ ਜੇਤੂ ਹੈ। ਕੈਨੇਡਾ ਦੀ ਕੁੜੀਆਂ ਦੀ ਸੌਕਰ ਵਿਚ ਦਿਲਦਾਰ ਮੰਡੇਰ ਦੀ ਧੀ ਸੌਕਰ ਕੋਚ ਜੈਸਮੀਨ ਮੰਡੇਰ ਦੀ ਵੱਖਰੀ ਪਹਿਚਾਣ ਹੈ। ਕੈਨੇਡਾ ਦੀ ਫੀਲਡ ਹਾਕੀ ਦੇ ਵੈਨਕੂਵਰ ਤੇ ਟੋਰਾਂਟੋ ਵਾਲੇ ਪੰਜਾਬੀ ਹਾਕੀ ਖਿਡਾਰੀਆਂ ਦਾ ਅੰਤਰਰਾਸ਼ਟਰੀ ਪੱਧਰ ਉਪਰ ਝੋਟੇ ਦੇ ਸਿਰ ਵਰਗਾ ਦਬਦਬਾ ਰਿਹਾ ਹੈ, ਜਿਨ੍ਹਾਂ ਵਿਚ ਬੀ ਸੀ ਸਰਕਾਰ ਦਾ ਮੰਤਰੀ ਰਵੀ ਕਾਹਲੋਂ, ਵੈਟਰਨ ਹਾਕੀ ਖਿਡਾਰੀ ਬਿੰਦੀ ਕੁਲਾਰ, ਬੱਬਲੀ ਚੌਹਾਨ, ਸਰਬਜੀਤ ਦੁਸਾਂਝ, ਪਰਮਜੀਤ ਬਾਹੀਆ, ਹਰਗੁਰਨੇਕ ਸਿੰਘ-ਨਿਕ ਸੰਧੂ, ਕੈਰੀ ਕੈਥ, ਹਾਕੀ ਕੋਚ ਸ਼ਿਵ ਜੱਗਦੇ, ਸੁਖਵਿੰਦਰ ਸਿੰਘ ਗੱਬਰ, ਰਾਜੀਵ ਦਿਓਲ, ਜਗਦੀਸ਼ ਗਿੱਲ, ਰਣਜੀਤ ਰਾਏ, ਬਿੱਲਾ ਸੰਧੂ, ਹਰਭਜਨ ਰਾਏ, ਸੁੱਖੀ ਪਨੇਸਰ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ।




ਬਰਮਿੰਘਮ ਕਾਮਨਵੈਲਥ ਕੁਸ਼ਤੀ ਦੀ ਖੇਡ ਲਈ ਸਰੀ-ਕੈਨੇਡਾ ਦੇ 'ਖਾਲਸਾ ਕੁਸ਼ਤੀ ਕਲੱਬ' ਦੇ ਬਾਨੀ, ਪਹਿਲਵਾਨ ਬਲਬੀਰ ਸਿੰਘ ਢੇਸੀ (ਸ਼ੀਰੀ ਪਹਿਲਵਾਨ) ਦਾ ਬੇਟਾ ਅਮਰਬੀਰ ਢੇਸੀ ਸੁਪਰ ਹੈਵੀਵੇਟ ਅਤੇ ਐਬਟਸਫੋਰਡ ਤੋਂ ਪਹਿਲਵਾਨ ਬੂਟਾ ਸਿੰਘ ਦੇ ਅਖਾੜੇ ਦਾ ਪਹਿਲਵਾਨ ਨਿਸ਼ਾਨ ਪ੍ਰੀਤ-ਸ਼ਾਨ ਰੰਧਾਵਾ ਹੈਵੀ ਵੇਟ, ਕਾਮਨਵੈਲਥ ਗੇਮਜ਼ ਵਿਚ ਜਿੱਤਾਂ ਪ੍ਰਾਪਤ ਕਰਨ ਲਈ ਬੜੀ ਤਿਆਰੀ ਤੇ ਜ਼ੋਰ-ਸ਼ੋਰ ਨਾਲ ਜਾ ਰਹੇ ਹਨ। ਐਬਟਸਫੋਰਡ ਦਾ ਨੌਜਵਾਨ ਪੰਜਾਬੀ ਪਹਿਲਵਾਨ ਸੰਨੀ ਢੀਂਡਸਾ ਅਰਬ ਦੇ ਮੁਲਕਾਂ ਵਿਚ ਚੰਗੀ ਧਾਂਕ ਜਮਾ ਰਿਹਾ ਹੈ। ਸਰੀ ਦੇ ਰੁਸਤਮ ਅਖਾੜੇ ਦਾ ਇਕ ਹੋਰ ਨਾਮੀ ਪਹਿਲਵਾਨ ਤੇ ਕਬੱਡੀ ਖਿਡਾਰੀ, ਡੈਲਟਾ ਪੁਲੀਸ ਦਾ ਅਫਸਰ ਜੱਸੀ ਸਹੋਤਾ 19ਵੀਆਂ ਵਰਲਡ ਪੁਲੀਸ ਐਂਡ ਫਾਇਰ ਗੇਮਜ਼ ਜੋ ਯੂਰਪ ਦੇ ਖੂਬਸੂਰਤ ਮੁਲਕ ਨੀਦਰਲੈਂਡ ਦੇ ਦੱਖਣੀ ਹਾਲੈਂਡ ਸੂਬੇ ਦੇ ਰੋਟਰਡੈਮ ਸ਼ਹਿਰ ਵਿਖੇ ਹੋਈਆਂ, ਵਿਚੋਂ ਗੋਲਡ ਮੈਡਲ ਫੁੰਡ ਲਿਆਇਆ ਹੈ। ਐਬਟਸਫੋਰਡ ਦੇ ਫਾਰਮਰ ਕੁਲਵਿੰਦਰ ਕੂਨਰ ਤੇ ਪਹਿਲਵਾਨ ਕੋਚ ਗੁਰਜੋਤ ਕੂਨਰ ਦੇ ਮੀਰੀ-ਪੀਰੀ ਕੁਸ਼ਤੀ ਕਲੱਬ ਦੇ ਪਹਿਲਵਾਨ ਤੇ ਫਾਰਮਰ ਹਰਜੀਤ ਫੂਲਕਾ ਦਾ ਨੌਜਵਾਨ ਪੁੱਤਰ ਜਸਮੀਤ ਫੂਲਕਾ 74 ਕਿਲੋ ਭਾਰ ਵਰਗ ਵਿਚ ਅੰਤਰਰਾਸ਼ਟਰੀ ਪੱਧਰ ਉਪਰ ਕੁਸ਼ਤੀਆਂ ਵਿਚ ਆਪਣਾ ਨਾਂ ਬਣਾਉਣ ਲਈ ਤਰਲੋ-ਮੱਛੀ ਹੋ ਰਿਹਾ ਹੈ। 22ਵੀਆਂ ਕਾਮਨਵੈਲਥ ਗੇਮਜ਼, ਕੁਸ਼ਤੀਆਂ ਦੇ ਮੁਕਾਬਲੇ 5 ਤੇ 6 ਅਗਸਤ ਨੂੰ ਬਰਮਿੰਘਮ ਦੇ ਨਜ਼ਦੀਕੀ ਸ਼ਹਿਰ ਕਾਵੈਂਟਰੀ ਵਿਖੇ 'ਕਾਵੈਂਟਰੀ ਸਟੇਡੀਅਮ ਇਨਡੋਰ ਹਾਲ' ਵਿਖੇ ਹੋਣਗੇ।

ਰਾਸ਼ਟਰਮੰਡਲ ਖੇਡਾਂ ਦਾ ਮਾਨਤਾ ਪ੍ਰਾਪਤ 'ਫੋਟੋ ਜਰਨਲਿਸਟ', ਮਾਲਵੇ ਵਿਚ ਜਰਗ ਪਿੰਡ ਦੇ ਦੇਸੀ ਸਕੂਲ ਤੋਂ ਪੜ੍ਹ ਕੇ, ਆਪਣੇ ਦਾਦਾ-ਬਾਬਾ ਜੀ ਦੀ ਕੋਸ਼ਿਸ਼ ਸਦਕਾ ਏਸ਼ੀਆ ਦੇ ਪਹਿਲੇ ਸਪੋਰਟਸ ਸਕੂਲ ਜਲੰਧਰ ਵਿਚ ਦਾਖਲ ਹੋਇਆ। ਪੰਜਾਬ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਾਲਜਾਂ ਵਿਚ ਖੇਡਦਾ ਪੜ੍ਹਦਾ, ਏਸ਼ੀਆ ਦੀ ਨਾਮੀ ਖੇਡ ਸੰਸਥਾ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋਂ ਖੇਡ ਮਾਹਿਰ ਬਣ ਕੇ ਪੰਜਾਬ ਸਰਕਾਰ ਦੇ ਪੰਜਾਬ ਖੇਡ ਵਿਭਾਗ ਵਿਚ ਜ਼ਿਲ੍ਹਾ ਕਬੱਡੀ ਕੋਚ ਲੱਗ ਗਿਆ। ਸੰਨ 1982 ਦੀਆਂ ਦਿੱਲੀ ਏਸ਼ੀਅਨ ਗੇਮਜ਼ ਸਮੇਂ ਸੱਦਾਮ ਹੁਸੈਨ ਦੇ ਬਗਦਾਦ ਵਿਚ ਇਕ ਇਰਾਕੀ ਪ੍ਰੋਜੈਕਟ ਤੋਂ ਆ ਕੇ ਖੇਡ ਸੂਚਨਾ ਅਧਿਕਾਰੀ ਦੀਆਂ ਸੇਵਾਵਾਂ ਦਿੱਤੀਆਂ। ਸੰਨ 1986 ਵਿਚ ਸਕਾਟਲੈਂਡ ਦੀ ਰਾਜਧਾਨੀ ਈਡਨਬਰਗ ਵਿਖੇ 13ਵੀਆਂ ਕਾਮਨਵੈਲਥ ਖੇਡਾਂ ਦਰਸ਼ਕ ਬਣ ਕੇ ਦੇਖੀਆਂ। ਕੈਨੇਡਾ ਆ ਕੇ 1994 ਵਿਚ 15ਵੀਆਂ ਕਾਮਨਵੈਲਥ ਖੇਡਾਂ ਵਿਕਟੋਰੀਆ ਲਈ ਸ. ਤਾਰਾ ਸਿੰਘ ਹੇਅਰ ਦੇ ਅਖਬਾਰ 'ਇੰਡੋ ਕੈਨੇਡੀਅਨ ਟਾਈਮਜ਼' ਲਈ ਮਾਨਤਾ ਪ੍ਰਾਪਤ ਈ ਪੀ-ਖੇਡ ਫੋਟੋ ਪੱਤਰਕਾਰ ਬਣਿਆ। ਸੰਨ 1998 ਵਿਚ 16ਵੀਆਂ ਕਾਮਨਵੈਲਥ ਖੇਡਾਂ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਮਪੁਰ, ਸੰਨ 2002 ਵਿਚ 17ਵੀਆਂ ਖੇਡਾਂ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਅਤੇ ਸੰਨ 2010 ਵਿਚ ਦਿੱਲੀ ਦੀਆਂ 19ਵੀਆਂ ਕਾਮਨਵੈਲਥ ਗੇਮਜ਼ ਲਈ ਪੂਰੀ ਸ਼ਰਧਾ ਤੇ ਖੇਡ ਭਾਵਨਾ ਨਾਲ ਖੇਡ ਪੱਤਰਕਾਰ ਵਜੋਂ ਕੰਮ ਕੀਤਾ। ਕੈਨੇਡਾ ਆ ਕੇ ਵੀ ਪੈਸੇ ਬਣਾਉਣ ਦੀ ਝਾਕ ਨਹੀਂ ਰੱਖੀ। ਕੈਨਨ ਤੇ ਨੀਕੋਨ ਦੇ ਕੈਮਰਿਆਂ ਨਾਲ ਦੁਨੀਆ ਵਿਚ ਭਾਂਤ-ਭਾਂਤ ਦੇ ਰੰਗ ਤਮਾਸ਼ੇ ਦੇਖੇ। ਨੌਜਵਾਨ ਵਰਗ ਵਿਚ ਖੇਡਾਂ ਨੂੰ ਨਵੀਂ ਦਿੱਖ ਤੇ ਸੇਧ ਦੇਣ ਲਈ ਕਈ ਮੁਲਕਾਂ ਵਿਚ 'ਐਥਲੀਟ ਐਕਸ਼ਨ ਫੋਟੋਆਂ' ਦੀ ਪ੍ਰਦਰਸ਼ਨੀ ਵੀ ਲਾਈ। ਮਾਂ ਖੇਡ ਕਬੱਡੀ ਦੇ ਅਣਗਿਣਤ ਮੇਲੇ ਭਾਰਤ, ਪਾਕਿਸਤਾਨ, ਇਰਾਨ, ਇਰਾਕ, ਇੰਗਲੈਂਡ, ਇਟਲੀ, ਆਸਟਰੇਲੀਆ, ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਕਰਵਾਏ।

ਕੈਨੇਡਾ ਦੇ ਸ਼ਹਿਰ ਹੈਮਿਲਟਨ ਤੋਂ 1930 ਵਿਚ ਸ਼ੁਰੂ ਹੋਈਆਂ ਕਾਮਨਵੈਲਥ ਗੇਮਜ਼ 92 ਸਾਲ ਵਿਚ 9 ਮੁਲਕਾਂ ਦੇ 19 ਸ਼ਹਿਰਾਂ ਦਾ ਸਫਰ ਤੈਅ ਕਰ ਕੇ 2022 ਵਿਚ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਪਹੁੰਚ ਗਈਆਂ ਹਨ। ਕਾਮਨਵੈਲਥ ਦੇ 6 ਮੁਲਕਾਂ ਆਸਟਰੇਲੀਆ, ਕੈਨੇਡਾ, ਇੰਗਲੈਂਡ, ਸਕਾਟਲੈਂਡ ਨਿਊਜ਼ੀਲੈਂਡ ਤੇ ਵੇਲਜ਼ ਨੇ ਹਰੇਕ ਕਾਮਨਵੈਲਥ ਗੇਮਜ਼ ਵਿਚ ਭਾਗ ਲਿਆ।

5ਵੀਆਂ ਕਾਮਨਵੈਲਥ ਗੇਮਜ਼ ਸੰਨ 1954 ਵਿਚ ਵੈਨਕੂਵਰ ਵਿਖੇ ਹੋਈਆਂ ਸਨ ਜਿਨ੍ਹਾਂ ਵਿਚ ਪਾਕਿਸਤਾਨ ਤੇ ਰੋਡੇਸ਼ੀਆ ਨੇ ਅਤੇ ਸੰਨ 1958 ਵਿਚ ਕਾਰਡਿਫ-ਵੇਲਜ਼ (ਯੂ ਕੇ) ਵਿਚ ਸਿੰਗਾਪੁਰ, ਘਾਨਾ ਤੇ ਕੀਨੀਆ ਨੇ ਪਹਿਲੀ ਵਾਰ ਭਾਗ ਲਿਆ ਸੀ। ਸੰਨ 1966 ਵਿਚ ਕੈਰਬਿਅਨ ਕਾਮਨਵੈਲਥ ਮੁਲਕ ਜਮਾਇਕਾ ਨੇ ਰਾਜਧਾਨੀ ਕਿੰਗਸਟਨ ਵਿਖੇ 8ਵੀਆਂ ਕਾਮਨਵੈਲਥ ਗੇਮਜ਼ ਦਾ ਬਹੁਤ ਹੀ ਸ਼ਾਨਦਾਰ ਪ੍ਰਬੰਧ ਕੀਤਾ ਸੀ। ਏਸ਼ੀਆ ਮਹਾਂਦੀਪ ਵਿਚ ਸਿਰਫ ਦੋ ਵਾਰ, 1998 ਵਿਚ ਮਲੇਸ਼ਆ ਦੀ ਰਾਜਧਾਨੀ ਕੁਆਲਾਲੰਮਪੁਰ ਤੇ 2010 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਹੀ ਹੋਈਆਂ ਹਨ। ਪਿਛਲੀਆਂ ਕਾਮਨਵੈਲਥ ਗੇਮਜ਼ ਸਾਲ 2018 ਵਿਚ ਗੋਲਡਕੋਸਟ ਆਸਟ੍ਰੇਲੀਆ ਵਿਖੇ ਹੋਈਆਂ ਸਨ ਅਤੇ ਅਗਲੀਆਂ 23ਵੀਆਂ ਕਾਮਨਵੈਲਥ ਗੇਮਜ਼ ਆਸਟ੍ਰੇਲੀਆ ਦੇ ਰਾਜ ਵਿਕਟੋਰੀਆ ਵਿਖੇ 7 ਤੋਂ 29 ਮਾਰਚ 2026 ਨੂੰ ਹੋਣੀਆਂ ਮਿੱਥੀਆਂ ਗਈਆਂ ਹਨ।

## ਦੋ ਮੂਰਖਾਂ ਦੀ ਕਹਾਣੀ !

'ਅਕਲ ਬਿਨਾਂ ਖੂਹ ਖਾਲੀ' ਕਹਿਣ ਅਤੇ 'ਚੰਦ ਚਾੜ੍ਹਨ' ਵਾਲ਼ੇ !'

ਹਰੇਕ ਅਖਾਣ ਅਤੇ ਮੁਹਾਵਰੇ ਪਿੱਛੇ ਕੋਈ ਨਾ ਕੋਈ ਕਹਾਣੀ ਜ਼ਰੂਰ ਹੁੰਦੀ ਹੈ। ਇੱਥੇ ਇਕ ਅਖਾਣ ਤੇ ਇਕ ਮੁਹਾਵਰੇ ਪਿਛਲੇ ਦੋ ਕਿੱਸੇ ਬਿਆਨ ਕਰ ਰਿਹਾ ਹਾਂ।



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-915-1268**

ਕਹਿੰਦੇ ਸਾਧਾਂ ਦੇ ਚੱਲਦੇ-ਵਹੀਰ ਨੇ ਸ਼ਾਮ ਪਈ ਤੋਂ ਇਕ ਥਾਂ ਟਿਕਾਣਾ ਕੀਤਾ। ਮੰਡਲੀ ਦੇ ਮੁਖੀਏ ਨੇ ਇਕ ਜਣੇ ਨੂੰ ਭੇਜਿਆ ਕਿ ਜਾ ਖੂਹ ਤੋਂ ਪਾਣੀ ਦਾ ਡੋਲ ਭਰ ਲਿਆ। ਚੇਲੇ ਨੇ ਲੱਜ ਡੋਲ ਚੁੱਕੇ ਤੇ ਤੁਰ ਪਿਆ ਖੂਹ ਵੱਲ!

ਕੁਝ ਚਿਰ ਬਾਅਦ ਉਹ ਖਾਲੀ ਮੁੜ ਆਇਆ... ਕਹਿੰਦਾ ਖੂਹ 'ਚ ਤਾਂ ਪਾਣੀ ਹੈ ਨੀ।

ਮੁਖੀਏ ਨੇ ਉਹਨੂੰ ਵੀ ਨਾਲ ਤੋਰ ਲਿਆ ਤੇ ਦੋ ਚਾਰ ਜਣੇ ਹੋਰ ਨਾਲ ਲੈ ਲਏ। ਜਾ ਪਹੁੰਚੇ ਖੂਹ ਉੱਤੇ। ਮੁਖੀਏ ਨੇ ਖੂਹ 'ਚ ਝਾਕਿਆ ਤੇ ਉਹ ਤਾੜ ਗਿਆ! ਉਸਨੇ ਆਪਣੀ ਪੱਗ ਖੋਲ੍ਹੀ ਤੇ ਉਹਨੂੰ ਰੱਸੇ ਵਾਂਗ ਵਟਾ ਦੇ ਕੇ ਲੱਜ ਨਾਲ ਬੰਨ੍ਹ ਲਿਆ! ਜਦ ਡੋਲ ਖੂਹ 'ਚ ਫਰ੍ਹਾ ਕੇ ਉੱਪਰ ਖਿੱਚਿਆ ਤਾਂ ਉਹ ਠੰਢੇ ਠਾਰ ਪਾਣੀ ਨਾਲ਼ ਭਰਿਆ ਪਿਆ!

'ਸੁੱਕਾ ਖੂਹ' ਦੱਸਣ ਵਾਲ਼ੇ ਚੇਲੇ ਨੂੰ ਭਰਿਆ ਡੋਲ ਦਿਖਾ ਕੇ ਮੁਖੀਆ ਬਾਬਾ ਕਹਿੰਦਾ, 'ਦੇਖਿਆ ਬੱਚੂ, ਅਕਲ ਬਿਨਾਂ ਖੂਹ ਖਾਲੀ ਹੁੰਦੇ ਆ!!

ਏਦਾਂ ਦਾ ਹੀ ਕਿੱਸਾ ਹੈ 'ਚੰਦ ਚਾੜ੍ਹਨ' ਵਾਲੇ ਦਾ:

ਉਕਤ ਸਾਧ-ਮੰਡਲੀ ਵਰਗੇ ਟੋਲੇ 'ਚੋਂ ਕੋਈ ਚੇਲਾ-ਬਾਲਕਾ ਰਾਤ ਪਈ 'ਤੇ ਖੂਹ ਤੋਂ ਪਾਣੀ ਲੈਣ ਗਿਆ। ਸਹਿਵਨ ਹੀ ਉਸਨੇ ਖੂਹ 'ਚ ਨਜ਼ਰ ਮਾਰੀ ਤਾਂ ਪਾਣੀ ਵਿਚ ਉਸ ਨੂੰ ਚੰਦ ਦਾ ਪ੍ਰਛਾਵਾਂ ਦਿਸਿਆ। ਉਹ ਸੋਚਣ ਲੱਗਾ- 'ਓ ਹੋ! ਚੰਦ ਤਾਂ ਖੂਹ ਵਿਚ ਡਿੱਗ ਗਿਆ ਐ ਬਈ !! ...ਪਾਣੀ ਤਾਂ ਮਗਰੋਂ ਕੱਢੂੰ, ਪਹਿਲਾਂ ਖੂਹ 'ਚੋਂ ਚੰਦ ਕੱਢਣਾ ਚਾਹੀਦਾ!'

ਲਉ ਜੀ, ਉਸ ਨੇ ਲੱਜ ਨਾਲ਼ੋਂ ਡੋਲ ਤਾਂ ਖੋਲ੍ਹ ਕੇ ਪਰੇ ਰੱਖ ਦਿੱਤਾ... ਤੇ ਚੁੱਪ ਚੁਪੀਤਾ ਆਪਣੇ ਟਿਕਾਣੇ ਤੋਂ ਉਹ ਜਿੰਦਾ ਲੈ ਆਇਆ ਜਿਹਦੇ ਨਾਲ ਖੂਹ 'ਚ ਡਿੱਗੇ ਹੋਏ ਡੋਲ-ਬਾਲਟੀਆਂ ਕੱਢੇ ਜਾਂਦੇ ਨੇ। ਲੱਜ ਨਾਲ ਜਿੰਦਾ ਬੰਨ੍ਹ ਕੇ ਖੂਹ 'ਚ ਫਰ੍ਹਾਇਆ। ਪੁਰਾਣਾ ਖੂਹ ਹੋਣ ਕਰਕੇ ਜਿੰਦੇ ਦਾ ਕੁੰਡਾ ਕਿਤੇ ਟੁੱਟੀ ਇੱਟ 'ਚ ਫਸ ਗਿਆ। ਉਹ ਹੋ ਗਿਆ ਖੁਸ਼! ਕਿ ਚੰਦ ਫਸ ਗਿਆ ਐ ਜਿੰਦੇ ਵਿਚ!!

ਲੱਗ ਪਿਆ 'ਤਾਂਹ ਨੂੰ ਖਿੱਚਣ...! ਪਰ ਕੁੰਡਾ ਨਿਕਲ਼ੇ ਨਾ!! ਖੂਹ 'ਚੋਂ ਚੰਦ ਕੱਢਣ ਦੇ ਜੋਸ਼ ਵਿਚ ਉਸਨੇ ਪੂਰਾ ਤਾਣ ਲਾ ਕੇ ਧੜੱਕਾ ਜਿਹਾ ਮਾਰਿਆ! ਇੱਟ 'ਚ ਫਸਿਆ ਹੋਇਆ ਕੁੰਡਾ ਤਾਂ ਨਿਕਲ਼ ਗਿਆ ਪਰ ਉਹ ਧੜੰਮ ਕਰਦਾ ਪਿੱਛੇ ਨੂੰ ਡਿੱਗ ਪਿਆ! ਏਨੇ ਨੂੰ ਉਹਦੇ ਨਾਲ ਦੇ ਸਾਧ ਖੂਹ 'ਤੇ ਆ ਗਏ! ਉਨ੍ਹਾਂ ਭੱਜ ਕੇ ਡਿੱਗੇ ਪਏ ਨੂੰ ਚੁੱਕਿਆ ਤੇ ਪੁੱਛਿਆ ਕਿ ਸੱਟ ਤਾਂ ਨ੍ਹੀ ਲੱਗੀ?

ਟੋਟਰ ਮਲ਼ਦਾ ਹੋਇਆ ਉਹ ਆਕਾਸ਼ ਵੱਲ ਦੇਖ ਕੇ ਬੋਲਿਆ-

'ਸੱਟ ਦਾ ਤਾਂ ਸੁੱਖ ਐ..... ਚੰਦ ਤਾਂ ਚਾੜ੍ਹ ਹੀ ਦਿੱਤਾ ਐ ਮੈਂ !!'

# ਰੂਸ ਯੂਕਰੇਨ ਜੰਗ ਤੇ ਇਸ ਦੇ ਨਿਕਲਣ ਵਾਲੇ ਸਿੱਟੇ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਇਕ ਨਵੇਂ ਯੁੱਗ ਦੀ ਆਮਦ ਹੋ ਰਹੀ ਹੈ। ਇਸ ਬਦਲੇ ਹੋਏ ਵਾਤਾਵਰਨ ਵਿਚ ਸਿਰਫ ਸੱਚੀ-ਮੁੱਚੀਂ ਦੇ ਆਜ਼ਾਦ ਰਾਜ ਹੀ ਸਫਲ ਹੋ ਸਕਣਗੇ। ਪੂਤਿਨ ਨੇ ਦਾਅਵਾ ਕੀਤਾ ਹੈ ਕਿ ਆ ਰਹੀਆਂ ਵੱਡੀਆਂ ਤੇ ਸੱਚੀਂ-ਮੁੱਚੀਂ ਦੀਆਂ ਇਨਕਲਾਬੀ ਤਬਦੀਲੀਆਂ ਨਵੇਂ ਸਾਂਝੀਵਾਲਤਾ, ਇਨਸਾਫ ਆਧਾਰਤ ਤੇ ਵਧੇਰੇ ਭਾਈਚਾਰਕ ਕੇਂਦਰਿਤ ਸੁਰੱਖਿਅਤ ਸੰਸਾਰ ਪ੍ਰਬੰਧ ਨੂੰ ਜਨਮ ਦੇਣਗੀਆਂ। ਇਸ ਯੁੱਗ ਵਿਚ ਸਿਰਫ ਸੱਚੀਂ-ਮੁੱਚੀਂ ਦੇ ਆਜ਼ਾਦ ਰਾਜ ਹੀ ਉਚੀ ਵਿਕਾਸ ਦਰ ਨੂੰ ਯਕੀਨੀ ਬਣਾ ਸਕਣਗੇ। ਆਜ਼ਾਦ ਰਾਜ ਤੋਂ ਉਸ ਦਾ ਮਤਲਬ ਕੌਮੀ ਵਿਕਾਸ ਦੀ ਆਜ਼ਾਦੀ ਅਤੇ ਇਸ ਤਰ੍ਹਾਂ ਹਰੇਕ ਵਿਅਕਤੀ ਦੀ ਨਿੱਜੀ ਆਜ਼ਾਦੀ ਦੇ ਨਾਲ-ਨਾਲ ਰਾਜ ਦੀ



**ਗੁਰਬਚਨ ਸਿੰਘ**
ਫੋਨ: +91-98156-98451

ਤਕਨੀਕੀ, ਸਭਿਆਚਾਰਕ, ਬੌਧਿਕ, ਵਿਦਿਅਕ ਵਿਕਾਸ ਕਰਨ ਦੀ ਯੋਗਤਾ ਤੇ 'ਇਕ ਜ਼ਿੰਮੇਵਾਰ, ਸਰਗਰਮ, ਕੌਮ ਪੱਖੀ, ਕੌਮ ਕੇਂਦਰਿਤ ਸ਼ਹਿਰੀ ਸਮਾਜ' ਦੀ ਹੋਂਦ ਹੈ।

ਪੂਤਿਨ ਦਾ ਕਹਿਣਾ ਹੈ ਕਿ ਅਜਿਹਾ ਰਾਜ ਲੋਕਾਂ ਦੀ ਜ਼ਿੰਦਗੀ ਦੇ ਉਚੇ ਮਿਆਰ, ਚੰਗੇ ਜੀਵਨ ਪੱਧਰ, ਰਵਾਇਤੀ ਕਦਰਾਂ-ਕੀਮਤਾਂ ਦੀ ਰਾਖੀ ਤੇ ਉਚੇ ਮਨੁੱਖੀ ਆਦਰਸ਼ਾਂ ਵਾਸਤੇ ਦੂਜੇ ਰਾਜਾਂ ਲਈ ਇਕ ਮਿਸਾਲ ਬਣੇਗਾ। ਅਜਿਹਾ ਰਾਜ, ਮੌਜੂਦਾ ਪੱਛਮ ਭਾਰੂ ਇਕ ਧਰੁਵੀ ਸੰਸਾਰ ਪ੍ਰਬੰਧ, ਜਿਹੜਾ ਸਾਡੀ ਸਭਿਅਤਾ ਦੇ ਵਿਕਾਸ ਵਿਚ ਸਭ ਤੋਂ ਵੱਡੀ ਰੁਕਾਵਟ ਬਣ ਗਿਆ ਹੈ, ਦੇ ਬਿਲਕੁਲ ਉਲਟ ਹੋਵੇਗਾ। ਪੂਤਿਨ ਨੇ ਪੱਛਮ ਉਤੇ ਨਸਲਵਾਦ ਅਤੇ ਨਵ-ਬਸਤੀਵਾਦ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਸ ਦੀ ਵਿਚਾਰਧਾਰਾ ਪੂਰਨ ਰੂਪ ਵਿਚ ਤਾਨਾਸ਼ਾਹੀ ਬਣ ਚੁੱਕੀ ਹੈ। ਪੂਤਿਨ ਨੇ ਕਿਹਾ ਹੈ ਕਿ ਪੱਛਮੀ ਉਚ ਵਰਗ ਦੇ ਮੌਜੂਦਾ ਸੰਸਾਰ ਪ੍ਰਬੰਧ ਨੂੰ ਬਚਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਇਹ ਤਬਦੀਲੀਆਂ ਅਟਲ ਹਨ।

ਵਲਾਦੀਮੀਰ ਪੂਤਿਨ ਬੜੇ ਚਿਰ ਤੋਂ ਅਮਰੀਕਾ ਦੀ ਅਗਵਾਈ ਹੇਠਲੇ ਇਕ ਧਰੁਵੀ ਪੱਛਮੀ ਸੰਸਾਰ ਪ੍ਰਬੰਧ ਦਾ ਵਿਰੋਧ ਕਰਦਾ ਆ ਰਿਹਾ ਹੈ। 24 ਫਰਵਰੀ ਨੂੰ ਯੂਕਰੇਨ ਉਤੇ ਹਮਲਾ ਕਰਨ ਵੇਲੇ ਵੀ ਰੂਸ ਦੇ ਵਿਦੇਸ਼ ਮੰਤਰੀ ਸਰਗਈ ਲਾਵਰੋਵ ਨੇ ਅਮਰੀਕੀ ਸੰਸਾਰ ਚੌਧਰ ਦੇ ਖਾਤਮੇ ਦਾ ਐਲਾਨ ਕੀਤਾ ਸੀ। ਦੋਵੇਂ ਇਹ ਵਾਰ-ਵਾਰ ਐਲਾਨ ਕਰ ਰਹੇ ਹਨ ਕਿ ਯੂਕਰੇਨ ਜੰਗ ਦੇ ਫੈਸਲੇ ਤੋਂ ਬਾਅਦ ਸੰਸਾਰ ਬਹੁ-ਧਰੁਵੀ ਬਣ ਜਾਏਗਾ।

ਬੇਸ਼ੱਕ ਸੋਚਣ ਦਾ ਨੁਕਤਾ ਇਹ ਹੈ ਕਿ ਪੂਤਿਨ ਹੁਰੀਂ ਕਿਹੜੀ ਵਿਚਾਰਧਾਰਾ ਦੇ ਨਾਲ ਨਵੇਂ ਸੰਸਾਰ ਪ੍ਰਬੰਧ ਨੂੰ ਸਿਰਜਣ ਦੇ ਸੁਪਨੇ ਲੈ ਰਹੇ ਹਨ ਅਤੇ ਕੀ ਇਹ ਵਿਚਾਰਧਾਰਾ ਉਨ੍ਹਾਂ ਦੇ ਕਿਆਸੇ ਸੰਸਾਰ ਪ੍ਰਬੰਧ ਨੂੰ ਯਕੀਨੀ ਬਣਾ ਸਕਦੀ ਹੈ?

ਯੂਰਪ ਅੰਦਰ ਪੈਰਿਸ ਕਮਿਊਨ ਦੇ ਇਨਕਲਾਬੀਆਂ ਨੇ ਪਹਿਲੀ ਵਾਰ 1871 ਵਿਚ ਸਭ ਤੋਂ ਉਚੇ ਮਨੁੱਖੀ ਆਦਰਸ਼ਾਂ ਨੂੰ ਸਪੱਸ਼ਟ ਕਰਦਿਆਂ ਆਜ਼ਾਦੀ, ਬਰਾਬਰੀ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਨਾਅਰਾ ਲਾਇਆ ਸੀ। ਇਸੇ ਨਾਅਰੇ ਨੂੰ ਅੱਗੇ ਤੋਰਦੇ ਹੋਏ ਕਾਰਲ ਮਾਰਕਸ ਦੀ ਸਿਧਾਂਤਕ ਅਗਵਾਈ ਹੇਠ ਉਸ ਵੇਲੇ ਦੇ ਕਮਿਊਨਿਸਟਾਂ ਨੇ ਸਮਾਜਵਾਦੀ ਸਮਾਜਾਂ ਦੀ ਸਿਰਜਣਾ ਲਈ ਆਲਮੀ ਕਮਿਊਨਿਸਟ ਲਹਿਰ ਜਥੇਬੰਦ ਕੀਤੀ। ਮਾਰਕਸ-ਏਂਗਲਜ਼ ਨੇ ਆਪਣੇ ਵੇਲੇ ਦੇ ਪੂੰਜੀ ਆਧਾਰਿਤ ਪੂੰਜੀਵਾਦੀ ਆਰਥਿਕ-ਰਾਜਸੀ-ਸਮਾਜੀ ਪ੍ਰਬੰਧ ਦੇ ਲੱਛਣ ਸਪੱਸ਼ਟ ਕਰਦਿਆਂ ਇਹ ਜਾਣਕਾਰੀ ਦਿੱਤੀ ਕਿ ਇਹ ਪ੍ਰਬੰਧ ਆਪਣੇ ਵਜੂਦ ਸਮੇਤ ਟਕਰਾਵਾਂ ਤੇ ਕਮੀਨਗੀਆਂ ਕਾਰਨ ਕਦੇ ਵੀ ਉਕਤ ਉਚੇ ਆਦਰਸ਼ਾਂ ਨੂੰ ਪ੍ਰਣਾਇਆ ਨਰੋਆ ਮਨੁੱਖੀ ਭਾਈਚਾਰਾ ਨਹੀਂ ਸਿਰਜ ਸਕਦਾ।

ਇਸੇ ਕਾਰਨ ਉਨ੍ਹਾਂ ਨੇ ਕਿਰਤੀ ਜਮਾਤ ਨੂੰ ਆਲਮੀ ਪੱਧਰ ਉਤੇ ਇਕ-ਦੂਜੇ ਦਾ ਸਾਥ ਦੇਂਦਿਆਂ ਇਕ ਸਾਂਝੀ ਕਾਰਵਾਈ ਰਾਹੀਂ ਮੌਜੂਦਾ ਪੂੰਜੀਵਾਦੀ ਰਾਜ-ਪ੍ਰਬੰਧ ਨੂੰ ਉਲਟਾ ਕੇ ਸਾਰੇ ਦੇਸ਼ਾਂ ਅੰਦਰ ਸਮਾਜਵਾਦੀ ਸਮਾਜਾਂ ਦੀ ਸਿਰਜਣਾ ਦਾ ਸੱਦਾ ਦਿੱਤਾ ਸੀ।

ਇਸੇ ਸੱਦੇ ਨੂੰ ਪ੍ਰਵਾਨ ਕਰਦਿਆਂ ਪਹਿਲੀ ਸੰਸਾਰ ਸਾਮਰਾਜੀ ਜੰਗ ਦੌਰਾਨ ਵਲਾਦੀਮੀਰ ਲੈਨਿਨ ਦੀ ਅਗਵਾਈ ਹੇਠ ਕਮਿਊਨਿਸਟਾਂ ਨੇ ਰੂਸ ਅੰਦਰ ਇਨਕਲਾਬ ਕੀਤਾ ਅਤੇ ਸੋਵੀਅਤ ਯੂਨੀਅਨ ਦੀ ਸਥਾਪਨਾ ਕੀਤੀ। ਪਰ ਸੋਵੀਅਤ ਯੂਨੀਅਨ ਦੇ ਕਮਿਊਨਿਸਟ ਆਗੂਆਂ ਨੇ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਦਿਆਂ ਤਿੰਨ ਬੜੀਆਂ ਵੱਡੀਆਂ ਗਲਤੀਆਂ ਕੀਤੀਆਂ। ਪਹਿਲੀ ਵੱਡੀ ਗਲਤੀ ਉਨ੍ਹਾਂ ਧਰਮਾਂ ਨੂੰ ਨਕਾਰ ਕੇ ਕੀਤੀ ਤੇ ਧੱਕੇ ਨਾਲ ਲੋਕਾਂ ਨੂੰ ਨਾਸਤਿਕ ਜਾਂ ਅਧਰਮੀ ਬਣਨ ਲਈ ਮਜਬੂਰ ਕੀਤਾ ਤੇ ਇਉਂ ਮਨੁੱਖ ਨੂੰ ਸਦਾਚਾਰ ਵਿਹੂਣਾ ਕੀਤਾ। ਦੂਜੀ ਗਲਤੀ ਉਨ੍ਹਾਂ ਨੇ ਅੱਡ ਅੱਡ ਕੌਮੀਅਤਾਂ ਦੇ ਸਭਿਆਚਾਰਾਂ ਤੇ ਭਾਸ਼ਾਵਾਂ ਨੂੰ ਵਿਕਸਿਤ ਕਰਨ ਤੇ ਹੋਰ ਅਮੀਰ ਬਣਾਉਣ ਤੋਂ ਅੱਗੇ ਵਧ ਕੇ ਉਨ੍ਹਾਂ ਨੂੰ ਅੱਡ-ਅੱਡ ਕੌਮੀ ਰਾਜ (ਸਟੇਟ) ਜਥੇਬੰਦ ਕਰ ਕੇ ਦੇਣ ਦਾ ਲਾਰਾ ਲਾਇਆ। ਉਨ੍ਹਾਂ ਦੀ ਤੀਜੀ ਗਲਤੀ ਸਾਰੇ ਲੋਕਾਂ ਦੀਆਂ ਬੁਨਿਆਦੀ ਕੁਦਰਤੀ ਲੋੜਾਂ ਦੀ ਪੂਰਤੀ ਦੇ ਯਤਨ ਕਰਨ ਦੀ ਥਾਂ ਉਨ੍ਹਾਂ ਨੂੰ ਸਾਮਰਾਜੀ ਦੇਸ਼ਾਂ ਦੇ ਲੋਕਾਂ ਤੋਂ ਵਧ ਸਹੂਲਤਾਂ ਦੇਣ ਦਾ ਨਾ ਸਿਰਫ ਵਾਅਦਾ ਕਰਨਾ ਬਲਕਿ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਇਸ ਵਾਸਤੇ ਜੁਟਾ ਦੇਣੀਆਂ ਸੀ।

ਇਨ੍ਹਾਂ ਤਿੰਨਾਂ ਹੀ ਗਲਤੀਆਂ ਦਾ ਮੂਲ ਕਾਰਨ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਦਿਆਂ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰਨਾ ਸੀ। ਇਉਂ ਕਰਨ ਨਾਲ ਮਨੁੱਖ ਦਾ ਕੁਦਰਤ ਨਾਲ ਅਟੁੱਟ ਰਿਸ਼ਤਾ ਹੀ ਸਪੱਸ਼ਟ ਨਾ ਹੋ ਸਕਿਆ। ਦਰਅਸਲ ਇਸ ਫਿਲਾਸਫੀ ਨੇ ਹੀ ਨਵੇਂ ਕਮਿਊਨਿਸਟ ਮਨੁੱਖ ਦੀ ਸਿਰਜਣਾ ਕਰਨੀ ਸੀ, ਜਿਸ ਨੇ ਮਨੁੱਖ ਨੂੰ ਆਪਣੀ ਅਸਲੀ ਕੁਦਰਤੀ ਹੋਂਦ ਤੋਂ ਜਾਣੂ ਕਰਵਾਉਣਾ ਸੀ ਤੇ ਉਸ ਨੂੰ ਆਪਣੇ ਆਪ ਨੂੰ ਕੁਦਰਤੀ ਨੇਮਾਂ ਅਨੁਸਾਰ ਢਾਲਦਿਆਂ ਹੋਇਆਂ ਆਪਣੇ ਆਲੇ-ਦੁਆਲੇ ਦੇ ਮਨੁੱਖੀ ਸਮਾਜ ਨੂੰ ਬਦਲਣ ਲਈ ਪ੍ਰੇਰਨਾ ਦਾ ਸ੍ਰੋਤ ਬਣਨਾ ਸੀ। ਪਰ ਇਹ ਪ੍ਰਚਾਰ ਕਰਨ ਦੇ ਬਾਵਜੂਦ ਕਿ ਇਨਕਲਾਬੀ ਸਿਧਾਂਤ ਤੋਂ ਬਿਨਾਂ ਇਨਕਲਾਬ ਨਹੀਂ ਹੋ ਸਕਦਾ, ਮਾਰਕਸ ਦੀ ਵਿਕਸਿਤ ਕੀਤੀ ਗਈ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਦਿੱਤਾ ਗਿਆ। ਲੈਨਿਨ ਦੀ ਇਸ ਵਿਰਾਸਤ ਨੂੰ ਮੂਲ ਰੂਪ ਵਿਚ ਅੱਗੇ ਤੋਰਦਿਆਂ ਚੀਨ ਤੇ ਜਿਨ੍ਹਾਂ ਬਾਕੀ ਦੇਸ਼ਾਂ ਵਿਚ ਸਮਾਜਵਾਦੀ ਇਨਕਲਾਬ ਹੋਏ, ਉਨ੍ਹਾਂ ਸਾਰਿਆਂ ਦਾ ਹਸ਼ਰ ਵੀ ਲਗਪਗ ਇਹੀ ਹੋਇਆ।



ਪੂਤਿਨ ਨੇ ਠੀਕ ਕਿਹਾ ਹੈ ਕਿ ਰੂਸ ਲੈਨਿਨ ਦੀਆਂ ਇਨ੍ਹਾਂ ਗਲਤੀਆਂ ਦਾ ਖਮਿਆਜ਼ਾ ਹੀ ਹੁਣ ਯੂਕਰੇਨ ਰਾਹੀਂ ਅਮਰੀਕਾ ਦੀ ਅਗਵਾਈ ਹੇਠਲੇ ਨਾਟੋ ਦੇਸ਼ਾਂ ਨਾਲ ਜੰਗ ਦੇ ਰੂਪ ਵਿਚ ਭੁਗਤ ਰਿਹਾ ਹੈ। ਪਰ ਸਮੱਸਿਆ ਇਹ ਹੈ ਕਿ ਵਲਾਦੀਮੀਰ ਪੂਤਿਨ ਲੈਨਿਨ ਦੀਆਂ ਇਨ੍ਹਾਂ ਸਿਧਾਂਤਕ ਗਲਤੀਆਂ ਨੂੰ ਦਰੁਸਤ ਕਰਨ ਦੀ ਬਜਾਇ ਇਕ ਵਾਰ ਫਿਰ ਸਿਧਾਂਤਹੀਣ ਦਿਸ਼ਾ ਵੱਲ ਅੱਗੇ ਵਧ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਪੂਤਿਨ ਲੈਨਿਨ ਦੀਆਂ ਗਲਤੀਆਂ ਤੋਂ ਠੀਕ ਸਬਕ ਸਿੱਖ ਕੇ ਸਹੀ ਦਿਸ਼ਾ ਵੱਲ ਅੱਗੇ ਵਧਦਾ ਤੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਬੁਲੰਦ ਕਰਦਿਆਂ ਰੂਸ ਨੂੰ ਕੁਦਰਤ ਮੁਖੀ ਵਿਕਾਸ ਵੱਲ ਅੱਗੇ ਤੋਰਦਾ, ਜੋ ਵਿਕਾਸ ਮਨੁੱਖ ਦੀਆਂ ਕੁਦਰਤੀ ਮਨੁੱਖੀ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਉਂਦਾ।

ਇਉਂ ਕਰਨ ਨਾਲ ਇਕ ਤੇ ਮਨੁੱਖ ਜਾਤੀ ਨੂੰ ਦਰਪੇਸ਼ ਸਭ ਤੋਂ ਵਡੀ ਸਮੱਸਿਆ ਵਾਤਾਵਰਨ ਦੀ ਤਬਾਹੀ ਨੂੰ ਠੱਲ੍ਹ ਪੈਂਦੀ, ਦੂਜਾ ਮਨੁੱਖ ਆਪਣੀਆ ਜੜ੍ਹਾਂ ਨਾਲ ਜੁੜ ਕੇ ਆਪਣਾ ਆਤਮਿਕ ਵਿਕਾਸ ਕਰਦਾ। ਪਰਿਵਾਰਕ ਤੇ ਸਮਾਜੀ ਰਿਸ਼ਤੇ ਵਿਕਸਿਤ ਹੁੰਦੇ ਅਤੇ ਸਾਂਝੇ ਪਰਿਵਾਰਾਂ ਵਲੋਂ ਬੱਚਿਆਂ ਨੂੰ ਪਾਲਣ ਤੇ ਬਜ਼ੁਰਗਾਂ ਨੂੰ ਸੰਭਾਲਣ ਨਾਲ ਪੱਛਮੀ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਪੈਦਾ ਕੀਤੇ ਦੋ ਵਡੇ ਮਸਲੇ ਸੁਲਝ ਜਾਂਦੇ।

ਮਾਰਕਸ ਦਾ ਆਪਣਾ ਕਥਨ ਹੈ, 'ਕੁਦਰਤ ਮਨੁੱਖ ਦਾ ਸਰੀਰ ਹੀ ਨਹੀਂ ਸਗੋਂ ਮਨੁੱਖ ਕੁਦਰਤ ਉਤੇ ਜਿਉਂਦਾ ਹੈ। ਕੁਦਰਤ ਉਸ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਉਂਦੇ ਰਹਿਣ ਲਈ ਮਨੁੱਖ ਲਗਾਤਾਰ ਕੁਦਰਤ ਉਤੇ ਨਿਰਭਰ ਹੈ। ਮਨੁੱਖ ਦੀ ਸਰੀਰਕ ਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿੱਧਾ ਰਿਸ਼ਤਾ ਹੈ। ਕਿਉਂਕਿ ਮਨੁੱਖ ਵੀ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ।'...'ਕੁਦਰਤ ਉਤੇ ਮਨੁੱਖੀ ਜਿੱਤਾਂ ਦੀਆਂ ਗਿਣਤੀਆਂ-ਮਿਣਤੀਆਂ ਨਾਲ ਸਾਨੂੰ ਜ਼ਿਆਦਾ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਅਜਿਹੀ ਹਰ ਜਿਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ। ਇਹ ਸੱਚ ਹੈ ਕਿ ਅਜਿਹੀ ਹਰੇਕ ਜਿੱਤ ਦੇ ਨਿਕਲੇ ਪਹਿਲੇ ਸਿੱਟੇ ਸਾਡੀ ਆਸ ਮੁਤਾਬਿਕ ਹੁੰਦੇ ਹਨ, ਪਰ ਦੂਜੀ ਤੇ ਤੀਜੀ ਥਾਂ ਬਿਲਕੁਲ ਵੱਖਰੇ ਤੇ ਅਣਕਿਆਸੇ ਸਿੱਟੇ ਨਿਕਲਦੇ ਹਨ, ਜਿਹੜੇ ਅਕਸਰ ਪਹਿਲੇ ਨਿਕਲੇ ਸਿੱਟਿਆਂ ਨੂੰ ਨਕਾਰ ਦੇਂਦੇ ਹਨ।'... 'ਅਜਿਹੀ ਹਰੇਕ ਜਿੱਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ।'

... 'ਹਰ ਕਦਮ ਉਤੇ ਸਾਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਕੁਦਰਤ ਤੋਂ ਬਾਹਰ ਖੜ੍ਹੇ ਕਿਸੇ ਅਜਨਬੀ ਵਾਂਗ ਕੁਦਰਤ ਉਤੇ ਰਾਜ ਨਹੀਂ ਕਰ ਸਕਦੇ। ਅਸੀਂ ਵੀ ਖੂਨ ਮਾਸ ਤੇ ਦਿਮਾਗ ਸਮੇਤ, ਕੁਦਰਤ ਦਾ ਹੀ ਇਕ ਅਟੁੱਟ ਅੰਗ ਹਾਂ ਅਤੇ ਉਸ ਦੇ ਅੰਦਰ ਹੀ ਆਪਣੀ ਹੋਂਦ ਰਖਦੇ ਹਾਂ। ਸਾਡੀ ਸਾਰੀ ਮੁਹਾਰਤ ਸਿਰਫ ਇਸ ਹਕੀਕਤ ਵਿਚ ਮੌਜੂਦ ਹੈ ਕਿ ਸਾਡੇ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ ਕਿ ਅਸੀਂ ਕੁਦਰਤ ਦੇ ਨੇਮਾਂ ਨੂੰ ਜਾਣਨ ਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ।'

...'ਮੇਰੇ ਲਈ ਦਵੰਦਵਾਦੀ ਨੇਮਾਂ ਨੂੰ ਕੁਦਰਤ ਉਤੇ ਠੋਸਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸਗੋਂ ਇਨ੍ਹਾਂ ਨੇਮਾਂ ਨੂੰ ਕੁਦਰਤ ਵਿਚੋਂ ਲੱਭਣਾ ਤੇ ਵਿਕਸਿਤ ਕਰਨਾ ਹੀ ਮੇਰਾ ਮੰਤਵ ਹੈ।'

ਇਹੀ ਮਨੁੱਖ ਦੀ ਸੀਮਾ ਹੈ ਅਤੇ ਇਹੀ ਮਨੁੱਖ ਦੀ ਆਜ਼ਾਦੀ ਹੈ। ਕੁਦਰਤੀ ਨੇਮਾਂ ਦੇ ਅਧੀਨ ਰਹਿਣਾ ਮਨੁੱਖ ਦੀ ਸੀਮਾ ਹੈ ਅਤੇ ਇਨ੍ਹਾਂ ਨੇਮਾਂ ਨੂੰ ਠੀਕ ਤਰ੍ਹਾਂ ਬੁੱਝ ਕੇ ਖੁਦ ਮਨੁੱਖ ਤੇ ਮਨੁੱਖ ਜਾਤੀ ਦੇ ਭਲੇ ਵਾਸਤੇ ਵਰਤਣਾ ਇਹ ਮਨੁੱਖ ਦੀ ਆਜ਼ਾਦੀ ਹੈ। ਸਾਮਰਾਜੀਆਂ ਵਲੋਂ ਇਸ ਨੇਮ ਨੂੰ ਬੜੀ ਬੇਕਿਰਕੀ ਨਾਲ ਤੋੜਨ ਕਰ ਕੇ ਹੀ ਅੱਜ ਮਨੁੱਖ ਜਾਤੀ ਤਬਾਹੀ ਦੇ ਕੰਢੇ ਪਹੁੰਚੀ ਹੈ। ਇਹ ਕੁਦਰਤ ਉਤੇ ਗਲਬਾ ਪਾਉਣ ਦੇ ਕੀਤੇ ਯਤਨਾਂ ਦੇ ਨਿਕਲੇ ਸਿੱਟੇ ਹਨ।

ਯੂਨਾਈਟਡ ਨੇਸ਼ਨਜ਼ ਦੇ ਜਨਰਲ ਸਕੱਤਰ ਅੰਤੋਨੀਓ ਗੁਟਰੇਜ਼ ਨੇ ਪਿਛਲੇ ਹਫਤੇ ਬਰਲਿਨ ਵਿਚ 40 ਦੇਸ਼ਾਂ ਦੇ ਆਗੂਆਂ ਨੂੰ ਮੁਖਾਤਿਬ ਹੁੰਦਿਆਂ ਸਮੁੱਚੇ ਆਲਮੀ ਭਾਈਚਾਰੇ ਨੂੰ ਸਖਤ ਸ਼ਬਦਾਂ ਵਿਚ ਚੇਤਾਵਨੀ ਦਿੱਤੀ ਹੈ ਕਿ ਜਾਂ ਤਾਂ ਉਹ ਬੜੀ ਤੇਜ਼ੀ ਨਾਲ ਵਿਗੜ ਰਹੇ ਵਾਤਾਵਰਨ ਵਿਚ ਸੁਧਾਰ ਕਰਨ ਲਈ ਇਕਮੁੱਠ ਹੋਣ, ਨਹੀਂ ਤੇ ਸਮੂਹਿਕ ਖੁਦਕੁਸ਼ੀ ਲਈ ਤਿਆਰ ਰਹਿਣ। ਉਸ ਨੇ ਕਿਹਾ ਹੈ ਕਿ ਮਨੁੱਖੀ ਚੌਗਿਰਦੇ ਵਿਚ ਜ਼ਹਿਰੀ ਗੈਸਾਂ ਦੀ ਵਧ ਰਹੀ ਮਿਕਦਾਰ, ਸਮੁੰਦਰਾਂ ਦੇ ਪਾਣੀਆਂ ਦਾ ਉਚਾ ਹੋ ਰਿਹਾ ਤਲ, ਗਰਮੀ ਨਾਲ ਵਧ ਰਹੀ ਤਪਸ਼ ਦੇ ਟੁੱਟ ਰਹੇ ਰਿਕਾਰਡ ਅਤੇ ਇਸ ਕਾਰਨ ਵੱਡੀ ਪੱਧਰ ਉਤੇ ਜੰਗਲਾਂ ਨੂੰ ਲੱਗ ਰਹੀ ਅੱਗ 'ਤੇ ਝੁਲ ਰਹੇ ਤੂਫਾਨਾਂ ਕਾਰਨ ਅੱਧੀ ਮਨੁੱਖਤਾ ਤਬਾਹੀ ਦੇ ਦਹਾਨੇ ਉਤੇ ਖੜ੍ਹੀ ਹੈ। ਕੋਈ ਵੀ ਦੇਸ਼ ਇਸ ਤਬਾਹੀ ਤੋਂ ਬਚ ਨਹੀਂ ਸਕਦਾ। ਗੁਟਰੇਜ਼ ਨੇ ਕਿਹਾ ਹੈ ਕਿ ਸਾਰੀਆਂ ਕੌਮਾਂ ਇਸ ਘੋਰ ਸੰਕਟ ਵਿਚ ਇਕ ਭਾਈਚਾਰੇ ਵਾਂਗ ਵਿਚਰਨ ਦੀ ਬਜਾਇ ਇਕ ਦੂਜੇ ਉਤੇ ਦੋਸ਼ ਲਾ ਕੇ ਆਪਣੀ ਜ਼ਿੰਮੇਵਾਰੀ ਤੋਂ ਭਜ ਰਹੀਆਂ ਹਨ। ਸਾਰੇ ਯਤਨਾਂ ਦੇ ਬਾਵਜੂਦ ਕੋਲੇ ਦੀ ਵਰਤੋਂ ਉਤੇ ਰੋਕ ਨਹੀਂ ਲੱਗ ਰਹੀ। ਸ਼ਕਤੀ ਦੇ ਬਦਲਵੇਂ ਸੋਮਿਆਂ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ। ਅੱਧਾ ਯੂਰਪ, 90 ਕਰੋੜ ਚੀਨੀ ਤੇ ਭਾਰਤ ਸਮੇਤ ਅਨੇਕ ਮੁਲਕ ਗਰਮੀ ਦੀ ਤਪਸ਼ ਨਾਲ ਝੁਲਸ ਰਹੇ ਹਨ। ਪਰ ਇਸ ਦੇ ਬਾਵਜੂਦ ਵਾਤਾਵਰਨ ਨੂੰ ਸੁਧਾਰਨ ਲਈ ਵੱਡੀ ਪੱਧਰ ਉਤੇ ਲੋੜੀਂਦੇ ਸਮੂਹਿਕ ਯਤਨ ਨਹੀਂ ਹੋ ਰਹੇ। ਹਰੇਕ ਦੇਸ਼ ਅਜਿਹੇ ਯਤਨਾਂ ਨੂੰ ਅਣਗੌਲਿਆ ਕਰ ਰਿਹਾ ਹੈ।

ਇਹੀ ਸਾਮਰਾਜੀ ਪੂੰਜੀਵਾਦ ਦੀ ਮਜਬੂਰੀ ਹੈ। ਮੁਨਾਫੇ ਦੀ ਹਾਬੜ ਦਾ ਮਾਰਿਆ ਪੂੰਜੀਵਾਦ ਸਮੂਹਿਕ ਆਤਮ ਹੱਤਿਆ ਤਾਂ ਕਰ ਸਕਦਾ ਹੈ ਪਰ ਲੁਕਾਈ ਦਾ ਭਲਾ ਨਹੀਂ ਕਰ ਸਕਦਾ। ਮਾਰਕਸ ਦੀ ਪੂੰਜੀਵਾਦ ਦੀ ਵਿਆਖਿਆ ਉਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਉਤੇ ਆਧਾਰਿਤ ਹੈ। ਇਸੇ ਆਧਾਰ ਉਤੇ ਉਸ ਨੇ ਭਵਿੱਖਵਾਣੀ ਕੀਤੀ ਸੀ ਕਿ ਜੇ ਮੁਰਦਾ ਪੂੰਜੀ ਆਧਾਰਿਤ ਰਾਜਪ੍ਰਬੰਧ ਉਲਟਾ ਕੇ ਇਸ ਦੀ ਥਾਂ ਸਮਾਜਵਾਦੀ ਸਮਾਜ ਦੀ ਸਿਰਜਣਾ ਨਾ ਹੋਈ ਤਾਂ ਇਹ ਮਨੁੱਖਤਾ ਨੂੰ ਉਸ ਵਹਿਸ਼ਤ ਵਲ ਧੱਕ ਦੇਵੇਗਾ, ਜਿਸ ਦੀ ਕਿਸੇ ਮਨੁੱਖ ਨੇ ਕਲਪਨਾ ਤਕ ਵੀ ਨਹੀਂ ਕੀਤੀ ਹੋਵੇਗੀ।

ਅਜੋਕੀ ਮਨੁੱਖ ਜਾਤੀ ਇਹੀ ਵਹਿਸ਼ਤ ਹੰਢਾਅ ਰਹੀ ਹੈ। ਬੰਦੇ ਵਿਚ ਦਇਆ ਦੀ ਭਾਵਨਾ ਦਾ ਖਤਮ ਹੋਣਾ ਹੀ ਵਹਿਸ਼ਤ ਹੈ। ਕਿੰਨਾ ਅਜੀਬ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਜੇਲੇਂਸਕੀ ਦੇ ਆਪਣੇ ਕਥਨ ਅਨੁਸਾਰ ਰੂਸ ਯੂਕਰੇਨ ਜੰਗ ਵਿਚ ਪਹਿਲਾਂ 100-200 ਫੌਜੀ ਰੋਜ਼ ਮਰਦੇ ਸਨ ਅਤੇ ਹੁਣ ਵੀ 30 ਦੇ ਕਰੀਬ ਫੌਜੀ ਹਰ ਰੋਜ਼ ਮਰਦੇ ਹਨ ਅਤੇ 250 ਦੇ ਕਰੀਬ ਜ਼ਖਮੀ ਹੁੰਦੇ ਹਨ ਪਰ ਸੰਸਾਰ ਭਰ ਵਿਚ ਕਿਤੇ ਵੀ ਇਨ੍ਹਾਂ ਮੌਤਾਂ ਵਿਰੁਧ ਰੋਹ ਭਰਪੂਰ ਮੁਜ਼ਾਹਰੇ ਨਹੀਂ ਹੋ ਰਹੇ। ਕਿਉਂਕਿ ਸਾਮਰਾਜੀ ਖਪਤਕਾਰੀ ਦਾ ਮਨੋਰੋਗੀ ਬਣਿਆ ਮੱਧ ਵਰਗ ਆਪਣੇ ਮਨਾਂ ਵਿਚੋਂ ਸਾਰੇ ਧਰਮਾਂ ਦੀ ਮੂਲ ਆਧਾਰ ਦਇਆ ਦੀ ਭਾਵਨਾ ਹੀ ਗੁਆ ਚੁੱਕਾ ਹੈ। ਇਸ ਤੋਂ ਵੀ ਵੱਡੀ ਵਹਿਸ਼ਤ ਇਹ ਹੈ ਕਿ ਰੂਸ ਨੂੰ ਹਰਾਉਣ ਲਈ ਪੱਛਮੀ ਗੁੱਟ ਦੇ ਸਾਮਰਾਜੀ ਦੇਸ਼ ਯੂਕਰੇਨ ਦੇ ਲੋਕਾਂ ਨੂੰ ਬਲੀ ਦੇ ਬੱਕਰੇ ਦੀ ਤਰ੍ਹਾਂ ਵਰਤ ਰਹੇ ਹਨ, ਪਰ ਸੰਸਾਰ ਭਰ ਦੇ ਲੋਕ ਚੁੱਪ ਹਨ। ਕਿਤੇ ਵੀ ਇਸ ਵਹਿਸ਼ੀ ਜੰਗ ਨੂੰ ਖਤਮ ਕਰਨ ਲਈ ਅਮਨ ਮਾਰਚ ਨਹੀਂ ਹੋ ਰਹੇ। ਇਹੀ ਅਜੋਕੀ ਮਨੁੱਖ ਜਾਤੀ ਦੀ ਤ੍ਰਾਸਦੀ ਹੈ।

# ਸਭ ਤੋਂ ਵੱਡਾ ਰੋਗ, ਕੀ ਕਹਿਣਗੇ ਲੋਕ

ਲੋਕ ਕੀ ਕਹਿਣਗੇ! ਸਾਨੂੰ ਪੰਜਾਬੀਆਂ ਨੂੰ ਇਹ ਗੱਲ ਬਹੁਤ ਪ੍ਰੇਸ਼ਾਨ ਕਰਦੀ ਹੈ। ਹਮੇਸ਼ਾ, ਅਸੀਂ ਜਦੋਂ ਕੋਈ ਵੀ ਕੰਮ ਕਰਨਾ ਹੋਵੇ, ਪਹਿਲਾਂ ਲੋਕਾਂ ਦੀ ਪ੍ਰਵਾਹ ਕਰਨੀ ਸ਼ੁਰੂ ਕਰ ਦਿੰਦੇ ਹਾਂ ਕਿ ਇਸ ਬਾਰੇ ਲੋਕ ਕੀ

**ਚਾਨਣ ਦੀਪ ਸਿੰਘ**
ਫੋਨ: 98768-88177
chanandeep@gmial[com

ਸੋਚਣਗੇ ਜਾਂ ਕੀ ਕਹਿਣਗੇ। ਮੰਨਿਆ ਅਸੀਂ ਕੋਈ ਗਲਤ ਕੰਮ ਕਰ ਰਹੇ ਹੋਈਏ ਤਾਂ ਜ਼ਰੂਰ ਲੋਕਾਂ ਦੀ ਪ੍ਰਵਾਹ ਕਰਨੀ ਬਣਦੀ ਹੈ ਕਿ ਇਸ ਕੰਮ ਨਾਲ ਕਿਸੇ ਦਾ ਕੋਈ ਨੁਕਸਾਨ ਤਾਂ ਨਹੀਂ ਹੋ ਰਿਹਾ ਪਰ ਕੋਈ ਚੰਗਾ ਕੰਮ ਕਰਨ ਤੋਂ ਪਹਿਲਾਂ ਵੀ ਇਹ ਪ੍ਰਵਾਹ ਕਰਨਾ ਤਾਂ ਫਾਲਤੂ ਦਾ ਪ੍ਰੇਸ਼ਾਨ ਹੋਣਾ ਹੀ ਹੈ। ਵੈਸੇ ਪ੍ਰਵਾਹ ਕਰਨਾ ਕੋਈ ਮਾੜੀ ਗੱਲ ਨਹੀਂ ਹੈ ਕਈ ਕੰਮਾਂ ਜਾਂ ਗੱਲਾਂ ਵਿਚ ਲੋਕਾਂ ਦੀ ਸਾਨੂੰ ਪ੍ਰਵਾਹ ਲਾਜ਼ਮੀ ਕਰਨੀ ਚਾਹੀਦੀ ਹੈ ਜਿਵੇਂ ਕਿ ਜੇਕਰ ਅਸੀਂ ਕੋਈ ਗਲਤ ਕੰਮ ਕਰਦੇ ਹਾਂ ਤਾਂ ਲੋਕ ਕੀ ਕਹਿਣਗੇ, ਕੋਈ ਠੱਗੀ ਚੋਰੀ ਕਰਦੇ ਹਾਂ ਤਾਂ ਲੋਕ ਕੀ ਕਹਿਣਗੇ, ਮਾਂ ਪਿਓ ਦੀ ਇੱਜ਼ਤ ਨਹੀਂ ਕਰਦੇ ਤਾਂ ਲੋਕ ਕੀ ਕਹਿਣਗੇ, ਕੋਈ ਨਸ਼ਾ ਕਰਦੇ ਹਾਂ ਤਾਂ ਲੋਕ ਕੀ ਕਹਿਣਗੇ, ਕਿਸੇ ਦੀ ਧੀ ਭੈਣ ਦੇ ਰਾਹ ਵਿਚ ਖੜ੍ਹਦੇ ਹਾਂ ਤਾਂ ਸਾਨੂੰ ਲੋਕਾਂ ਦੀ ਸ਼ਰਮ ਹੋਣੀ ਚਾਹੀਦੀ ਹੈ ਕਿ ਲੋਕ ਕੀ ਕਹਿਣਗੇ।

ਪਰ ਅਸੀਂ ਜ਼ਿਆਦਾਤਰ ਪ੍ਰਵਾਹ ਕਰਦੇ ਹਾਂ ਜਿਵੇਂ ਕਿ ਜੇਕਰ ਮੈਂ ਕੋਈ ਛੋਟਾ ਸਮਝਿਆ ਜਾਣ ਵਾਲਾ ਕੰਮ ਕਰਨ ਲੱਗਾ ਤਾਂ ਲੋਕ ਕੀ ਕਹਿਣਗੇ। ਵੈਸੇ ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ। ਕਈ ਵਿਅਕਤੀ ਲੋਕ ਕੀ ਕਹਿਣਗੇ ਇਸ ਗੱਲ ਤੋਂ ਡਰਦੇ ਛੋਟਾ ਕੰਮ ਨਹੀਂ ਕਰਦੇ, ਵੱਡਾ ਕੰਮ ਕੋਈ ਮਿਲਦਾ ਨਹੀਂ, ਅਖੀਰ ਉਹ ਕੰਗਾਲੀ ਦੇ ਕੰਢੇ ਆ ਜਾਂਦੇ ਹਨ ਅਤੇ ਫਿਰ ਓਹੀ ਲੋਕ ਉਸ ਵਿਅਕਤੀ ਨੂੰ ਵਿਹਲੜ ਅਤੇ ਨਿਕੰਮਾ ਕਹਿ ਰਹੇ ਹੁੰਦੇ ਹਨ। ਲੋਕਾਂ ਵੱਲ ਵੇਖ ਕੇ ਕਦੇ ਤਰੱਕੀਆਂ ਨਹੀਂ ਹੁੰਦੀਆਂ। ਜੋ ਵੱਡੇ-ਵੱਡੇ ਬਿਜ਼ਨਸਮੈਨ ਤੇ ਧਨਾਢ ਬਣੇ ਹਨ ਕੀ ਉਹ ਇੱਕ ਦਿਨ ਵਿਚ ਹੀ ਮੰਜ਼ਿਲ 'ਤੇ ਪਹੁੰਚ ਗਏ ਸਨ? ਕੀ ਉਨ੍ਹਾਂ ਨੂੰ ਮੁਸ਼ਕਲਾਂ ਤੇ ਲੋਕਾਂ ਦੇ ਤਾਹਨਿਆਂ-ਮਿਹਣਿਆਂ ਦਾ ਸਾਹਮਣਾ ਨਹੀਂ ਕਰਨਾ ਪਿਆ?

ਕਈ ਵਿਅਕਤੀ ਤਾਂ ਬਹੁਤ ਛੋਟੀਆਂ ਛੋਟੀਆਂ ਗੱਲਾਂ ਉਤੇ ਲੋਕਾਂ ਦੀ ਪ੍ਰਵਾਹ ਕਰਦੇ ਹਨ ਜਿਵੇਂ ਜੇ ਮੈਂ ਕੁੜਤਾ ਪਜਾਮਾ ਪਾ ਲਿਆ ਲੋਕ ਕੀ ਕਹਿਣਗੇ, ਜੇ ਮੈਂ ਬੱਸ 'ਤੇ ਵਿਆਹ ਚਲਾ ਗਿਆ ਤਾਂ ਲੋਕ ਕੀ ਸੋਚਣਗੇ? ਕੁਝ ਸੋਚਦੇ ਹਨ ਕਿ ਜੇਕਰ ਮੈਂ ਫ਼ਲਾਣੇ ਪ੍ਰੋਗਰਾਮ 'ਤੇ ਇਕੱਠ ਘੱਟ ਕੀਤਾ ਜਾਂ ਫਲਾਣੀ ਮਠਿਆਈ ਨਾ ਬਣਵਾਈ ਤਾਂ ਲੋਕ ਕੀ ਕਹਿਣਗੇ। ਵਿਆਹ ਵਿਚ ਸ਼ਰਾਬ ਨਾ ਪਿਲਾਈ ਤਾਂ ਲੋਕ ਕੀ ਕਹਿਣਗੇ ਵੈਸੇ ਸ਼ਰਾਬ ਨਾ ਪਿਲਾਉਣਾ ਚੰਗਾ ਕੰਮ ਹੀ ਹੈ। ਜਿਵੇਂ ਸਿਆਣੇ ਕਹਿੰਦੇ ਹੁੰਦੇ ਹਨ ਕਿ ਆਰੀ ਦੇ ਇੱਕ ਪਾਸੇ ਅਤੇ ਲੋਕਾਂ ਦੇ ਦੋਵੇਂ ਪਾਸੇ ਦੰਦੇ ਹੁੰਦੇ ਹਨ, ਸੋ ਇਨ੍ਹਾਂ ਲੋਕਾਂ ਨੇ ਛੱਡਣਾ ਕਿਸੇ ਪਾਸੇ ਵੀ ਨਹੀਂ ਹੁੰਦਾ। ਜੇਕਰ ਪ੍ਰੋਗਰਾਮ ਵੱਡਾ ਕਰ ਲਿਆ ਅਤੇ ਜ਼ਿਆਦਾ ਇਕੱਠ ਕਰ ਲਿਆ ਤਾਂ ਇਹ ਲੋਕ ਨਾਲੇ ਤਾਂ ਖਾਈ ਜਾਣਗੇ ਨਾਲੇ ਨਿੰਦੀ ਜਾਣਗੇ। ਕੁਝ ਤਾਂ ਕਹਿਣਗੇ ਗੱਲ ਨਹੀਂ ਬਣੀ ਅਤੇ ਕੁਝ ਕਹਿਣਗੇ ਐਨਾ ਖਰਚਾ ਕਰਨ ਦੀ ਕੀ ਲੋੜ ਸੀ ਵੱਡਾ ਕਰਜ਼ਾ ਚੁੱਕਿਆ ਲੱਗਦਾ ਹੈ। ਜੇ ਇਕੱਠ ਘੱਟ ਕਰ ਲਿਆ ਤਾਂ ਕਹਿਣਗੇ ਖਰਚ ਦਿੰਦਾ ਚਾਰ ਰੁਪਏ, ਪ੍ਰੋਗਰਾਮ ਕਿਹੜਾ ਰੋਜ਼ ਰੋਜ਼ ਹੁੰਦੇ ਹਨ। ਅਕਸਰ ਅਸੀਂ ਆਪਣੇ ਨਾਲੋਂ ਦੂਜਿਆਂ ਦੀ ਸੋਚ ਦਾ ਪਹਿਲਾਂ ਫਿਕਰ ਕਰਨ ਲੱਗ ਪੈਂਦੇ ਹਾਂ। ਪਰ ਜਦੋਂ ਕੋਈ ਚੰਗਾ ਕੰਮ ਕਰਨਾ ਹੋਵੇ ਤਾਂ ਲੋਕਾਂ ਦੀ ਪ੍ਰਵਾਹ ਕਦੇ ਨਹੀਂ ਕਰਨੀ ਚਾਹੀਦੀ ਕਿ ਲੋਕ ਕੀ ਕਹਿਣਗੇ।

ਮੁਕਦੀ ਗੱਲ ਤੁਸੀਂ ਜੋ ਮਰਜ਼ੀ ਕਰੋ ਲੋਕਾਂ ਨੇ ਕੁਝ ਨਾ ਕੁਝ ਕਹਿਣਾ ਹੀ ਹੈ ਕਿਉਂਕਿ ਕੁਝ ਤਾਂ ਲੋਕ ਕਹਿਣਗੇ, ਲੋਕਾਂ ਦਾ ਕੰਮ ਹੀ ਹੈ ਕਹਿਣਾ। ਜਿਵੇਂ ਮੱਖੀ ਸਾਰਾ ਸਾਫ਼ ਘਰ ਛੱਡ ਕੇ ਗੰਦ 'ਤੇ ਹੀ ਬੈਠਦੀ ਹੈ ਉਵੇਂ ਇਹ ਕਹਿਣ ਵਾਲੇ ਲੋਕਾਂ ਨੇ ਤੁਹਾਡੇ ਵੱਲੋਂ ਇਨ੍ਹਾਂ ਦੀ ਪ੍ਰਵਾਹ ਕਰ ਕਰ ਕੇ ਕੀਤੇ ਕੰਮਾਂ ਵਿਚੋਂ ਵੀ ਕੋਈ ਨਾ ਕੋਈ ਕਮੀ ਲੱਭ ਕੇ ਗੱਲਾਂ ਕਰਨੀਆਂ ਹੀ ਹਨ। ਇਸ ਕਰਕੇ ਲੋਕਾਂ ਦੀ ਪ੍ਰਵਾਹ ਕਰਨਾ ਛੱਡੋ ਆਪਣੇ ਕੰਮ ਆਪਣੀ ਸਮਝ, ਸਿਆਣਪ, ਯੋਗਤਾ ਅਤੇ ਹੈਸੀਅਤ ਦੇ ਹਿਸਾਬ ਨਾਲ ਕਰੋ, ਹਾਂ..! ਕੋਈ ਮਾੜਾ ਕੰਮ ਕਰਨ ਜਾਂ ਕਿਸੇ ਨੂੰ ਨੁਕਸਾਨ ਪਹੁੰਚਾਉਣ ਤੋਂ ਜ਼ਰੂਰ ਬਚੋ।

ਵਿਅੰਗ

# ਬਚਨ ਬਿਲਾਸ

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਪਿੰਡ ਦੇ ਗੁਰਦੁਆਰੇ ਕੋਲ ਇਕ ਪੁਰਾਣਾ ਬੋਹੜ। ਬੋਹੜ ਦੇ ਦੁਆਲੇ ਬਣਿਆ ਇੱਟਾਂ ਅਤੇ ਸੀਮਿੰਟ ਦਾ ਮਜਬੂਤ ਚਬੂਤਰਾ। ਬੁੱਢੇ ਬੋਹੜ ਦੀ ਠੰਢੀਠੰਢੀ ਛਾਂ ਹੁੰਦੀ, ਮਾਂ ਦੀ ਅਸੀਸ ਵਰਗੀ! ਇਸ ਕਰਮਾਂ ਵਾਲੀ ਛਾਂ ਹੇਠ, ਛੇ ਸਾਲ ਦੀ ਉਮਰ ਤੋਂ ਲੈ ਕੇ ਅੱਸੀ ਸਾਲ ਦੀ ਉਮਰ ਦੇ ਬਜ਼ੁਰਗਾਂ ਤੱਕ ਇਕੱਤਰ ਹੁੰਦੇ। ਇਸ ਛਾਂ ਵਿਚ ਇਤਨਾ ਜਾਦੂ ਸੀ ਕਿ ਸਾਰੇ ਜ਼ਾਤਪਾਤ ਦੇ ਅਰਥ ਭੁੱਲ ਜਾਂਦੇ। ਬੱਸ! ਚੇਤੇ ਰਹਿ ਜਾਂਦਾ, ਹੱਸਣਾਖੇਡਣਾ ਅਤੇ ਲੱਤੋਲੱਤੀ ਹੋਣਾ।

'ਉਏ ਆ ਬਈ ਬੀਘੜਾ ਕੀ ਹਾਲ ਐ?' ਬਚਿੰਤਾ ਬੁੜ੍ਹਾ ਪੁੱਛਦਾ।

'ਲੋਟ ਐ ਬਾਬਾ!'

'ਬੀਘੜਾ! ਮੱਲਾ ਇੱਕ ਗੱਲ ਪੁੱਛਾਂ?'

'ਬਾਬਾ ਕੋਈ ਪੁੱਠੀ ਗੱਲ ਨਾ ਕਰੀਂ।'



'ਹੈ ਕਮਲਾ! ਪੁੱਠੀ ਗੱਲ ਕਿਉਂ ਕਰੂੰ?'

'ਪੁੱਛ ਬਾਬਾ ਫੇਰ!'

**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

'ਅੱਜ ਤੇਰੀ ਬੇਬੇ ਫੁਲਕਾਰੀ ਉਤੇ ਲੈ ਕੇ ਵੀਹੀਆਂ 'ਚ ਕਾਹਤੋਂ ਗੇੜੇ ਦਿੰਦੀ ਫਿਰਦੀ ਸੀ? ਦੇਖਿਓ ਮੱਲੋ ਕਿਤੇ ਥੋਡਾ ਚੁੱਲ੍ਹਾ ਨਾ ਠੰਢਾ ਕਰਜੇ?'

ਹਾਸੜ ਪੈ ਗਈ।

'ਬਾਬਾ, ਮੈਨੂੰ ਪਹਿਲਾਂ ਈ ਪਤਾ ਸੀ ਬਈ ਤੂੰ ਕੋਈ ਲੁੱਚੀ ਗੱਲ ਈ ਕਰੇਂਗਾ।'

'ਮੱਲਾ ਪੁੱਛਣ 'ਚ ਕੋਈ ਹਰਜ ਤਾਂ ਨ੍ਹੀ?'

'ਉਏ ਬਾਬਾ...! ਕਿਉਂ ਮਗਜ ਮਾਰੀਆਂ ਕਰਦਾ ਹੁੰਨੈਂ? ਮੇਰੀ ਬੇਬੇ ਦੇ ਤਾਂ ਛਪਾਕੀ ਨਿੱਕਲੀ ਵੀ ਸੀ, ਡਾਕਦਾਰ ਤੋਂ ਕੋਈ ਗੋਲੀ ਗੱਪਾ ਲੈਣ ਗਈ ਹੋਊ।'

'ਪਰੂਭਾ ਦੀ ਖ਼ੈਰ ਹੋਵੇ...!' ਬਾਬੂ ਮਰਾਸੀ ਖੱਚਰ ਲੈ ਕੇ ਆ ਗਿਆ।

'ਪਰੂਭਾ ਖੱਚਰ ਦੇ ਦੋ ਪੈਰ ਦਿਖਾ!'

'ਨਹੀਂ ਪਰੂਭਾ! ਮੇਰਾ ਸੰਦ ਜਿਆ ਬਣਿਆ ਵਿਐ, ਰਹਿਣ ਦਿਓ ਦੋ ਪੈਰ ਦੇਖਣ ਨੂੰ ਖੱਚਰ ਮਾੜੀ ਐ ਨਾ ਮੇਰੇ ਬੀਰ, ਡਿੱਗ ਪੂਗੀ।'

'ਨਹੀਂ ਪਰੂਭਾ ਇਹਦੇ ਦੋ ਪੈਰ ਜਰੂਰ ਦੇਖਣੇ ਐਂ, ਨਹੀਂ ਐਤਕੀਂ ਲਾਂਗਾ ਨ੍ਹੀ ਦੇਣਾ ਫੇਰ, ਹਾੜ੍ਹੇ ਨਾ ਕੱਢੀਂ ਦੇਖ ਲੈ!'

ਬਾਬੂ ਮਰਾਸੀ ਨੇ ਖੱਚਰ ਦੇ ਅੱਡੀ ਮਾਰੀ। ਟੈਰ ਵਿਚਾਰੇ ਦੀ ਮਾੜੀ ਸੀ, ਮੋਸ਼ਨ ਫੜਨ ਦੀ ਬਜਾਏ, ਥਾਂ 'ਤੇ ਹੀ 'ਦਾਅੜ' ਕਰਦੀ ਡਿੱਗ ਪਈ। ਬਾਬੂ ਮੀਰ ਦੁਹਾਈ ਦੇਣ ਲੱਗ ਪਿਆ, 'ਲਓ ਖਸਮੋਂ..! ਚਾਰੇ ਪੈਰ ਈ ਦੇਖ ਲਓ..!' ਟੈਰ ਦੀਆਂ ਚਾਰੇ ਟੰਗਾਂ ਹੀ ਉਤ੍ਹਾਂ ਹੋ ਗਈਆਂ ਸਨ।

'ਉਏ ਸੱਘਿਆ! ਤੂੰ ਕਿਮੇਂ ਬੁੜਬੁੜ ਕਰਦਾ ਆਉਨੈਂ?' ਕਿਸੇ ਨੇ ਅਮਲੀ ਨੂੰ ਪੁੱਛਿਆ।

'ਕਾਹਦੀ ਗੱਲ ਐ ਯਾਰ? ਦਲੀਪ ਛੀਂਬੇ ਨੇ ਨਮੀਂ ਹੱਟੀ ਪਾਈ ਐ ਨਾ?'

'ਆਹੋ!'

'ਪਰਸੋਂ ਦਾ ਕੋਈ ਗਾਹਕ ਨ੍ਹੀ ਆਇਆ ਤੇ ਭਾਈ ਮੈਂ ਪੰਜ ਸੇਰ ਕਣਕ ਲੈ ਕੇ ਜਾ ਫਲਸਿਆ। ਪੂਰੀ ਪੰਜ ਸੇਰ ਕਣਕ ਤੁਲਵਾ ਕੇ ਮੈਂ ਪੁੱਛਿਆ: ਕਿੰਨੇ ਦੀ ਐ? ਕਹਿੰਦਾ ਅਖੇ ਪੰਜ ਆਨੇ ਦੀ। ਮੈਂ ਕਿਹਾ ਕੁੱਤੀਏ ਜਾਤੇ! ਪਸੇਰੀ ਕਣਕ ਪੰਜ ਆਨੇ ਦੀ ਕਿਮੇਂ? ਤੇ ਮੈਨੂੰ ਬਣਾ ਸਮਾਰ ਕੇ ਕਹਿੰਦਾ, ਅਖੇ ਮੈਂ ਵੀ ਪਰਸੋਂ ਦਾ ਵਿਹਲਾ ਬੈਠੈਂ, ਤੈਥੋਂ ਈ ਪੂਰੇ ਕਰਨੇ ਐਂ ਤੇ ਚੱਕ ਮੇਰੇ ਭਾਈ! ਕੰਜਰ ਪਸੇਰੀ ਕਣਕ ਨੂੰ ਉੜਦੂ ਲਾ ਗਿਆ ਤੇ ਜਦੋਂ ਮੈਂ ਘਰੇ ਆਇਆ ਤਾਂ ਨਿੱਕੀ ਦੀ ਬੇਬੇ ਨੇ ਖੌਂਸੜਾ ਲਾਹ ਲਿਆ...!'

'ਉਏ ਕਬੀਛਰਾ....!' ਨਿਹੰਗ ਸਿੰਘ ਨੇ ਉਭੜਵਾਹਿਆਂ ਵਾਂਗ ਛੋਟੇ ਬਹਿਵਤੀ ਨੂੰ ਕਿਹਾ। ਬਹਿਵਤੀ ਤੁਕਾਂ ਜੋੜਨ ਵਿਚ ਬੜਾ ਮਾਹਿਰ ਸੀ। ਜਿਸ ਕਰਕੇ ਸਾਰੇ ਪਿੰਡ ਵਾਲੇ ਉਸ ਨੂੰ 'ਕਵੀਸ਼ਰ' ਕਹਿੰਦੇ ਸਨ।

'ਹਾਂ ਬਾਬਾ?'

'ਗੱਜਣ ਤੇ ਬਾਰੂ 'ਕੱਠੇ ਤੁਰੇ ਆਉਂਦੇ ਐ ਇਨ੍ਹਾਂ 'ਤੇ ਕਬੀਛਰੀ ਜੋੜ!'

'ਨਾ ਬਈ ਕੁੱਟਣਗੇ!'

ਅਸਲ ਵਿਚ ਗੱਜਣ ਦਾ ਦਾਹੜਾ ਬੜਾ ਭਰਵਾਂ ਸੀ। ਸਾਰੇ ਮੂੰਹ 'ਤੇ ਅੱਖਾਂ ਤੱਕ ਫ਼ੈਲਰਿਆ ਹੋਇਆ। ਪਰ ਇਸ ਦੇ ਬਿਲਕੁਲ ਉਲਟ ਬਾਰੂ ਸੱਠਾਂ ਸਾਲਾਂ ਦਾ ਹੋ ਗਿਆ ਸੀ, ਪਰ ਉਸ ਦੇ ਕੁਦਰਤੀਂ ਦਾਹੜੀ ਹੀ ਨਹੀਂ ਆਈ ਸੀ। ਲੰਕਾ ਦਾ ਚੋਰ ਲੱਗਦਾ ਸੀ।

'ਅਸੀਂ ਬੈਠੇ ਐਂ, ਜਮਾਂ ਨ੍ਹੀ ਕੁਛ ਆਖਣ ਦਿੰਦੇ ਬਣ ਕੇਰਾਂ ਮੱਲ!'

'ਜਲਦੀ ਕਰ! ਡਰਦਾ ਕਾਹਤੋਂ ਐਂ?' ਕਹਿਣ 'ਤੇ ਬਹਿਵਤੀ ਨੇ ਹੇਕ ਚੁੱਕੀ,

'ਗੱਜਣ ਦੀ ਦਾਹੜੀ ਉਤੇ ਬੜਾ ਭਾਗ ਜੀ
ਬਾਰੂ ਸਿਉਂ ਨੂੰ ਦੇਤਾ ਚਿੱਟਾ ਈ ਜਵਾਬ ਜੀ...!'

ਹੱਸਦੀ ਮੁਡੀਹਰ ਦੀਆਂ ਵੱਖੀਆਂ ਟੁੱਟ ਗਈਆਂ।

'ਖੜੂ ਤੇਰੀ ਮਾਂ ਦੀ...!' ਬਾਰੂ ਝਈ ਲੈ ਕੇ ਪਿਆ ਤਾਂ ਬਹਿਵਤੀ ਤਿੱਤਰ ਹੋ ਗਿਆ।

'ਉਏ ਇਹਨੇ ਕਲਫ਼ ਲਾਉਣੀ ਕਦੋਂ ਕੁ ਤੋਂ ਛੱਡ'ਤੀ?' ਦੁੱਲੇ ਨੂੰ ਆਉਂਦਾ ਦੇਖ ਕੇ ਧਰੜ ਬੋਲਿਆ।

'ਜਦੋਂ ਤੋਂ ਇਨ੍ਹਾਂ ਦੇ ਫੌਜੀ ਨੇ ਛੱਡ'ਤੀ।'

'ਕੀ ਮਤਬਲ?'

'ਗੁਰੂ ਭਲਾ ਕਰੇ! ਜਦੋਂ ਫੌਜੀ ਨੇ ਕਲਫ਼ ਘੋਲ ਕੇ ਲਾਉਣ ਲੱਗਣਾ ਤਾਂ ਇਹਨੇ ਕੋਲ ਜਾ ਵੜਨਾ। ਫ਼ੌਜੀ ਨੇ ਤਾਂ ਬੁਰਸ਼-ਬਰਸ਼ ਨਾਲ ਲਾਉਣੀ ਤੇ ਇਹਨੇ ਪਤੰਦਰ ਨੇ ਪਰਾਂਤ 'ਚ ਹੱਥ ਫੇਰਨ ਮਾਂਗੂੰ ਫੌਜੀ ਦੀ ਕਲਫ਼ ਆਲੀ ਪਲੇਟ 'ਚ ਹੱਥ ਜਿਆ ਫੇਰ ਕੇ ਦਾਹੜੀ 'ਤੇ ਊਂਈਂ ਮਲ ਲੈਣੀ, ਜਿਮੇਂ ਦੇਗ ਖਾ ਕੇ ਘਿਉ ਮਲੀਦੈ ਤੇ ਅਖੀਰ ਅੱਕਿਆ ਵਿਆ ਫੌਜੀ ਕਲਫ਼ ਲਾਉਣੋਂ ਈ ਹੱਟ ਗਿਆ ਤੇ ਇਹਨੇ ਆਪੇ ਈ ਹੱਟਣਾ ਸੀ।'

'ਲਓ ਜੀ! ਆਉਂਦੇ ਐ ਦਿਹਾਤੀ ਪ੍ਰੋਗਰਾਮ ਦੇ ਠੰਢੂ ਰਾਮ ਹੋਰੀਂ ਮਿਲੋ ਇਹਨਾਂ ਨੂੰ!' ਹਰੀ ਅਤੇ ਟਪੂ ਪੰਡਤ ਨੂੰ ਆਉਂਦਿਆਂ ਦੇਖ ਕੇ ਸਾਧੂ ਲੰਮਾਂ ਬੋਲਿਆ।

'ਇਹ ਦੇਣਗੇ ਹੁਣ ਖ਼ਬਰਾਂ ਲਾਹੌਰ ਟੇਸ਼ਣ ਦੀਆਂ।'

'ਇਹਦੀ ਨਵੀਂ ਗੱਲ ਸੁਣੀ ਐਂ?

'ਨਹੀਂ!'

'ਇਹ ਮੱਝ ਨਵੇਂ ਦੁੱਧ ਕਰਵਾਉਣ ਚਲਿਆ ਗਿਆ। ਹੱਥ ਜੋੜ ਕੇ ਝੋਟੇ ਮੂਹਰੇ ਖੜ੍ਹ ਗਿਆ। ਅਖੇ ਝੋਟਾ ਜੀ ਥੋਡਾ ਮਿੰਟ ਦਾ ਕੰਮ ਐ ਤੇ ਸਾਡੇ ਜੁਆਕਾਂ ਦੀ ਸਾਲ ਦੀ ਲੱਸੀ ਐ, ਕਿਰਪਾ ਕਰੋ, ਮਿੰਟ ਲਾਓ!'

ਹੱਸਦੀ ਮੁਡੀਹਰ ਲਿਟਣ ਲੱਗ ਪਈ।

'ਕਾਹਨੂੰ ਭਕਾਈ ਮਾਰਦੇ ਐਂ ਬਾਧੂ ਦੀ ਉਏ ਕੁੱਤਿਓ?' ਘੋਗੜ ਨੇ ਦਬਕਿਆ।

'ਰਾਮ ਰਾਮ ਜੀ!'

'ਰੱਮ ਰੱਮ ਪੰਡ ਜੀ!'

'ਪੰਡ ਜੀ ਕੋਈ ਨਮੀਂ ਤਾਜੀ?'

ਟਪੂ ਪੰਡਤ ਹਕੀਮ ਸੀ। ਜਿਸ ਕਰ ਕੇ ਪਿੰਡ ਦੀ ਹਰ ਖ਼ਬਰ ਉਸ ਕੋਲ ਪਹਿਲਾਂ ਪਹੁੰਚਦੀ ਸੀ।

'ਬੱਕਰੀਆਂ ਆਲੇ ਗੇਲੇ ਦੀ ਬਹੂ ਕੋਲੇ ਕਾਕੈ!'

'ਦੁਰ ਫਿੱਟੇ ਮੂੰਹ ਭੈਣ ਦਾ ਛੁਣਛਣਾ ਦੇਣੇ!' ਅਮਲੀ ਇਉਂ ਟੱਪਿਆ ਜਿਵੇਂ ਉਸ ਦੇ ਪੈਰ ਹੇਠ ਸੱਪ ਆ ਗਿਆ ਸੀ।

'ਕਿਉਂ ਅਮਲੀਆ? ਤੈਨੂੰ ਬੜਾ ਦੁੱਖ ਲੱਗਿਆ?'

'ਕੁੜੀ ਸਾਲੇ ਦੀ ਬਿਆਹੁਣ ਆਲੀ ਹੋਈ ਪਈ ਐ, ਆਹ ਕੀ ਕੀਤਾ ਸਾਲੇ ਕਮਲ਼ੇ ਨੇ?'

'ਇਹ ਤਾਂ ਰੱਬ ਦੀ ਦੇਣ ਐ, ਕਿਤੇ ਸਿੱਟੇ ਜਾਂਦੇ ਐ?'

'ਹੱਟ ਕੁੱਤੀਏ ਸਾਲੇ ਆਪ ਨ੍ਹੀ ਕਹਿਣ ਦਿੰਦੇ ਨਾਂ ਬੱਦੂ ਰੱਬ ਦਾ!'

'ਹੋਰ ਪੰਡ ਜੀ?'

'ਹੋਰ ਕੀ ਐ ਭਾਈ? ਕਲਜੁਗ ਆ ਗਿਆ! ਕਾਕੂ ਟੁੰਡੇ ਦੀ ਕੁੜੀ ਐ ਨਾ ਕੋਕੇ ਆਲੀ?'

'ਆਹੋ!'

'ਉਹਨੂੰ ਸਾਧ ਲੈ ਗਿਆ।'

'ਬਾਖਰੂ...! ਕਿਮੇਂ...?'

'ਰਾਮ ਬਖਸ਼ੀ ਰੱਖੇ। ਕਈ ਮਹੀਨਿਆਂ ਤੋਂ ਇਨ੍ਹਾਂ ਦੇ ਘਰੇ ਆਉਂਦਾ ਸੀ, ਅਖੇ ਥੋਡੇ ਘਰੇ ਕਿਸੇ ਨੇ ਤਬੀਤ ਨੱਪੇ ਵੇ ਐ। ਅੱਜ ਭਾਈ ਉਹਨੂੰ ਟੈਗਸੀ 'ਚ ਲੈ ਕੇ ਆਏ। ਨਾਲ ਉਹਦੇ ਇਕ ਸਾਧਣੀ। ਸਾਧ ਨੇ ਤਾਂ ਕੁਛ ਕਿਹਾ ਨਾ ਤੇ ਸਾਧਣੀ ਕਹਿੰਦੀ ਅਖੇ ਆਹ ਕੁੜੀ ਨੂੰ ਤਾਂ ਅਸੀਂ ਦੋ-ਚਹੁੰ ਦਿਨਾਂ ਆਸਤੇ ਲੈ ਕੇ ਜਾਣੈਂ। ਸਾਡੀ ਸੇਵਾ ਕਰੂ ਤੇ ਸ਼ਾਂਤੀ ਪਾਊ!'

'ਤੇ ਫੇਰ ਤੋਰ'ਤੀ ਇਨ੍ਹਾਂ ਨੇ?'

'ਲੈ ਉਹ ਤਾਂ ਸਾਰਾ ਟੱਬਰ ਹੱਥ ਜੋੜੀ ਖੜ੍ਹਾ, ਅਖੇ ਲੈ ਜੋ ਮਾਤਾ ਜੀ।'

'ਕੁੜੀ ਤਾਂ ਨੀ ਕਿਸੇ ਪਾਸੇ ਜੋਗੀ ਰਹਿੰਦੀ ਹੁਣ।'

'ਆਹੋ! ਕੀ ਪਤੈ ਬਈ ਇਹ ਸਾਲੇ ਕੀ ਸੁਆਹ ਖੇਹ ਖਾਂਦੇ ਐ?' ਅਮਲੀ ਕਾਫ਼ੀ ਚਿਰ ਬਾਅਦ ਬੋਲਿਆ ਸੀ।

'ਹੁਣ ਤਾਂ ਕੋਕੇ ਜੜ ਕੇ ਈ ਮੋੜਨਗੇ।'

'ਆਪਣੀ ਦੁਨੀਆਂ ਦੇ ਵੀ ਗੋਲੀ ਮਾਰੇ!'

'ਮਹਾਤੜ ਪਾਣੀ ਪੀਣ ਜਾ ਵੜੇ। ਸਾਲੇ ਭੈੜ੍ਹੇ ਜੇ ਆਨੇ ਕੱਢਣਗੇ ਤੇ ਆਹ ਦੇਖ ਲਾ...! ਹੈਅ ਥੋਡੀ ਬੇੜੀ ਬਹਿਜੇ! ਗੜੌਂਧੇ ਅਰਗੀ ਕੁੜੀ ਸਾਹਣ ਨਾਲ ਤੋਰ'ਤੀ।'

'ਪੰਡ ਜੀ ਕੜਬਚੱਬਾਂ ਦਾ ਕੀ ਬਣਿਆ?'

'ਬਣਨਾ-ਬਣਾਉਣਾ ਕੀ ਸੀ? ਠਾਣੇਦਾਰ ਨੇ ਪੈਸੇ-ਪੂਸੇ ਲੈ ਕੇ ਰੱਸੇ ਲਾਹ'ਤੇ।'

'ਦੇਖ ਲੈ ਸਾਲੇ ਦੇ ਪਿਉ-ਦਾਦੇ ਮੁੱਲ ਦੀਆਂ ਲਿਆਉਂਦੇ ਰਹੇ ਐ। ਹੁਣ ਇਹਨੂੰ ਪੋਪਲ ਜੇ ਨੂੰ ਮਾੜਾ ਜਿਆ ਪੜ੍ਹਿਆ-ਲਿਖਿਆ ਕਰਕੇ ਰਿਸ਼ਤਾ ਹੋਇਆ ਸੀ, ਉਹ ਵੀ ਬਿਚਾਰੀ ਦਾਜ ਕਰ ਕੇ ਸਾੜ'ਤੀ।'

'ਕੁੜੀ ਦੇ ਮਾਪਿਆਂ ਨੇ ਕੁਛ ਨ੍ਹੀਂ ਕੀਤਾ?'

'ਹੈ ਕਮਲਾ! ਪੁਲਸ ਪੈਸੇ ਆਲਿਆਂ ਦੀ ਮਿੱਤ ਐ। ਉਹ ਬਿਚਾਰੇ ਗਰੀਬ ਐ, ਐਮ ਐਲੇ ਕੋਲੇ ਵੀ ਬਥੇਰੇ ਗੇੜੇ ਕੱਢੇ ਐ, ਉਹ ਨਾਲ ਈ ਨ੍ਹੀ ਤੁਰਿਆ, ਕਹਿੰਦਾ ਅਖੇ ਥੋਡਾ ਘਰ ਦਾ ਮਸਲਾ ਐ ਆਪ ਨਬੇੜੋ। ਪੁੱਛਣਾ ਹੋਵੇ ਬਈ ਜਦੋਂ ਅਗਲਿਆਂ ਦੀ ਪਾਲੀ ਪੋਸੀ ਵੀ ਮਾਰ'ਤੀ, ਫੇਰ ਘਰ ਦਾ ਮਸਲਾ ਕਾਹਦਾ ਰਹਿ ਗਿਆ? ਅਗਲੇ ਲਹੂ ਦੀ ਘੁੱਟ ਭਰ ਕੇ ਬਹਿ ਗਏ। ਕੁੜੀ ਦੀ ਮਾਂ ਨੂੰ ਤਾਂ ਦੱਸਦੇ ਐ ਬਈ, ਓਦਣ ਦੇ ਦੰਦਲਾਂ ਦੌਰੇ ਪੈਣੋਂ ਨ੍ਹੀ ਹੱਟਦੇ।'

'ਕੀ ਦੋਸ਼ ਐ ਬਈ? ਅਗਲੇ ਦੀ ਇੱਕੋ-ਇੱਕ ਜੁਆਨ ਧੀ ਸੀ।'

'ਅਸਲ 'ਚ ਰੌਲਾ ਕੀ ਸੀ?'

'ਰੌਲਾ ਕੀ ਸੀ? ਇਹ ਮਾਊਂ ਜਿਆ ਆਬਦੀ ਮਾਂ ਦੀ ਚੁੱਕ 'ਤੇ ਕੁੜੀ ਨੂੰ ਕਹਿੰਦਾ ਅਖੇ ਜਿਹੜੀ ਤੇਰੇ ਪਿਉ ਕੋਲੇ ਦੋ-ਤਿੰਨ ਕਿੱਲੇ ਜਮੀਨ ਐਂ, ਉਹ ਮੇਰੇ ਨਾਂ ਲੁਆਵੇ। ਦੱਸੋ ਬਈ ਜਿਉਂਦੇ ਜੀਅ ਅਗਲਾ ਕਦੋਂ ਹੱਥ ਵਢਾਉਂਦੈ?'

'ਹੈ ਸਾਲਾ ਪੋਰ?'

'ਹੁਣ ਆਪ ਤਾਂ ਕੁੜੀ ਦਾ ਪਿਉ ਮਰਿਆਂ ਅਰਗਾ ਈ ਐ, ਇਹਦੇ ਗੋਲੀ ਮਾਰੇ ਚੂਕਣੇ 'ਚ ਸਾਲੇ ਦੇ!'

'ਉਏ ਗੋਲੀ ਮਾਰਨ ਜੋਕਰਾ ਉਹ ਕਾਹਨੂੰ ਐਂ ਬਿਚਾਰਾ? ਉਹ ਤਾਂ ਪੈਰੀਂ ਪੱਗਾਂ ਧਰੀ ਗਿਆ ਤੇ ਇਹ ਲਾਚੜ'ਗੇ!'

'ਉਏ ਐਹੋ ਜੇ ਪੈਰੀਂ ਪੱਗਾਂ ਆਲੇ ਕਾਹਨੂੰ ਐਂ? ਐਹੋ ਜਿਆਂ ਦੀ ਤਾਂ ਇੱਕੋ ਟੱਕ ਨਾਲ ਲੱਤ ਗਰਚ ਦੇਣੇ ਲਾਹ ਕੇ ਪਰ੍ਹਾਂ ਮਾਰੇ, ਫੇਰ ਲੋਟ ਆਉਂਦੇ ਐ।'

'ਉਏ ਚਾਚਾ! ਕੱਲ੍ਹ ਨੂੰ ਘੰਟਾ ਖੰਡ ਇੰਜਣ ਦੇਮੇਂਗਾ?' ਫੰਗਣ ਬੁੱਲ੍ਹੜ ਨੇ ਆ ਕੇ ਨਿਹੰਗ ਨੂੰ ਪੁੱਛਿਆ।

'ਕੀ ਕਰਨੈਂ?' ਨਿਹੰਗ ਦੀ ਥਾਂ ਪ੍ਰੀਤਮ ਫੱਲ੍ਹੀ ਬੋਲਿਆ।

'ਨਰਮਾਂ ਸਿੰਜਣੈ।'

'ਗੱਲ ਸੁਣ ਉਏ? ਡੂੜ੍ਹ ਥੋਡੇ ਕੋਲੇ ਕਿੱਲੈ। ਪੰਦਰਾਂ ਤੁਸੀਂ ਘਰ ਦੀ ਸਤੌਲ ਐਂ, ਤੁਸੀਂ ਤਾਂ ਛੱਪੜ 'ਚੋਂ ਬਾਲਟੀ-ਬਾਲਟੀ ਪਾਣੀ ਦੀ ਪਾਵੋਂ ਤਾਂ ਨਰਮਾਂ ਤਰ ਹੋ ਜੂ। ਇੰਜਣ ਕੀ ਕਰਨੈਂ ਕੁੱਤੀਏ ਜਾਤੇ?'

'ਲੈਜੀਂ-ਲੈਜੀਂ!' ਚਲਾਕੂ ਕਾਮਰੇਡ ਨੇ ਨਿਹੰਗ ਵੱਲੋਂ ਹਾਮੀਂ ਭਰੀ।

'ਲੈ ਬਈ ਨਿਹੰਗਾ, ਇਕ ਗੱਲ ਦੱਸ?' ਕਾਮਰੇਡ ਨੇ ਉਸ ਵੱਲ ਮੂੰਹ ਕੀਤਾ।

'ਬਈ ਤੁਸੀਂ ਸੋਟੇ ਨੂੰ ਮੁਲਾਹਜੇ ਤੋੜ ਕਿਉਂ ਆਖਦੇ ਐਂ?'

'ਦਸਵੇਂ ਪਾਤਸ਼ਾਹ ਨੇ ਇਹਦਾ ਨਾਂ ਰੱਖਿਆ ਸੀ ਕੁਤਕ।' ਨਿਹੰਗ ਨੇ ਕਹਿਣਾ ਸ਼ੁਰੂ ਕੀਤਾ।

'ਹਲਾ!'

'ਤੇ ਅਸੀਂ ਇਹਨੂੰ ਮੁਲਾਹਜੇ ਤੋੜ ਤਾਂ ਕਹਿੰਨੇ ਐਂ ਬਈ ਜੀਹਦੇ ਟੋਟਣ 'ਚ ਇਕ ਠੁਕ ਗਿਆ, ਉਹਦੇ ਨਾਲ ਮੁਲਾਹਜਾ ਰਹਿੰਦਾ ਈ ਨ੍ਹੀ। ਅਗਲਾ ਪਾਰ ਬੋਲ ਜਾਂਦੈ। ਛੇਵੇਂ ਪਾਤਸ਼ਾਹ ਨੇ ਭਾਈ ਭੱਲਣ ਤੋਂ ਮੁਲਾਹਜੇ ਤੋੜ ਨਾਲ ਸ਼ੇਰ ਦਾ ਸ਼ਿਕਾਰ ਕਰਵਾਇਆ ਸੀ।'

'ਵਾਹ ਜੀ ਵਾਹ!'

'ਪੰਡ ਜੀ ਰੱਤੂ ਦਾ ਕੀ ਹਾਲ ਐ ਸੱਚ?' ਆਤਮੇ ਫ਼ੱਕਰ ਨੇ ਅਚਾਨਕ ਪੁੱਛਿਆ।

'ਬੁਰਾ ਈ ਹਾਲ ਐ, ਦਿਲ ਦਾ ਰੋਗ ਐ। ਚੱਲੀ ਜਾਵੇ, ਚੱਲੀ ਜਾਵੇ, ਜਿੱਦੇਂ ਖੜ੍ਹ ਗਿਆ, ਬੱਸ...!'

'ਮਾੜੀ 'ਲਾਦ ਵੀ ਨਾ ਜੰਮੇ ਕਿਸੇ ਦੇ। ਕੱਲ੍ਹ ਦੀਆਂ ਗੱਲੈਂ, ਜਦੋਂ ਮੁਧਕਰ ਚੱਕਦਾ ਹੁੰਦਾ ਸੀ। ਕਿਸੇ ਨੂੰ ਨੇੜੇ ਨ੍ਹੀ ਸੀ ਲੱਗਣ ਦਿੰਦਾ। 'ਲਾਦ ਮਾੜੀ ਲਿੱਕਲਗੀ। ਮੁੰਡਾ ਸਿਰੇ ਦਾ ਬੈਲੀ ਤੇ ਕੁੜੀ...? ਸਹੁਰੀ ਨੂੰ ਹਾਥ ਈ ਕੋਈ ਨ੍ਹੀ, ਕੋਈ ਜੀਅ ਨ੍ਹੀ ਛੱਡਿਆ ਲੇਖੇ ਨਾਲ ਬੱਸ ਜਿੰਦਣ ਦੀ ਕੁੜੀ ਨੇ ਬੇਇੱਜ਼ਤੀ ਕੀਤੀ ਐ, ਓਦਣ ਦਾ ਮੰਜੇ ਤੋਂ ਈ ਨ੍ਹੀ ਉਠਿਆ ਸਹੁਰਾ।'

'ਉਹਨੇ ਸਹੁਰੀ ਨੇ ਬੇਇਜ਼ਤੀ ਕਾਹਤੋਂ ਕੀਤੀ?'

'ਕੀ ਦੱਸਾਂ ਸਹੁਰੀ ਦੇ ਕਾਰੇ? ਹੁਣ ਤਾਂ ਬਾਹਰਲੇ ਪਿੰਡਾਂ ਦੇ ਮੁੰਡੇ ਸਿੱਧੇ ਈ ਘਰੇ ਆਉਣ ਲੱਗ'ਪੇ ਸੀ। ਇਹਨੇ ਕਿਤੇ ਰੋਕਿਆ-ਰੂਕਿਆ ਹੋਊ, ਰੱਬ ਜਾਣੇ ਬੱਸ! ਪਤਾ ਨ੍ਹੀ ਸਹੁਰੀ ਦੇ ਡਮਾਕ ਨੂੰ ਕੀ ਫਤੂਰ ਚੜ੍ਹਿਆ? ਮੁੰਡਿਆਂ ਦੇ ਸਾਹਮਣੇ ਈ ਸ਼ੁਰੂ ਹੋਗੀ। ਅਖੇ ਮੇਰੀ ਬੇਬੇ ਤਾਂ ਤੈਥੋਂ ਚੌਰਿਆ ਸਾਂਭੀ ਨਾ ਗਈ, ਮੈਨੂੰ ਕੀ ਸਾਂਭੇਂਗਾ? ਤੇ ਚੱਲ ਮੇਰੇ ਭਾਈ! ਉਹ ਦਿਨ ਗਿਆ ਤੇ ਆਹ ਆ ਗਿਆ, ਬਿਚਾਰਾ ਮੰਜੇ 'ਤੇ ਪਿਆ ਈ ਚੂਕੀ ਜਾਂਦੈ। ਕੋਈ ਪਾਣੀ-ਧਾਣੀ ਵੀ ਨ੍ਹੀ ਪੁੱਛਦਾ। ਹੁਣ ਤਾਂ ਓਸ ਗੱਲ ਦੇ ਆਖਣ ਮਾਂਗੂੰ ਮਾਵਾਂ-ਧੀਆਂ ਨਾਅਮੇਂ 'ਚ ਖੇਡਦੀਐਂ। ਮੇਲਾ ਈ ਲੱਗਿਆ ਰਹਿੰਦੈ ਘਰੇ ਸੁੱਖ ਨਾਲ।'

'ਹੈਅ ਥੋਡੀ ਗੰਦੇ ਟੱਬਰ ਦੀ!'

'ਕੀ ਕਰਨੈਂ ਐਹੋ ਜਿਆ ਪੈਸਾ ਅੱਗ ਲਾਉਣੈਂ?'

'ਕਨੇਡੇ ਆਲਿਆਂ ਦੇ ਘਰੇ ਅੱਜ ਝੰਡੀਆਂ ਜੀਆਂ ਟੰਗੀ ਜਾਂਦੇ ਸੀ, ਕਿਸੇ ਦਾ ਬਿਆਹ-ਬੂਹ ਐ?'

'ਕਾਹਨੂੰ ਬਿਆਹ ਐ! ਉਹ ਤਾਂ ਬੁੜ੍ਹੇ-ਬੁੜ੍ਹੀ ਦੀ ਪੰਜਾਹਵੀਂ ਸ਼ਾਦੀ ਗਿਰਾਹ ਮਨਾਉਣ ਦੀ ਤਿਆਰੀ ਕਰਦੇ ਐ।'

'ਕੀ ਕਰਦੇ ਐ?' ਗੱਲ ਅਮਲੀ ਦੇ ਸਿਰ ਦੇ ਉਪਰੋਂ ਲੰਘ ਗਈ।

'ਉਏ ਅਮਲੀਆ! ਉਨ੍ਹਾਂ ਦੇ ਬੁੜ੍ਹੇ-ਬੁੜ੍ਹੀ ਦੇ ਵਿਆਹ ਨੂੰ ਪੰਜਾਹ ਸਾਲ ਹੋਣ ਆਲੇ ਐ। ਉਹਨੂੰ ਮਨਾਉਣ ਦੀ ਤਿਆਰੀ ਕਰਦੇ ਐ।' ਕਿਸੇ ਨੇ ਜੋਰ ਦੇ ਕੇ ਕਿਹਾ।

'ਫ੍ਰਿੱਟ ਭੈਣ ਦੇ ਮੁੰਡਿਆਂ ਈ ਯ਼ਾਵੇ! ਦੇਸੀ ਟੱਟੂ ਤੇ ਕੁਰਾਸ਼ਾਨੀ ਦੁਲੱਤੇ! ਕੀ ਲੱਛਣ ਕਰਦੇ ਐ ਸਾਲੇ, ਬਈ ਲਹੁਡੀ ਦੇਣਿਓਂ, ਕਬਰਾਂ 'ਚ ਥੋਡੀਆਂ ਲੱਤੈਂ, ਤੁਸੀਂ ਕਿਸੇ ਪੁੱਤ ਦਾ ਮਨਾਓ, ਕਿਸੇ ਪੋਤੇ ਦਾ ਮਨਾਓ। ਪੰਜਾਹਵਾਂ ਸਾਲ ਮਨਾਏ ਬਿਨਾ ਸਰਦਾ ਨ੍ਹੀ ਇਨ੍ਹਾਂ ਦਾ?'

'ਅਮਲੀਆ ਅੰਨ੍ਹੀ ਕਮਾਈ ਘਰੇ ਆਉਂਦੀ ਐ, ਕਿਤੇ ਖਪਤ ਵੀ ਕਰਨੀ ਐਂ।'

'ਇਹ ਵੀ ਭਾਈ ਗੱਲ ਠੀਕ ਐ। ਹੱਥ ਖੁੱਲ੍ਹੈ ਚੋਜ ਕਰਦੇ ਐ। ਜੱਟ ਕਹਿੰਦੇ ਹੁੰਦੇ ਐ ਚਮਚਿਆਂ ਨਾਲ ਪੀਣ ਸ਼ਰਾਬਾਂ, ਕਰਦੇ ਜੱਟ ਚੋਜ ਕੁੜ੍ਹੇ।'

'ਮਾਇਆ ਹਜਮ ਕਰਨੀ ਕਿਹੜਾ ਸੌਖੀ ਐ?'

'ਐਤਕੀਂ ਬੋਟਾਂ 'ਚ ਕੌਣ ਜਿੱਤੂ ਬਈ?'

'ਬੋਟਾਂ 'ਚ ਜਿੱਤੂ ਅਮਲੀ!' ਕੋਈ ਹੱਸਿਆ।

'ਨਹੀਂ ਹਾਸਾ ਨ੍ਹੀ, ਕੌਣ ਜਿੱਤੂ?'

'ਬੋਟਾਂ 'ਚ ਜਿੱਤਣਗੇ 'ਕਾਲੀ!'

'ਮੈਂ ਤਾਂ ਬੋਟ ਕਾਮਰੇਟ ਨੂੰ ਪਾਊਂ!'

'ਨਾਗੋਕਿਆਂ ਆਲੇ ਨੂੰ?'

'ਆਹੋ!'

'ਬਹੁਤ ਵੱਡੀ ਗਲਤੀ ਐ।'

'ਕਾਹਤੋਂ?'

'ਦੇਖ ਲਈਂ ਨਾਗੋਕਿਆਂ ਆਲਾ ਕਾਮਰੇਟ ਪੱਠੇ ਆਪਣਿਓਂ ਖਾਇਆ ਕਰੂ ਤੇ ਲੇਡੇ ਜਾ ਕੇ ਨਾਗੋਕੀ ਕਰਿਆ ਕਰੂ।'

ਹਾਸੜ ਪੈ ਗਈ।

'ਆਜੋ ਸਿੰਘੋ ਗੱਫ਼ਾ ਲੈ ਲਓ!' ਗੁਰਦੁਆਰਿਓਂ ਭਾਈ ਜੀ ਨੇ ਹੋਕਰਾ ਮਾਰਿਆ।

'ਚਲੋ ਬਈ।' ਅਮਲੀ ਖੁਸ਼ੀ 'ਚ ਕੁੜਤੇ ਦੀਆਂ ਬਾਹਵਾਂ ਚਾਹੜਨ ਲੱਗ ਪਿਆ।

'ਅਮਲੀਆ! ਬਾਂਹਾਂ ਤਾਂ ਇਉਂ ਚੜ੍ਹਾਉਣ ਲੱਗ ਪਿਆ, ਜਿਵੇਂ ਮੱਝ ਸੁਆਉਣੀ ਹੁੰਦੀ ਐ?'

'ਉਏ ਇਹ ਵੀ ਗੁਰਦੁਆਰੇ ਦੀ ਦੇਗ 'ਤੇ ਈ ਬਚਿਆ ਵਿਐ, ਹੋਰ ਕਿਹੜਾ ਨ੍ਹਾਮੋਂ ਇਹਨੂੰ ਚੂਰੀ ਕੁੱਟ ਕੇ ਦਿੰਦੀ ਐ?' ਪਿੱਛੋਂ 'ਨ੍ਹੇਰੀ ਨੇ ਵਿਅੰਗ ਕਸਿਆ।

'ਕਰ ਲਓ! ਕਰ ਲਓ ਬਈ ਟਿੱਚਰਾਂ ਥੋਡੀ ਉਮਰ ਐ।' ਅਮਲੀ ਬੋਲਿਆ।

ਤੇ ਫਿਰ ਸਾਰੇ ਗੁਰਦੁਆਰੇ ਨੂੰ ਵਾਹੋ-ਦਾਹੀ ਹੋ ਤੁਰੇ।

## ਅਸ਼ੀਰਵਾਦ

'ਉਫ਼! ਅੱਜ ਫੇਰ ਕਈ ਟੂਟੀਆਂ 'ਚੋਂ ਪਾਣੀ ਰੁਕ-ਰੁਕ ਕੇ ਆ ਰਿਹਾ ਹੈ।' 'ਲੰਮਾ ਕੰਮ ਲੱਗਦਾ ਹੈ। ਪਲੰਬਰ ਨੂੰ ਸੱਦਣਾ ਹੀ ਪਵੇਗਾ। ਅੱਜ-ਕੱਲ੍ਹ ਇਹ ਪਲੰਬਰ ਬੜਾ ਲੁੱਟਣ ਲੱਗ ਪਏ ਨੇ।' ਗੁਆਂਢਣ ਭਾਬੀ ਨੇ ਤਿਉੜੀਆਂ ਚੜ੍ਹਾਉਂਦਿਆਂ ਕਿਹਾ। ਫੋਨ ਕਰਨ 'ਤੇ ਰਾਮਲੋਟਨ ਪਲੰਬਰ ਗਰਮੀ ਨਾਲ ਬੌਂਦਲਿਆ ਹੋਇਆ



**ਮੂਲ: ਅੰਜੂ ਖਰਬੰਦਾ**
**ਅਨੁ: ਪ੍ਰੋ. ਨਵ ਸੰਗੀਤ ਸਿੰਘ**
**91+94176-92015**

ਆਇਆ, ਪਾਣੀ ਪੀਤਾ ਅਤੇ ਕੰਮ ਵਿਚ ਜੁਟ ਗਿਆ।

ਇਸ ਦੌਰਾਨ ਮੋਹਿਨੀ ਨੇ ਬਹੂ ਨੂੰ ਉਹਦੇ ਲਈ ਚਾਹ ਬਣਾਉਣ ਨੂੰ ਕਿਹਾ ਅਤੇ ਖ਼ੁਦ ਉਹਨੂੰ ਟੂਟੀ ਵਿਖਾਉਣ ਲੱਗੀ, ਜਿਸ 'ਚੋਂ ਰੁਕ-ਰੁਕ ਕੇ ਪਾਣੀ ਆ ਰਿਹਾ ਸੀ। ਪਲੰਬਰ ਨੇ ਧਿਆਨ ਨਾਲ ਸਾਰੀਆਂ ਟੂਟੀਆਂ ਚੈਕ ਕੀਤੀਆਂ, ਟੂਟੀਆਂ ਦੀਆਂ ਜਾਲੀਆਂ ਵਿਚ ਮਿੱਟੀ ਫਸੀ ਹੋਈ ਸੀ, ਉਨ੍ਹਾਂ ਦੀ ਸਫਾਈ ਕੀਤੀ ਅਤੇ ਕੁਝ ਮਿੰਟ ਵਿਚ ਵਿਹਲਾ ਹੋ ਗਿਆ।

'ਲਓ ਜੀ, ਕੰਮ ਹੋ ਗਿਆ।'

'ਵਾਹ, ਏਨੀ ਛੇਤੀ? ਬੈਠ, ਚਾਹ ਪੀ ਕੇ ਜਾਈਂ। ਮੈਂ ਪੈਸੇ ਲੈ ਕੇ ਆਉਂਦੀ ਹਾਂ।

'ਤੁਸੀਂ ਚਾਹ ਦੀ ਤਕਲੀਫ਼ ਕਿਉਂ ਕੀਤੀ...?' 'ਇੰਨੇ ਦਿਨਾਂ ਪਿੱਛੋਂ ਆਇਆ ਹੈਂ। ਨਵੀਂ ਵਹੁਟੀ ਦੇ ਹੱਥਾਂ ਦੀ ਚਾਹ ਵੀ ਨਹੀਂ ਪੀਵੇਂਗਾ? ਅੱਛਾ ਕਿੰਨੇ ਪੈਸੇ ਬਣੇ?' 'ਪੈਸੇ ਰਹਿਣ ਦਿਓ... ਕੋਈ ਵੱਡਾ ਕੰਮ ਨਹੀਂ ਸੀ।' 'ਨਹੀਂ ਬਈ, ਤੇਰੀ ਮਿਹਨਤ ਦੇ ਪੈਸੇ ਨੇ ਇਹ।' ਕਹਿੰਦਿਆਂ ਮੋਹਿਨੀ ਨੇ ਬਟੂਏ 'ਚੋਂ ਦੋ ਸੌ ਦਾ ਨੋਟ ਕੱਢ ਕੇ ਉਹਦੇ ਵੱਲ ਵਧਾਇਆ।

ਬਹੂ ਚਾਹ ਦੀ ਟ੍ਰੇਅ ਟੇਬਲ 'ਤੇ ਰੱਖਣ ਆਈ, ਤਾਂ ਪਲੰਬਰ ਨੇ ਬਹੂ ਦੇ ਸਿਰ 'ਤੇ ਹੱਥ ਰੱਖ ਕੇ ਅਸ਼ੀਰਵਾਦ ਦਿੰਦਿਆਂ ਦੋ ਸੌ ਰੁਪਏ ਦਾ ਨੋਟ ਉਹਨੂੰ ਦੇ ਦਿੱਤਾ। 'ਹੈਂ...ਇਹ ਕੀ...?' ਮੋਹਿਨੀ ਅੱਗੋਂ ਕੁਝ ਬੋਲਦੀ, ਉਸ ਤੋਂ ਪਹਿਲਾਂ ਹੀ ਪਲੰਬਰ ਨਮ ਅੱਖਾਂ ਨਾਲ ਬੋਲਿਆ-'ਕੰਮ-ਕਾਰ ਦੀ ਕੀਮਤ ਤਾਂ ਸਭ ਦੇ ਘਰਾਂ 'ਚੋਂ ਮਿਲ ਹੀ ਜਾਂਦੀ ਹੈ, ਪਰ ਤੁਹਾਡੇ ਘਰੋਂ ਪੈਸਿਆਂ ਦੇ ਨਾਲ-ਨਾਲ ਸਨਮਾਨ ਵੀ ਮਿਲਦਾ ਹੈ...ਤਾਂ ਇੰਨਾ ਅਧਿਕਾਰ ਤਾਂ ਮੇਰਾ ਵੀ ਬਣਦਾ ਹੈ ਨਾ!'

# ਚਾਲੂ ਫਿਲਮਾਂ ਨੇ ਸਿਨੇਮਾ ਦੀ ਖੁਸ਼ਬੂ ਖਾ ਲਈ...








*ਰਜਤ ਕਪੂਰ ਦੀ ਫਿਲਮ 'ਆਰ.ਕੇ.' ਦਾ ਪੋਸਟਰ, ਫਿਲਮ ਦੇ ਦੋ ਦ੍ਰਿਸ਼ਾਂ ਵਿਚ ਮੱਲਿਕਾ ਸ਼ੇਰਾਵਤ (ਵਿਚਕਾਰ) ਅਤੇ (ਐਨ ਸੱਜੇ) ਰਜਤ ਕਪੂਰ।*

ਨਵੀਆਂ, ਨਿਵੇਕਲੀਆਂ ਅਤੇ ਨਿਆਰੀਆਂ ਫਿਲਮਾਂ ਬਣਾਉਣ ਲਈ ਮਸ਼ਹੂਰ ਫਿਲਮਸਾਜ਼/ਅਦਾਕਾਰ ਰਜਤ ਕਪੂਰ ਦੀ ਨਵੀਂ ਫਿਲਮ 'ਆਰ.ਕੇ.' 22 ਜੁਲਾਈ ਨੂੰ ਰਿਲੀਜ਼ ਹੋ ਗਈ। ਅਮਰੀਕਾ ਵਿਚ ਇਹ ਪਿਛਲੇ ਸਾਲ 14 ਮਈ ਨੂੰ ਹੀ ਰਿਲੀਜ਼ ਕਰ ਦਿੱਤੀ ਗਈ ਸੀ। ਉਦੋਂ ਇਹ

ਆਮਨਾ ਕੌਰ

ਫਿਲਮ ਕਈ ਫਿਲਮ ਮੇਲਿਆਂ ਵਿਚ ਦਿਖਾਈ ਗਈ। ਇਨ੍ਹਾਂ ਫਿਲਮ ਮੇਲਿਆਂ ਵਿਚ ਸ਼ੰਘਾਈ ਇੰਟਰਨੈਸ਼ਨਲ ਫਿਲਮ ਫੈਸਟੀਵਲ, ਆਸਟਿਨ ਫਿਲਮ ਫੈਸਟੀਵਲ ਆਦਿ ਸ਼ਾਮਿਲ ਹਨ। ਇਹ ਫਿਲਮ ਰਜਤ ਕਪੂਰ ਨੇ ਖੁਦ ਲਿਖੀ ਹੈ ਅਤੇ ਖੁਦ ਹੀ ਨਿਰਦੇਸ਼ਤ ਕੀਤੀ ਹੈ। ਇਸ ਵਿਚ ਉਸ ਨੇ ਮੁੱਖ ਕਿਰਦਾਰ ਵੀ ਨਿਭਾਇਆ ਹੈ। ਫਿਲਮ ਵਿਚ ਉਸ ਤੋਂ ਇਲਾਵਾ ਮਲਿਕਾ ਸ਼ੇਰਾਵਤ, ਰਣਵੀਰ ਸ਼ੋਰੀ, ਕੁਬਰਾ ਆਇਤ, ਚੰਦਰਚੂੜ੍ਹ ਰਾਏ ਅਤੇ ਮਨੂ ਰਿਸ਼ੀ ਚੱਢਾ ਨੇ ਅਹਿਮ ਕਿਰਦਾਰ ਨਿਭਾਏ ਹਨ।

ਰਜਤ ਕਪੂਰ ਨੇ ਇਸ ਤੋਂ ਪਹਿਲਾਂ 'ਤਰਾਨਾ' (1994), 'ਹਾਈਪੋਥੀਸਿਸ' (1996), 'ਪ੍ਰਾਈਵੇਟ ਡਿਟੈਕਟਿਵ' (1997), 'ਰਘੂ ਰੋਮੀਓ' (2004), 'ਮਿਕਸ ਡਬਲ' (2005), 'ਹੈਮਲਟ: ਦਿ ਕਰਾਊਨ ਪ੍ਰਿੰਸ' (2007), 'ਨਥਿੰਗ ਲਾਈਕ ਲੀਅਰ' (2011), 'ਆਂਖੋਂ ਦੇਖੀ' (2014) ਵਰਗੀਆਂ ਫਿਲਮਾਂ ਬਣਾਈਆਂ ਹਨ। ਉਸ ਨੇ ਫਿਲਮਾਂ ਵਿਚ ਅਦਾਕਾਰੀ ਵੀ ਕੀਤੀ ਸੀ। ਅਸਲ ਵਿਚ ਪਹਿਲਾਂ-ਪਹਿਲ ਉਹ ਅਦਾਕਾਰੀ ਦੇ ਖੇਤਰ ਵਿਚ ਆਇਆ ਸੀ ਅਤੇ ਸਮਾਨਾਂਤਰ ਸਿਨੇਮਾ ਨਾਲ ਜੁੜ ਗਿਆ। ਸਭ ਤੋਂ ਪਹਿਲਾਂ ਉਹ 1989 ਵਿਚ ਕੁਮਾਰ ਸ਼ਹਾਨੀ ਦੀ ਫਿਲਮ 'ਖਿਆਲ ਕਥਾ' ਵਿਚ ਨਜ਼ਰ ਆਇਆ। ਇਹ ਉਸ ਦੇ ਸੰਘਰਸ਼ ਦਾ ਸਮਾਂ ਸੀ। ਫਿਲਮਾਂ ਵਿਚ ਰੋਲ ਹਾਸਲ ਕਰਨ ਲਈ ਉਸ ਨੂੰ ਬੜਾ ਤਰੱਦਦ ਕਰਨਾ ਪਿਆ। ਇਸੇ ਕਰਕੇ, ਅਦਾਕਾਰੀ ਦੇ ਨਾਲ-ਨਾਲ ਉਸ ਨੇ ਲਿਖਣਾ ਵੀ ਸ਼ੁਰੂ ਕੀਤਾ ਅਤੇ ਮਗਰੋਂ ਖੁਦ ਨਿਰਦੇਸ਼ਕ ਵੀ ਬਣ ਗਿਆ। ਆਪਣੇ ਉਮਦਾ ਕੰਮ ਦੇ ਸਿਰ 'ਤੇ ਉਹ ਹੁਣ ਤੱਕ ਤਿੰਨ ਕੌਮੀ ਇਨਾਮ ਹਾਸਲ ਕਰ ਚੁੱਕਾ ਹੈ। ਇਹ ਇਨਾਮ ਉਸ ਨੂੰ 26 ਮਿੰਟਾਂ ਦੀ ਨਾਨ-ਫੀਚਰ ਦਸਤਾਵੇਜ਼ੀ ਫਿਲਮ 'ਤਰਾਨਾ', ਲਘੂ ਫਿਲਮ 'ਹਾਈਪੋਥੀਸਿਸ' ਅਤੇ ਫਿਰ 'ਰਘੂ ਰੋਮੀਓ' ਲਈ ਮਿਲਿਆ। 'ਰਘੂ ਰੋਮੀਓ' ਲਈ ਉਸ ਨੂੰ ਹਿੰਦੀ ਸੈਕਸ਼ਨ ਵਿਚ ਸਰਵੋਤਮ ਫੀਚਰ ਫਿਲਮ ਦਾ ਇਨਾਮ ਮਿਲਿਆ। ਸੌ ਮਿੰਟਾਂ ਦੀ ਇਸ ਫਿਲਮ ਵਿਚ ਵਿਜੈ ਰਾਜ਼, ਨਿਸ਼ੀਕਾਂਤ ਦੀਕਸ਼ਿਤ, ਸਾਦੀਆ ਸਿੱਦੀਕੀ ਅਤੇ ਸੌਰਭ ਸ਼ੁਕਲਾ ਵਰਗੇ ਅਦਾਕਾਰਾਂ ਨੇ ਕੰਮ ਕੀਤਾ। ਇਸ ਫਿਲਮ ਦੇ ਨਿਰਮਾਤਾ ਉਘੇ ਅਦਾਕਾਰ ਨਸੀਰੂਦੀਨ ਸ਼ਾਹ ਸਨ। ਇਹ 30 ਸਾਲਾਂ ਦੇ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਰੈਸਟੋਰੈਂਟ ਵਿਚ ਕੰਮ ਕਰਦਾ ਹੈ ਅਤੇ ਸੋਚਦਾ ਹੈ ਕਿ ਰੈਸਟੋਰੈਂਟ ਵਿਚ ਕੰਮ ਕਰਨ ਵਾਲੀਆਂ ਕੁੜੀਆਂ ਦਾ ਇਕ ਉਹੀ ਰਾਖਾ ਹੈ, ਖਾਸਕਰ ਗਾਹਕਾਂ ਤੋਂ। ਰਜਤ ਕਪੂਰ ਨੇ ਇਸ ਕਹਾਣੀ ਵਿਚ ਦਰਸ਼ਕਾਂ ਨੂੰ ਫੈਂਟਸੀ ਅਤੇ ਹਕੀਕਤ ਦੇ ਰੂਬਰੂ ਕਰਵਾਇਆ



*ਰਜਤ ਕਪੂਰ ਦਾ ਇਕ ਅੰਦਾਜ਼।*

ਹੈ। ਇਸ ਫਿਲਮ ਦੀ ਇਕ ਹੋਰ ਖਾਸੀਅਤ ਇਹ ਹੈ ਕਿ ਇਸ ਵਿਚ ਕੁੱਲ 16 ਗੀਤ ਹਨ। ਸੌ ਮਿੰਟਾਂ ਦੀ ਇਸ ਫਿਲਮ ਵਿਚੋਂ 40:32 ਮਿੰਟਾਂ ਵਿਚ ਇਹ ਗੀਤ ਸਮਾਏ ਹੋਏ ਹਨ। ਇਸ ਫਿਲਮ ਲਈ ਰਜਤ ਕਪੂਰ ਦੀ ਖੂਬ ਪ੍ਰਸ਼ੰਸਾ ਹੋਈ ਸੀ।

ਰਜਤ ਕਪੂਰ ਨੂੰ ਦੁੱਖ ਹੈ ਕਿ ਮੁੱਖਧਾਰਾ ਵਾਲੇ ਸਿਨੇਮਾ ਨੇ ਸਿਨੇਮਾ ਦੀ ਖੁਸ਼ਬੂ ਦੇ ਸਾਰੇ ਰੰਗ ਫਿੱਕੇ ਪਾ ਦਿੱਤੇ ਹਨ। ਉਸ ਦਾ ਕਹਿਣਾ ਹੈ ਕਿ ਇਨ੍ਹਾਂ ਫਿਲਮਾਂ ਵਿਚ ਸਾਰਾ ਜ਼ੋਰ ਸੰਵਾਦਾਂ ਉਤੇ ਹੀ ਹੁੰਦਾ ਹੈ। ਇਸ ਨਾਲ ਫਿਲਮ ਦਾ ਮੱਚ ਹੀ ਮਰ ਜਾਂਦਾ ਹੈ। ਸਿੱਟੇ ਵਜੋਂ ਫਿਲਮ ਦੇ ਵਿਜ਼ੂਅਲਜ਼ ਵੱਲ ਬਹੁਤਾ ਧਿਆਨ ਹੀ ਨਹੀਂ ਦਿੱਤਾ ਜਾਂਦਾ। ਇਸ ਪੱਖੋਂ ਮੁਖਧਾਰਾ ਵਾਲੇ ਫਿਲਮਸਾਜ਼ ਤਕਰੀਬਨ ਕੋਰੇ ਹੀ ਸਾਬਿਤ ਹੋਏ ਹਨ। ਇਨ੍ਹਾਂ ਫਿਲਮਾਂ ਦਾ ਸਾਰਾ ਜ਼ੋਰ ਕਿਰਦਾਰਾਂ ਦੀ ਬੋਲਚਾਲ 'ਤੇ ਹੀ ਖਰਚ ਹੋ ਜਾਂਦਾ ਹੈ।

'ਆਰ.ਕੇ.' ਫਿਲਮ ਵਿਚ ਉਘੀ ਅਦਾਕਾਰਾ ਮਲਿਕਾ ਸ਼ੇਰਾਵਤ ਨੇ ਰਜਤ ਕਪੂਰ ਨਾਲ ਪਹਿਲੀ ਵਾਰ ਕੰਮ ਕੀਤਾ ਹੈ। ਫਿਲਮ ਵਿਚ ਉਸ ਨੂੰ ਲੈਣ ਦੀ ਕਹਾਣੀ ਵੀ ਵੱਖਰੀ ਹੈ। ਦੋਵੇਂ ਜਣੇ ਜ਼ਿੰਦਗੀ ਵਿਚ ਕਦੀ ਮਿਲੇ ਵੀ ਨਹੀਂ, ਆਪਸੀ ਗੱਲਬਾਤ ਵੀ ਕਦੀ ਨਹੀਂ ਸੀ ਹੋਈ ਪਰ ਉਸ ਦੀ ਟੀਮ ਵਿਚੋਂ ਕਿਸੇ ਨੇ ਸੁਝਾਅ ਦਿੱਤਾ ਕਿ ਫਿਲਮ ਦੀ ਪਟਕਥਾ ਮਲਿਕਾ ਸ਼ੇਰਾਵਤ ਨੂੰ ਭੇਜੀ ਜਾਵੇ। ਇਹ ਗੱਲ ਉਸ ਨੂੰ ਤੁਰੰਤ ਭਾਅ ਗਈ ਅਤੇ ਪਟਕਥਾ ਮਲਿਕਾ ਨੂੰ ਭੇਜ ਦਿੱਤੀ ਗਈ। ਮਲਿਕਾ ਨੇ ਰਜਤ ਕਪੂਰ ਦੀ ਫਿਲਮ 'ਆਖੋਂ ਦੇਖੀ' ਦੇਖੀ ਹੋਈ ਸੀ। 'ਆਰ.ਕੇ.' ਦੀ ਪਟਕਥਾ ਪੜ੍ਹਦਿਆਂ ਸਾਰ ਉਹਦਾ ਫੋਨ ਆ ਗਿਆ। ਉਹ ਬਹੁਤ ਖੁਸ਼ ਸੀ ਕਿ ਇਸ ਪ੍ਰੋਜੈਕਟ ਲਈ ਉਸ ਦਾ ਨਾਂ ਵਿਚਾਰਿਆ ਗਿਆ ਹੈ। ਉਸ ਨੂੰ ਪਟਕਥਾ ਬਹੁਤ ਪਸੰਦ ਆਈ ਸੀ।

ਇਉਂ ਮਲਿਕਾ ਸ਼ੇਰਾਵਤ 'ਆਰ.ਕੇ.' ਫਿਲਮ ਦਾ ਹਿੱਸਾ ਬਣ ਗਈ ਅਤੇ ਫਿਲਮ ਦੇ ਨਿਰਮਾਣ ਦੌਰਾਨ ਉਹ ਫਿਲਮ ਦੇ ਨਿਰਦੇਸ਼ਕ ਦੇ ਨਾਲ-ਨਾਲ ਚੱਲੀ। ਮਲਿਕਾ ਸ਼ੇਰਾਵਤ ਖੁਦ ਚਾਹੁੰਦੀ ਸੀ ਕਿ ਇਹ ਫਿਲਮ ਛੇਤੀ-ਛੇਤੀ ਮੁਕੰਮਲ ਹੋਵੇ ਅਤੇ ਦਰਸ਼ਕਾਂ ਤੱਕ। ਆਖਿਰਕਾਰ, ਇਹ ਫਿਲਮ ਦਰਸ਼ਕਾਂ ਤੱਕ ਪੁੱਜ ਗਈ ਅਤੇ ਫਿਲਮਸਾਜ਼ ਰਜਤ ਕਪੂਰ ਦੀ ਟੋਪੀ ਵਿਚ ਇਕ ਫੂੰਦਾ ਹੋਰ ਸਜ ਗਿਆ ਹੈ। ਸੱਚਮੁੱਚ ਇਹ ਫਿਲਮ ਬਹੁਤ ਸਾਰੇ ਸਵਾਲ ਖੜ੍ਹੇ ਕਰਦੀ ਹੈ ਅਤੇ ਵਕਤ ਨੂੰ ਵੰਗਾਰਦੀ ਹੈ। 'ਆਰ.ਕੇ.' ਨੂੰ ਫਿਲਮ ਆਲੋਚਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਨ੍ਹਾਂ ਨੇ ਰਜਤ ਕਪੂਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ ਹਨ।


# ਜੰਗ ਵਿਰੋਧੀ ਫਿਲਮ 'ਅਮਨ' ਅਤੇ ਬਰਟਰੰਡ ਰੱਸਲ


'ਜੁਬਲੀ ਕੁਮਾਰ' ਵਜੋਂ ਮਸ਼ਹੂਰ ਅਦਾਕਾਰ ਦੀ ਫਿਲਮ 'ਅਮਨ' ਜਦੋਂ ਬਣ ਰਹੀ ਸੀ ਤਾਂ ਉਨ੍ਹਾਂ ਫਿਲਮ ਦੇ ਨਿਰਦੇਸ਼ਕ ਮੋਹਨ ਕੁਮਾਰ ਨੂੰ ਸੁਝਾਅ ਦਿੱਤਾ ਕਿ ਕਿਉਂ ਨਾ ਇਸ ਫਿਲਮ ਵਿਚ ਉਘੇ ਵਲਾਇਤੀ ਵਿਦਵਾਨ ਬਰਟਰੰਡ ਰੱਸਲ ਦੇ ਕੁਝ ਸੀਨ ਪਾ ਲਏ ਜਾਣ। ਬਰਟਰੰਡ ਰੱਸਲ ਨੂੰ 1950 ਵਿਚ ਨੋਬੇਲ ਅਮਨ ਪੁਰਸਕਾਰ ਮਿਲਿਆ ਸੀ। ਇਸ ਫਿਲਮ ਵਿਚ ਰਾਜਿੰਦਰ ਕੁਮਾਰ ਤੋਂ ਇਲਾਵਾ ਸਾਇਰਾ ਬਾਨੋ, ਬਲਰਾਜ ਸਾਹਨੀ, ਓਮ ਪ੍ਰਕਾਸ਼ ਅਤੇ ਚੇਤਨ ਆਨੰਦ ਵਰਗੇ ਅਦਾਕਾਰ ਕੰਮ ਕਰ ਰਹੇ ਸਨ। ਇਸ ਫਿਲਮ ਵਿਚ ਨਸੀਰੂਦੀਨ ਸ਼ਾਹ ਨੇ ਵੀ ਕੰਮ ਕੀਤਾ ਸੀ ਪਰ ਉਨ੍ਹਾਂ ਦਾ ਨਾਂ ਕਿਤੇ ਨਸ਼ਰ ਨਹੀਂ ਸੀ ਕੀਤਾ ਗਿਆ। ਉਨ੍ਹਾਂ ਦਾ ਰੋਲ ਬਹੁਤ ਹੀ ਛੋਟਾ ਸੀ ਅਤੇ ਇਹ ਉਨ੍ਹਾਂ ਦੀ ਪਹਿਲੀ ਹੀ ਫਿਲਮ ਸੀ।

ਖੈਰ, ਬਰਟਰੰਡ ਰੱਸਲ ਵਾਲਾ ਸੁਝਾਅ ਸਭ ਨੂੰ ਪਸੰਦ ਆ ਗਿਆ ਪਰ ਕਿਸੇ ਨੂੰ ਕੋਈ ਆਸ ਨਹੀਂ ਸੀ ਕਿ ਇੰਨਾ ਵੱਡਾ ਵਿਦਵਾਨ ਇਸ ਕੰਮ ਲਈ ਮੰਨ ਜਾਵੇਗਾ। ਉਸ ਨੂੰ ਇੰਗਲੈਂਡ ਚਿੱਠੀ ਘੱਲ ਦਿੱਤੀ ਗਈ। ਸਭ ਦੀ ਹੈਰਾਨੀ ਦੀ ਕੋਈ ਹੱਦ ਨਾ ਜਦੋਂ ਦਸਵੇਂ ਦਿਨ ਬਰਟਰੰਡ ਰੱਸਲ ਦੀ ਚਿੱਠੀ ਆ ਗਈ ਕਿ ਉਹ ਫਿਲਮ ਵਿਚ ਸੀਨ ਦੇਣ ਲਈ ਤਾਂ ਤਿਆਰ ਹੈ ਪਰ ਫਿਲਮ ਦੀ ਟੀਮ ਨੂੰ ਇੰਗਲੈਂਡ ਆ ਕੇ ਇਹ ਸਭ ਕਰਨਾ ਪਵੇਗਾ ਕਿਉਂਕਿ ਸਿਹਤ ਢਿੱਲੀ ਹੋਣ ਕਰਕੇ ਯਾਤਰਾ ਨਹੀਂ ਕਰ ਸਕਦਾ। ਮੋਹਨ ਕੁਮਾਰ ਅਤੇ ਹੋਰਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਤੁਰੰਤ ਇੰਗਲੈਂਡ ਦਾ ਸ਼ਡਿਊਲ ਬਣਾਇਆ ਗਿਆ ਅਤੇ ਬਰਟਰੰਡ ਰੱਸਲ ਵਾਲੇ ਸੀਨ ਫਿਲਮਾਏ ਗਏ। ਇਉਂ ਬਰਟਰੰਡ ਰੱਸਲ ਪਹਿਲੀ ਵਾਰ ਕਿਸੇ ਫਿਲਮ ਦਾ ਹਿੱਸਾ ਬਣਿਆ।

ਇਸ ਫਿਲਮ ਵਿਚ ਉਘੇ ਗਾਇਕ ਜਗਜੀਤ ਸਿੰਘ ਦੇ ਸੀਨ ਵੀ ਹਨ। ਉਦੋਂ ਉਹ ਦਸਤਾਰ ਸਜਾਉਂਦਾ ਹੁੰਦਾ ਸੀ। ਇਉਂ ਜਗਜੀਤ ਸਿੰਘ ਅਤੇ ਨਸੀਰੂਦੀਨ ਸ਼ਾਹ ਲਈ ਇਹ ਫਿਲਮ ਯਾਦਗਾਰੀ ਬਣ ਗਈ। ਹੁਣ ਵੀ ਜਦੋਂ ਨਸੀਰੂਦੀਨ ਸ਼ਾਹ ਦੀ ਅਦਾਕਾਰੀ ਅਤੇ ਫਿਲਮੀ ਸਫਰ ਦੀ ਗੱਲ ਚੱਲਦੀ ਹੈ ਤਾਂ ਇਸ ਫਿਲਮ ਦਾ ਜ਼ਿਕਰ ਜ਼ਰੂਰ ਹੁੰਦਾ ਹੈ ਜਿਸ ਵਿਚ ਉਸ ਦਾ ਨਾਂ ਵੀ ਸ਼ਾਮਿਲ ਨਹੀਂ ਸੀ ਕੀਤਾ ਗਿਆ। ਬਾਅਦ ਵਿਚ ਨਸੀਰੂਦੀਨ ਅਦਾਕਾਰੀ ਵਿਚ ਇੰਨਾ ਜ਼ਿਆਦਾ ਕੱਦ ਕੱਢ ਗਿਆ।


-ਕੁਦਰਤ ਕੌਰ





*ਜੰਗ ਵਿਰੋਧੀ ਫਿਲਮ 'ਅਮਨ' ਦਾ ਹੀਰੋ ਰਾਜਿੰਦਰ ਕੁਮਾਰ ਅਤੇ ਸੰਸਾਰ ਪ੍ਰਸਿੱਧ ਵਿਦਵਾਨ ਬਰਟਰੰਡ ਰੱਸਲ।*

# ਅਦਾਕਾਰ ਨਸੀਰੂਦੀਨ ਸ਼ਾਹ ਦੀ ਦੀਵਾਨਗੀ



ਭਾਰਤੀ ਜਨਤਾ ਪਾਰਟੀ, ਆਰ.ਐਸ.ਐਸ. ਅਤੇ ਇਨ੍ਹਾਂ ਦੇ ਜੋਟੀਦਾਰ ਅੱਜ ਕੱਲ੍ਹ ਸਮਾਜ ਵਿਚ ਵੰਡੀਆਂ ਪਾਉਣ ਵਾਲੀਆਂ ਕਾਰਵਾਈਆਂ ਨੂੰ ਹਵਾ ਦੇ ਰਹੇ ਹਨ। ਇਨ੍ਹਾਂ ਦਾ ਮੁੱਖ ਨਿਸ਼ਾਨਾ ਮੁਸਲਮਾਨ ਹਨ। ਇਹ ਲੋਕ ਅਜਿਹਾ ਕੋਈ ਮੌਕਾ ਨਹੀਂ ਜਾਣ ਦਿੰਦੇ ਜਦੋਂ ਮੁਸਲਮਾਨਾਂ ਨੂੰ ਨੀਵਾਂ ਦਿਖਾਇਆ ਜਾ ਸਕੇ। ਫਿਲਮ ਅਦਾਕਾਰ ਨਸੀਰੂਦੀਨ ਸ਼ਾਹ ਇਸ ਮਾਮਲੇ ਵਿਚ ਮੁੱਢ ਤੋਂ ਹੀ ਡਟਿਆ ਹੋਇਆ ਹੈ ਅਤੇ ਲਗਾਤਾਰ ਕਹਿ ਰਿਹਾ ਹੈ ਕਿ ਉਸ ਨੇ ਇਸ ਮੁਲਕ ਦੀ ਮਿੱਟੀ ਵਿਚ ਜਨਮ ਲਿਆ ਹੈ; ਇਹ ਮੁਲਕ ਉਸ ਦਾ ਵੀ ਓਨਾ ਹੀ ਹੈ ਜਿੰਨਾ ਕਿਸੇ ਹੋਰ ਦਾ। ਉਸ ਨੂੰ ਆਪਣੀ ਦੇਸ਼ਭਗਤੀ ਸਾਬਤ ਕਰਨ ਦੀ ਕੋਈ ਲੋੜ ਨਹੀਂ। ਬਹੁਤ ਘੱਟ ਲੋਕ ਹਨ ਜੋ ਨਸੀਰੂਦੀਨ ਵਾਂਗ ਸਟੈਂਡ ਲੈਂਦੇ ਹਨ।


KARTARPUR SAHIB KABADDI SERIES
DEDICATED TO SHRI GURU NANAK DEV JI
EVERY YEAR
PAKISTAN KABADDI FEDERATION
PANJAB KABADDI ASSOCIATION
SHAFAY HUSSAIN
PRESIDENT
RANA SARVAR
SECRETARY
AMOLAK SINGH GAKHAL
CHAIRMAN GAKHAL GROUP
TAHIR JATT
SECRETARY
SANTOKH SINGH MANDER
COORDINATOR
GAKHAL GROUP USA
1st PRIZE RS. 21 LAKH
SPONSOR: GAKHAL FAMILY & GAKHAL GROUP
WATASNVILLE, CALIFORNIA (USA)
Gull Badshah
Director Series
Tayab Gilani
Ijaj Paras
Commentator
Amolak Singh Gakhal
Palwinder Singh Gakhal
Iqbal Singh Gakhal
MEDIA ADVISOR OF GAKHAL GROUP
Gurvinder Singh Gakhal
Paramvir Singh Gakhal
Jaskaran Singh Gakhal
Karamvir Singh Gakhal
Amarvir Singh Gakhal
Dates will announce shortly
NATHA SINGH GAKHAL
AJMER SINGH CHANA